Tanya's Beauty Salon
THREADING / WAXING
FACIAL (MEN & WOMEN)
ANTI-AGING FACIAL - BLEACH
HAIR CUT - COLOR AND STYLE
WE SPECIALIZE IN BRIDAL & HENNA
85-03 ROOSEVELT AVE. JACKSON HEIGHTS, NY 11373
Tel: 718-205-7832

Book Online
WWW.123GOAIR.COM
ਅਨੇਕਾਂ ਟਿਕਾਣਿਆਂ ਲਈ
ਬੇਅੰਤ ਸਪੈਸ਼ਲ ਫੇਅਰ
Fares to India starting at $689*
Fly Smart Buy Smart
Call: 1-844-234-6247
Email: farequote@123goair.com
*RT Fare Incl. Taxes Conditions Apply
57 N B Way, Suite 208, Hickville, NY 11801

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Sixteenth Year of Publication
ਨਿਊ ਯਾਰਕ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 17, Issue 29, July 16, 2016
20451 N Plum Grove Rd., Palatine, IL 60074
Ph:847-359-0746, Fax:847-705-9388

# ਕਸ਼ਮੀਰ ਵਿਚ ਬਲ ਉਠੇ ਰੋਹ ਦੇ ਭਾਂਬੜ

## ਖਾੜਕੂ ਵਾਨੀ ਦੀ ਹੱਤਿਆ ਪਿਛੋਂ ਵਾਦੀ ਸੜਕਾਂ 'ਤੇ ਆਈ

**ਸ੍ਰੀਨਗਰ:** ਜੰਨਤ ਵਜੋਂ ਜਾਣੀ ਜਾਂਦੀ ਕਸ਼ਮੀਰ ਵਾਦੀ ਵਿਚ ਇਕ ਵਾਰ ਮੁੜ ਰੋਹ ਅਤੇ ਰੋਸ ਦੀ ਅੱਗ ਭੜਕ ਉਠੀ ਹੈ। ਕੇਂਦਰ ਅਤੇ ਸੂਬਾ ਸਰਕਾਰ ਵੱਲੋਂ ਚੁੱਕੇ ਕਦਮ ਲੋਕਾਂ ਦੇ ਰੋਹ ਤੇ ਗੁੱਸੇ ਨੂੰ ਮੋੜਾ ਦੇਣ ਵਿਚ ਨਾਕਾਮ ਸਾਬਤ ਹੋ ਰਹੇ ਹਨ। ਕਰਫਿਊ ਵਰਗੇ ਹਾਲਾਤ ਦੇ ਬਾਵਜੂਦ ਸੁਰੱਖਿਆ ਬਲਾਂ ਤੇ ਪੱਥਰਾਓ ਕਰ ਰਹੇ ਨੌਜਵਾਨਾਂ ਦਰਮਿਆਨ ਝੜਪਾਂ ਰੁਕ ਨਹੀਂ ਰਹੀਆਂ। ਹਿੰਸਾ ਅਤੇ ਗੋਲੀਬਾਰੀ ਵਿਚ 34 ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ। ਕਸ਼ਮੀਰ ਮਸਲਿਆਂ ਨਾਲ ਜੁੜੇ ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਕਿਸਮ ਦਾ ਲੋਕ ਰੋਹ ਇਕ ਦਹਾਕੇ ਬਾਅਦ ਵਾਦੀ ਵਿਚ ਦੇਖਣ ਨੂੰ ਮਿਲ ਰਿਹਾ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਬਾਨ ਕੀ ਮੂਨ ਨੇ ਸਾਰੀਆਂ ਧਿਰਾਂ ਨੂੰ ਸਬਰ ਤੋਂ ਕੰਮ ਲੈਣ ਦੀ ਸਲਾਹ ਦਿਤੀ ਹੈ।

ਇਹ ਲੋਕ ਰੋਹ ਹਿਜ਼ਬੁਲ ਮੁਜਾਹਦੀਨ ਦੇ ਕਮਾਂਡਰ ਬੁਰਹਾਨ ਮੁਜ਼ੱਫਰ ਵਾਨੀ ਦੀ ਦੋ ਸਾਥੀਆਂ ਸਮੇਤ ਇਕ ਮੁਕਾਬਲੇ ਵਿਚ ਹੱਤਿਆ ਤੋਂ ਪੈਦਾ ਹੋਇਆ ਹੈ। ਬੁਰਹਾਨ ਵਾਨੀ ਤਕਰੀਬਨ 6 ਸਾਲਾਂ ਤੋਂ ਕਸ਼ਮੀਰ ਵਿਚ ਖਾੜਕੂ ਸਰਗਰਮੀਆਂ ਚਲਾ ਰਿਹਾ ਸੀ। ਉਸ ਨੂੰ ਕਸ਼ਮੀਰ ਵਾਦੀ ਵਿਚ ਵਿਦਰੋਹੀ ਨੌਜਵਾਨਾਂ ਦਾ 'ਪੋਸਟਰ ਬੌਇ' ਮੰਨਿਆ ਜਾਂਦਾ ਸੀ। ਵਾਨੀ ਪ੍ਰਤੀ ਕਸ਼ਮੀਰੀਆਂ ਦੇ ਸਨੇਹ ਨੇ ਸਰਕਾਰ ਨੂੰ ਵੀ ਫਿਕਰਾਂ ਵਿਚ ਪਾ ਦਿਤਾ ਹੈ। ਇਸ

(ਬਾਕੀ ਸਫਾ 6 'ਤੇ)



ਬੁਰਹਾਨ ਮੁਜ਼ੱਫਰ ਵਾਨੀ ਦੇ ਜਨਾਜ਼ੇ ਮੌਕੇ ਵੱਡੀ ਗਿਣਤੀ ਵਿਚ ਇਕੱਠੇ ਹੋਏ ਲੋਕ।

## ਕਸ਼ਮੀਰ ਮਸਲੇ 'ਤੇ ਪਾਕਿਸਤਾਨ ਤੇ ਭਾਰਤ ਉਲਝੇ

**ਨਵੀਂ ਦਿੱਲੀ:** ਕਸ਼ਮੀਰ ਦੇ ਹਾਲਾਤ ਨੂੰ ਲੈ ਕੇ ਭਾਰਤ ਅਤੇ ਪਾਕਿਸਤਾਨ ਆਪਸ ਵਿਚ ਉਲਝ ਪਏ। ਇਸ ਮਾਮਲੇ ਵਿਚ ਪਾਕਿਸਤਾਨ ਨੇ ਜਿਥੇ ਇਸਲਾਮਾਬਾਦ ਵਿਚ ਭਾਰਤ ਦੇ ਹਾਈ ਕਮਿਸ਼ਨਰ ਗੌਤਮ ਬੰਬਾਵਾਲੇ ਨੂੰ ਬੁਲਾ ਕੇ ਇਤਰਾਜ਼ ਪ੍ਰਗਟਾਇਆ। ਉਥੇ ਭਾਰਤ ਨੇ ਇਸ ਨੂੰ ਪਾਕਿਸਤਾਨ ਦਾ ਅਤਿਵਾਦੀਆਂ ਪ੍ਰਤੀ ਲਗਾਅ ਕਰਾਰ ਦਿੰਦਿਆਂ ਨਸੀਹਤ ਦਿਤੀ ਕਿ ਉਹ ਭਾਰਤ ਦੇ ਘਰੇਲੂ ਮਾਮਲਿਆਂ ਵਿਚ ਦਖ਼ਲਅੰਦਾਜ਼ੀ ਨਾ ਕਰੇ। ਉਧਰ, ਜਮਾਤ-ਉਦ-ਦਾਅਵਾ ਦੇ ਮੁਖੀ ਹਾਫਿਜ਼ ਸਈਅਦ ਅਤੇ ਹਿਜ਼ਬੁਲ ਮੁਜਾਹਦੀਨ ਦੇ ਸੰਸਥਾਪਕ ਸਈਅਦ ਸਲਾਉਦੀਨ ਨੇ ਵਾਨੀ ਦੀ ਮੌਤ ਦਾ ਬਦਲਾ ਲੈਣ ਦਾ ਪ੍ਰਣ ਕੀਤਾ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੇ ਘਾਟੀ ਵਿਚ ਹਿੰਸਾ ਉਤੇ ਉਤਰੇ ਸਥਾਨਕ ਨਾਗਰਿਕਾਂ ਉਤੇ ਸੁਰੱਖਿਆ ਬਲਾਂ ਦੀ ਕਾਰਵਾਈ ਨੂੰ ਦਮਨਕਾਰੀ ਉਪਾਅ ਕਰਾਰ ਦਿਤਾ ਹੈ।

# ਵਿਵਾਦਾਂ ਨੇ ਰੋਲੀ ਆਮ ਆਦਮੀ ਪਾਰਟੀ

**ਚੰਡੀਗੜ੍ਹ:** ਪੰਜਾਬ ਵਿਚ 2017 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸਰਗਰਮੀਆਂ ਵਿਚ ਰੁੱਝੀ ਆਮ ਆਦਮੀ ਪਾਰਟੀ ਨਿਤ ਨਵੇਂ ਵਿਵਾਦਾਂ ਵਿਚ ਘਿਰ ਰਹੀ ਹੈ। ਯੂਥ ਮੈਨੀਫੈਸਟੋ ਦੇ ਪਹਿਲੇ ਪੰਨੇ 'ਤੇ ਦਰਬਾਰ ਸਾਹਿਬ ਦੀ ਫੋਟੋ ਨਾਲ ਆਪਣੀ ਪਾਰਟੀ ਦਾ ਨਿਸ਼ਾਨ 'ਝਾੜੂ' ਲਾਉਣ ਦਾ ਵਿਵਾਦ ਅਜੇ ਠੰਢਾ ਨਹੀਂ ਹੋਇਆ ਸੀ ਕਿ ਆਪ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਨਿਹੰਗ ਬਾਣੇ ਵਿਚ ਫੋਟੋ ਹਿੰਦੀ ਰਸਾਲੇ 'ਇੰਡੀਆ ਟੂਡੇ' ਵਿਚ ਛਪਣ ਦਾ ਮਾਮਲਾ ਭਖ ਗਿਆ ਹੈ।

ਸ਼੍ਰੋਮਣੀ ਕਮੇਟੀ ਤੇ ਕੁਝ ਹੋਰ ਸਿੱਖ ਜਥੇਬੰਦੀਆਂ ਨੇ ਕੇਜਰੀਵਾਲ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੀ ਤਿਆਰੀ ਕਰ ਲਈ ਹੈ। ਜਥੇਦਾਰ ਅਵਤਾਰ ਸਿੰਘ ਨੇ ਤਾਂ ਕੇਜਰੀਵਾਲ ਨੂੰ ਗਲਤੀਆਂ ਦਾ ਪੁਤਲਾ ਕਰਾਰ ਦਿਤਾ ਹੈ। ਅਸਲ ਵਿਚ ਮਲੇਰਕੋਟਲਾ ਵਿਚ ਕੁਰਾਨ ਸ਼ਰੀਫ ਦੀ ਬੇਅਦਬੀ ਵਿਚ ਆਪ ਵਿਧਾਇਕ ਨਰੇਸ਼ ਯਾਦਵ ਦੇ ਲਪੇਟੇ ਜਾਣ ਤੇ ਮੈਨੀਫੈਸਟੋ ਦੀ ਤੁਲਣਾ ਧਾਰਮਿਕ ਗ੍ਰੰਥਾਂ ਨਾਲ ਕਰਨ ਦੇ ਮਾਮਲੇ ਆਮ ਆਦਮੀ ਪਾਰਟੀ, ਅਕਾਲੀ ਦਲ ਤੇ ਕਾਂਗਰਸ ਦਾ ਨਿਸ਼ਾਨਾ ਬਣ ਗਈ ਸੀ। ਆਪ ਨੇ ਭਾਵੇਂ ਨਾਲ ਦੀ ਨਾਲ ਮੁਆਫੀ ਮੰਗ ਕੇ ਰਵਾਇਤੀ ਧਿਰਾਂ ਦੇ ਪੈਂਤੜੇ ਨੂੰ ਮਾਤ ਪਾ ਦਿਤੀ ਸੀ, ਪਰ ਹੁਣ ਨਵੇਂ ਵਿਵਾਦ ਨੇ ਮੁੜ ਇਸ ਨਵੀਂ ਸਿਆਸੀ ਧਿਰ ਨੂੰ ਮੁਸ਼ਕਿਲ ਵਿਚ ਪਾ ਦਿਤਾ ਹੈ। ਪੰਜਾਬ ਦੀਆਂ ਰਵਾਇਤੀ ਧਿਰਾਂ ਧਰਮ ਦੇ ਨਾਂ 'ਤੇ ਸਿਆਸਤ ਦੀ ਅਹਿਮੀਅਤ ਨੂੰ ਚੰਗੀ ਤਰ੍ਹਾਂ ਸਮਝਦੀਆਂ ਹਨ। ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਹੁਣ ਤਕ ਇਸੇ ਦਾ ਖੱਟਿਆ ਖਾਂਦਾ ਆਇਆ ਹੈ। ਹੁਣ ਆਮ ਆਦਮੀ ਪਾਰਟੀ ਇਸੇ ਰਾਹ 'ਤੇ ਤੁਰਨ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਪੰਜਾਬ ਦੇ ਹਾਲਾਤ ਤੋਂ ਅਣਜਾਨਤਾ ਇਸ ਦੇ

(ਬਾਕੀ ਸਫਾ 6 'ਤੇ)

## ਵਿਰੋਧੀਆਂ ਦੇ ਪੈਂਤੜਿਆਂ ਦਾ ਕਰਾਰਾ ਜਵਾਬ

**ਅੰਮ੍ਰਿਤਸਰ:** ਯੂਥ ਮੈਨੀਫੈਸਟੋ ਵਿਵਾਦ 'ਤੇ ਆਮ ਆਦਮੀ ਪਾਰਟੀ (ਆਪ) ਨੇ ਰਵਾਇਤੀ ਧਿਰਾਂ ਦੇ ਪੈਂਤੜੇ ਨੂੰ ਮਾਤ ਪਾ ਦਿਤੀ ਹੈ। ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਇਸ ਗਲਤੀ ਲਈ ਭੁੱਲ ਬਖ਼ਸ਼ਾਉਣ ਦੇ ਐਲਾਨ ਨੇ ਇਸ ਵਿਵਾਦ ਨੂੰ ਕਾਫੀ ਹੱਦ ਤੱਕ ਠੰਢਾ ਕਰ ਦਿੱਤਾ ਹੈ। ਅਰਵਿੰਦ ਕੇਜਰੀਵਾਲ ਨੇ 18 ਜੁਲਾਈ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾ ਕਰਨ ਦਾ ਐਲਾਨ ਕੀਤਾ ਹੈ। 'ਆਪ' ਆਗੂ ਐਚ.ਐਸ. ਫੂਲਕਾ ਪਹਿਲਾਂ ਹੀ ਇਸ ਗਲਤੀ ਬਦਲੇ ਦਰਬਾਰ ਸਾਹਿਬ ਵਿਚ ਸੇਵਾ ਕਰ ਕੇ ਚੁੱਕੇ ਹਨ। ਕੇਜਰੀਵਾਲ ਦੇ ਇਸ ਐਲਾਨ ਨਾਲ ਵਿਰੋਧੀ ਧਿਰਾਂ ਵੱਲੋਂ ਚੁੱਕੇ ਹਥਿਆਰ ਧਰੇ ਧਰਾਏ ਰਹੇ ਗਏ ਹਨ।

World Wide Travel
www.fly2world.com
Chicago $760* Delhi
24/7 Emergency Service
Detroit $1050* Delhi
Lowest Fare Guaranteed
734-838-9998
*Fares shown above are subject to availability and may change without notice. Call us for more information.

SOHI REALTY PROFESSIONALS
Specializing In Commercial • Residential
Short Sales • Bank Owned • Foreclosure
A Tradition of Trust & Sincerity
ਰਿਐਲਟਰ ਤੇ ਇੰਸ਼ੋਰੈਂਸ ਸੇਵਾਵਾਂ ਇਕੋ ਛੱਤ ਥੱਲੇ
Jas Sohi 248-931-7694
Jazz Sohi 248-990-7963
Team Sohi
363 W. Big Beaver Rd.
Ste. 235, Troy, MI 48084
Ph: 248-458-2050
Call Today To Get A Free Quote On All Your Insurance Needs
COMBINING POLICIES. SAVE BIG ON INSURANCE.
Multiple Ways To Save
jsohi@farmersagent.com
Auto, Home, Life, Health, Business, Workers` Comp.


BIGGEST SALE EVER
On Desi TV!
40% OFF PER MONTH FOR 12 MONTHS
PUNJABI MEGA PACK
$14.99/mo
for 12 months.
$24.99/mo. in Year 2, subject to change.
Use Offer Code SAVEBIG
FROM SERIOUS ISSUES TO NON-STOP COMEDY, DISH HAS IT ALL.
jus
Ajj Da Mudda
The KAPIL SHARMA show
SONY
PTC PUNJABI
jus punjabi
MH ONE
JUS one
9X TASHAN
jus 24x7
PTC NEWS
PTC chak de
WILLOW HD
colors HD
WILLOW HD
Life OK
TV ASIA HD
FOOD FOOD
TIMES NOW
Kids TV
NDTV 24x7
SONY MAX
SONY SAB
one
AND MANY MORE
$24.99/mo
for 12 months.
$54.99/mo. in Year 2, subject to change.
OVER 50% OFF PER MONTH FOR 12 MONTHS
HINDI MEGA PACK
Use Offer Code SAVEBIG
FREE
• 100+ Bollywood Movies On Demand
• Standard Professional Installation in up to 6 rooms
All offers require credit qualification, 24-month commitment with early termination fee and eAutopay. Cannot be combined with other International offers.
MUST MENTION OFFER CODE:
SAVEBIG
AT TIME OF ORDERING.
Cannot be combined with other Offer Codes
ORDER NOW!
888-628-5876
dish
International programming requires additional $10/mo International Basic package or any America's Top or DishLATINO package.
Important Terms and Conditions: Promotional Offers: $10/mo. Credit for 12 Months Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Must provide Offer Code at time of order. Receive a monthly credit of $10 for the first 12 months. $30/mo. Credit for 12 Months Offer: Valid for activation and installation of qualifying new DISH service. Requires subscription to a qualifying American or DishLATINO package in addition to Hindi Mega Pack. Must provide Offer Code at time of order. Receive a monthly credit of $30 for the first 12 months. Advertised price requires credit qualification and eAutoPay. Upfront activation and/or receiver upgrade fees may apply based on credit qualification. After 12-month promotional period, then-current monthly price applies and is subject to change. Offer ends 8/3/16.
2 Year Commitment: Early termination fee of $20/mo. remaining applies if you cancel early. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Taxes or reimbursement charges for state gross earnings taxes may apply. Additional restrictions and taxes may apply.
© 2016 DISH Network L.L.C. All rights reserved.

# ਸ੍ਰੀਜੇਸ਼ ਬਣੇ ਹਾਕੀ ਟੀਮ ਦੇ ਕਪਤਾਨ



**ਦਿੱਲੀ:** ਲੰਮੇ ਸਮੇਂ ਤੋਂ ਭਾਰਤੀ ਹਾਕੀ ਟੀਮ ਦੀ ਅਗਵਾਈ ਕਰ ਰਹੇ ਸਰਦਾਰ ਸਿੰਘ ਨੂੰ ਕਪਤਾਨੀ ਤੋਂ ਹਟਾ ਦਿਤਾ ਗਿਆ ਅਤੇ ਰੀਓ ਓਲੰਪਿਕ ਲਈ ਉਸ ਦੀ ਥਾਂ ਸੀਨੀਅਰ ਗੋਲਚੀ ਪੀ.ਆਰ. ਸ੍ਰੀਜੇਸ਼ ਨੂੰ ਟੀਮ ਦੀ ਕਮਾਨ ਸੌਂਪ ਦਿੱਤੀ ਗਈ ਹੈ। ਦੁਨੀਆਂ ਦੇ ਸਰਵੋਤਮ ਗੋਲਚੀਆਂ ਵਿਚੋਂ ਇਕ ਸ੍ਰੀਜੇਸ਼ ਨੂੰ ਲੰਡਨ ਵਿਚ ਛੇ ਦੇਸ਼ਾਂ ਦੇ ਚੈਂਪੀਅਨਜ਼ ਟਰਾਫੀ ਹਾਕੀ ਟੂਰਨਾਮੈਂਟ ਵਿਚ ਉਸ ਦੀ ਅਗਵਾਈ ਹੇਠ ਟੀਮ ਨੂੰ ਚਾਂਦੀ ਦਾ ਤਗਮਾ ਜਿੱਤਣ ਦਾ ਫਾਇਦਾ ਮਿਲ ਗਿਆ ਹੈ। ਭਾਰਤ ਨੇ ਇਸ ਟੂਰਨਾਮੈਂਟ ਵਿਚ 38 ਸਾਲ ਦੇ ਇਤਿਹਾਸ ਵਿਚ ਆਪਣਾ ਸਰਵੋਤਮ ਪ੍ਰਦਰਸ਼ਨ ਕੀਤਾ ਸੀ। ਟੀਮ ਦੇ ਅਹਿਮ ਮੈਂਬਰ ਐਸ.ਵੀ. ਸੁਨੀਲ ਨੂੰ ਉਪ ਕਪਤਾਨ ਨਿਯੁਕਤ ਕੀਤਾ ਗਿਆ ਹੈ। ਉਹ ਚੈਂਪੀਅਨਜ਼ ਟਰਾਫੀ ਵਿਚ ਸ੍ਰੀਜੇਸ਼ ਨਾਲ ਉਪ ਕਪਤਾਨ ਸੀ। ਕਿਆਸਰਾਈਆਂ ਲਗਾਈਆਂ ਜਾ ਰਹੀਆਂ ਹਨ ਕਿ ਸਰਦਾਰ ਸਿੰਘ ਨੂੰ ਖ਼ਰਾਬ ਪ੍ਰਦਰਸ਼ਨ ਕਾਰਨ ਹਟਾਇਆ ਗਿਆ ਹੈ, ਪਰ ਟੀਮ ਦੇ ਮੁੱਖ ਕੋਚ ਰੋਲੈਂਡ ਓਲਟਮੈਨਜ਼ ਨੇ ਕਿਹਾ ਹੈ ਕਿ ਇਸ ਸਟਾਰ ਮਿਡਫੀਲਡਰ ਨੂੰ ਵਾਧੂ ਜ਼ਿੰਮੇਵਾਰੀਆਂ ਤੋਂ ਮੁਕਤ ਕਰਨ ਲਈ ਕਪਤਾਨੀ ਤੋਂ ਹਟਾਇਆ ਗਿਆ ਹੈ। ਓਲੰਪਿਕ ਲਈ ਚੁਣੀ ਗਈ 16 ਮੈਂਬਰੀ ਟੀਮ ਨਵੇਂ ਤੇ ਪੁਰਾਣੇ ਖਿਡਾਰੀਆਂ ਨਾਲ ਸਜੀ ਹੈ। ਲੰਡਨ ਵਿਚ ਖੇਡੇ ਸੱਤ ਖਿਡਾਰੀਆਂ ਦੇ ਨਾਲ ਨਾਲ ਨੌਂ ਨਵੇਂ ਚਿਹਰੇ ਸ਼ਾਮਲ ਕੀਤੇ ਗਏ ਹਨ। ਟੀਮ ਵਿਚ ਛੇ ਡਿਫੈਂਡਰ, ਛੇ ਮਿਡਫੀਲਡਰ, ਚਾਰ ਹਮਲਾਵਰ ਤੇ ਸਿਰਫ ਇਕ ਗੋਲਚੀ ਸ੍ਰੀਜੇਸ਼ ਹੈ। ਟੀਮ ਲਈ ਦੋ ਖਿਡਾਰੀਆਂ ਪ੍ਰਦੀਪ ਮੋਰ ਅਤੇ ਗੋਲਚੀ ਵਿਕਾਸ ਦਾਹੀਆ ਨੂੰ ਟੀਮ ਲਈ ਤਿਆਰ-ਬਰ-ਤਿਆਰ ਰੱਖਿਆ ਗਿਆ ਹੈ। ਇਥੇ ਹਾਕੀ ਇੰਡੀਆ ਦੇ ਸਮਾਗਮ ਵਿਚ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਅਮਿਤ ਸ਼ਾਹ ਮੁੱਖ ਮਹਿਮਾਨ ਸਨ। ਉਨ੍ਹਾਂ ਤੋਂ ਇਲਾਵਾ ਖੇਡ ਮੰਤਰੀ ਵਿਜੈ ਗੋਇਲ, ਭਾਰਤੀ ਕ੍ਰਿਕਟ ਕੰਟਰੋਲ ਬੋਰਡ ਦੇ ਪ੍ਰਧਾਨ ਅਨੁਰਾਗ ਠਾਕੁਰ, ਕੌਮਾਂਤਰੀ ਹਾਕੀ ਸੰਘ ਦੇ ਪ੍ਰਧਾਨ ਲੇਨਾਡੋ ਨੇਗਰ ਅਤੇ ਹੋਰ ਕਈ ਹਸਤੀਆਂ ਸ਼ਾਮਲ ਸਨ।

ਟੀਮ ਇਸ ਪ੍ਰਕਾਰ ਹੈ: ਪੀ.ਆਰ. ਸ੍ਰੀਜੇਸ਼ (ਗੋਲਚੀ ਤੇ ਕਪਤਾਨ), ਹਰਮਨਪ੍ਰੀਤ ਸਿੰਘ, ਰੁਪਿੰਦਰ ਸਿੰਘ, ਕੋਥਾਜੀਤ ਸਿੰਘ, ਸੁਰਿੰਦਰ

## ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਖੇ ਅੰਮ੍ਰਿਤ ਸੰਚਾਰ

**ਨਿਊ ਯਾਰਕ (ਬਿਊਰੋ):** ਸਥਾਨਕ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਵਿਖੇ 16 ਜੁਲਾਈ, ਸਨਿਚਰਵਾਰ ਨੂੰ ਸ਼ਾਮ 5 ਵਜੇ ਅੰਮ੍ਰਿਤ ਸੰਚਾਰ ਹੋਵੇਗਾ।

ਇਹ ਜਾਣਕਾਰੀ ਦਿੰਦਿਆਂ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਭੁਪਿੰਦਰ ਸਿੰਘ ਨੇ ਦੱਸਿਆ ਕਿ 5 ਕੱਕਾਰ ਅੰਮ੍ਰਿਤ ਸੰਚਾਰ ਵਾਲੇ ਸਥਾਨ 'ਤੇ ਵੀ ਮੌਜੂਦ ਹੋਣਗੇ ਅਤੇ ਸਭ ਅੰਮ੍ਰਿਤ ਅਭਿਲਾਖੀ ਕੇਸੀ ਇਸ਼ਨਾਨ ਕਰਕੇ ਅਤੇ ਪੰਜ ਕੱਕਾਰ ਪਹਿਨ ਕੇ ਤਿਆਰ-ਬਰ-ਤਿਆਰ ਹੋ ਗੁਰੂ ਘਰ ਪ੍ਰਜਣ। ਹੋਰ ਜਾਣਕਾਰੀ ਉਨ੍ਹਾਂ ਪਾਸੋਂ ਫੋਨ 917-353-7265 ਰਾਹੀਂ ਹਾਸਲ ਕੀਤੀ ਜਾ ਸਕਦੀ ਹੈ।

## ਦਿੱਲੀ ਸਰਕਾਰ ਕਰੇਗੀ ਕਤਲੇਆਮ ਪੀੜਤਾਂ ਦੀਆਂ ਕਲੋਨੀਆਂ ਦੀ ਮੁਰੰਮਤ

**ਨਵੀਂ ਦਿੱਲੀ:** ਨਵੰਬਰ 1984 ਦੇ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਨੂੰ ਮਿਲੇ ਹੋਏ ਬਹੁਮੰਜ਼ਿਲੇ ਫਲੈਟਾਂ ਦੀ ਦਿੱਲੀ ਸਰਕਾਰ ਨੇ ਮੁਰੰਮਤ ਕਰਵਾਉਣ ਦਾ ਫੈਸਲਾ ਕੀਤਾ ਹੈ। ਜਦੋਂ ਤੋਂ ਇਹ ਫਲੈਟ ਪੀੜਤਾਂ ਨੂੰ ਦਿਤੇ ਗਏ ਸਨ, ਉਸ ਮਗਰੋਂ ਦਿੱਲੀ ਦੀਆਂ ਵੱਖ-ਵੱਖ ਸਰਕਾਰਾਂ ਨੇ ਕਦੇ ਵੀ ਇਨ੍ਹਾਂ ਦੀ ਮੁਰੰਮਤ ਨਹੀਂ ਸੀ ਕਰਾਈ ਤੇ ਨਾ ਹੀ ਸਹੂਲਤਾਂ ਵੱਲ ਧਿਆਨ ਦਿੱਤਾ ਸੀ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ 'ਦਿੱਲੀ ਸ਼ਹਿਰੀ ਆਸਰਾ ਸੁਧਾਰ ਬੋਰਡ' ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਇਨ੍ਹਾਂ ਫਲੈਟਾਂ ਦੀ ਮੁਰੰਮਤ ਕਰਨ ਦਾ ਕਾਰਜ ਸ਼ੁਰੂ ਕੀਤਾ ਜਾਵੇ। ਇਹ 2300 ਦੇ ਕਰੀਬ ਫਲੈਟ ਤਿਲਕ ਨਗਰ, ਗੜ੍ਹੀ, ਰਘੁਬੀਰ ਨਗਰ, ਸੰਗਮ ਪਾਰਕ ਤੇ ਮਾਦੀਪੁਰ ਵਿਚ ਹਨ।

ਤਿਲਕ ਨਗਰ ਤੋਂ ਵਿਧਾਇਕ ਜਰਨੈਲ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਕੇਜਰੀਵਾਲ ਨੇ ਬੋਰਡ ਨੂੰ ਹਦਾਇਤ ਜਾਰੀ ਕੀਤੀ ਹੈ ਤੇ ਬੋਰਡ ਦੇ ਅਧਿਕਾਰੀਆਂ ਵਲੋਂ ਇਨ੍ਹਾਂ ਕਲੋਨੀਆਂ ਦਾ ਦੌਰਾ ਕਰ ਕੇ ਅਨੁਮਾਨ ਤਿਆਰ ਕੀਤਾ ਜਾਵੇਗਾ ਤੇ ਮੁਰੰਮਤ ਲਈ ਪੌੜੀਆਂ, ਛੱਤਾਂ, ਗਲੀਆਂ, ਨਾਲੀਆਂ, ਸੀਵਰੇਜ ਸਮੇਤ ਹੋਰ ਸਹੂਲਤਾਂ ਦਾ ਜਾਇਜ਼ਾ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸਾਰਾ ਖਰਚਾ ਦਿੱਲੀ ਸਰਕਾਰ ਵਲੋਂ ਚੁੱਕਿਆ ਜਾਵੇਗਾ।

## ਕਪੂਰਥਲਾ ਸਪੋਰਟਸ ਕਲੱਬ ਦਾ ਪੰਜਵਾਂ ਖੇਡ ਮੇਲਾ 31 ਜੁਲਾਈ ਨੂੰ

**ਨਿਊ ਯਾਰਕ (ਬਿਊਰੋ):** ਸਥਾਨਕ ਕਪੂਰਥਲਾ ਸਪੋਰਟਸ ਅਤੇ ਕਲਚਰਲ ਕਲੱਬ ਵਲੋਂ ਪੰਜਵਾਂ ਖੇਡ ਮੇਲਾ ਆਉਂਦੀ 31 ਜੁਲਾਈ, ਐਤਵਾਰ ਨੂੰ ਮਾਰਟਨ ਵੈਨ ਬੂਰੈਨ ਹਾਈ ਸਕੂਲ (230-17 ਹਿੱਲ ਸਾਈਡ ਐਵਿਨਿਊ) ਦੇ ਖੇਡ ਮੈਦਾਨ ਵਿਚ ਸਵੇਰੇ 10 ਵਜੇ ਤੋਂ ਸ਼ਾਮ 7 ਵਜੇ ਤੱਕ ਹੋਵੇਗਾ।

ਇਸ ਖੇਡ ਮੇਲੇ ਦੌਰਾਨ ਫੁੱਟਬਾਲ, ਬਾਸਕਿਟਬਾਲ ਅਤੇ ਵਾਲੀਬਾਲ ਮੁਕਾਬਲਿਆਂ ਤੋਂ ਇਲਾਵਾ ਬੱਚਿਆਂ ਦੀਆਂ ਦੌੜਾਂ ਅਤੇ ਔਰਤਾਂ ਦੀਆਂ ਚਾਟੀ-ਰੇਸ, ਮਿਊਜ਼ਿਕਲ-ਚੇਅਰ ਰੇਸ ਅਤੇ ਰੱਸਾਕਸ਼ੀ ਮੁਕਾਬਲੇ ਵੀ ਹੋਣਗੇ। ਹੋਰ ਜਾਣਕਾਰੀ ਲਈ ਬੇਵੀ ਫੋਨ: 516-263-8373, ਮੰਗਲ ਸਿੰਘ ਮੰਗਾ 917-597-6667 ਅਤੇ ਜੱਸੀ ਬੱਲ 917-915-1900 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਸਹਿਜਧਾਰੀ ਸਿੱਖਾਂ ਦੇ ਕੇਸ ਦਾ ਫੈਸਲਾ 20 ਨੂੰ ਸੰਭਵ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਲਗਭਗ 5 ਸਾਲ ਪਹਿਲਾਂ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਯੂ.ਟੀ. ਚੰਡੀਗੜ੍ਹ ਵਿਚ ਹੋਈਆਂ ਆਮ ਚੋਣਾਂ ਬਾਰੇ ਹਾਈਕੋਰਟ ਦੇ ਫੈਸਲੇ ਵਿਰੁੱਧ ਕਮੇਟੀ ਨੇ ਜੋ ਅਪੀਲ ਦਾਇਰ ਕੀਤੀ ਹੋਈ ਹੈ, ਉਸ ਸਬੰਧੀ ਸੁਪਰੀਮ ਕੋਰਟ ਵਲੋਂ 20 ਜੁਲਾਈ ਨੂੰ ਫ਼ੈਸਲਾ ਸੁਣਾਉਣ ਦੀ ਸੰਭਾਵਨਾ ਹੈ। ਇਹ ਉਮੀਦ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਨੇ ਪ੍ਰਗਟ ਕੀਤੀ ਹੈ। ਕਿਹਾ ਗਿਆ ਹੈ ਕਿ ਭਾਰਤ ਸਰਕਾਰ ਪਹਿਲਾਂ ਹੀ ਇਸ ਬਾਰੇ ਸਾਰੀਆਂ ਕਾਨੂੰਨੀ ਰੁਕਾਵਟਾਂ ਦੂਰ ਕਰ ਚੁੱਕੀ ਹੈ।

ਵਰਨਣਯੋਗ ਹੈ ਕਿ ਹਾਈਕੋਰਟ ਨੇ ਸਹਿਜਧਾਰੀ ਸਿੱਖਾਂ ਵਲੋਂ ਦਾਇਰ ਕੀਤੀ ਪਟੀਸ਼ਨ 'ਤੇ ਇਹ ਫ਼ੈਸਲਾ ਦਿਤਾ ਸੀ ਕਿ ਪੰਜਾਬ ਸਿੱਖ ਗੁਰਦੁਆਰਾ ਐਕਟ 1925 ਵਿਚ ਸੋਧ, ਸੰਸਦ ਹੀ ਕਰ ਸਕਦੀ ਹੈ ਕਿਉਂਕਿ ਇਹ ਸੈਂਟਰਲ ਐਕਟ ਹੈ। ਹੁਣ ਜਦੋਂ ਸੰਸਦ ਨੇ ਬਾਕਾਇਦਾ ਸੋਧ ਬਿੱਲ ਲਿਆ ਕੇ ਇਹ ਫ਼ੈਸਲਾ ਕਰ ਦਿਤਾ ਹੈ ਕਿ ਸਹਿਜਧਾਰੀ ਸਿੱਖਾਂ ਨੂੰ ਗੁਰਦੁਆਰਾ ਚੋਣਾਂ ਵਿਚ ਵੋਟ ਦਾ ਅਧਿਕਾਰ ਨਹੀਂ ਦਿੱਤਾ ਜਾ ਸਕਦਾ, ਤਾਂ ਸਾਲ 2011 ਵਿਚ ਹੋਈਆਂ ਚੋਣਾਂ ਨੂੰ ਜਾਇਜ਼ ਕਰਾਰ ਦੇਣ ਬਾਰੇ ਸਾਰਾ ਕਾਨੂੰਨੀ ਰਸਤਾ ਸਾਫ਼ ਹੋ ਗਿਆ ਹੈ। ਪਹਿਲਾਂ ਭਾਰਤ ਸਰਕਾਰ ਨੇ 8 ਅਕਤੂਬਰ 2003 ਨੂੰ ਕੇਵਲ ਨੋਟੀਫਿਕੇਸ਼ਨ ਰਾਹੀਂ ਸੋਧ ਕਰਨ ਦਾ ਯਤਨ ਕੀਤਾ ਸੀ ਜਿਸ ਨੂੰ ਹਾਈਕੋਰਟ ਨੇ ਰੱਦ ਕਰ ਦਿਤਾ ਸੀ। ਹੁਣ ਇਹ ਵੇਖਣਾ ਬਾਕੀ ਹੈ ਕਿ 2011 ਨੂੰ ਚੁਣੇ ਹੋਏ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਜਨਰਲ ਹਾਊਸ ਨੂੰ ਹੀ ਬਹਾਲ ਰੱਖਿਆ ਜਾਂਦਾ ਹੈ ਜਾਂ ਭਾਰਤ ਸਰਕਾਰ ਨਵੇਂ ਸਿਰੇ ਤੋਂ ਚੋਣਾਂ ਕਰਾਉਂਦੀ ਹੈ।


## Matrimonial

### ਲੜਕੀ ਦੀ ਲੋੜ ਹੈ

Jatt Sikh Brar Boy 25 years, 6'-1", Masters in Bio Engineering (USA) seeking good looking US citizen/immigrant girl, professional, homely, well versed in both cultures. Contact, Email: resham.rand@gmail.com, Ph: 510-797-7900 27-30

ਛੀਂਬਾ ਸਿੱਖ, ਉਮਰ 40 ਸਾਲ, ਕੱਦ 5'-6", ਅਧਿਆਪਕ, ਯੂ ਐਸ ਲੀਗਲ ਸਟੇਟਸ ਲੜਕੇ ਲਈ ਭਲੇ ਪਰਿਵਾਰ ਦੀ ਸਾਦਾ ਤੇ ਸੰਜੀਦਾ ਕੁੜੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਸਿਰਫ ਗੰਭੀਰ ਲੋਕ ਹੀ ਸੰਪਰਕ ਕਰਨ। ਫੋਟੋ ਤੇ ਵੇਰਵੇ ਸਮੇਤ ਈਮੇਲ ਕਰੋ: singh.millionaire@gmail.com ਫੋਨ: 323-351-5737 26-29

ਵਿਜ਼ਿਟਰ ਵੀਜ਼ੇ 'ਤੇ ਅਮਰੀਕਾ ਆਏ ਨਾਈ ਸਿੱਖ, ਭਾਰਤ ਤੋਂ ਗਰੈਜੂਏਟ ਉਮਰ 28 ਸਾਲ, 5'-9" ਲੜਕੇ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੀ ਇਕੋ ਭੈਣ ਅਮਰੀਕਾ ਵਿਚ ਵੈਲ ਸੈਟਲਡ ਹੈ। ਲੜਕੇ ਦਾ ਪਰਿਵਾਰ ਚੰਗੀ ਤਰ੍ਹਾਂ ਸੈਟਲ ਹੈ। ਸੰਪਰਕ ਕਰੋ, ਫੋਨ: 646-318-1589 26-29

### ਵਰ ਦੀ ਲੋੜ ਹੈ

US citizen boy sought for US citizen Jatt Sikh girl, 27 years, 5'-4", CPA. Tax Manager. Master's degree. Boy should be Jatt Sikh well-educated, with a good job, Preferably from SF Bay Area. Contact: saabks500@gmail.com 26-29

Looking for a suitable Jatt Sikh match for a Jatt Sikh girl, born and raised in USA, 26 years, 5'-4", degree in Anthropology/ Sociology and Women's studies. Girl is working as youth program teacher since completing college and interested in going to Graduate school in social work. Please email at caprisingh8@yahoo.com to have a phone conversation and more information. 25-28

*To Advertise with Punjab Times*
**Call: 847-359-0746**
**punjabtimesusa.com**

# KHALSA USA INC.

## ਓਨਰ ਆਪਰੇਟਰ ਚਾਹੀਦੇ ਹਨ

ਮਿਡਵੈਸਟ ਤੋਂ ਸਾਰੀਆਂ 48 ਸਟੇਟਾਂ ਲਈ ਪੱਕੇ ਰੂਟਾਂ 'ਤੇ ਓਨਰ ਆਪਰੇਟਰ ਚਾਹੀਦੇ ਹਨ
ਡਰਾਈ ਅਤੇ ਰੀਫਰ ਲੋਡ



**Wanted Owner Operators**
**From Midwest to all 48 states, Dry & Reefer loads**

**ਕਾਲ ਕਰੋ: 847-477-9968**
**or e-mail: khalsausa55@gmail.com**

# ਰੈਸਟੋਰੈਂਟ ਸਟਾਫ ਦੀ ਲੋੜ ਹੈ

## ਫਲੋਰਿਡਾ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਕਿਚਨ ਹੈਲਪਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ।

**ਚੰਗੀ ਤਨਖਾਹ ਅਤੇ ਹੋਰ ਸਹੂਲਤਾਂ**


**ਸੰਪਰਕ ਕਰੋ: 850-510-3466**

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

**ਫੋਨ (408) 687-1899**

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**7021 Village Park Way, Dublin, CA 94568**
Email: Homeomedicine@yahoo.com

# ਪੰਜਾਬ ਸਰਕਾਰ ਨੇ ਆਪਣੀ ਮਸ਼ਹੂਰੀ 'ਤੇ ਲਾਇਆ ਪੂਰਾ ਜ਼ੋਰ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਨੇ ਚਾਲੂ ਮਾਲੀ ਵਰ੍ਹੇ ਦੌਰਾਨ ਸਰਕਾਰੀ ਮਸ਼ਹੂਰੀ ਵਾਸਤੇ 100 ਕਰੋੜ ਰੁਪਏ ਦਾ ਬਜਟ ਰੱਖਿਆ ਹੈ ਜੋ ਲੰਘੇ ਨੌਂ ਵਰ੍ਹਿਆਂ ਦੇ ਬਰਾਬਰ ਦਾ ਖਰਚ ਹੈ। ਚੋਣਾਂ ਨੇੜੇ ਹੋਣ ਕਰਕੇ ਐਤਕੀਂ ਸਰਕਾਰੀ ਕਾਰਗੁਜ਼ਾਰੀ ਨੂੰ ਲੋਕਾਂ ਤੱਕ ਲਿਜਾਣ ਲਈ ਮਸ਼ਹੂਰੀ ਵਾਸਤੇ ਖੁੱਲ੍ਹਾ ਪੈਸਾ ਰੱਖਿਆ ਗਿਆ ਹੈ। ਜੋ ਪ੍ਰਚਾਰ ਵੈਨ ਰਾਹੀਂ ਪ੍ਰਚਾਰ ਚੱਲ ਰਿਹਾ ਹੈ, ਉਹ ਵੱਖਰਾ ਹੈ।

ਪੰਜਾਬ ਸਰਕਾਰ 100 ਕਰੋੜ ਰੁਪਏ ਤਾਂ ਇਕੱਲੇ ਦੇਸੀ ਵਿਦੇਸ਼ੀ ਮੀਡੀਆ ਵਿਚ ਇਸ਼ਤਿਹਾਰਬਾਜ਼ੀ 'ਤੇ ਖਰਚ ਕਰੇਗੀ, ਹਾਲਾਂਕਿ ਪਿਛਲੇ ਵਰ੍ਹਿਆਂ ਵਿਚ ਕੀਤੀ ਮਸ਼ਹੂਰੀ ਉਤੇ ਆਡਿਟ ਇਤਰਾਜ਼ ਵੀ ਹੋਏ ਹਨ। ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਤੋਂ ਆਰ.ਟੀ.ਆਈ. ਤਹਿਤ ਮਿਲੇ ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਨੇ ਸਾਲ 2016-17 ਲਈ 100 ਕਰੋੜ ਰੁਪਏ ਦਾ ਬਜਟ ਰੱਖਿਆ ਹੈ, ਜਿਸ ਨਾਲ ਇਲੈਕਟ੍ਰਾਨਿਕ ਤੇ ਪ੍ਰਿੰਟ ਮੀਡੀਆ, ਸੋਸ਼ਲ ਤੇ ਵਿਦੇਸ਼ੀ ਮੀਡੀਆ ਵਿਚ ਇਸ਼ਤਿਹਾਰ ਦਿੱਤੇ ਜਾਣੇ ਹਨ। ਪਿਛਲੇ ਮਾਲੀ ਵਰ੍ਹੇ ਦੌਰਾਨ ਇਹੋ ਬਜਟ 40 ਕਰੋੜ ਰੁਪਏ ਰੱਖਿਆ ਗਿਆ ਸੀ, ਜਿਸ ਵਿਚੋਂ 31.55 ਕਰੋੜ ਰੁਪਏ ਖਰਚ ਕੀਤੇ ਗਏ ਸਨ। ਦਿਲਚਸਪ ਤੱਥ ਇਹ ਹਨ ਕਿ ਪੰਜਾਬ ਸਰਕਾਰ ਨੇ ਸਾਲ 2007-08 ਤੋਂ 2015-16 ਤੱਕ (ਨੌਂ ਵਰ੍ਹਿਆਂ ਵਿਚ) ਇਸ਼ਤਿਹਾਰੀ ਮਸ਼ਹੂਰੀ ਉਤੇ 99.61 ਕਰੋੜ ਰੁਪਏ ਖਰਚ ਕੀਤੇ ਹਨ ਜਦੋਂਕਿ ਹੁਣ ਚੋਣਾਂ ਕਰ ਕੇ ਇਕੋ ਵਰ੍ਹੇ ਵਿਚ ਪਿਛਲੇ ਨੌਂ ਵਰ੍ਹਿਆਂ ਦੇ ਕੁੱਲ ਖਰਚ ਤੋਂ ਜ਼ਿਆਦਾ 100 ਕਰੋੜ ਖਰਚਣ ਦਾ ਪ੍ਰੋਗਰਾਮ ਹੈ।

### ਵਿੱਤੀ ਵਰ੍ਹੇ ਵਿਚ ਖਰਚੇ ਜਾਣਗੇ 100 ਕਰੋੜ ਰੁਪਏ



ਵਿਰੋਧੀ ਧਿਰ ਮੁਤਾਬਕ ਗੱਠਜੋੜ ਸਰਕਾਰ ਵੱਲੋਂ ਕੇਜਰੀਵਾਲ ਸਰਕਾਰ ਦੇ ਮਸ਼ਹੂਰੀ ਬਜਟ 'ਤੇ ਉਂਗਲ ਉਠਾਈ ਜਾ ਰਹੀ ਹੈ, ਪਰ ਇਹ ਖੁਦ ਆਪਣੇ ਪੀੜ੍ਹੀ ਹੇਠ ਸੋਟੀ ਨਹੀਂ ਮਾਰ ਰਹੇ ਹਨ। ਪਿਛਲੇ ਨੌਂ ਵਰ੍ਹਿਆਂ ਦਾ ਰੁਝਾਨ ਵੇਖਿਆ ਜਾਵੇ ਤਾਂ ਲੋਕ ਸੰਪਰਕ ਵਿਭਾਗ ਨੇ ਕਦੇ ਵੀ ਇਸ਼ਤਿਹਾਰੀ ਮਸ਼ਹੂਰੀ ਉਤੇ 17 ਕਰੋੜ ਤੋਂ ਜ਼ਿਆਦਾ ਪ੍ਰਤੀ ਵਰ੍ਹਾ ਖਰਚ ਨਹੀਂ ਕੀਤੇ ਹਨ।

ਚਾਲੂ ਮਾਲੀ ਵਰ੍ਹੇ ਦੌਰਾਨ ਪੰਜ ਗੁਣਾ ਜ਼ਿਆਦਾ ਖਰਚ ਕੀਤੇ ਜਾਣ ਦੀ ਯੋਜਨਾ ਹੈ। ਪੰਜਾਬ ਸਰਕਾਰ ਵੱਲੋਂ ਕਿਰਾਏ ਉਤੇ 51 ਵੈਨਾਂ ਵੀ ਲਈਆਂ ਗਈਆਂ ਹਨ ਤਾਂ ਜੋ ਸਰਕਾਰੀ ਪ੍ਰਾਪਤੀਆਂ ਦਾ ਪ੍ਰਚਾਰ ਕੀਤਾ ਜਾ ਸਕੇ। ਤਕਰੀਬਨ 47 ਦਿਨ ਇਹ ਵੈਨਾਂ ਪੰਜਾਬ ਦੇ ਹਰ ਹਲਕੇ ਵਿਚ ਘੁੰਮਣਗੀਆਂ ਤੇ ਕਰੀਬ 12 ਕਰੋੜ ਰੁਪਏ ਇਨ੍ਹਾਂ ਵੈਨਾਂ ਦੇ ਕਿਰਾਏ ਵਿਚ ਵੱਖਰੇ ਖਰਚੇ ਜਾਣਗੇ। ਇਸ ਤੋਂ ਇਲਾਵਾ ਹਰ ਹਲਕੇ ਵਿਚ ਪ੍ਰੋਗਰਾਮ ਦੌਰਾਨ ਪੰਜ ਹਜ਼ਾਰ ਰੁਪਏ ਦਾ ਬਜਟ ਪਕੌੜਿਆਂ ਤੇ ਜਲੇਬੀਆਂ ਦਾ ਰੱਖਿਆ ਗਿਆ ਹੈ ਜਿਨ੍ਹਾਂ 'ਤੇ ਕਰੀਬ ਸਵਾ ਕਰੋੜ ਰੁਪਏ ਖਰਚ ਹੋ ਜਾਣੇ ਹਨ। ਪ੍ਰਚਾਰ ਵੈਨਾਂ ਦਾ ਖਰਚਾ ਵੱਖਰਾ ਹੈ। ਪੰਜਾਬ ਕਾਂਗਰਸ ਦੇ ਸਕੱਤਰ ਰਾਕੇਸ਼ ਕੁਮਾਰ (ਪੱਪੀ) ਦਾ ਪ੍ਰਤੀਕਰਮ ਸੀ ਕਿ ਪੰਜਾਬ ਪਹਿਲਾਂ ਹੀ ਤੰਗੀ ਵਿਚੋਂ ਗੁਜ਼ਰ ਰਿਹਾ ਹੈ ਅਤੇ ਕਿਸਾਨ ਮਜ਼ਦੂਰ ਸੜਕਾਂ ਉਤੇ ਹਨ, ਬੇਰੁਜ਼ਗਾਰ ਟੈਂਕੀਆਂ ਉਤੇ ਚੜ੍ਹਨ ਲਈ ਮਜਬੂਰ ਹਨ। ਅਜਿਹੀ ਪ੍ਰਸਥਿਤੀ ਵਿਚ ਮਸ਼ਹੂਰੀ ਉਤੇ ਸੌ ਕਰੋੜ ਖਰਚ ਕਰਨੇ ਸਰਕਾਰੀ ਖਜ਼ਾਨਾ ਰੋੜ੍ਹਣ ਵਾਲੀ ਗੱਲ ਹੈ।

### ਆਡਿਟ ਵਿਭਾਗ ਦੇ ਇਤਰਾਜ਼ ਨਜ਼ਰਅੰਦਾਜ਼

**ਚੰਡੀਗੜ੍ਹ:** ਵਿਭਾਗ ਦੇ ਹੋਏ ਪਿਛਲੇ ਵਰ੍ਹੇ ਦੇ ਆਡਿਟ ਵਿਚ ਇਸ਼ਤਿਹਾਰਾਂ ਤੇ ਕੀਤੇ ਫ਼ਜ਼ੂਲ ਖਰਚ ਉਤੇ ਉਂਗਲ ਉਠਾਈ ਗਈ ਹੈ। ਆਡਿਟ ਵਿਚ ਸਤੰਬਰ 2013 ਤੋਂ ਅਗਸਤ 2015 ਤੱਕ ਦੇ ਇਸ਼ਤਿਹਾਰੀ ਏਜੰਸੀਆਂ ਦੇ ਤਕਰੀਬਨ 6.41 ਕਰੋੜ ਦੇ ਬਕਾਏ ਖੜ੍ਹੇ ਹੋਣ ਗੱਲ ਆਖੀ ਗਈ ਹੈ। ਪੰਜਾਬ ਸਰਕਾਰ ਨੇ ਸਾਲ 2007-08 ਤੋਂ 2015-16 ਤੱਕ (ਨੌਂ ਵਰ੍ਹਿਆਂ ਵਿਚ) ਇਸ਼ਤਿਹਾਰੀ ਮਸ਼ਹੂਰੀ ਉਤੇ 99.61 ਕਰੋੜ ਰੁਪਏ ਖਰਚ ਕੀਤੇ ਹਨ ਜਦੋਂਕਿ ਹੁਣ ਚੋਣਾਂ ਕਰ ਕੇ ਇਕੋ ਵਰ੍ਹੇ ਵਿਚ ਪਿਛਲੇ ਨੌਂ ਵਰ੍ਹਿਆਂ ਦੇ ਕੁੱਲ ਖਰਚ ਤੋਂ ਜ਼ਿਆਦਾ 100 ਕਰੋੜ ਖਰਚਣ ਦਾ ਪ੍ਰੋਗਰਾਮ ਹੈ।

### ਅਕਾਲੀ-ਭਾਜਪਾ ਨੇ ਪੰਜਾਬ ਤਬਾਹ ਕੀਤਾ: ਕੈਪਟਨ

**ਸੰਗਰੂਰ:** ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਸਾਢੇ 9 ਸਾਲਾਂ ਵਿਚ ਪੰਜਾਬ ਨੂੰ ਤਬਾਹੀ ਦੀਆਂ ਬਰੂੰਹਾਂ ਉਤੇ ਖੜ੍ਹਾ ਕਰ ਦਿੱਤਾ ਹੈ, ਜਿਸ ਕਰ ਕੇ ਹੁਣ ਪੰਜਾਬ ਦੇ ਲੋਕ ਅਕਾਲੀਆਂ ਨੂੰ ਮੂੰਹ ਨਹੀਂ ਲਾਉਣਗੇ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਾਂਗਰਸ ਸਰਕਾਰ ਬਣਨ ਉਤੇ ਇਕ ਅਜਿਹਾ ਕਾਨੂੰਨ ਬਣਾਇਆ ਜਾਵੇਗਾ, ਜਿਸ ਵਿਚ ਕਰਜ਼ਾਈ ਕਿਸਾਨਾਂ ਦੀ ਜ਼ਮੀਨ ਵੇਚੀ ਨਹੀਂ ਜਾ ਸਕੇਗੀ ਅਤੇ ਕਿਸਾਨਾਂ ਦੇ ਕਰਜ਼ੇ ਮੁਆਫ ਕੀਤੇ ਜਾਣਗੇ। ਭ੍ਰਿਸ਼ਟਾਚਾਰ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਕਾਂਗਰਸੀ ਵਰਕਰਾਂ ਤੇ ਆਮ ਲੋਕਾਂ ਖਿਲਾਫ਼ ਅਕਾਲੀਆਂ ਵੱਲੋਂ ਦਰਜ ਕਰਵਾਏ ਝੂਠੇ ਕੇਸ ਰੱਦ ਕੀਤੇ ਜਾਣਗੇ।

## ਰਾਵਲਪਿੰਡੀ ਦਾ ਗੁਰਦੁਆਰਾ ਵਿਰਾਸਤੀ ਇਮਾਰਤਾਂ ਵਿਚ ਹੋਵੇਗਾ ਸ਼ੁਮਾਰ

**ਅੰਮ੍ਰਿਤਸਰ:** ਰਾਵਲਪਿੰਡੀ ਦੇ ਰਜ਼ਾ ਬਾਜ਼ਾਰ ਵਿਚ ਸਥਿਤ ਗੁਰਦੁਆਰਾ ਸਿੰਘ ਸਭਾ ਦੀ ਇਮਾਰਤ ਦਾ ਨਵ-ਨਿਰਮਾਣ ਕਰਵਾ ਕੇ ਉਸ ਨੂੰ ਪਾਕਿਸਤਾਨ ਦੀਆਂ ਵਿਰਾਸਤੀ ਇਮਾਰਤਾਂ ਵਿਚ ਸ਼ਾਮਲ ਕੀਤੇ ਜਾਣ ਦੀ ਯੋਜਨਾ ਬਣਾਈ ਗਈ ਹੈ।

ਲਾਹੌਰ ਸੈਰ-ਸਪਾਟਾ ਵਿਭਾਗ ਦੀ ਡਾ. ਆਇਸ਼ਾ ਪਾਮੇਲਾ ਨੇ ਗੁਰਦੁਆਰਾ ਸਿੰਘ ਸਭਾ ਦੀ ਨਵ ਉਸਾਰੀ ਲਈ ਸਾਰੇ ਲੋੜੀਂਦੇ ਦਸਤਾਵੇਜ਼ ਤਿਆਰ ਕਰ ਲਏ ਹਨ। ਦੱਸਣਯੋਗ ਹੈ ਕਿ ਗੁਰਦੁਆਰੇ ਦੇ ਸਥਾਨ 'ਤੇ ਸਿੱਖ ਰਾਜ ਸਮੇਂ ਨਿਹੰਗ ਸਿੰਘਾਂ ਦੀ ਛਾਉਣੀ ਹੁੰਦੀ ਸੀ। ਸੰਨ 1930 ਵਿਚ ਇਸ ਦਾ ਨਵ-ਨਿਰਮਾਣ ਕਰਾਏ ਜਾਣ ਬਾਅਦ ਇਸ ਦਾ ਨਾਂ ਗੁਰਦੁਆਰਾ ਸਿੰਘ ਸਭਾ ਰੱਖ ਦਿੱਤਾ ਗਿਆ। ਦੇਸ਼ ਦੀ ਵੰਡ ਬਾਅਦ ਖਾਲੀ ਪਈ ਗੁਰਦੁਆਰੇ ਦੀ ਇਮਾਰਤ ਵਿਚ ਪਹਿਲਾਂ ਪੁਲਿਸ ਥਾਣਾ ਅਤੇ ਫਿਰ ਲੜਕਿਆਂ ਦਾ



ਸਰਕਾਰੀ ਹਾਈ ਸਕੂਲ ਸ਼ੁਰੂ ਕੀਤਾ ਗਿਆ। 1996 ਵਿਚ ਔਕਾਫ ਬੋਰਡ ਨੇ 52 ਮਰਲੇ ਵਿਚ ਬਣੀ ਗੁਰਦੁਆਰੇ ਦੀ ਇਮਾਰਤ ਅੰਜੂਮਨ ਐਂਡ ਕੰਪਨੀ ਨੂੰ ਤਿੰਨ ਕਰੋੜ 10 ਲੱਖ ਰੁਪਏ ਵਿਚ ਤਿੰਨ ਮੰਜ਼ਲ ਪਲਾਜ਼ਾ ਬਣਾਉਣ ਲਈ ਵੇਚ ਦਿੱਤੀ।

ਇਸ ਬਾਅਦ ਕੰਪਨੀ ਵੱਲੋਂ ਗੁਰਦੁਆਰੇ ਦੀ ਇਮਾਰਤ ਨੂੰ ਢਾਹ ਕੇ ਪਲਾਜ਼ਾ ਬਣਾਏ ਜਾਣ ਦੀ ਕਾਰਵਾਈ ਆਰੰਭੀ, ਪਰ ਹਾਈ ਕੋਰਟ ਦੇ ਬੈਂਚ ਨੇ ਇਕ ਅਰਜ਼ੀ ਉਤੇ ਇਸ ਗੁਰਦੁਆਰੇ ਦੀ ਇਮਾਰਤ ਢਾਹੁਣ 'ਤੇ ਰੋਕ ਲਗਾ ਦਿੱਤੀ ਸੀ।

## ਪਠਾਨਕੋਟ ਹਮਲੇ ਬਾਰੇ ਜਗਤਾਰ ਤਾਰਾ ਵੱਲੋਂ ਵੱਡਾ ਖੁਲਾਸਾ

**ਪਠਾਨਕੋਟ:** ਪਠਾਨਕੋਟ ਏਅਰਬੇਸ ਉਤੇ ਹਮਲੇ ਦੀ ਤਿਆਰੀ ਕਈ ਸਾਲ ਪਹਿਲਾਂ ਹੀ ਕੀਤੀ ਜਾ ਚੁੱਕੀ ਸੀ। ਬੱਸ ਅੰਜਾਮ ਹੁਣ ਦਿੱਤਾ ਗਿਆ ਹੈ। ਇਹ ਖੁਲਾਸਾ ਭਾਰਤ ਦੀ ਜੇਲ੍ਹ ਵਿਚ ਬੰਦ ਜਗਤਾਰ ਸਿੰਘ ਤਾਰਾ ਨੇ ਕੀਤਾ ਹੈ। ਪਠਾਨਕੋਟ ਏਅਰਬੇਸ ਉਤੇ ਹਮਲੇ ਦੇ ਮਾਮਲੇ ਵਿਚ ਤਾਰਾ ਨੇ ਐਨ.ਆਈ.ਏ. ਕੋਲ ਇਹ ਖੁਲਾਸਾ ਕੀਤਾ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਮਾਮਲੇ ਸਬੰਧੀ ਬੁੜੈਲ ਜੇਲ੍ਹ ਵਿਚ ਐਨ.ਆਈ.ਏ. ਦੇ ਅਫਸਰਾਂ ਨੇ ਜਗਤਾਰ ਸਿੰਘ ਤਾਰਾ ਨੂੰ ਇੰਟੈਰੋਗੇਟ ਕੀਤਾ ਸੀ।

ਤਾਰਾ ਦੇ ਵਕੀਲ ਸਿਮਰਨਜੀਤ ਸਿੰਘ ਨੇ ਦੱਸਿਆ ਕਿ ਤਾਰਾ ਤੋਂ 20 ਮਈ ਨੂੰ ਐਨ.ਆਈ.ਏ. ਦੇ ਅਫਸਰਾਂ ਨੇ ਪੁੱਛਗਿੱਛ ਕੀਤੀ ਸੀ। ਇਸ ਵਿਚ ਪਠਾਨਕੋਟ ਅਤਿਵਾਦੀ ਹਮਲੇ ਬਾਰੇ ਕਈ ਸਵਾਲ ਪੁੱਛੇ ਗਏ ਸਨ। ਇਸ 'ਤੇ ਤਾਰਾ ਨੇ ਅਫਸਰਾਂ ਨੂੰ ਦੱਸਿਆ ਕਿ ਉਸ ਦੀ ਪਾਕਿਸਤਾਨ ਤੇ ਕਸ਼ਮੀਰੀ ਅਤਿਵਾਦੀਆਂ ਨਾਲ ਮੀਟਿੰਗ ਹੋਈ ਸੀ। ਉਸ ਨੇ ਉਨ੍ਹਾਂ ਲੋਕਾਂ ਨੂੰ ਕਿਹਾ ਸੀ ਕਿ ਆਮ ਨਾਗਰਿਕਾਂ ਨੂੰ ਨਿਸ਼ਾਨਾ ਨਾ ਬਣਾਇਆ ਜਾਵੇ। ਜਗਤਾਰ ਸਿੰਘ ਤਾਰਾ ਦੇ ਵਕੀਲ ਨੇ ਦੱਸਿਆ ਕਿ ਐਨ.ਆਈ.ਏ. ਦਾ ਮੰਨਣਾ ਹੈ ਕਿ ਪਠਾਨਕੋਟ ਅਤਿਵਾਦੀ ਹਮਲੇ ਤੇ ਦੀਨਾਨਗਰ ਅਤਿਵਾਦੀ ਹਮਲੇ ਕਰਨ ਨੂੰ ਲੈ ਕੇ ਪਾਕਿਸਤਾਨ ਵਿਚ ਮਜ਼ੂਰ ਅਹਿਮਦ ਤੇ ਜਗਤਾਰ ਸਿੰਘ ਤਾਰ ਨਾਲ ਮੀਟਿੰਗ ਸਾਲਾਂ ਪਹਿਲਾਂ ਹੋਈ ਸੀ।

### ਕਈ ਸਾਲ ਪਹਿਲਾਂ ਕੀਤੀ ਗਈ ਸੀ ਹਮਲੇ ਦੀ ਤਿਆਰੀ




# ਪੰਜਾਬ 'ਚ ਅਪਰਾਧੀ ਗਰੋਹਾਂ ਨਾਲ ਦੋ-ਦੋ ਹੱਥ ਕਰਨ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੰਗਠਤ ਅਪਰਾਧੀ ਗਰੋਹਾਂ ਨਾਲ ਨਜਿੱਠਣ ਲਈ 'ਮਹਾਰਾਸ਼ਟਰ ਆਰਗੇਨਾਈਜ਼ਡ ਕੰਟਰੋਲ ਆਫ ਕਰਾਈਮ ਐਕਟ' (ਮਕੋਕਾ) ਦੀ ਤਰਜ਼ ਉਤੇ ਸਖਤ ਕਾਨੂੰਨ ਲਿਆਂਦਾ ਜਾ ਰਿਹਾ ਹੈ। ਪੰਜਾਬ ਸਰਕਾਰ ਲਈ ਸੰਗਠਿਤ ਅਪਰਾਧੀ ਗਰੋਹ ਵੱਡੀ ਚੁਣੌਤੀ ਬਣਦੇ ਜਾ ਰਹੇ ਹਨ। ਪੰਜਾਬ ਪੁਲਿਸ ਵੱਲੋਂ ਖੁਲਾਸਾ ਕੀਤਾ ਗਿਆ ਕਿ ਰਾਜ ਵਿਚ ਸਰਗਰਮ ਗਰੋਹਾਂ ਦੀ ਗਿਣਤੀ 57 ਹੈ ਜਦੋਂ ਕਿ ਸੂਤਰਾਂ ਦਾ ਦੱਸਣਾ ਹੈ ਕਿ ਕੁੱਲ ਗਰੋਹਾਂ ਦੀ ਗਿਣਤੀ 70 ਦੇ ਕਰੀਬ ਹੈ। ਗੈਂਗਸਟਰ ਰੌਕੀ ਦੇ ਕਤਲ ਤੋਂ ਬਾਅਦ ਸਰਕਾਰ ਨੂੰ ਗਰੋਹਾਂ ਦੀਆਂ ਸਰਗਰਮੀਆਂ ਰੜਕਣ ਲੱਗੀਆਂ ਹਨ ਤੇ ਸਰਕਾਰ ਵੱਲੋਂ ਸਖਤ ਕਾਨੂੰਨ ਬਣਾਉਣ ਦਾ ਫੈਸਲਾ ਲਿਆ ਗਿਆ।

'ਪਕੋਕਾ' ਦਾ ਖਰੜਾ ਰਾਜ ਦੇ ਗ੍ਰਹਿ ਵਿਭਾਗ ਵੱਲੋਂ ਤਿਆਰ ਕਰ ਲਿਆ ਗਿਆ ਹੈ। ਇਸ ਤਹਿਤ ਪੁਲਿਸ ਨੂੰ ਗੈਂਗਸਟਰਾਂ ਨੂੰ ਸਾਲ ਜਾਂ ਦੋ ਸਾਲ ਲਈ ਨਜ਼ਰਬੰਦ ਰੱਖਣ ਦਾ ਅਧਿਕਾਰ ਮਿਲ ਜਾਵੇਗਾ ਤਾਂ ਜੋ ਉਹ ਅਦਾਲਤਾਂ ਤੋਂ ਜ਼ਮਾਨਤਾਂ ਲੈ ਕੇ ਨਾ ਦੌੜ ਸਕਣ। ਇਨ੍ਹਾਂ ਹਥਿਆਰਬੰਦ ਗਰੋਹਾਂ ਸਬੰਧੀ ਹੁਣ ਕਈ ਦਿਲਚਸਪ ਤੱਥ ਵੀ ਸਾਹਮਣੇ ਆ ਰਹੇ ਹਨ, ਜਿਨ੍ਹਾਂ ਤੋਂ ਸਪੱਸ਼ਟ ਹੈ ਕਿ ਇਹ ਗਰੋਹ ਲੰਬੇ ਸਮੇਂ ਤੋਂ ਚੱਲ ਰਹੇ ਹਨ। ਸਰਕਾਰ ਵੱਲੋਂ ਗਿਰੋਹਾਂ ਸਬੰਧੀ ਇਕੱਠੀ ਕੀਤੀ ਜਾਣਕਾਰੀ ਦੌਰਾਨ ਹੁਣ ਸਾਹਮਣੇ ਆਇਆ ਹੈ ਕਿ 2010 ਤੋਂ 2016 ਤੱਕ ਦੇ ਛੇ ਸਾਲਾਂ ਦੌਰਾਨ ਅਜਿਹੇ ਹਥਿਆਰਬੰਦ ਗਰੋਹਾਂ ਦੇ ਕੋਈ 55 ਮਾਮਲੇ ਅਦਾਲਤਾਂ ਵਿਚ ਗਏ ਅਤੇ ਉਨ੍ਹਾਂ ਵਿਚੋਂ ਕਿਸੇ ਇਕ ਵਿਚ ਵੀ ਸਜ਼ਾ ਨਹੀਂ ਹੋਈ, ਜਦੋਂ ਕਿ 1996 ਤੋਂ 2016 ਤੱਕ ਦੇ 20 ਸਾਲਾਂ ਦੌਰਾਨ ਅਜਿਹੇ ਗਰੋਹਾਂ ਵਿਰੁੱਧ 105 ਮਾਮਲੇ ਅਦਾਲਤਾਂ ਵਿਚ ਗਏ, ਜਿਨ੍ਹਾਂ ਵਿਚੋਂ ਸਿਰਫ 10 ਵਿਚ ਕੁਝ ਸਜ਼ਾਵਾਂ ਹੋਈਆਂ ਅਤੇ 95 ਮਾਮਲਿਆਂ ਵਿਚ ਮੁਲਜ਼ਮ ਬਰੀ ਹੋ ਗਏ। ਅਦਾਲਤਾਂ ਵਿਚ ਇਨ੍ਹਾਂ ਹਥਿਆਰਬੰਦ ਗਰੋਹਾਂ ਵਿਰੁੱਧ ਕੇਸ ਨਾਕਾਮ ਹੋਣ ਦਾ ਮੁੱਖ ਕਾਰਨ ਪੁਲਿਸ ਦੀ ਮਿਲੀਭੁਗਤ ਜਾਂ ਨਾਲਾਇਕੀ ਸਮਝੀ ਜਾ ਸਕਦੀ ਹੈ। ਉਪ ਮੁੱਖ ਮੰਤਰੀ ਵੱਲੋਂ 24 ਮਈ ਨੂੰ ਚੰਡੀਗੜ੍ਹ ਵਿਚ ਇਹ ਖੁਲਾਸਾ ਕੀਤਾ ਗਿਆ ਸੀ ਕਿ ਪੁਲਿਸ ਵੱਲੋਂ 57 ਅਜਿਹੇ ਗਰੋਹਾਂ ਦੀ ਸ਼ਨਾਖ਼ਤ ਕੀਤੀ ਗਈ, ਜਿਨ੍ਹਾਂ ਦੇ 450 ਦੇ ਕਰੀਬ ਮੈਂਬਰ ਹਨ। ਉਧਰ, ਪੁਲਿਸ ਸੂਤਰਾਂ ਦਾ ਕਹਿਣਾ ਹੈ ਕਿ ਸੰਗਠਿਤ ਗਰੋਹਾਂ ਦੇ ਮੈਂਬਰਾਂ ਦੀ ਗਿਣਤੀ 500 ਤੋਂ ਵਧੇਰੇ ਹਨ। ਜੇਲ੍ਹਾਂ ਵਿਚ ਦੋ ਸੌ ਤੋਂ ਜ਼ਿਆਦਾ ਮੈਂਬਰ ਹਨ, 100 ਤੋਂ ਵੱਧ ਗਿਰੋਹ ਮੈਂਬਰ ਜ਼ਮਾਨਤਾਂ ਕਰਵਾ ਗਏ ਅਤੇ 120 ਦੇ ਕਰੀਬ ਅਜੇ ਕਾਨੂੰਨ ਦੀ ਪਕੜ ਵਿਚ ਨਹੀਂ ਆ ਸਕੇ।

ਪੁਲਿਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਪਿਛਲੇ ਕਾਫੀ ਸਮੇਂ ਤੋਂ ਕਾਨੂੰਨ ਵਿਚਲੀਆਂ ਚੋਰ ਮੋਰੀਆਂ ਦਾ ਫਾਇਦਾ ਉਠਾ ਕੇ ਅਜਿਹੇ ਅਨਸਰ ਵਧਦੇ ਫੁੱਲਦੇ ਰਹੇ। ਅਪਰਾਧੀਆਂ ਵਿਚ ਅਮਨ ਕਾਨੂੰਨ ਦੇ ਤੰਤਰ ਪ੍ਰਤੀ ਕੋਈ ਡਰ ਜਾਂ ਭੈਅ ਨਹੀਂ ਸੀ ਅਤੇ ਜੇਲ੍ਹਾਂ ਨੂੰ ਵੀ ਉਹ ਆਰਾਮ ਘਰਾਂ ਵਾਂਗ ਵਰਤਦੇ ਰਹੇ, ਜਿਥੇ ਉਨ੍ਹਾਂ ਦੀਆਂ ਬਾਹਰ ਦੀ ਦੁਨੀਆਂ ਨਾਲ ਬਰਾਬਰ ਤਾਰਾਂ ਜੁੜੀਆਂ ਰਹਿੰਦੀਆਂ ਸਨ, ਉਹ ਜੇਲ੍ਹਾਂ ਵਿਚੋਂ ਧਮਕੀਆਂ ਵੀ ਦਿੰਦੇ ਰਹੇ ਅਤੇ ਕਾਰਵਾਈ ਦੀ ਨਿਗਰਾਨੀ ਤੇ ਅਗਵਾਈ ਵੀ ਕਰਦੇ ਰਹਿੰਦੇ ਹਨ।

### 'ਪਕੋਕਾ' ਤਹਿਤ ਪੁਲਿਸ ਨੂੰ ਮਿਲਣਗੇ ਵਿਸ਼ੇਸ਼ ਅਧਿਕਾਰ



### ਰਾਜਸਥਾਨ ਪੁਲਿਸ ਨੂੰ ਪੰਜਾਬ ਦੇ 150 ਭਗੌੜਿਆਂ ਦੀ ਭਾਲ

**ਬਠਿੰਡਾ:** ਰਾਜਸਥਾਨ ਪੁਲਿਸ ਨੂੰ ਪੰਜਾਬ ਦੇ ਤਕਰੀਬਨ ਡੇਢ ਸੌ ਭਗੌੜੇ ਨਸ਼ਾ ਤਸਕਰਾਂ ਦੀ ਭਾਲ ਹੈ। ਇਨ੍ਹਾਂ ਤਸਕਰਾਂ ਖਿਲਾਫ਼ ਐਨ.ਡੀ.ਪੀ.ਐਸ. ਐਕਟ ਤਹਿਤ ਪੁਲਿਸ ਕੇਸ ਦਰਜ ਹੋਏ ਹਨ। ਕਈ ਕੇਸ ਤਾਂ ਡੇਢ-ਡੇਢ ਦਹਾਕਾ ਪੁਰਾਣੇ ਹਨ। ਰਾਜਸਥਾਨ ਸਰਕਾਰ ਨੇ 31 ਮਾਰਚ 2016 ਤੋਂ ਰਾਜ ਵਿਚ ਭੁੱਕੀ ਦੇ ਠੇਕੇ ਬੰਦ ਕਰ ਦਿੱਤੇ ਸਨ। ਪੁਲਿਸ ਹੁਣ ਪੁਰਾਣੇ ਕੇਸਾਂ ਦਾ ਨਿਪਟਾਰਾ ਕਰਨ ਲਈ ਸਰਗਰਮ ਹੋਈ ਹੈ, ਜਿਸ ਤਹਿਤ ਪੰਜਾਬ ਵਿਚੋਂ ਤਸਕਰ ਲੱਭੇ ਜਾ ਰਹੇ ਹਨ। ਮਿਲੇ ਵੇਰਵਿਆਂ ਅਨੁਸਾਰ ਰਾਜਸਥਾਨ ਪੁਲਿਸ ਨੂੰ ਪੰਜਾਬ ਦੇ ਰਹਿਣ ਵਾਲੇ ਕੁੱਲ 281 ਮੁਲਜ਼ਮਾਂ ਦੀ ਤਲਾਸ਼ ਹੈ। ਇਨ੍ਹਾਂ ਵਿਚੋਂ 60 ਫੀਸਦੀ ਨਸ਼ਿਆਂ ਦੀ ਤਸਕਰੀ ਵਾਲੇ ਮੁਲਜ਼ਮ ਹਨ। ਰਾਜਸਥਾਨ ਦੀਆਂ ਅਦਾਲਤਾਂ ਵੱਲੋਂ ਪੰਜਾਬ ਦੇ 3166 ਮੁਲਜ਼ਮਾਂ ਦੇ ਵਾਰੰਟ ਜਾਰੀ ਕੀਤੇ ਹੋਏ ਹਨ, ਜੋ ਅਦਾਲਤਾਂ 'ਚੋਂ ਗੈਰਹਾਜ਼ਰ ਹੋ ਗਏ ਸਨ। ਪੰਜਾਬ ਦੇ ਗੁਆਂਢ ਵਿਚ ਪੈਂਦੇ ਜ਼ਿਲ੍ਹਾ ਹਨੂੰਮਾਨਗੜ੍ਹ ਦੀ ਪੁਲਿਸ ਨੂੰ ਪੰਜਾਬ ਦੇ ਡੇਢ ਦਰਜਨ ਵਿਅਕਤੀਆਂ ਦੀ ਤਲਾਸ਼ ਹੈ, ਜਿਨ੍ਹਾਂ ਖਿਲਾਫ਼ ਇਸ ਜ਼ਿਲ੍ਹੇ ਵਿਚ ਪੁਲਿਸ ਕੇਸ ਦਰਜ ਹੋਏ ਹਨ। ਗੰਗਾਨਗਰ ਪੁਲਿਸ ਦੇ 46 ਭਗੌੜੇ ਅਜਿਹੇ ਹਨ, ਜੋ ਪੰਜਾਬ ਦੇ ਵਸਨੀਕ ਹਨ।

ਚਿਤੌੜਗੜ੍ਹ ਜ਼ਿਲ੍ਹੇ ਦੀ ਪੁਲਿਸ ਨੂੰ ਅਜਿਹੇ 17 ਮੁਲਜ਼ਮਾਂ ਦੀ ਤਲਾਸ਼ ਹੈ। ਜਾਣਕਾਰੀ ਅਨੁਸਾਰ ਪੰਜਾਬ ਦੇ ਤਸਕਰ ਰਾਜਸਥਾਨ ਤੋਂ ਭੁੱਕੀ ਲਿਆਉਣ ਦਾ ਕਾਰੋਬਾਰ ਕਰਦੇ ਹਨ। ਭਾਵੇਂ ਰਾਜਸਥਾਨ ਵਿਚ ਭੁੱਕੀ ਦੇ ਠੇਕੇ ਬੰਦ ਹੋ ਗਏ ਹਨ, ਪਰ ਇਹ ਧੰਦਾ ਬੰਦ ਨਹੀਂ ਹੋਇਆ ਹੈ। ਗੰਗਾਨਗਰ ਪੁਲਿਸ ਨੇ ਹਫਤਾ ਪਹਿਲਾਂ ਹੀ ਜ਼ਿਲ੍ਹਾ ਮਾਨਸਾ ਦੀਆਂ ਦੋ ਔਰਤਾਂ ਸੀਮਾ ਰਾਣੀ ਅਤੇ ਸ਼ਿੰਦਰ ਕੌਰ ਨੂੰ 25 ਕਿੱਲੋ ਭੁੱਕੀ ਸਮੇਤ ਕਾਬੂ ਕੀਤਾ ਸੀ।

# ਹੁਣ ਪੜ੍ਹੋ ਪਹਿਲੀ ਸੰਸਾਰ ਜੰਗ ਵਿਚ ਸਿੱਖਾਂ ਦੀ ਬਹਾਦਰੀ ਦੇ ਕਿੱਸੇ

**ਲੰਡਨ:** ਪਹਿਲੇ ਵਿਸ਼ਵ ਯੁੱਧ ਵਿਚ ਸਿੱਖਾਂ ਦੀ ਬਹਾਦਰੀ ਨੂੰ ਉਜਾਗਰ ਕਰਨ ਵਾਲੀ ਅਤੇ ਇਸ ਯੁੱਧ ਵਿਚ ਹਿੱਸਾ ਲੈਣ ਵਾਲੇ ਸਿੱਖਾਂ ਨਾਲ ਸਬੰਧਤ ਜਾਣਕਾਰੀਆਂ ਮੁਹੱਈਆ ਕਰਵਾਉਣ ਵਾਲੀ ਇਕ ਵੈਬਸਾਈਟ ਜਾਰੀ ਕੀਤੀ ਗਈ ਹੈ। ਯੂ.ਕੇ. ਪੰਜਾਬ ਹੈਰੀਟੇਜ ਐਸੋਸੀਏਸ਼ਨ (ਯੂ.ਕੇ.ਪੀ.ਐਚ.ਏ.) ਨੇ ਇਮਪਾਇਰਫੇਥਵਾਰ. ਕਾਮ ਵੈਬਸਾਈਟ ਲਾਂਚ ਕੀਤੀ ਹੈ।

ਯੂ.ਕੇ.ਪੀ.ਐਚ.ਏ. ਨੇ ਇਕ ਬਿਆਨ ਵਿਚ ਦੱਸਿਆ ਕਿ ਅਸੀਂ ਇਕ ਰੋਮਾਂਚਕ ਪਰਸਪਰ 'ਸੈਨਿਕ ਨਕਸ਼ਾ' ਬਣਾਇਆ ਹੈ, ਜੋ ਕਰੀਬ 8000 ਸਿੱਖ ਸੈਨਿਕਾਂ ਦੇ ਰਿਕਾਰਡ ਨੂੰ ਵਿਖਾਉਂਦਾ ਹੈ। ਉਨ੍ਹਾਂ ਕਿਹਾ ਕਿ ਅਸੀਂ ਪਹਿਲਾਂ ਤੋਂ ਹੀ ਮੌਜੂਦ ਰਿਕਾਰਡ ਨੂੰ ਬਹੁਤ ਸੁਆਰ ਕੇ ਰੱਖਣਾ ਚਾਹੁੰਦੇ ਹਾਂ ਅਤੇ ਇਸ ਵਿਚ ਹੋਰ ਬਹੁਤ ਸਾਰੀਆਂ ਅਹਿਮ ਜਾਣਕਾਰੀਆਂ ਨੂੰ ਸੁਰੱਖਿਅਤ ਰੱਖਣਾ ਚਾਹੁੰਦੇ ਹਾਂ ਜਿਨ੍ਹਾਂ ਦਾ ਹਮੇਸ਼ਾ ਲਈ ਗੁੰਮ ਹੋਣ ਦਾ ਖਤਰਾ ਹੈ। ਉਨ੍ਹਾਂ ਕਿਹਾ ਕਿ ਪਰਿਵਾਰਕ ਯਾਦਾਂ ਅਤੇ ਯਾਦਗਾਰਾਂ ਨੂੰ ਪੁਰਾਣੇ ਰਿਕਾਰਡਾਂ ਨਾਲ ਜੋੜ ਕੇ ਸਾਡੇ ਕੋਲ ਪਹਿਲੇ ਵਿਸ਼ਵ ਯੁੱਧ ਵਿਚ ਸਿੱਖਾਂ ਦੀ ਬਹਾਦਰੀ ਬਾਰੇ ਜਾਣਕਾਰੀ ਨੂੰ ਸਮੂਹਿਕ ਰੂਪ ਨਾਲ ਨਿਸ਼ਚਿਤ ਕਰਨ ਦਾ ਮੌਕਾ ਹੈ, ਜਿਸ ਨਾਲ ਉਨ੍ਹਾਂ ਦੇ ਬਲੀਦਾਨ ਅਤੇ ਦਰਦ ਨੂੰ ਕਦੇ ਵੀ ਭੁੱਲਿਆ ਨਹੀਂ ਜਾਵੇਗਾ। ਪ੍ਰੋਜੈਕਟ ਨੂੰ ਯੂ.ਕੇ. ਹੈਰੀਟੇਜ ਲਾਟਰੀ ਫੰਡ ਵੱਲੋਂ 1916 ਤੋਂ ਲੈ ਕੇ 1918 ਤੱਕ ਹੋਈਆਂ ਲੜਾਈਆਂ ਵਿਚ ਸਿੱਖਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਦਾ ਇਤਿਹਾਸ ਸਾਂਭਣ ਲਈ 448,500 ਪੌਂਡ ਦੀ ਗ੍ਰਾਂਟ ਹਾਸਲ ਹੋਈ ਹੈ। ਪਹਿਲੇ ਵਿਸ਼ਵ ਯੁੱਧ ਵਿਚ ਸਿੱਖਾਂ ਦੀਆਂ ਕਹਾਣੀਆਂ ਨੂੰ ਅਸਲ ਕਲਾਕ੍ਰਿਤੀਆਂ, ਅਪ੍ਰਕਾਸ਼ਿਤ ਤਸਵੀਰਾਂ ਅਤੇ ਚਿੱਤਰਕਾਰੀ, ਅਖਬਾਰਾਂ ਅਤੇ ਕਾਮਿਕਸ, ਪੋਸਟਕਾਰਡ, ਕਲਾ ਦਾ ਕੰਮ, ਵਰਦੀਆਂ, ਬਹਾਦਰੀ ਮੈਡਲ ਅਤੇ ਉਨ੍ਹਾਂ ਦੀਆਂ ਪਤਨੀਆਂ ਵੱਲੋਂ ਗਾਏ ਗਏ ਲੋਕ ਗੀਤਾਂ ਜ਼ਰੀਏ ਲਿਆ ਗਿਆ ਹੈ। ਵੈਬਸਾਈਟ ਵਿਚ ਦਿੱਗਜ਼ਾਂ ਨਾਲ ਕੀਤੀਆਂ ਗਈਆਂ ਇੰਟਰਵਿਊ ਵੀ ਸ਼ਾਮਲ ਹਨ, ਜੋ ਕਿ 30 ਸਾਲ ਪਹਿਲਾਂ ਇਤਿਹਾਸਕਾਰ ਅਤੇ ਲੇਖਕ ਚਾਰਲਸ ਐਲਨ ਨੇ ਰਿਕਾਰਡ ਕੀਤੀਆਂ ਸਨ। ਦੱਸਣਯੋਗ ਹੈ ਕਿ ਬ੍ਰਿਟਿਸ਼ ਭਾਰਤੀ ਫੌਜ ਵਿਚ ਤਕਰੀਬਨ 1.5 ਮਿਲੀਅਨ ਭਾਰਤੀਆਂ ਨੇ ਸੇਵਾ ਨਿਭਾਈ ਸੀ ਅਤੇ ਉਨ੍ਹਾਂ ਨੇ ਫਲੈਂਡਰ ਦੇ ਮੈਦਾਨਾਂ ਤੋਂ ਲੈ ਕੇ ਮੈਸੋਪੋਟਾਮੀਆ ਦੇ ਮੈਦਾਨਾਂ ਤੱਕ ਲੜੀਆਂ ਗਈਆਂ ਲੜਾਈਆਂ ਵਿਚ ਆਪਣੀ ਬਹਾਦਰੀ ਦੇ ਜੌਹਰ ਵਿਖਾਏ ਸੀ।

### ਸਿੱਖਾਂ ਬਾਰੇ ਜਾਣਕਾਰੀਆਂ ਲਈ ਵੈੱਬਸਾਈਟ ਜਾਰੀ



### ਆਬਾਦੀ ਦੇ ਲਿਹਾਜ਼ ਨਾਲ ਫੌਜ 'ਚ ਗਿਣਤੀ ਕਿਤੇ ਵੱਧ

ਬ੍ਰਿਟਿਸ਼ ਰਾਜ ਸਮੇਂ ਸਿੱਖਾਂ ਦੀ ਆਬਾਦੀ ਭਾਵੇਂ ਦੋ ਫੀਸਦੀ ਤੋਂ ਵੀ ਘੱਟ ਸੀ ਪਰ ਜੰਗ ਵੇਲੇ ਬ੍ਰਿਟਿਸ਼ ਭਾਰਤੀ ਫੌਜ ਵਿਚ ਸਿੱਖ 20 ਫੀਸਦੀ ਤੋਂ ਵੱਧ ਸਨ। ਇਨ੍ਹਾਂ ਸਿੱਖ ਫ਼ੌਜੀਆਂ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਪੱਛਮੀ ਮੋਰਚੇ 'ਤੇ ਸ਼ੁਰੂਆਤੀ ਮਹੀਨਿਆਂ ਵਿਚ ਅਹਿਮ ਭੂਮਿਕਾ ਨਿਭਾਈ ਅਤੇ ਭਾਈਵਾਲ ਮੁਲਕਾਂ ਨੂੰ ਫੌਰੀ ਹਾਰ ਤੋਂ ਬਚਾਉਣ ਵਿਚ ਸਹਾਇਤਾ ਕੀਤੀ। ਪਹਿਲੀ ਵਿਸ਼ਵ ਜੰਗ ਦੇ ਸਿੱਖਾਂ ਦੀ ਕਹਾਣੀ ਨੂੰ ਅਸਲ ਦਸਤਾਵੇਜ਼ਾਂ, ਪ੍ਰਕਾਸ਼ਿਤ ਨਾ ਹੋਈਆਂ ਤਸਵੀਰਾਂ, ਅਖਬਾਰਾਂ, ਖਤਾਂ, ਕਲਾਕ੍ਰਿਤਾਂ, ਵਰਦੀਆਂ, ਬਹਾਦਰੀ ਮੈਡਲਾਂ ਦੀ ਦੋ ਸਾਲ ਪਹਿਲਾਂ ਲੰਡਨ ਵਿਚ ਨੁਮਾਇਸ਼ ਲਾਈ ਗਈ ਸੀ।

# ਬੇਅੰਤ ਸਿੰਘ ਕਤਲ ਕੇਸ ਵਿਚ ਜਿਰ੍ਹਾ ਲਈ ਤਾਰਾ ਵੱਲੋਂ ਨਾਂਹ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿਚ ਮੁਲਜ਼ਮ ਅਤੇ ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਮੁਖੀ ਜਗਤਾਰ ਸਿੰਘ ਤਾਰਾ ਨੇ ਕੇਸ ਵਿਚ ਜਿਰ੍ਹਾ ਕਰਨ ਤੋਂ ਨਾਂਹ ਕਰ ਦਿੱਤੀ ਹੈ। ਉਸ ਨੇ ਕੇਸ ਦੀ ਸੁਣਵਾਈ ਦੌਰਾਨ ਅਦਾਲਤ ਨੂੰ ਦੱਸਿਆ ਕਿ ਉਹ ਆਪਣੇ ਪੱਖ ਵਿਚ ਬਚਾਅ ਲਈ ਕੁਝ ਵੀ ਕਹਿਣਾ ਨਹੀਂ ਚਾਹੁੰਦਾ ਹੈ। ਯੂ.ਟੀ. ਦੇ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਜਸਬੀਰ ਸਿੰਘ ਸਿੱਧੂ ਨੇ ਕੇਸ ਦੀ ਸੁਣਵਾਈ ਸਖਤ ਸੁਰੱਖਿਆ ਵਾਲੀ ਮਾਡਲ ਜੇਲ੍ਹ ਵਿਚ ਕੀਤੀ ਹੈ।

ਕੇਸ ਦੀ ਸੁਣਵਾਈ ਦੌਰਾਨ ਸੀ.ਬੀ.ਆਈ. ਦੇ ਵਕੀਲ ਏ.ਕੇ. ਉਹਰੀ ਦੇ ਬਿਆਨ ਲਏ ਗਏ ਹਨ। ਬੇਅੰਤ ਹੱਤਿਆ ਕੇਸ ਦੀ ਜਾਂਚ ਸੀ.ਬੀ.ਆਈ. ਹਵਾਲੇ ਕਰਨ ਤੋਂ ਬਾਅਦ ਉਸ ਨੇ ਧਮਾਕੇ ਬਾਰੇ ਪੁੱਛ-ਗਿੱਛ ਸ਼ੁਰੂ ਕੀਤੀ ਸੀ। ਉਸ ਨੇ ਅਦਾਲਤ ਨੂੰ ਦੱਸਿਆ ਕਿ ਕੇਸ ਸਤੰਬਰ 1995 ਨੂੰ ਸੀ.ਬੀ.ਆਈ. ਹਵਾਲੇ ਕਰ ਦਿੱਤਾ ਗਿਆ ਸੀ ਅਤੇ ਉਸ ਨੇ ਧਮਾਕੇ ਵਿਚ ਵਰਤੇ ਗਏ ਅਸਲੇ ਦੇ ਨਮੂਨਿਆਂ ਦੀ ਜਾਂਚ ਕੀਤੀ ਸੀ। ਅਦਾਲਤ ਵੱਲੋਂ ਇਕ ਹੋਰ ਗਵਾਹ ਨੂੰ ਤਲਬ ਕੀਤਾ ਗਿਆ ਸੀ, ਪਰ ਪੁਲਿਸ ਇੰਸਪੈਕਟਰ ਵਿਜੈ ਕੁਮਾਰ ਦੀ ਮੌਤ ਹੋ ਜਾਣ ਕਰ ਕੇ ਉਹ ਗ਼ੈਰਹਾਜ਼ਰ ਰਿਹਾ ਹੈ।

ਅਦਾਲਤ ਨੇ ਗਵਾਹ ਏ.ਕੇ. ਉਹਰੀ ਦੇ ਬਿਆਨ ਲੈਣ ਤੋਂ ਬਾਅਦ ਜਿਰ੍ਹਾ ਕਰਨ ਲਈ ਕਿਹਾ ਤਾਂ ਮੁਲਜ਼ਮ ਨੇ ਆਪਣੇ ਵਕੀਲ ਸਿਮਰਨਜੀਤ ਸਿੰਘ ਰਾਹੀਂ ਆਪਣੇ ਪੱਖ ਅਤੇ ਬਚਾਅ ਵਿਚ ਕੁਝ ਵੀ ਨਾ ਕਹਿਣ ਦੀ ਇੱਛਾ ਪ੍ਰਗਟ ਕੀਤੀ ਸੀ। ਤਾਰਾ ਪਹਿਲਾਂ ਵੀ ਅਦਾਲਤ ਨੂੰ ਆਪਣਾ ਕੇਸ ਨਾ ਲੜਨ ਤੇ ਕਿਸੇ ਵੀ ਵਕੀਲ ਦੀਆਂ ਸੇਵਾਵਾਂ ਨਾ ਲੈਣ ਦੇ ਫੈਸਲੇ ਬਾਰੇ ਦੱਸ ਚੁੱਕਿਆ ਹੈ।

ਵਕੀਲ ਸਿਮਰਨਜੀਤ ਸਿੰਘ ਨਾਲ ਉਹ ਆਪਣੇ ਕੇਸਾਂ ਬਾਰੇ ਸਲਾਹ ਮਸ਼ਵਰਾ ਕਰ ਲੈਂਦਾ ਹੈ। ਉਸ ਨੇ ਅਦਾਲਤ ਨੂੰ ਸਪੱਸ਼ਟ ਕਰ ਦਿੱਤਾ ਸੀ ਕਿ ਉਸ ਦਾ ਭਾਰਤੀ ਸੰਵਿਧਾਨ ਅਤੇ ਕਾਨੂੰਨ ਵਿਚ ਭਰੋਸਾ ਨਹੀਂ ਹੈ ਤੇ ਉਹ ਕੁਝ ਵੀ ਨਹੀਂ ਕਹਿਣਾ ਚਾਹੁੰਦਾ ਹੈ।

### ਭਾਰਤੀ ਨਿਆਂ ਪ੍ਰਣਾਲੀ ਵਿਚ ਵਿਸ਼ਵਾਸ ਤੋਂ ਇਨਕਾਰ



### ਫਾਂਸੀ ਦੀ ਸਜ਼ਾ ਲਟਕਾਉਣ ਤੋਂ ਰਾਜੋਆਣਾ ਨਿਰਾਸ਼

#### ਕੇਂਦਰ ਨੂੰ ਪੱਤਰ ਲਿਖ ਕੇ ਜਤਾਈ ਨਾਰਾਜ਼ਗੀ

**ਪਟਿਆਲਾ:** ਪਟਿਆਲਾ ਜੇਲ੍ਹ ਵਿਚ ਬੰਦ ਬਲਵੰਤ ਸਿੰਘ ਰਾਜੋਆਣਾ ਨੇ ਬੇਅੰਤ ਸਿੰਘ ਕਤਲ ਕੇਸ ਵਿਚ ਫਾਂਸੀ ਦੀ ਸਜ਼ਾ ਵਿਚ ਹੋ ਰਹੀ ਦੇਰੀ ਸਬੰਧੀ ਹੁਣ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਪੱਤਰ ਲਿਖਿਆ ਹੈ। ਪਹਿਲਾਂ ਰਾਸ਼ਟਰਪਤੀ ਨੂੰ ਪੱਤਰ ਲਿਖਣ ਸਮੇਤ ਆਰ.ਟੀ.ਆਈ. ਰਾਹੀਂ ਵੀ ਅਜਿਹੀ ਜਾਣਕਾਰੀ ਮੰਗੀ ਜਾ ਚੁੱਕੀ ਹੈ। ਰਾਜੋਆਣਾ ਦਾ ਕਹਿਣਾ ਹੈ ਕਿ ਉਸ ਵੱਲੋਂ ਸ਼ਮੂਲੀਅਤ ਕਬੂਲੇ ਜਾਣ ਅਤੇ ਫਿਰ ਖ਼ੁਦ ਕੋਈ ਵੀ ਅਪੀਲ ਨਾ ਕੀਤੀ ਹੋਣ ਦੇ ਬਾਵਜੂਦ ਇਹ ਮਾਮਲਾ 21 ਸਾਲਾਂ ਤੋਂ ਲਟਕਾਇਆ ਜਾ ਰਿਹਾ ਹੈ। ਉਸ ਨੇ ਛੇਤੀ ਫੈਸਲਾ ਸੁਣਾਏ ਜਾਣ ਉਤੇ ਜ਼ੋਰ ਦਿੱਤਾ ਹੈ। ਜ਼ਿਕਰਯੋਗ ਹੈ ਕਿ 22 ਦਸੰਬਰ 1995 ਨੂੰ ਗ੍ਰਿਫਤਾਰ ਕੀਤੇ ਰਾਜੋਆਣਾ ਨੇ ਅਦਾਲਤ ਵਿਚ ਆਪਣਾ ਜੁਰਮ ਕਬੂਲਦਿਆਂ ਨਿਆਇਕ ਪ੍ਰਣਾਲੀ ਉਤੇ ਬੇਭਰੋਸਗੀ ਜ਼ਾਹਰ ਕੀਤੀ ਸੀ। ਇਸ ਮਗਰੋਂ 31 ਜੁਲਾਈ 2007 ਨੂੰ ਫਾਂਸੀ ਦੀ ਸਜ਼ਾ ਸੁਣਾਏ ਜਾਣ ਉਪਰੰਤ ਇਕ ਪੁਰਾਣੇ ਕੇਸ ਅਧੀਨ ਉਸ ਨੂੰ ਪਟਿਆਲਾ ਜੇਲ੍ਹ ਭੇਜ ਦਿੱਤਾ ਗਿਆ ਸੀ। ਚੰਡੀਗੜ੍ਹ ਦੀ ਇਕ ਅਦਾਲਤ ਤੋਂ ਇਥੇ ਪੁੱਜੇ ਮੌਤ ਦੇ ਵਰੰਟਾਂ ਦੌਰਾਨ ਉਸ ਨੂੰ 31 ਮਾਰਚ 2012 ਨੂੰ ਫਾਂਸੀ ਦੇਣ ਦੇ ਆਦੇਸ਼ ਆਏ ਸਨ। ਉਸ ਵੱਲੋਂ ਰਹਿਮ ਦੀ ਅਪੀਲ ਤੋਂ ਕੋਰਾ ਜਵਾਬ ਦੇਣ ਕਰ ਕੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰਹਿਮ ਦੀ ਅਪੀਲ ਦਾਇਰ ਕੀਤੀ ਗਈ ਸੀ, ਜਿਸ ਤਹਿਤ 28 ਮਾਰਚ ਨੂੰ ਰਾਸ਼ਟਰਪਤੀ ਵੱਲੋਂ ਫਾਂਸੀ ਉਤੇ ਰੋਕ ਲਾ ਦਿੱਤੀ ਗਈ ਸੀ ਪਰ ਰਾਜੋਆਣਾ ਫਾਂਸੀ ਦੀ ਸਜ਼ਾ ਨੂੰ ਲਟਕਾਉਣ ਦਾ ਵਿਰੋਧ ਕਰਦੇ ਆ ਰਹੇ ਹਨ।



# ਸਿੱਖ ਸ਼ਨਾਖਤ ਬਾਰੇ ਦਸਤਾਵੇਜ਼ ਤਿਆਰ

**ਅੰਮ੍ਰਿਤਸਰ:** ਵਿਦੇਸ਼ਾਂ ਵਿਚ ਸਿੱਖਾਂ ਉਤੇ ਹੁੰਦੇ ਨਸਲੀ ਹਮਲਿਆਂ ਨੂੰ ਰੋਕਣ ਅਤੇ ਸਿੱਖ ਪਛਾਣ ਦੀ ਦੁਬਿਧਾ ਖਤਮ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਅਜਿਹਾ ਖਰੜਾ ਤਿਆਰ ਕੀਤਾ ਹੈ, ਜਿਸ ਵਿਚ ਸਿੱਖ ਧਰਮ, ਇਸ ਦੇ ਸਿਧਾਂਤ, ਇਤਿਹਾਸ, ਮਰਿਆਦਾ, ਸਿੱਖ ਪਛਾਣ ਅਤੇ ਹੋਰ ਅਹਿਮ ਗੱਲਾਂ ਨੂੰ ਰੂਪਮਾਨ ਕੀਤਾ ਗਿਆ ਹੈ। ਇਸ ਕਿਤਾਬਚੇ ਨੂੰ ਜਲਦੀ ਹੀ ਵੱਖ-ਵੱਖ ਭਾਸ਼ਾਵਾਂ ਵਿਚ ਛਾਪਣ ਮਗਰੋਂ ਵੱਖ-ਵੱਖ ਮੁਲਕਾਂ ਦੇ ਸਫਾਰਤਖਾਨਿਆਂ ਨੂੰ ਸੌਂਪਿਆ ਜਾਵੇਗਾ ਤਾਂ ਜੋ ਸਿੱਖ ਧਰਮ ਅਤੇ ਸਿੱਖ ਪਛਾਣ ਬਾਰੇ ਪ੍ਰਚਾਰ ਕੀਤਾ ਜਾ ਸਕੇ।

ਇਸ ਬਾਰੇ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਗਈ ਖਰੜਾ ਸਬ ਕਮੇਟੀ ਦੀ ਇਥੇ ਮੀਟਿੰਗ ਹੋਈ, ਜਿਸ ਵਿਚ ਲੰਬੀ ਵਿਚਾਰ ਚਰਚਾ ਮਗਰੋਂ ਖਰੜੇ ਨੂੰ ਅੰਤਿਮ ਰੂਪ ਦਿੱਤਾ ਗਿਆ। ਇਹ ਮੀਟਿੰਗ ਸਿੱਖ ਵਿਦਵਾਨ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਦੀ ਅਗਵਾਈ ਹੇਠ ਹੋਈ, ਜਿਸ ਵਿਚ ਖਰੜੇ ਦੇ ਹਰ ਪਹਿਲੂ ਉਤੇ ਵਿਚਾਰ ਕੀਤਾ ਗਿਆ। ਮਗਰੋਂ ਇਸ ਨੂੰ ਪ੍ਰਕਾਸ਼ਿਤ ਕਰਨ ਦੀ ਸਹਿਮਤੀ ਦੇ ਦਿੱਤੀ ਗਈ ਹੈ। ਖਰੜੇ ਵਿਚ ਸਿੱਖ ਧਰਮ ਦੇ ਸਿਧਾਂਤਾਂ, ਇਤਿਹਾਸ, ਮਰਿਆਦਾ ਤੋਂ ਇਲਾਵਾ ਸਿੱਖ ਪਛਾਣ, ਸਿੱਖਾਂ ਦੀ ਸੰਸਾਰ ਵਿਚ ਵਰਤਮਾਨ ਸਥਿਤੀ, ਕੰਮਕਾਰ, ਪ੍ਰਾਪਤੀਆਂ ਅਤੇ ਦੂਸਰੇ ਧਰਮਾਂ ਦੇ ਲੋਕਾਂ ਨਾਲ ਮਿਲਵਰਤਨ ਜਿਹੇ ਵਿਸ਼ਿਆਂ ਨੂੰ ਰੂਪਮਾਨ ਕੀਤਾ ਗਿਆ ਹੈ।

ਇਸ ਨੂੰ ਕਿਤਾਬਚੇ ਦੇ ਰੂਪ ਵਿਚ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਖਰੜਾ ਕਮੇਟੀ ਦੇ ਮੈਂਬਰਾਂ ਨੂੰ ਭੇਜਿਆ ਜਾਵੇਗਾ ਤਾਂ ਜੋ ਇਸ ਵਿਚ ਕਿਸੇ ਤਰ੍ਹਾਂ ਦੀ ਕੋਈ ਕਮੀ ਨਾ ਰਹਿ ਜਾਵੇ। ਮਗਰੋਂ ਇਸ ਨੂੰ ਵੱਖ-ਵੱਖ ਭਾਸ਼ਾਵਾਂ ਵਿਚ ਛਪਵਾਇਆ ਜਾਵੇਗਾ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਵੱਖ-ਵੱਖ ਦੇਸ਼ਾਂ ਦੇ ਸਫਾਰਤਖਾਨਿਆਂ ਅਤੇ ਸਫੀਰਾਂ ਨਾਲ ਮੁਲਾਕਾਤ ਕਰ ਕੇ ਇਹ ਕਿਤਾਬਚਾ ਸੌਂਪਿਆ ਜਾਵੇਗਾ।



### ਸਿੱਖੀ ਸਰੂਪ ਵਾਲੇ ਵਿਦਿਆਰਥੀਆਂ ਨੂੰ ਵਜ਼ੀਫ਼ਾ ਮਿਲੇਗਾ

**ਫਤਹਿਗੜ੍ਹ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੇ ਬਾਬਾ ਬੰਦਾ ਸਿੰਘ ਬਹਾਦਰ ਬਹੁ ਤਕਨੀਕੀ ਕਾਲਜ ਫਤਹਿਗੜ੍ਹ ਸਾਹਿਬ ਵਿਚ ਕਾਲਜ ਟਰੱਸਟ ਵੱਲੋਂ ਸਿੱਖੀ ਸਰੂਪ ਵਾਲੇ ਵਿਦਿਆਰਥੀਆਂ ਨੂੰ ਡਿਪਲੋਮਾ ਕੋਰਸਾਂ ਦੀ ਪੜ੍ਹਾਈ ਲਈ ਵਜ਼ੀਫ਼ਾ ਸਕੀਮ ਅਤੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਮੁਫਤ ਸਿੱਖਿਆ ਸਕੀਮ ਚਾਲੂ ਕੀਤੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਕਮੇਟੀ ਵੱਲੋਂ ਜਿਥੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਯੋਗ ਉਪਰਾਲੇ ਕੀਤੇ ਜਾ ਰਹੇ ਹਨ, ਉਥੇ ਹੀ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੀਆਂ ਵਿੱਦਿਅਕ ਸੰਸਥਾਵਾਂ ਵੀ ਵਿਦਿਆਰਥੀਆਂ ਨੂੰ ਪਤਿਤਪੁਣੇ ਤੋਂ ਦੂਰ ਰੱਖਣ ਲਈ ਹਮੇਸ਼ਾ ਹੀ ਯਤਨਸ਼ੀਲ ਹਨ। ਉਨ੍ਹਾਂ ਦੱਸਿਆ ਕਿ ਇਸ ਵਜ਼ੀਫ਼ਾ ਸਕੀਮ ਦਾ ਮੁੱਖ ਮਕਸਦ ਗਰੀਬ, ਹੁਸ਼ਿਆਰ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਤਕਨੀਕੀ ਸਿੱਖਿਆ ਦੇ ਕੇ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣਾ ਹੈ ਤਾਂ ਜੋ ਇਹ ਵਿਦਿਆਰਥੀ ਆਉਣ ਵਾਲੇ ਸਮੇਂ ਵਿਚ ਚੰਗੇ ਨਾਗਰਿਕ ਬਣ ਕੇ ਮੁਕਾਬਲੇ ਦੇ ਇਸ ਯੁੱਗ ਵਿਚ ਸਮੇਂ ਦੇ ਹਾਣੀ ਬਣ ਸਕਣ।

# ਮੁਖਜੀਤ ਮੁੱਖਾ ਮੁਕਾਬਲੇ ਵਿਚ ਬੁਰੀ ਫਸੀ ਪੰਜਾਬ ਪੁਲਿਸ

**ਚੰਡੀਗੜ੍ਹ:** ਅੰਮ੍ਰਿਤਸਰ ਦੇ ਅਕਾਲੀ ਆਗੂ ਮੁਖਜੀਤ ਮੁੱਖਾ ਦੇ ਐਨਕਾਉਂਟਰ ਮਾਮਲੇ ਵਿਚ ਸਬ ਇੰਸਪੈਕਟਰ ਤੇ ਏ.ਐਸ.ਆਈ. ਸਮੇਤ 8 ਪੁਲਿਸ ਵਾਲਿਆਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਮਾਮਲੇ ਦੀ ਜਾਂਚ ਲਈ ਬਣੀ ਐਸ.ਆਈ.ਟੀ. ਦੀ ਰਿਪੋਰਟ ਤੋਂ ਬਾਅਦ ਇਹ ਮਾਮਲਾ ਦਰਜ ਕੀਤਾ ਗਿਆ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਚਾਰ ਜੁਲਾਈ ਨੂੰ ਹੁਕਮ ਦਿੱਤਾ ਗਿਆ ਸੀ ਕਿ ਐਸ.ਆਈ.ਟੀ. ਇਕ ਹਫਤੇ ਅੰਦਰ ਆਪਣੀ ਰਿਪੋਰਟ ਪੇਸ਼ ਕਰੇ। ਮਾਮਲੇ ਦੀ ਅਗਲੀ ਸੁਣਵਾਈ 14 ਸਤੰਬਰ ਨੂੰ ਹੋਣੀ ਹੈ। ਮੁੱਖਾ ਨੂੰ ਅੰਮ੍ਰਿਤਸਰ ਪੁਲਿਸ ਨੇ ਜੂਨ 2015 ਵਿਚ ਇਕ ਮੁਕਾਬਲੇ ਦੌਰਾਨ ਮਾਰਿਆ ਸੀ। ਦਾਅਵਾ ਕੀਤਾ ਗਿਆ ਸੀ ਕਿ ਇਕ ਗੈਂਗਸਟਰ ਦੇ ਭੁਲੇਖੇ ਵਿਚ ਇਸ ਐਨਕਾਉਂਟਰ ਨੂੰ ਅੰਜਾਮ ਦਿੱਤਾ ਗਿਆ।




ਪੁਲਿਸ ਨੇ ਸਬ ਇੰਸਪੈਕਟਰ ਰਮੇਸ਼ ਕੁਮਾਰ, ਏ.ਐਸ.ਆਈ. ਜੋਗਿੰਦਰ ਸਿੰਘ, ਹੈੱਡ ਕਾਂਸਟੇਬਲ, ਰਾਜੇਸ਼, ਜਸਬੀਰ ਸਿੰਘ, ਸੰਦੀਪ ਕੁਮਾਰ, ਨਵਜੋਤ ਸਿੰਘ, ਰਣਬੀਰ ਸਿੰਘ ਤੇ ਸਿਪਾਹੀ ਸਤਵਿੰਦਰ ਸਿੰਘ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਹਾਲਾਂਕਿ ਮਾਮਲੇ ਵਿਚ ਅਜੇ ਕਿਸੇ ਦੀ ਵੀ ਗ੍ਰਿਫਤਾਰੀ ਨਹੀਂ ਕੀਤੀ ਗਈ ਹੈ, ਪਰ ਉਕਤ ਪੁਲਿਸ ਵਾਲਿਆਂ ਖਿਲਾਫ ਕੇਸ ਦਰਜ ਕੀਤੇ ਜਾਣ ਤੋਂ ਬਾਅਦ ਪੀੜਤ ਪਰਿਵਾਰ ਨੂੰ ਇਨਸਾਫ ਦੀ ਉਮੀਦ ਜ਼ਰੂਰ ਜਾਗੀ ਹੈ। ਦਰਅਸਲ, 16 ਜੂਨ 2015 ਦੀ ਸ਼ਾਮ ਅੰਮ੍ਰਿਤਸਰ ਦੇ ਵੇਰਕਾ ਇਲਾਕੇ ਵਿਚ ਅਕਾਲੀ ਆਗੂ ਮੁਖਜੀਤ ਮੁੱਖਾ ਦਾ ਐਨਕਾਉਂਟਰ ਕਰ ਦਿੱਤਾ ਗਿਆ ਸੀ। ਮੁੱਖਾ ਦੇ ਪਰਿਵਾਰ ਮੁਤਾਬਕ ਇਹ ਕਤਲ ਇਕ ਸੋਚੀ ਸਮਝੀ ਸਾਜਿਸ਼ ਤਹਿਤ ਕੀਤਾ ਗਿਆ। ਜਦਕਿ ਪੁਲਿਸ ਨੇ ਇਸ ਨੂੰ ਇਕ ਭੁਲੇਖਾ ਕਰਾਰ ਦਿੱਤਾ ਸੀ। ਹਾਲਾਂਕਿ ਪੰਜਾਬ ਸਰਕਾਰ ਨੇ ਪੂਰੇ ਮਾਮਲੇ ਦੀ ਜਾਂਚ ਲਈ ਸਿੱਟ ਦਾ ਗਠਨ ਕੀਤਾ।

**Punjab Times**

**Established in 2000**
**17th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਅਸ਼ਵੇਤ ਨੌਜਵਾਨ ਦੀ ਹੱਤਿਆ ਮਗਰੋਂ ਰੋਹ ਭੜਕਿਆ




**ਹਿਊਸਟਨ:** ਡਲਾਸ ਵਿਚ ਰੋਸ ਪ੍ਰਦਰਸ਼ਨ ਦੌਰਾਨ ਪੁਲਿਸ ਅਧਿਕਾਰੀਆਂ ਉਤੇ ਘਾਤ ਲਗਾ ਕੇ ਗੋਲੀਬਾਰੀ ਦੇ ਮਾਮਲੇ ਵਿਚ ਕਈ ਅਹਿਮ ਖੁਲਾਸੇ ਹੋਏ ਹਨ। ਇਹ ਪ੍ਰਦਰਸ਼ਨ ਪੁਲਿਸ ਵਲੋਂ ਇਕ ਕਾਲੇ ਵਿਅਕਤੀ ਨੂੰ ਗੋਲੀ ਮਾਰਨ ਦੇ ਵਿਰੋਧ ਵਿਚ ਹੋ ਰਿਹਾ ਸੀ।

ਪੁਲਿਸ ਮੁਲਾਜ਼ਮਾਂ ਉਤੇ ਗੋਲੀ ਚਲਾਉਣ ਵਾਲੇ ਸਨਾਇਪਰ ਦੀ ਪਛਾਣ ਫੌਜ ਦੇ ਸਾਬਕਾ ਰਿਜ਼ਰਵਿਸਟ ਦੇ ਰੂਪ ਵਿਚ ਕੀਤੀ ਗਈ ਹੈ। ਸਨਾਇਪਰ ਨੇ 12 ਪੁਲਿਸ ਅਧਿਕਾਰੀਆਂ ਨੂੰ ਗੋਲੀ ਮਾਰੀ ਜਿਸ ਨਾਲ ਪੰਜ ਪੁਲਿਸ ਮੁਲਾਜ਼ਮਾਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖਮੀ ਹੋ ਗਏ। ਇਸ ਹਮਲਾਵਰ ਦਾ ਨਿਸ਼ਾਨਾ ਗੋਰੇ ਪੁਲਿਸ ਅਧਿਕਾਰੀ ਸਨ। 25 ਸਾਲਾ ਮੀਕਾਹ ਜੇਵੀਅਰ ਜਾਨਸਨ ਨੇ ਰਾਤ 'ਬਲੈਕ ਲਾਈਵਜ਼ ਮੈਟਰ' ਪ੍ਰਦਰਸ਼ਨ ਸ਼ੁਰੂ ਹੋਣ ਉਤੇ ਡਲਾਸ ਵਿਚ ਗੋਰੇ ਪੁਲਿਸ ਮੁਲਾਜ਼ਮਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿਤਾ ਸੀ। ਉਸ ਸਮੇਂ ਉਸ ਨੇ ਸਰੀਰ ਉਤੇ ਕਵਚ ਪਹਿਨਿਆ ਹੋਇਆ ਸੀ ਅਤੇ ਉਸ ਦੇ ਕੋਲ ਐਸ.ਕੇ.ਐਸ. ਅਰਧ ਸਵੈ ਚਾਲਤ ਅਸਾਲਟ ਰਾਈਫਲ ਅਤੇ ਪਿਸਤੌਲ ਸੀ। ਪੁਲਿਸ ਨੂੰ ਜਾਨਸਨ ਦੇ ਘਰ ਦੀ ਤਲਾਸ਼ੀ ਦੌਰਾਨ ਬੰਬ ਬਣਾਉਣ ਦਾ ਸਮਾਨ ਬਲਿਸਟਿਕ ਵੈਸਟ, ਰਾਈਫਲਾਂ ਤੇ ਗੋਲਾ ਬਾਰੂਦ ਮਿਲਿਆ ਜਿਸ ਵਿਚ ਜੰਗ ਦੀਆਂ ਤਕਨੀਕਾਂ ਬਾਰੇ ਦੱਸਿਆ ਗਿਆ ਸੀ।

ਅਧਿਕਾਰੀਆਂ ਨੇ ਦੱਸਿਆ ਕਿ ਜਾਨਸਨ ਨੂੰ ਜੰਗੀ ਹਥਿਆਰਾਂ ਦੀ ਵਰਤੋਂ ਬਾਰੇ ਪੂਰਾ ਗਿਆਨ ਹੈ। ਉਸ ਨੇ ਸਾਲ 2015 ਤੱਕ ਛੇ ਸਾਲਾਂ ਲਈ ਰਾਖਵੇਂ ਫੌਜੀ ਵਜੋਂ ਸੇਵਾਵਾਂ ਨਿਭਾਈਆਂ ਸਨ ਅਤੇ ਉਸ ਨੂੰ ਨਵੰਬਰ 2013 ਤੇ ਜੁਲਾਈ 2014 ਦੌਰਾਨ ਅਫਗਾਨਿਸਤਾਨ ਵਿਚ ਤਾਇਨਾਤ ਕੀਤਾ ਗਿਆ ਸੀ। ਉਹ ਲੱਕੜ ਅਤੇ ਮਕਾਨ ਉਸਾਰੀ ਦਾ ਮਾਹਿਰ ਕਾਰੀਗਰ ਹੈ। ਉਸ ਨੂੰ ਆਰਮੀ ਅਚੀਵਮੈਂਟ ਮੈਡਲ ਨਾਲ ਸਨਮਾਨਤ ਕੀਤਾ ਗਿਆ ਸੀ, ਪਰ ਉਸ ਦੇ ਯੂਨਿਟ ਮੈਂਬਰਾਂ ਵਿਚ ਉਸ ਦਾ ਅਕਸ ਚੰਗਾ ਨਹੀਂ ਸੀ।

ਯਾਦ ਰਹੇ ਕਿ ਲੂਸਿਆਨਾ ਕਸਬੇ ਵਿਚ ਦੰਗੇ ਉਸ ਸਮੇਂ ਭੜਕ ਗਏ ਸਨ ਜਦੋਂ ਅਸ਼ਵੇਤ (ਕਾਲੇ) ਨੌਜਵਾਨ ਦੀ ਹੱਤਿਆ ਪੁਲਿਸ ਨੇ ਗੋਲੀ ਮਾਰ ਕੇ ਕਰ ਦਿੱਤੀ ਸੀ। ਪੁਲਿਸ ਨੇ ਨੌਜਵਾਨ ਨੂੰ ਜਿਸ ਸਮੇਂ ਗੋਲੀ ਮਾਰੀ, ਉਸ ਸਮੇਂ ਕਾਰ ਵਿਚ ਉਸ ਦੀ ਪ੍ਰੇਮਿਕਾ ਤੇ ਇਕ ਹੋਰ ਸਾਥੀ ਵੀ ਸਨ। ਪੁਲਿਸ ਦੀ ਫਾਇਰਿੰਗ ਦੀ ਪੂਰੀ ਵੀਡੀਓ ਮ੍ਰਿਤਕ ਦੀ ਸਾਥਣ ਨੇ ਬਣਾ ਲਈ ਸੀ। ਇਸ ਨੂੰ ਸੋਸ਼ਲ ਮੀਡੀਆ ਉਤੇ ਪਾਉਣ ਤੋਂ ਬਾਅਦ ਇਹ ਵਾਇਰਲ ਹੋ ਗਈ। ਪੁਲਿਸ ਨੇ ਨੌਜਵਾਨ ਦੀ ਗੱਡੀ ਦੇ ਕਾਗਜ਼ ਚੈਕ ਕਰਨ ਦੇ ਬਹਾਨੇ ਉਸ ਨੂੰ ਰੋਕਿਆ ਸੀ। ਇਸ ਤੋਂ ਬਾਅਦ ਪੁਲਿਸ ਨੇ ਉਸ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਪੁਲਿਸ ਦਾ ਇਲਜ਼ਾਮ ਹੈ ਕਿ ਨੌਜਵਾਨ ਬੰਦੂਕ ਨਾਲ ਉਨ੍ਹਾਂ ਉਤੇ ਹਮਲਾ ਕਰਨ ਵਾਲਾ ਸੀ। ਇਸ ਤੋਂ ਬਾਅਦ ਡਲਾਸ ਇਲਾਕਾ ਜਿਥੇ ਅਸ਼ਵੇਤਾਂ ਦੀ ਭਰਮਾਰ ਹੈ, ਵਿਚ ਹਿੰਸਾ ਸ਼ੁਰੂ ਹੋ ਗਈ। ਇਸ ਤੋਂ ਪਹਿਲਾਂ ਵੀ ਅਮਰੀਕਾ ਦੇ ਡਲਾਸ ਵਿਚ ਕਈ ਵਾਰ ਨਸਲੀ ਹਿੰਸਾ ਹੋ ਚੁੱਕੀ ਹੈ।

# ਭਾਰਤ ਹੋ ਸਕਦੈ ਆਈ.ਐਸ. ਦਾ ਅਗਲਾ ਨਿਸ਼ਾਨਾ

**ਨਵੀਂ ਦਿੱਲੀ:** ਪਿਛਲੇ ਸ਼ੁੱਕਰਵਾਰ ਨੂੰ ਢਾਕਾ ਦੇ ਕੈਫੇ ਵਿਚ ਖ਼ਤਰਨਾਕ ਹਮਲੇ ਤੋਂ ਬਾਅਦ ਇਸਲਾਮਿਕ ਸਟੇਟ ਭਾਰਤ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾ ਰਿਹਾ ਹੈ।

ਮੀਡੀਆ ਸੂਤਰਾਂ ਮੁਤਾਬਿਕ ਖੁਫੀਆ ਏਜੰਸੀਆਂ ਨੇ ਅਲਰਟ ਜਾਰੀ ਕੀਤਾ ਹੈ ਜਿਸ ਅਨੁਸਾਰ ਆਈ.ਐਸ. ਭਾਰਤ ਵਿਚ ਹਮਲੇ ਸ਼ੁਰੂ ਕਰਨ ਲਈ ਮੌਕਾ ਤਲਾਸ਼ ਰਿਹਾ ਹੈ। ਖੁਫੀਆ ਜਾਣਕਾਰੀ ਮੁਤਾਬਿਕ ਜੇ.ਐਮ.ਬੀ. ਨਾਲ ਜੁੜੇ ਲੋਕ ਅਤੇ ਬੰਗਲਾਦੇਸ਼ ਵਿਚ ਸਭ ਤੋਂ ਵੱਡੇ ਇਸਲਾਮੀ ਰਾਜਨੀਤਕ ਦਲ ਜਮਾਤ-ਏ-ਇਸਲਾਮੀ ਦੇ ਵਿਦਿਆਰਥੀ ਵਿੰਗ ਨਾਲ ਜੁੜੇ ਲੋਕ ਆਈ.ਐਸ. ਨਾਲ ਜੁੜ ਰਹੇ ਹਨ। ਸੋਸ਼ਲ ਮੀਡੀਆ ਰਾਹੀਂ ਜੁੜੇ ਇਹ ਲੋਕ ਦੁਨੀਆ ਭਰ ਵਿਚ ਸਰਕਾਰਾਂ ਲਈ ਸਿਰਦਰਦ ਬਣ ਗਏ ਹਨ। ਗੁਲਸ਼ਨ ਕੈਫੇ 'ਚ ਸੱਤ ਹਮਲਾਵਰਾਂ 'ਚੋਂ ਜ਼ਿਆਦਾਤਰ ਬੰਗਲਾਦੇਸ਼ 'ਚ ਕਈ ਮਹੀਨਿਆਂ ਤੋਂ ਲਾਪਤਾ ਸਨ।

## ਟਾਈਟਲਰ ਕੇਸ 'ਚ ਸੀ.ਬੀ.ਆਈ. ਦਾ ਰੁਖ ਮੰਦਭਾਗਾ ਕਰਾਰ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਵਿਰੁੱਧ ਕੜਕੜਡੂਮਾ ਕੋਰਟ ਵਿਚ ਸੀ.ਬੀ.ਆਈ. ਵਲੋਂ ਪੂਰੀ ਜਾਂਚ ਰਿਪੋਰਟ ਪੇਸ਼ ਨਾ ਕਰਨ ਦੀ ਕਾਰਵਾਈ ਨੂੰ ਮੰਦਭਾਗਾ ਕਰਾਰ ਦਿੰਦਿਆਂ ਢਿੱਲੀ ਕਾਰਗੁਜ਼ਾਰੀ ਦੱਸਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਵਲੋਂ 1984 ਦੇ ਸਿੱਖ ਕਤਲੇਆਮ ਵਿਚ ਜੋ ਮੰਦਭਾਗੀ ਭੂਮਿਕਾ ਨਿਭਾਈ ਗਈ ਸੀ, ਉਸ ਤੋਂ ਦਿੱਲੀ ਦਾ ਬੱਚਾ-ਬੱਚਾ ਜਾਣੂ ਹੈ, ਪਰ ਇੰਨਾ ਸਮਾਂ ਬੀਤ ਜਾਣ ਦੇ ਬਾਵਜੂਦ ਸਿੱਖਾਂ ਨੂੰ ਅਜੇ ਤੱਕ ਇਨਸਾਫ਼ ਨਾ ਮਿਲਣਾ ਸੀ.ਬੀ.ਆਈ. ਦੀ ਅਣਗਹਿਲੀ ਹੈ। ਅਦਾਲਤ ਨੂੰ ਸੀ.ਬੀ.ਆਈ. ਜਾਂਚ ਅਧਿਕਾਰੀਆਂ ਤੋਂ ਉਨ੍ਹਾਂ ਦੀ ਇਸ ਅਣਗਹਿਲੀ ਲਈ ਸਪਸ਼ਟੀਕਰਨ ਮੰਗਣਾ ਚਾਹੀਦਾ ਹੈ।

# ਵਿਵਾਦਾਂ ਨੇ ਰੋਲੀ ਆਮ ਆਦਮੀ ਪਾਰਟੀ

*(ਸਫਾ ਇਕ ਦੀ ਬਾਕੀ)*

ਰਾਹ ਵਿਚ ਨਿੱਤ ਰੋੜੇ ਖੜ੍ਹੇ ਕਰ ਰਹੀ ਹੈ। ਅਸਲ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੋਏ ਇਕ ਵਿਵਾਦਤ ਫੈਸਲੇ ਮਗਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਧੜਾਧੜ ਵਾਪਰੀਆਂ ਘਟਨਾਵਾਂ ਨੇ ਅਕਾਲੀਆਂ ਦੇ ਪੰਥਕ ਪ੍ਰਭਾਵ ਨੂੰ ਹਿਲਾ ਕੇ ਰੱਖ ਦਿੱਤਾ ਹੈ।

ਹਾਕਮ ਧਿਰ ਵੀ ਹੁਣ ਇਹ ਰਾਹ ਛੱਡ ਪਿਛਲੇ ਨੌਂ ਸਾਲਾਂ ਵਿਚ ਕੀਤੇ ਵਿਕਾਸ ਗਿਣਵਾ ਕੇ ਪੰਜ ਸਾਲਾਂ ਲਈ ਹੋਰ ਸੱਤਾ ਮੰਗ ਰਹੀ ਹੈ। ਯੂਥ ਮੈਨੀਫੈਸਟੋ ਦੀ ਜਿਲਦ 'ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਛਾਪਣਾ ਸਿੱਖ ਨੌਜਵਾਨਾਂ ਨੂੰ ਪ੍ਰਭਾਵਤ ਕਰਨ ਦਾ ਇਕ ਹੀਲਾ ਸੀ। ਦਿੱਲੀ ਤੋਂ ਬਾਅਦ ਆਮ ਆਦਮੀ ਪਾਰਟੀ ਲਈ ਪੰਜਾਬ ਹੀ ਆਸ ਦੀ ਕਿਰਨ ਹੈ। ਲੋਕ ਸਭਾ ਚੋਣਾਂ ਵਿਚ ਪੂਰੇ ਦੇਸ਼ ਵਿਚੋਂ ਪੰਜਾਬ ਨੇ ਹੀ ਇਸ ਪਾਰਟੀ ਨੂੰ ਚਾਰ ਸੰਸਦ ਮੈਂਬਰ ਦਿੱਤੇ। ਅਸਲ ਵਿਚ ਪੰਜਾਬ ਹੀ ਨਹੀਂ, ਦਿੱਲੀ ਦੀ ਸਿਆਸਤ ਵੀ ਆਪ ਲਈ ਸਿਰਦਰਦੀ ਬਣੀ ਹੋਈ ਹੈ। ਪਾਰਟੀ ਦਾ ਇਕ ਤੋਂ ਬਾਅਦ ਇਕ ਵਿਧਾਇਕ ਵਿਵਾਦਾਂ ਵਿਚ ਘਿਰ ਰਿਹਾ ਹੈ। ਤਾਜ਼ਾ ਮਾਮਲੇ ਵਿਚ ਆਪ ਦੇ ਵਿਧਾਇਕ ਪ੍ਰਕਾਸ਼ ਜਾਰਵਾਲ 'ਤੇ ਔਰਤ ਨਾਲ ਬਦਸਲੂਕੀ ਤੇ ਛੇੜਛਾੜ ਦਾ ਇਲਜ਼ਾਮ ਲੱਗਿਆ ਹੈ। 'ਆਪ' ਵਿਧਾਇਕ ਦਿਨੇਸ਼ ਮੋਹਨੀਆ ਉਤੇ ਵੀ ਅਜਿਹੇ ਹੀ ਇਲਜ਼ਾਮ ਲੱਗੇ ਸਨ। ਇਸ ਤੋਂ ਪਹਿਲਾਂ 'ਆਪ' ਦੇ ਅੱਠ ਵਿਧਾਇਕ ਕਿਸੇ ਨਾ ਕਿਸੇ ਮਾਮਲੇ ਵਿਚ ਘਿਰੇ ਹੋਏ ਹਨ।

# ਕਸ਼ਮੀਰ ਵਿਚ ਬਲ ਉਠੇ ਰੋਹ ਦੇ ਭਾਂਬੜ

*(ਸਫਾ ਇਕ ਦੀ ਬਾਕੀ)*

ਰੋਹ ਨੇ ਇਹ ਗੱਲ ਕਾਫੀ ਹੱਦ ਤੱਕ ਸਾਫ ਕਰ ਦਿੱਤੀ ਹੈ ਕਿ ਅਜਿਹੇ ਨੌਜਵਾਨਾਂ ਦੀ ਕਮੀ ਨਹੀਂ ਜੋ ਕਸ਼ਮੀਰ ਉਪਰ ਭਾਰਤ ਦੇ ਕਥਿਤ 'ਕਬਜ਼ੇ' ਖਿਲਾਫ ਵਿਦਰੋਹ ਨੂੰ ਜਾਇਜ਼ ਮੰਨਦੇ ਹਨ। ਵਾਨੀ ਨੂੰ ਮਾਰਨ ਦੀ ਕਾਰਵਾਈ ਵਿਰੁਧ ਸੁਰੱਖਿਆ ਬਲਾਂ 'ਤੇ ਵੀ ਸਵਾਲ ਉਠ ਰਹੇ ਹਨ।

ਮੀਡੀਆ ਰਿਪੋਰਟਾਂ ਅਨੁਸਾਰ ਸੁਰੱਖਿਆ ਬਲਾਂ ਨੇ ਦੋ ਮਹੀਨਿਆਂ ਤੋਂ ਬੁਰਹਾਨ ਵਾਨੀ ਦੀ ਪੈੜ ਨੱਪੀ ਹੋਈ ਸੀ। ਉਸ ਦਾ ਨਿਰੰਤਰ ਪਿੱਛਾ ਕੀਤਾ ਜਾ ਰਿਹਾ ਸੀ। ਉਸ ਨੂੰ ਕਾਬੂ ਕਰਨ ਜਾਂ ਮੁਕਾਬਲੇ ਵਿਚ ਮਾਰਨ ਦਾ ਯਤਨ ਪਹਿਲਾਂ ਵੀ ਕੀਤਾ ਜਾ ਸਕਦਾ ਸੀ, ਪਰ ਅਨੰਤਨਾਗ ਹਲਕੇ ਤੋਂ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨਾਲ ਜੁੜੀ ਜ਼ਿਮਨੀ ਚੋਣ ਅਤੇ ਰਮਜ਼ਾਨ ਦਾ ਮਹੀਨਾ ਹੋਣ ਕਾਰਨ ਅਜਿਹਾ ਨਹੀਂ ਕੀਤਾ ਗਿਆ। ਉਸ ਨੂੰ ਮਾਰਨ ਜਾਂ ਜਿਉਂਦਾ ਕਾਬੂ ਕਰਨ ਬਾਰੇ ਵੀ ਵਿਚਾਰਾਂ ਚੱਲਦੀਆਂ ਰਹੀਆਂ। ਦੱਸਿਆ ਜਾਂਦਾ ਹੈ ਕਿ ਬੁਰਹਾਨ ਨੇ ਹਥਿਆਰ ਉਦੋਂ ਚੁੱਕੇ ਸਨ ਜਦ ਉਸ ਦੇ ਭਰਾ ਨੂੰ ਫੌਜ ਵਲੋਂ ਤੰਗ ਕੀਤਾ ਗਿਆ ਸੀ। 2010 ਵਿਚ ਉਸ ਦਾ ਛੋਟਾ ਭਰਾ ਜਦ ਉਸ ਨੂੰ ਮਿਲ ਕੇ ਆ ਰਿਹਾ ਸੀ, ਫੌਜ ਨੇ ਉਸ ਨੂੰ ਫੜ ਕੇ ਤਸੀਹੇ ਦੇਣ ਬਾਅਦ ਖਤਮ ਕਰ ਦਿਤਾ। ਬੁਰਹਾਨ ਵਾਨੀ ਉਦੋਂ ਛੋਟਾ ਸੀ, ਉਹ ਕ੍ਰਿਕਟ ਖਿਡਾਰੀ ਬਣਨ ਦੀ ਤਿਆਰੀ ਕਰਦਾ ਹੁੰਦਾ ਸੀ। ਉਸ ਵਰਗੇ ਹੋਰ ਬਹੁਤ ਨੌਜਵਾਨ ਹਨ ਜੋ ਵੱਡੇ ਸੁਪਨੇ ਵੇਖਦੇ ਸਨ। ਬੁਰਹਾਨ ਦੇ ਜਨਾਜ਼ੇ ਵਿਚ 'ਜੀਵੇ ਪਾਕਿਸਤਾਨ' ਦੇ ਨਾਅਰੇ ਵੀ ਲੱਗੇ।

ਇਸ ਸਾਲ ਦੀ ਸਰਕਾਰੀ ਰਿਪੋਰਟ ਮੁਤਾਬਕ ਕਸ਼ਮੀਰ ਦੇ ਨੌਜਵਾਨਾਂ ਵਿਚੋਂ ਅਤਿਵਾਦੀ ਬਣਨ ਵਾਲਿਆਂ ਦੀ ਗਿਣਤੀ ਘਟਦੀ-ਘਟਦੀ 39 ਉਤੇ ਆ ਗਈ ਸੀ, ਪਰ ਹੁਣ ਵਾਨੀ ਦੀ ਮੌਤ ਨੇ ਸਰਕਾਰ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਸਰਕਾਰ ਤੇ ਫ਼ੌਜ ਵਿਰੁਧ ਪਨਪਦੀ ਨਫ਼ਰਤ ਦਾ ਸਿੱਟਾ ਹੈ। ਬੁਰਹਾਨ ਵਾਨੀ ਦੇ ਪਿਤਾ ਨੇ ਇਕ ਮੁਲਾਕਾਤ ਵਿਚ ਸ਼ਰੇਆਮ ਐਲਾਨ ਕੀਤਾ ਸੀ ਕਿ ਉਹ ਭਾਰਤ ਵਿਚ ਨਹੀਂ ਰਹਿਣਾ ਚਾਹੁੰਦੇ ਅਤੇ ਭਾਰਤ ਤੋਂ ਆਜ਼ਾਦੀ ਚਾਹੁੰਦੇ ਹਨ। ਉਨ੍ਹਾਂ ਨੇ ਗਊ ਮਾਸ 'ਤੇ ਪਾਬੰਦੀ ਕਾਰਨ ਇਕ ਟਰੱਕ ਡਰਾਈਵਰ ਦੇ ਕਤਲ ਦੇ ਹਾਦਸੇ ਦਾ ਜ਼ਿਕਰ ਕੀਤਾ ਸੀ ਤੇ ਆਖਿਆ ਸੀ ਕਿ ਗਊ ਮਾਸ ਮੁਸਲਮਾਨਾਂ ਵਾਸਤੇ ਜ਼ਰੂਰੀ ਹੈ ਤੇ ਉਨ੍ਹਾਂ ਨੇ ਇਸ 'ਤੇ ਪਾਬੰਦੀ ਲਗਾ ਦਿਤੀ ਹੈ। ਇਸੇ ਦੌਰਾਨ ਵਾਦੀ ਦੇ ਕਈ ਹਿੱਸਿਆਂ ਵਿਚ ਕਰਫਿਊ ਲਾਗੂ ਰਹਿਣ ਅਤੇ ਵੱਖਵਾਦੀਆਂ ਦੀ ਹੜਤਾਲ ਕਾਰਨ ਆਮ ਜਨ ਜੀਵਨ ਲੀਹੋਂ ਲੱਥਿਆ ਰਿਹਾ। ਹਿੰਸਾ 'ਤੇ ਉਤਾਰੂ ਭੀੜ ਵੱਲੋਂ ਵੱਡੇ ਪੱਧਰ 'ਤੇ ਸਾੜ ਫੂਕ ਕੀਤੀ ਗਈ।

## ਲਾਦਿਨ ਦੇ ਬੇਟੇ ਵੱਲੋਂ ਅਮਰੀਕਾ ਨੂੰ ਧਮਕੀ

**ਦੁਬਈ:** ਅਤਿਵਾਦੀ ਸੰਗਠਨ ਅਲ-ਕਾਇਦਾ ਦੇ ਸਰਗਨਾ ਉਸਾਮਾ ਬਿਨ-ਲਾਦਿਨ ਦੇ ਬੇਟੇ ਨੇ ਅਮਰੀਕਾ ਨੂੰ ਧਮਕੀ ਦਿਤੀ ਹੈ ਕਿ ਉਹ ਆਪਣੇ ਪਿਤਾ ਦੀ ਹੱਤਿਆ ਦਾ ਬਦਲਾ ਲਵੇਗਾ। ਲਾਦਿਨ ਦੇ ਬੇਟੇ ਹਮਜ਼ਾ ਬਿਨ-ਲਾਦਿਨ ਨੇ ਆਪਣੀ 21 ਮਿੰਟ ਦੇ ਇਸ ਆਡੀਓ ਮੈਸੇਜ ਨੂੰ ਆਨਲਾਈਨ ਪੋਸਟ ਕਰਦਿਆਂ ਧਮਕੀ ਦਿਤੀ ਹੈ ਕਿ ਉਹ 2011 ਵਿਚ ਆਪਣੇ ਮਾਰੇ ਗਏ ਪਿਤਾ ਦੀ ਹੱਤਿਆ ਦਾ ਬਦਲਾ ਅਮਰੀਕਾ ਤੋਂ ਲਵੇਗਾ।

## ਚੀਨ ਵੱਲੋਂ ਏਸ਼ੀਆ ਦੀ ਸਭ ਤੋਂ ਲੰਬੀ ਸੁਰੰਗ ਮੁਕੰਮਲ

**ਪੇਇਚਿੰਗ:** ਚੀਨ ਨੇ ਉੱਤਰ-ਪੱਛਮੀ ਸੂਬੇ ਸ਼ਾਨਜ਼ੀ ਵਿਚ ਏਸ਼ੀਆ ਦੀ ਸਭ ਤੋਂ ਲੰਬੀ (16 ਕਿਲੋਮੀਟਰ) ਸੁਰੰਗ ਮੁਕੰਮਲ ਕਰ ਲਈ ਹੈ। ਇਸ ਸੁਰੰਗ ਵਿਚ ਤੇਜ਼ ਰਫਤਾਰ ਗੱਡੀਆਂ ਲਈ ਡਬਲ ਟਰੈਕ ਬਣਾਇਆ ਗਿਆ ਹੈ। ਸਰਕਾਰੀ ਮੀਡੀਆ ਨੇ ਦੱਸਿਆ ਕਿ ਇਹ ਸੁਰੰਗ ਏਸ਼ੀਆ ਦੀ ਸਭ ਤੋਂ ਲੰਬੀ ਸੁਰੰਗ ਹੈ ਅਤੇ ਇਹ ਕਿਨਲਿੰਗ ਪਹਾੜਾਂ ਨੂੰ ਕੱਟ ਕੇ ਬਣਾਈ ਗਈ ਹੈ।

## ਰੂਸ ਨੇ ਅਮਰੀਕਾ ਦੇ ਦੋ ਰਾਜ ਨਾਇਕਾਂ ਨੂੰ ਮਾਸਕੋ 'ਚੋਂ ਕੱਢਿਆ

**ਰੂਸ:** ਰੂਸ ਨੇ ਅਮਰੀਕਾ ਦੇ ਦੋ ਰਾਜ ਨਾਇਕਾਂ ਉਤੇ ਸੀ.ਆਈ.ਏ. ਦੇ ਏਜੰਟ ਹੋਣ ਦਾ ਇਲਜ਼ਾਮ ਲਾਉਂਦਿਆਂ ਉਨ੍ਹਾਂ ਨੂੰ ਮਾਸਕੋ ਤੋਂ ਕੱਢ ਦਿੱਤਾ ਹੈ।

ਇਸ ਤੋਂ ਪਹਿਲਾਂ ਪਿਛਲੇ ਮਹੀਨੇ ਅਮਰੀਕਾ ਨੇ ਰੂਸੀ ਦੂਤਾਵਾਸ ਦੇ ਦੋ ਕਰਮੀਆਂ ਨੂੰ ਵਾਸ਼ਿੰਗਟਨ ਛੱਡ ਕੇ ਜਾਣ ਦੇ ਹੁਕਮ ਦਿੱਤੇ ਸਨ। ਰੂਸ ਦੇ ਉਪ ਵਿਦੇਸ਼ ਮੰਤਰੀ ਸਰਗੇਈ ਰਿਯਾਬਕਾਫ ਨੇ ਕਿਹਾ ਕਿ ਅਮਰੀਕੀ ਦੂਤਾਵਾਸ ਦੇ ਕਰਮਚਾਰੀਆਂ ਨੂੰ ਉਨ੍ਹਾਂ ਦੇ ਰਾਜ ਨਾਇਕ ਪੱਧਰ ਉਤੇ ਮੇਲ ਨਾ ਖਾਣ ਵਾਲਿਆਂ ਗਤੀਵਿਧੀਆਂ ਦੇ ਚੱਲਦੇ ਕੱਢਿਆ ਗਿਆ ਹੈ।

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ

ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ

ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਪੰਜਾਬ ਚੋਣਾਂ 'ਤੇ ਪਾਕਿਸਤਾਨ ਦੀ ਸੂਹੀਆ ਏਜੰਸੀ ਦੀ ਅੱਖ!



**ਚੰਡੀਗੜ੍ਹ:** ਚੋਣ ਕਮਿਸ਼ਨ ਲਈ ਪੰਜਾਬ ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਪ੍ਰਸ਼ਾਸਕੀ ਨਜ਼ਰੀਏ ਤੋਂ ਹੀ ਚੁਣੌਤੀ ਨਹੀਂ, ਸਗੋਂ ਅੰਦਰੂਨੀ ਤੇ ਬਹਿਰੂਨੀ ਸੁਰੱਖਿਆ ਦੇ ਮਾਮਲੇ ਤੋਂ ਵੀ ਅਗਨ ਪ੍ਰੀਖਿਆ ਬਣਦੀਆਂ ਜਾ ਰਹੀਆਂ ਹਨ। ਪੰਜਾਬ ਵਿਚ ਅਪਰਾਧੀ ਗਿਰੋਹਾਂ ਦੀਆਂ ਵਧਦੀਆਂ ਗਤੀਵਿਧੀਆਂ ਅਤੇ ਕੌਮਾਂਤਰੀ ਸਰਹੱਦ ਨਾਲ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈ. ਐਸ.ਆਈ. ਦੀਆਂ ਸਰਗਰਮੀਆਂ ਬਾਰੇ ਕੇਂਦਰੀ ਖ਼ੁਫ਼ੀਆ ਏਜੰਸੀਆਂ ਨੇ ਕਮਿਸ਼ਨ ਨੂੰ ਚੌਕਸ ਕੀਤਾ ਹੈ।

ਸੂਤਰਾਂ ਮੁਤਾਬਕ ਏਜੰਸੀਆਂ ਨੇ ਕਿਹਾ ਹੈ ਕਿ ਆਈ.ਐਸ.ਆਈ. ਦੀਆਂ ਗਤੀਵਿਧੀਆਂ ਜੰਮੂ ਤੇ ਗੁਰਦਾਸਪੁਰ ਨਾਲ ਲੱਗਦੇ ਪਾਕਿਸਤਾਨੀ ਖੇਤਰ ਤੋਂ ਤਬਦੀਲ ਹੋ ਕੇ ਫ਼ਿਰੋਜ਼ਪੁਰ ਅਤੇ ਫਾਜ਼ਿਲਕਾ ਨਾਲ ਲੱਗਦੇ ਪਾਕਿ ਖੇਤਰਾਂ ਵਿਚ ਵਧ ਗਈਆਂ ਹਨ। ਏਜੰਸੀਆਂ ਨੇ ਕਮਿਸ਼ਨ ਨੂੰ ਇਸ ਗੱਲੋਂ ਚੌਕਸ ਕੀਤਾ ਹੈ ਕਿ ਵਿਧਾਨ ਸਭਾ ਚੋਣਾਂ ਦੌਰਾਨ ਗੁਆਂਢੀ ਮੁਲਕ ਦੀ ਖ਼ੁਫ਼ੀਆ ਏਜੰਸੀ ਪੰਜਾਬ ਵਿਚ ਕਿਸੇ ਘਟਨਾ ਨੂੰ ਅੰਜਾਮ ਦੇ ਸਕਦੀ ਹੈ।

ਕਮਿਸ਼ਨ ਵੱਲੋਂ ਪੰਜਾਬ ਨਾਲ ਲਗਦੀ ਸਰਹੱਦ ਉਤੇ ਸੀਮਾ ਸੁਰੱਖਿਆ ਬਲਾਂ ਦੀ ਤਾਇਨਾਤੀ ਵਧਾਉਣ ਬਾਰੇ ਵੀ ਕੇਂਦਰ ਸਰਕਾਰ ਨਾਲ ਵਿਚਾਰਾਂ ਕੀਤੀਆਂ ਜਾ ਰਹੀਆਂ ਹਨ। ਅੰਦਰੂਨੀ ਤੌਰ ਉਤੇ ਕਮਿਸ਼ਨ ਲਈ ਇਹ ਵੱਡੀ ਚੁਣੌਤੀ ਹੈ ਕਿ ਪੰਜਾਬ ਦੀਆਂ ਸਿਆਸੀ ਪਾਰਟੀਆਂ ਅਪਰਾਧੀ ਗਿਰੋਹਾਂ ਨੂੰ ਚੋਣਾਂ ਦੌਰਾਨ ਆਪਣੇ ਹਿੱਤਾਂ ਲਈ ਵਰਤ ਸਕਦੀਆਂ ਹਨ।

ਚੋਣ ਕਮਿਸ਼ਨ ਵੱਲੋਂ ਕੇਂਦਰੀ ਖ਼ੁਫ਼ੀਆ ਏਜੰਸੀ ਇੰਟੈਲੀਜੈਂਸ ਬਿਊਰੋ (ਆਈ.ਬੀ.) ਦੀਆਂ ਸੇਵਾਵਾਂ ਹੁਣੇ ਤੋਂ ਲਈਆਂ ਜਾਣ ਲੱਗੀਆਂ ਹਨ ਤੇ ਕਮਿਸ਼ਨ ਨੇ ਆਈ.ਬੀ. ਅਧਿਕਾਰੀਆਂ ਨਾਲ ਲਗਾਤਾਰ ਰਾਬਤਾ ਬਣਾਇਆ ਹੋਇਆ ਹੈ। ਹੁਕਮਰਾਨ ਧਿਰ ਦੇ ਇਸ਼ਾਰਿਆਂ ਉਤੇ ਹੀ ਕੰਮ ਕਰਨ ਵਾਲੇ ਪੁਲਿਸ ਤੇ ਸਿਵਲ ਅਧਿਕਾਰੀਆਂ ਬਾਰੇ ਵੀ ਆਈ.ਬੀ. ਵੱਲੋਂ ਕਮਿਸ਼ਨ ਨੂੰ ਰਿਪੋਰਟਾਂ ਦਿੱਤੀਆਂ ਜਾ ਰਹੀਆਂ ਹਨ।

ਸੂਤਰਾਂ ਮੁਤਾਬਕ ਆਈ.ਬੀ. ਨੇ ਕਮਿਸ਼ਨ ਨੂੰ ਚੌਕਸ ਕੀਤਾ ਹੈ ਕਿ ਦੀਨਾਨਗਰ ਤੇ ਪਠਾਨਕੋਟ ਹਮਲੇ ਤੋਂ ਬਾਅਦ ਵੀ ਪਾਕਿਸਤਾਨ ਤੋਂ ਆਉਣ ਵਾਲੇ ਅਤਿਵਾਦੀਆਂ ਦੇ ਪੰਜਾਬ 'ਤੇ ਦਹਿਸ਼ਤੀ ਹਮਲੇ ਦਾ ਖਤਰਾ ਬਣਿਆ ਹੋਇਆ ਹੈ। ਖ਼ੁਫ਼ੀਆ ਏਜੰਸੀਆਂ ਤੋਂ ਰਿਪੋਰਟਾਂ ਮਿਲੀਆਂ ਹਨ ਕਿ ਆਈ.ਐਸ.ਆਈ. ਨੇ ਆਪਣੇ ਕੈਂਪ ਫਾਜ਼ਿਲਕਾ ਤੇ ਫ਼ਿਰੋਜ਼ਪੁਰ ਨੇੜੇ ਸਥਾਪਤ ਕੀਤੇ ਹਨ।

## ਚੋਣਾਂ ਤੋਂ ਪਹਿਲਾਂ ਕੌਮਾਂਤਰੀ ਸਰਹੱਦਾਂ ਹੋਣਗੀਆਂ ਸੀਲ

ਕਮਿਸ਼ਨ ਨੇ ਫੈਸਲਾ ਕੀਤਾ ਹੈ ਕਿ ਪੰਜਾਬ ਨਾਲ ਲਗਦੀ ਕੌਮਾਂਤਰੀ ਸਰਹੱਦੀ ਨੂੰ ਚੋਣਾਂ ਤੋਂ ਤੁਰਤ ਪਹਿਲਾਂ ਪੂਰੀ ਤਰ੍ਹਾਂ ਸੀਲ ਕੀਤਾ ਜਾਵੇ। ਕਮਿਸ਼ਨ ਵੱਲੋਂ ਅਗਸਤ ਮਹੀਨੇ ਪੰਜਾਬ ਦੇ ਸਿਵਲ ਤੇ ਪੁਲਿਸ ਅਫ਼ਸਰਾਂ ਨਾਲ ਮੀਟਿੰਗ ਕਰ ਕੇ ਚੋਣ ਪ੍ਰਬੰਧਾਂ ਅਤੇ ਕਾਨੂੰਨ ਵਿਵਸਥਾ ਦੀ ਸਥਿਤੀ ਦਾ ਜਾਇਜ਼ਾ ਵੀ ਲਿਆ ਜਾਵੇਗਾ। ਪੰਜਾਬ ਪੁਲਿਸ ਵੱਲੋਂ ਖੁਲਾਸੇ ਕੀਤੇ ਗਏ ਹਨ ਕਿ ਸੂਬੇ ਵਿਚ ਦੋ ਦਰਜਨ ਦੇ ਕਰੀਬ ਅਪਰਾਧੀ ਗਿਰੋਹ ਹਨ। ਇਨ੍ਹਾਂ ਗਰੋਹਾਂ ਕੋਲ ਆਧੁਨਿਕ ਅਸਲਾ ਹੈ। ਸਿਆਸੀ ਪੁਸ਼ਤਪਨਾਹੀ ਵੀ ਮਿਲ ਰਹੀ ਹੈ। ਖ਼ੁਫ਼ੀਆ ਏਜੰਸੀਆਂ ਨੇ ਕਮਿਸ਼ਨ ਨੂੰ ਸਾਵਧਾਨ ਕੀਤਾ ਹੈ ਕਿ ਵਿਧਾਨ ਸਭਾ ਚੋਣਾਂ ਦੌਰਾਨ ਇਹ ਗਰੋਹ ਵੀ ਕਮਿਸ਼ਨ ਲਈ ਸਿਰਦਰਦੀ ਖੜ੍ਹੀ ਕਰ ਸਕਦੇ ਹਨ।

# ਰੱਬ ਖਾਤਰ 11 ਦੇਸ਼ਾਂ ਦਾ ਸਫਰ ਕਰ ਕੇ ਪੰਜਾਬ ਪੁੱਜੀ ਹਾਲੈਂਡ ਦੀ ਲੈਟੀ

**ਅਟਾਰੀ:** ਹਾਲੈਂਡ ਵਾਸੀ 38 ਸਾਲਾ ਹੈਗਿਟ ਲੈਟੀ ਨਾਮ ਦੀ ਔਰਤ ਯੋਗਾ ਤੇ ਰੱਬ ਪਾਉਣ ਦੇ ਜਨੂਨ ਵਿਚ ਕਈ ਦੇਸ਼ਾਂ ਦਾ ਪੈਂਡਾ ਤੈਅ ਕਰਨ ਤੋਂ ਬਾਅਦ ਅਟਾਰੀ ਵਾਹਗਾ ਸਰਹੱਦ ਰਸਤੇ ਆਪਣੀ ਕਾਰ 'ਤੇ ਭਾਰਤ ਪਹੁੰਚ ਗਈ, ਪਰ ਭਾਰਤੀ ਕਾਨੂੰਨ ਮੁਤਾਬਕ ਕਾਰ ਦੀ ਐਂਟਰੀ ਫੀਸ ਕਾਰ ਦੇ ਮੁੱਲ ਤੋਂ ਜ਼ਿਆਦਾ ਹੋਣ ਕਾਰਨ ਜਿਥੇ ਇਹ ਔਰਤ ਆਪਣਾ ਜਨੂਨ ਪੂਰਾ ਕਰਨ ਲਈ ਆਪਣੀ ਕਾਰ ਲੈਣ ਲਈ ਕੋਸ਼ਿਸ਼ ਕਰ ਰਹੀ ਹੈ, ਉਥੇ ਹੀ ਇਹ ਔਰਤ ਭਾਰਤੀ ਕਸਟਮ ਵਿਭਾਗ ਵੱਲੋਂ ਸਾਂਝ ਹਵੇਲੀ ਵਿਚ ਪ੍ਰਦਾਨ ਕੀਤੀ ਪ੍ਰਾਹੁਣਾਚਾਰੀ ਦਾ ਅਨੰਦ ਮਾਣ ਰਹੀ ਹੈ।



ਅਟਾਰੀ ਬਾਜ਼ਾਰ ਵਿਚ ਘੁੰਮ ਰਹੀ ਹੈਗਿਟ ਲੈਟੀ ਨੇ ਦੱਸਿਆ ਕਿ ਨੀਦਰਲੈਂਡ ਦੀ ਵਾਸੀ ਹੈ ਤੇ ਉਸ ਦੀ ਦਿਮਾਗੀ ਹਾਲਤ ਅਸਧਾਰਨ ਹੈ। ਉਹ 12 ਜੂਨ ਨੂੰ ਨੀਦਰਲੈਂਡ ਤੋਂ ਚੱਲ ਕੇ ਜਰਮਨੀ, ਪੋਲੈਂਡ, ਯੂਕ੍ਰੇਨ, ਰਸ਼ੀਆ, ਜਾਰਜੀਆ, ਅਰਮੀਨੀਆਂ, ਇਰਾਨ ਤੇ ਪਾਕਿਸਤਾਨ ਹੁੰਦੇ ਹੋਏ ਭਾਰਤ ਪਹੁੰਚੀ ਹੈ। ਉਸ ਨੇ ਦੱਸਿਆ ਕਿ ਉਹ 18 ਸਾਲਾਂ ਤੋਂ ਯੋਗਾ ਕਰ ਰਹੀ ਹੈ।

ਉਹ ਆਪਣੇ ਨਾਲ ਆਪਣੇ ਕੁੱਤੇ ਅਸਟਰਾ ਤੇ ਅਪੋਲੋ ਦੀ ਜੋੜੀ ਲੈ ਕੇ ਆਈ ਹੈ। ਪਾਕਿਸਤਾਨ ਪਾਰ ਕਰਨ ਤੋਂ ਬਾਅਦ ਭਾਰਤ ਵਿਚ ਉਸ ਦੀ ਕਾਰ ਦੀ ਐਂਟਰੀ ਫੀਸ 1200 ਯੂਰੋ ਮੰਗੇ ਜਾ ਰਹੇ ਹਨ ਜਦੋਂ ਕਿ ਉਸ ਦੀ ਕਾਰ ਸਿਰਫ 300 ਯੂਰੋ ਦੀ ਹੈ। ਉਹ ਆਪਣੀ ਕਾਰ 'ਤੇ ਆਪਣੀ ਭਾਰਤ ਯਾਤਰਾ ਕਰਨਾ ਚਾਹੁੰਦੀ ਹੈ। ਹੈਗਿਟ ਵੱਲੋਂ ਆਪਣੀ ਕਾਰ ਲਈ ਦਿੱਲੀ ਸਥਿਤ ਦੂਤਘਰ ਦੇ ਅਧਿਕਾਰੀਆਂ ਨਾਲ ਵੀ ਗੱਲਬਾਤ ਕੀਤੀ ਗਈ ਪਰ ਭਾਰਤੀ ਕਾਨੂੰਨ ਮੁਤਾਬਕ ਫੀਸ ਭਰਨੀ ਜ਼ਰੂਰੀ ਹੈ।

# 'ਫਲਾਇੰਗ ਜੱਟ' ਦੇ ਨਾਇਕ ਦੀ ਪੁਸ਼ਾਕ ਉਤੇ ਵਿਵਾਦ

**ਅੰਮ੍ਰਿਤਸਰ:** ਨਵੀਂ ਆ ਰਹੀ ਹਿੰਦੀ ਫਿਲਮ 'ਫਲਾਇੰਗ ਜੱਟ' ਵਿਚ ਨਾਇਕ ਦੀ ਪੁਸ਼ਾਕ ਉਤੇ ਸਿੱਖ ਧਾਰਮਿਕ ਚਿੰਨ੍ਹ ਖੰਡੇ ਦੀ ਕੀਤੀ ਗਈ ਵਰਤੋਂ ਵਿਵਾਦ ਦਾ ਵਿਸ਼ਾ ਬਣ ਸਕਦੀ ਹੈ। ਦੂਜੇ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਧਾਰਮਿਕ ਚਿੰਨ੍ਹਾਂ ਦੀ ਦੁਰਵਰਤੋਂ ਕਰਨ ਵਾਲੇ ਫਿਲਮ ਨਿਰਮਾਤਾਵਾਂ ਅਤੇ ਨਿਰਦੇਸ਼ਕਾਂ ਨੂੰ ਸੁਚੇਤ ਕੀਤਾ ਹੈ ਕਿ ਧਾਰਮਿਕ ਚਿੰਨ੍ਹਾਂ ਦੀ ਦੁਰਵਰਤੋਂ ਕਾਰਨ ਸਿੱਖ ਭਾਵਨਾਵਾਂ ਨੂੰ ਠੇਸ ਪੁੱਜਣ ਅਤੇ ਨਿਕਲਣ ਵਾਲਿਆਂ ਸਿੱਟਿਆਂ ਲਈ ਉਹ ਖੁਦ ਜ਼ਿੰਮੇਵਾਰ ਹੋਣਗੇ।




ਨਵੀਂ ਆ ਰਹੀ ਇਸ ਹਿੰਦੀ ਫਿਲਮ ਵਿਚ ਨਾਇਕ ਦੀ ਭੂਮਿਕਾ ਟਾਈਗਰ ਸ਼ਰਾਫ ਨਿਭਾ ਰਿਹਾ ਹੈ। ਉਸ ਨੂੰ ਫਿਲਮ ਵਿਚ ਸੁਪਰਮੈਨ ਦੀ ਪੁਸ਼ਾਕ ਪਹਿਨਾਈ ਗਈ ਹੈ। ਇਸ ਪੁਸ਼ਾਕ ਉਪਰ ਸਿੱਖ ਧਾਰਮਿਕ ਚਿੰਨ੍ਹ ਖੰਡਾ ਬਣਿਆ ਹੋਇਆ ਹੈ। ਇਹ ਪੁਸ਼ਾਕ ਵੀ ਨੀਲੇ ਰੰਗ ਵਿਚ ਨਿਹੰਗ ਬਾਣੇ ਵਾਂਗ ਦਿਖਾਈ ਦਿੰਦੀ ਹੈ। ਫਿਲਮ ਪ੍ਰਬੰਧਕਾਂ ਵੱਲੋਂ ਫਿਲਮ ਦੇ ਜਾਰੀ ਕੀਤੇ ਪ੍ਰੋਮੋ ਵਿਚ ਇਹ ਦ੍ਰਿਸ਼ ਦੇਖੇ ਜਾ ਸਕਦੇ ਹਨ। ਇਹ ਪ੍ਰੋਮੋ ਇੰਟਰਨੈੱਟ ਤੇ ਉਪਲਬਧ ਹਨ। ਫਿਲਮ ਵਿਚ ਨਾਇਕ ਨੂੰ ਸਿੱਖ ਕਿਰਦਾਰ ਵਿਚ ਅਤੇ ਗੈਰ-ਸਿੱਖ ਰੂਪ ਵਿਚ ਵੀ ਦਿਖਾਇਆ ਗਿਆ ਹੈ। ਗੈਰ-ਸਿੱਖ ਰੂਪ ਵਿਚ ਵੀ ਉਸ ਨੇ ਸੁਪਰਮੈਨ ਦੀ ਪੁਸ਼ਾਕ ਪਹਿਨੀ ਹੋਈ ਹੈ ਅਤੇ ਸਿੱਖ ਧਾਰਮਿਕ ਚਿੰਨ੍ਹ ਖੰਡਾ ਬਣਿਆ ਹੋਇਆ ਹੈ। ਦੱਸਣਯੋਗ ਹੈ ਕਿ ਇਸ ਫਿਲਮ ਦੇ ਕੁਝ ਸਮਾਂ ਪਹਿਲਾਂ ਵੀ ਪੋਸਟਰ ਜਾਰੀ ਹੋਏ ਸਨ, ਜਿਸ ਵਿਚ ਨਾਇਕ ਨੂੰ ਇਸੇ ਰੂਪ ਵਿਚ ਦਿਖਾਇਆ ਗਿਆ ਸੀ। ਜਦੋਂ ਇਹ ਮਾਮਲਾ ਸ਼੍ਰੋਮਣੀ ਕਮੇਟੀ ਦੇ ਧਿਆਨ ਵਿਚ ਆਇਆ ਤਾਂ ਧਰਮ ਪ੍ਰਚਾਰ ਕਮੇਟੀ ਵੱਲੋਂ ਫਿਲਮ ਪ੍ਰਬੰਧਕਾਂ ਕੋਲ ਇਤਰਾਜ਼ ਦਾ ਪ੍ਰਗਟਾਵਾ ਕੀਤਾ ਗਿਆ ਸੀ। ਇਤਰਾਜ਼ ਦੇ ਬਾਵਜੂਦ ਹੁਣ ਮੁੜ ਜਾਰੀ ਕੀਤੇ ਪ੍ਰੋਮੋ ਵਿਚ ਪਹਿਲਾਂ ਵਾਲੇ ਦ੍ਰਿਸ਼ ਹੀ ਮੌਜੂਦ ਹਨ।

ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਆਖਿਆ ਕਿ ਸਿੱਖ ਧਾਰਮਿਕ ਚਿੰਨ੍ਹਾਂ ਦੀ ਦੁਰਵਰਤੋਂ ਕਰਨਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ। ਉਨ੍ਹਾਂ ਨੇ ਫਿਲਮ ਪ੍ਰਬੰਧਕਾਂ ਖਾਸ ਕਰਕੇ ਨਿਰਮਾਤਾ ਅਤੇ ਨਿਰਦੇਸ਼ਕਾਂ ਨੂੰ ਸੁਚੇਤ ਕੀਤਾ ਕਿ ਫਿਲਮਾਂ ਵਿਚ ਸਿੱਖ ਧਾਰਮਿਕ ਚਿੰਨ੍ਹਾਂ ਦੀ ਦੁਰਵਰਤੋਂ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪੁੱਜੇਗੀ।

# ਪੰਜਾਬ ਦੇ ਪਿੰਡ ਵਿਕਾਊ!



**ਫ਼ਾਜ਼ਿਲਕਾ:** ਭਾਰਤ-ਪਾਕਿਸਤਾਨ ਸਰਹੱਦ ਨਾਲ ਲੱਗਦੇ ਪੰਜਾਬ ਦੇ ਚਾਰ ਪਿੰਡ ਵਿਕਾਊ ਹਨ। ਪਿੰਡ ਦੇ ਕਿਸਾਨਾਂ ਨੇ ਹੀ ਪਿੰਡ ਵਿਚ ਇਹ ਪੋਸਟਰ ਲਾਏ ਹਨ। ਪੋਸਟਰ ਉਤੇ ਲਿਖਿਆ ਹੈ, ਅਮੀਰ ਵਿਅਕਤੀ, ਟਾਟਾ, ਅੰਬਾਨੀ ਜਾਂ ਸਰਕਾਰ ਇਸ ਪਿੰਡ ਦੀ ਬੋਲੀ ਲਾ ਕੇ ਖਰੀਦ ਸਕਦੇ ਹਨ, ਪਰ ਪੰਜਾਬ ਦੇ ਸਿਹਤ ਮੰਤਰੀ ਤੇ ਫਾਜ਼ਿਲਕਾ ਤੋਂ ਵਿਧਾਇਕ ਸੁਰਜੀਤ ਕੁਮਾਰ ਜਿਆਣੀ ਇਸ ਨੂੰ ਵੀ ਵਿਰੋਧੀਆਂ ਦੀ ਸਾਜਿਸ਼ ਕਰਾਰ ਦੇ ਰਹੇ ਹਨ।

ਦਰਅਸਲ, ਫਾਜ਼ਿਲਕਾ ਦੇ ਕੇਰੀਆਂ, ਮੁੱਠਿਆਂ ਵਾਲੀ, ਚਾਨਣ ਵਾਲਾ ਤੇ ਚੁਲਹੜੀ ਵਾਲਾ ਪਿੰਡਾਂ ਦੀ ਜ਼ਮੀਨ ਬੰਜਰ ਹੋ ਰਹੀ ਹੈ। ਇਨ੍ਹਾਂ ਪਿੰਡਾਂ ਵਿਚ 99 ਫੀਸਦੀ ਕਿਸਾਨ ਕਰਜ਼ੇ ਵਿਚ ਡੁੱਬੇ ਹੋਏ ਹਨ। ਹਾਲਤ ਇਹ ਹੈ ਕਿ ਪਿਛਲੇ ਢਾਈ ਮਹੀਨਿਆਂ ਤੋਂ ਨਹਿਰਾਂ ਵਿਚ ਪਾਣੀ ਨਹੀਂ ਆਇਆ ਤੇ ਕਿਸਾਨਾਂ ਦੀ ਸਾਰੀ ਫਸਲ ਬਰਬਾਦ ਹੋ ਗਈ ਹੈ। ਇਹ ਪਿੰਡ ਸਰਹੱਦ ਦੇ ਕੰਢੇ ਹਨ। ਇਥੇ ਨਾ ਤਾਂ ਘਰਾਂ ਵਿਚ ਬਿਜਲੀ ਆਉਂਦੀ ਹੈ ਤੇ ਨਾ ਹੀ ਕੋਈ ਸਰਕਾਰੀ ਹਸਪਤਾਲ ਹੈ। ਐਡੀਸ਼ਨਲ ਕਲੈਕਟਰ ਚਰਨਦੇਵ ਸਿੰਘ ਮਾਨ ਦਾ ਕਹਿਣਾ ਹੈ ਕਿ ਨਹਿਰਾਂ ਵਿਚ ਪੂਰਾ ਪਾਣੀ ਆ ਰਿਹਾ ਹੈ। ਕੁਝ ਨਹਿਰਾਂ ਵਿਚ ਪਾਣੀ ਘੱਟ ਹੋਇਆ ਸੀ ਪਰ ਜਲਦੀ ਹੀ ਪੂਰਾ ਕਰ ਦਿੱਤਾ ਜਾਵੇਗਾ। ਪਿੰਡ ਦੇ ਹੀ ਇਕ ਕਿਸਾਨ ਦਾ ਕਹਿਣਾ ਹੈ ਕਿ ਕਿਸਾਨ ਨੂੰ ਪੰਜਾਬ ਤੇ ਕੇਂਦਰ ਸਰਕਾਰ ਤੋਂ ਮਦਦ ਨਹੀਂ ਮਿਲਦੀ। ਇਥੋਂ ਤੱਕ ਕੀ ਇਹ ਪਿੰਡ ਪੰਜਾਬ, ਹਰਿਆਣਾ ਤੇ ਰਾਜਸਥਾਨ ਤਿੰਨੇ ਰਾਜਾਂ ਵਿਚੋਂ ਕਿਸੇ ਵਿਚ ਵੀ ਨਹੀਂ ਆਉਂਦੇ।

# ਪੇਂਡੂ ਡਿਸਪੈਂਸਰੀਆਂ ਦੇ ਡਾਕਟਰਾਂ ਵੱਲੋਂ ਸਰਕਾਰੀ ਨੌਕਰੀ ਨੂੰ ਅਲਵਿਦਾ

**ਚੰਡੀਗੜ੍ਹ:** ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਤਹਿਤ ਚੱਲ ਰਹੀਆਂ ਡਿਸਪੈਂਸਰੀਆਂ ਵਿਚ ਕੰਮ ਕਰਦੇ 155 ਡਾਕਟਰਾਂ ਨੇ ਪੱਕੀ ਸਰਕਾਰੀ ਨੌਕਰੀ ਨੂੰ ਅਲਵਿਦਾ ਕਹਿ ਦਿੱਤਾ ਹੈ। ਇਨ੍ਹਾਂ ਡਾਕਟਰਾਂ ਨੇ ਸਿਹਤ ਵਿਭਾਗ ਵਿਚ 15,600 ਰੁਪਏ ਬੇਸਿਕ ਤਨਖਾਹ ਉਤੇ ਡਿਊਟੀ ਜੁਆਇਨ ਕਰ ਲਈ ਹੈ। ਇਨ੍ਹਾਂ ਡਾਕਟਰਾਂ ਨੇ ਸਰਕਾਰੀ ਕੋਟੇ ਵਿਚ ਮੈਡੀਕਲ ਦੀ ਉੱਚ ਪੜ੍ਹਾਈ ਵਾਸਤੇ ਦਾਖਲਾ ਲੈਣ ਲਈ ਮਜਬੂਰੀਵੱਸ ਇਹ ਫੈਸਲਾ ਲਿਆ ਹੈ। ਜ਼ਿਲ੍ਹਾ ਪ੍ਰੀਸ਼ਦ ਦੀਆਂ ਡਿਸਪੈਂਸਰੀਆਂ ਵਿਚ ਕੰਮ ਕਰਦੇ ਰੂਰਲ ਮੈਡੀਕਲ ਅਫਸਰਾਂ ਨੂੰ ਐਮ.ਡੀ. ਵਿਚ ਦਾਖਲੇ ਲਈ ਸਰਕਾਰੀ ਕੋਟੇ ਦੇ ਲਾਭ ਤੋਂ ਬਾਹਰ ਰੱਖਿਆ ਗਿਆ ਹੈ।

ਇਨ੍ਹਾਂ ਡਾਕਟਰਾਂ ਨੇ ਆਪਣੀ ਨੌਕਰੀ ਨੂੰ ਦੋ ਕਿਸ਼ਤਾਂ ਵਿਚ ਅਲਵਿਦਾ ਕਿਹਾ ਹੈ। ਰੂਰਲ ਡਿਸਪੈਂਸਰੀਆਂ ਵਿਚ ਇਹ ਐਮ.ਬੀ.ਬੀ.ਐਸ. ਡਾਕਟਰ 2011 ਤੋਂ ਰੈਗੂਲਰ ਤੌਰ ਉਤੇ ਕੰਮ ਕਰ ਰਹੇ ਸਨ ਅਤੇ ਇਨ੍ਹਾਂ ਦੀ ਤਨਖਾਹ ਨੌਕਰੀ ਤੋਂ ਅਸਤੀਫਾ ਦੇਣ ਵੇਲੇ 70 ਹਜ਼ਾਰ ਤੋਂ ਵੱਧ ਸੀ। ਪੰਜਾਬ ਦੇ ਗੌਰਮਿੰਟ ਮੈਡੀਕਲ ਕਾਲਜਾਂ ਵਿਚ ਉੱਚ ਪੜ੍ਹਾਈ ਦੀਆਂ ਕੁੱਲ ਸੀਟਾਂ ਵਿਚੋਂ ਸੱਠ ਪ੍ਰਤੀਸ਼ਤ ਸਿਹਤ ਵਿਭਾਗ ਵਿਚ ਕੰਮ ਕਰਦੇ ਡਾਕਟਰਾਂ ਵਾਸਤੇ ਰਾਖਵੀਂਆਂ ਰੱਖੀਆਂ ਗਈਆਂ ਹਨ। ਪੰਚਾਇਤ ਵਿਭਾਗ ਵਿਚ ਕੰਮ ਕਰਦੇ ਡਾਕਟਰਾਂ ਦੀ ਨੌਕਰੀ ਭਾਵੇਂ ਸਰਕਾਰੀ ਹੈ, ਪਰ ਇਨ੍ਹਾਂ ਨੂੰ ਰਾਖਵੇਂ ਕੋਟੇ ਦੇ ਲਾਭ ਤੋਂ ਵਾਂਝੇ ਰੱਖਿਆ ਗਿਆ ਹੈ। ਮੈਡੀਕਲ ਦੀ ਉੱਚ ਪੜ੍ਹਾਈ ਵਾਸਤੇ ਜਨਰਲ ਕੋਟੇ ਵਿਚ ਮੁਕਾਬਲਾ ਕਾਫੀ ਸਖਤ ਹੈ ਜਦੋਂਕਿ ਸਰਕਾਰੀ ਕੋਟੇ ਵਿਚ ਦਾਖਲੇ ਲਈ ਉਮੀਦਵਾਰ ਘੱਟ ਹੋਣ ਕਰਕੇ ਦਾਖਲਾ ਲੈਣਾ ਆਸਾਨ ਹੈ। ਸਿਹਤ ਵਿਭਾਗ ਵਿਚ ਕੰਮ ਕਰਦੇ ਡਾਕਟਰਾਂ ਵਾਸਤੇ ਰਾਖਵੇਂ ਸੱਠ ਫੀਸਦੀ ਕੋਟੇ ਵਿਚ ਦਾਖਲਾ ਲੈਣ ਲਈ 155 ਡਾਕਟਰਾਂ ਨੇ ਵੱਧ ਤਨਖਾਹ ਛੱਡ ਕੇ ਘੱਟ ਤਨਖਾਹ ਲੈਣ ਨੂੰ ਪਹਿਲ ਦਿੱਤੀ ਹੈ।

ਸਿਹਤ ਵਿਭਾਗ ਵਿਚ ਇਨ੍ਹਾਂ ਡਾਕਟਰਾਂ ਨੂੰ ਤਿੰਨ ਸਾਲ ਦੇ ਪ੍ਰੋਬੇਸ਼ਨ ਪੀਰੀਅਡ ਉਤੇ 15,600 ਰੁਪਏ ਮਹੀਨਾ ਕੰਮ ਕਰਨਾ ਪਵੇਗਾ। ਰੂਰਲ ਮੈਡੀਕਲ ਅਫਸਰਾਂ ਨੂੰ 2011 ਵਿਚ ਪੱਕੇ ਹੋਣ ਤੋਂ ਪਹਿਲਾਂ ਵੀ ਠੇਕੇ ਉਤੇ ਘੱਟ ਤਨਖਾਹ 'ਤੇ ਕੰਮ ਕਰਨਾ ਪਿਆ ਸੀ। ਸਿਹਤ ਵਿਭਾਗ ਵੱਲੋਂ 15,600 ਰੁਪਏ ਤਨਖਾਹ 'ਤੇ ਭਰਤੀ ਦੇ ਅਮਲ ਨੂੰ ਜ਼ਿਆਦਾਤਰ ਹੁੰਗਾਰਾ ਉੱਚ ਪੜ੍ਹਾਈ ਵਿਚ ਕੋਟੇ ਤਹਿਤ ਦਾਖਲੇ ਦੇ ਲਾਲਚ ਦੀ ਵਜ੍ਹਾ ਕਰ ਕੇ ਮਿਲਿਆ ਹੈ ਨਹੀਂ ਤਾਂ ਆਮ ਉਮੀਦਵਾਰ ਇੰਨੇ ਘੱਟ ਪੈਸੇ 'ਤੇ ਨੌਕਰੀ ਕਰਨ ਨੂੰ ਤਿਆਰ ਨਹੀਂ ਹਨ।

## ਰਣਇੰਦਰ ਨੂੰ ਈ.ਡੀ. ਵਲੋਂ ਮੁੜ ਸੰਮਨ

**ਚੰਡੀਗੜ੍ਹ:** ਵਿਦੇਸ਼ੀ ਮੁਦਰਾ ਨਿਯਮਾਂ ਦੀ ਉਲੰਘਣਾ ਅਤੇ ਬਿਨਾਂ ਟੈਕਸ ਦਿਤਿਆਂ ਵਿਦੇਸ਼ੀ ਜਾਇਦਾਦ ਰੱਖਣ ਦੇ ਮਾਮਲੇ ਵਿਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪੁੱਤਰ ਰਣਇੰਦਰ ਸਿੰਘ ਨੂੰ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ) ਦੇ ਸਾਹਮਣੇ ਹਾਜ਼ਰ ਹੋਣ ਲਈ ਮੁੜ ਤੋਂ ਸੰਮਨ ਜਾਰੀ ਕੀਤਾ ਗਿਆ ਹੈ।

ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਰਣਇੰਦਰ ਨੂੰ 14 ਜੁਲਾਈ ਨੂੰ ਜਲੰਧਰ ਸਥਿਤ ਐਨਫੋਸਮੈਂਟ ਡਾਇਰੈਕਟੋਰੇਟ ਦੇ ਜ਼ੋਨਲ ਦਫ਼ਤਰ ਵਿਚ ਜਾਂਚ ਅਧਿਕਾਰੀ ਸਾਹਮਣੇ ਪੇਸ਼ ਹੋਣ ਲਈ ਕਿਹਾ ਗਿਆ ਹੈ। ਰਣਇੰਦਰ ਨੂੰ ਨਾਲ ਹੀ ਆਪਣੇ ਨਿੱਜੀ ਵਿਤੀ ਦਸਤਾਵੇਜ਼ ਵੀ ਲਿਆਉਣ ਲਈ ਕਿਹਾ ਗਿਆ ਹੈ। ਸਿਹਤ ਸਬੰਧੀ ਕਾਰਨਾਂ ਕਰ ਕੇ ਪਿਛਲੇ ਮਹੀਨੇ ਨਿਜੀ ਪੇਸ਼ੀ ਤੋਂ ਛੋਟ ਮਗਰੋਂ ਰਣਇੰਦਰ ਨੂੰ ਇਹ ਦੂਜਾ ਸੰਮਨ ਭੇਜਿਆ ਗਿਆ ਹੈ।

# ਕੈਂਸਰ ਦੇ ਕਹਿਰ ਨਾਲ ਟਾਕਰੇ ਲਈ ਅਵੇਸਲੀ ਹੀ ਰਹੀ ਸਰਕਾਰ

## ਨਵੇਂ ਸਰਵੇਖਣ ਵਿਚ ਸਰਕਾਰੀ ਕੋਸ਼ਿਸ਼ਾਂ 'ਤੇ ਸਵਾਲ




**ਚੰਡੀਗੜ੍ਹ:** ਪੰਜਾਬ ਵਿਚ ਜਿਥੇ ਕੈਂਸਰ ਦੀ ਬਿਮਾਰੀ ਪੈਰ ਪਸਾਰ ਰਹੀ ਹੈ, ਉਥੇ ਇਸ ਬਿਮਾਰੀ ਦੀ ਪਛਾਣ ਲਈ ਮਰੀਜ਼ਾਂ ਦੀ ਜਾਂਚ ਕਰਨ ਦਾ ਕੰਮ ਸੁਸਤ ਹੈ। ਇਸ ਕਾਰਨ ਬਿਮਾਰੀ ਦਾ ਦੇਰੀ ਨਾਲ ਪਤਾ ਲੱਗਣ ਉਤੇ ਮੌਤ ਦਾ ਖਤਰਾ ਵਧ ਜਾਂਦਾ ਹੈ।

ਕੇਂਦਰੀ ਸਿਹਤ ਮਿਸ਼ਨ ਦੇ ਫੰਡਾਂ ਨਾਲ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਨੇ ਲਾਗ ਨਾਲ ਨਾ ਹੋਣ ਵਾਲੀਆਂ ਬਿਮਾਰੀਆਂ ਦੇ ਕਾਰਨਾਂ ਦੀ ਜਾਂਚ ਲਈ ਪਹਿਲੀ ਵਾਰ ਸਰਵੇਖਣ ਕੀਤਾ ਹੈ। ਰਿਪੋਰਟ ਮੁਤਾਬਕ ਸੂਬੇ ਦੇ ਕੈਂਸਰ ਰਜਿਸਟਰੀ ਵਾਲੇ ਖੇਤਰਾਂ ਵਿਚ ਬਿਮਾਰੀ ਦਾ ਪਤਾ ਲਗਾਉਣ ਲਈ 30 ਤੋਂ 49 ਸਾਲ ਦੀ ਉਮਰ ਵਰਗ ਦੀਆਂ ਕੈਂਸਰ ਦੀ ਸੰਭਾਵਨਾ ਵਾਲੀਆਂ ਔਰਤਾਂ ਵਿਚੋਂ ਸਿਰਫ 4.2 ਫੀਸਦੀ ਦੀ ਹੀ ਜਾਂਚ ਕੀਤੀ ਗਈ।

ਪੰਜਾਬ ਵਿਚ ਕੈਂਸਰ ਦੇ ਹੋਰਨਾਂ ਮਰੀਜ਼ਾਂ ਨਾਲੋਂ ਛਾਤੀ ਦੇ ਕੈਂਸਰ ਦੇ ਰੋਗੀਆਂ ਦੀ ਗਿਣਤੀ ਜ਼ਿਆਦਾ ਹੈ। ਕੈਂਸਰ ਰਜਿਸਟਰੀ ਵਾਲੀ ਵਸੋਂ ਵਿਚੋਂ ਕੌਮੀ ਪੱਧਰ ਉਤੇ ਛਾਤੀ ਦੇ ਕੈਂਸਰ ਵਾਲੇ ਮਰੀਜ਼ ਲਗਭਗ 25.8 ਫੀਸਦੀ ਹਨ, ਪਰ ਪੰਜਾਬ ਦੇ ਮੁਹਾਲੀ ਖੇਤਰ ਵਿਚ ਇਹ ਗਿਣਤੀ 33.9 ਫੀਸਦੀ ਦੱਸੀ ਗਈ ਹੈ। ਡੇਢ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਕੈਂਸਰ ਦਾ ਰੋਗ ਪੰਜਾਬ ਵਿਚ ਹਊਆ ਬਣਿਆ ਹੋਇਆ ਹੈ। ਛਾਤੀ ਦੇ ਕੈਂਸਰ ਦੀ ਜਾਂਚ ਲਈ ਮੈਮੋਗ੍ਰਾਫੀ ਦੇ ਮੁੱਦਾ ਵੀ ਵਿਵਾਦਤ ਰਿਹਾ ਹੈ। ਬਹੁਤ ਸਾਰੇ ਮਾਹਿਰ, ਡਾਕਟਰ ਦੀ ਸਿਫ਼ਾਰਸ਼ ਤੋਂ ਬਿਨਾਂ ਪੰਜਾਹ ਸਾਲ ਤੋਂ ਹੇਠਾਂ ਦੇ ਉਮਰ ਵਰਗ ਦੀਆਂ ਔਰਤਾਂ ਦਾ ਟੈਸਟ ਕਰਵਾਉਣ ਦੇ ਹੱਕ ਵਿਚ ਨਹੀਂ ਹਨ। ਪਿਛਲੇ ਲਗਭਗ ਡੇਢ ਦਹਾਕੇ ਦੌਰਾਨ ਆਈਆਂ ਵੱਖ-ਵੱਖ ਰਿਪੋਰਟਾਂ ਨੂੰ ਲੈ ਕੇ ਮਾਹਿਰ ਇਕਮਤ ਨਾ ਹੋਣ ਕਾਰਨ ਸਾਧਾਰਨ ਲੋਕਾਂ ਦੀਆਂ ਉਲਝਣਾਂ ਸੁਲਝਣ ਦੇ ਬਜਾਏ ਵਧਦੀਆਂ ਜਾ ਰਹੀਆਂ ਹਨ।

ਪੰਜਾਬ ਦੇ ਮਾਲਵਾ ਖੇਤਰ ਤੋਂ 'ਕੈਂਸਰ ਟ੍ਰੇਨ' ਬੀਕਾਨੇਰ ਜਾਣ ਦੀਆਂ ਰਿਪੋਰਟਾਂ ਤੋਂ ਬਾਅਦ ਪੰਜਾਬ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਖ਼ਰਚੇ ਉਤੇ ਪੀ.ਜੀ.ਆਈ. ਨੇ 2002 ਵਿਚ ਬਠਿੰਡਾ ਜ਼ਿਲ੍ਹੇ ਦੇ ਤਲਵੰਡੀ ਸਾਬੋ ਅਤੇ ਰੋਪੜ ਜ਼ਿਲ੍ਹੇ ਦੇ ਚਮਕੌਰ ਸਾਹਿਬ ਬਲਾਕਾਂ ਦਾ ਤੁਲਨਾਤਮਕ ਅਧਿਐਨ ਕੀਤਾ। ਇਸ ਅਧਿਐਨ ਮੁਤਾਬਕ ਤਲਵੰਡੀ ਸਾਬੋ ਬਲਾਕ ਵਿਚ ਪ੍ਰਤੀ ਇਕ ਲੱਖ ਆਬਾਦੀ ਪਿੱਛੇ ਕੈਂਸਰ ਦੇ 125 ਅਤੇ ਚਮਕੌਰ ਸਾਹਿਬ ਵਿਚ 72 ਮਰੀਜ਼ਾਂ ਦੇ ਤੱਥ ਸਾਹਮਣੇ ਆਏ। ਇਸ ਰਿਪੋਰਟ ਤੋਂ ਬਾਅਦ ਮਾਲਵਾ ਖੇਤਰ ਕੈਂਸਰ ਪੱਟੀ ਵਜੋਂ ਜਾਣਿਆ ਜਾਣ ਲੱਗਾ। ਲੋਕਾਂ ਵਿਚ ਫੈਲੇ ਰੋਸ ਅਤੇ ਡਰ ਦੇ ਕਾਰਨ ਪੰਜਾਬ ਸਰਕਾਰ ਨੇ 2011 ਵਿਚ ਕੈਂਸਰ ਰਾਹਤ ਫੰਡ ਸਥਾਪਤ ਕਰ ਦਿੱਤਾ। ਇਸ ਦੇ ਨਾਲ ਹੀ ਕੈਂਸਰ ਦਾ ਸਹੀ ਰੂਪ ਵਿਚ ਪਤਾ ਲਗਾਉਣ ਲਈ 2012 ਵਿਚ ਡੇਢ ਕਰੋੜ ਰੁਪਏ ਦੇ ਖ਼ਰਚ ਨਾਲ ਡੋਰ ਟੂ ਡੋਰ ਸਰਵੇਖਣ ਕਰਵਾ ਕੇ ਦਿੱਤੀ ਰਿਪੋਰਟ ਅਨੁਸਾਰ ਸੂਬੇ ਵਿਚ ਕੈਂਸਰ ਦੇ 24,659 ਮਰੀਜ਼ਾਂ ਦੀ ਸ਼ਨਾਖ਼ਤ ਕੀਤੀ ਗਈ। ਪੰਜ ਸਾਲਾਂ ਵਿਚ ਕੈਂਸਰ ਨਾਲ 34,430 ਮੌਤਾਂ ਹੋਣ ਦੀ ਪੁਸ਼ਟੀ ਹੋਈ।

ਕੈਂਸਰ ਵਾਲੇ ਕੁਝ ਲੱਛਣ ਹੋਣ ਵਾਲੇ ਸ਼ੱਕੀ ਮਰੀਜ਼ਾਂ ਦੇ ਤੌਰ ਉਤੇ 84.403 ਕੇਸ ਰਿਪੋਰਟ ਕੀਤੇ ਗਏ। ਪੀ.ਜੀ.ਆਈ. ਵਿਚ 2013 ਵਿਚ ਹੋਏ ਇਕ ਸਮਾਗਮ ਦੌਰਾਨ ਮਾਹਿਰਾਂ ਨੇ ਇਸ ਸਰਵੇ ਨੂੰ ਗ਼ੈਰ ਤਕਨੀਕੀ ਕਰਾਰ ਦਿੰਦਿਆਂ ਰੱਦ ਕਰ ਦਿੱਤਾ ਅਤੇ ਪੰਜਾਬ ਵਿਚ ਹਰ ਸਾਲ 60 ਹਜ਼ਾਰ ਕੈਂਸਰ ਦੇ ਮਰੀਜ਼ ਆਉਣ ਦਾ ਅਨੁਮਾਨ ਪੇਸ਼ ਕਰ ਦਿੱਤਾ। ਇਸ ਸਾਲ ਜਨਵਰੀ ਵਿਚ ਪੀ.ਜੀ.ਆਈ. ਦੀ ਇਕ ਹੋਰ ਰਿਪੋਰਟ ਅਨੁਸਾਰ ਪੰਜਾਬ ਦੇ ਮੁਕਾਬਲੇ ਚੰਡੀਗੜ੍ਹ ਅਤੇ ਇਸ ਦੇ ਨੇੜਲੇ ਖੇਤਰਾਂ ਵਿਚ ਕੈਂਸਰ ਦੇ ਸੰਭਾਵਿਤ ਜ਼ਿਆਦਾ ਮਰੀਜ਼ ਹਨ। ਤੱਥਾਂ ਦੇ ਅਜਿਹੇ ਵਖਰੇਵੇਂ ਕਾਰਨ ਸਥਿਤੀ ਡਾਵਾਂਡੋਲ ਬਣੀ ਹੋਈ ਹੈ। ਹਕੀਕਤ ਵਿਚ ਵਾਤਾਵਰਨਕ ਖ਼ਰਾਬੀ, ਪਾਣੀ ਦੇ ਪ੍ਰਦੂਸ਼ਤ ਹੋਣ ਅਤੇ ਜੀਵਨ ਜਾਚ ਵਿਚ ਬਦਲਾਅ ਦੇ ਕਾਰਨ ਬਿਮਾਰੀਆਂ ਦੀ ਸੰਭਾਵਨਾ ਵਧ ਰਹੀ ਹੈ। ਸਿਹਤ ਦੇ ਮਾਮਲੇ ਵਿਚ ਸਰਕਾਰੀ ਖੇਤਰ ਦਾ ਨਿਵੇਸ਼ ਲੋੜ ਨਾਲੋਂ ਲਗਾਤਾਰ ਘਟ ਰਿਹਾ ਹੈ। ਵੱਡੀ ਆਬਾਦੀ ਨਿੱਜੀ ਹਸਪਤਾਲਾਂ ਦਾ ਮਹਿੰਗਾ ਇਲਾਜ ਕਰਵਾਉਣ ਦੇ ਸਮਰੱਥ ਨਹੀਂ ਹੈ। ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਕੈਂਸਰ ਰਾਹਤ ਫੰਡ ਵਿਚੋਂ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ 402 ਕਰੋੜ ਰੁਪਏ ਖ਼ਰਚੇ ਜਾ ਚੁੱਕੇ ਹਨ ਅਤੇ ਇਨ੍ਹਾਂ ਦਾ ਵੱਡਾ ਹਿੱਸਾ ਨਿੱਜੀ ਹਸਪਤਾਲਾਂ ਦੇ ਖਾਤੇ ਗਿਆ ਹੈ।

ਇਸ ਦੇ ਸਹੀ ਰੂਪ ਵਿਚ ਖ਼ਰਚ ਦਾ ਕੋਈ ਲੇਖਾ-ਜੋਖਾ ਨਹੀਂ ਅਤੇ ਮਰੀਜ਼ ਨੂੰ ਇਸ ਬਾਰੇ ਪਾਰਦਰਸ਼ੀ ਤਰੀਕੇ ਨਾਲ ਕੋਈ ਜਾਣਕਾਰੀ ਵੀ ਨਹੀਂ ਦਿੱਤੀ ਜਾਂਦੀ। ਸਰਵੇਖਣ ਵਿਚ ਮੁੱਖ ਭੂਮਿਕਾ ਨਿਭਾਉਣ ਵਾਲੇ ਪੀ.ਜੀ.ਆਈ. ਚੰਡੀਗੜ੍ਹ ਦੇ ਪ੍ਰੋਫੈਸਰ ਜੇ.ਐਸ. ਠਾਕੁਰ ਨੇ ਕਿਹਾ ਕਿ ਰਾਜ ਵਿਚ ਕੈਂਸਰ ਦੀਆਂ ਦੋ ਮੁੱਖ ਕਿਸਮਾਂ ਦੀ ਜਾਂਚ ਦੇ ਘੇਰੇ ਵਿਚ ਬਹੁਤ ਘੱਟ ਮਰੀਜ਼ਾਂ ਨੂੰ ਸ਼ਾਮਲ ਕਰਨ ਦਾ ਤੱਥ ਖੌਫਨਾਕ ਹੈ। ਕੈਂਸਰ ਦੇ ਮਾਮਲੇ ਵਧਣ ਕਾਰਨ ਜਾਂਚ ਕੇਂਦਰਾਂ ਦਾ ਵਿਸਤਾਰ ਕਰਨ ਦੀ ਬੇਹੱਦ ਲੋੜ ਹੈ।

# ਆਸਟਰੇਲੀਆ ਵਿਚ ਲਿਬਰਲ ਪਾਰਟੀ ਹੱਥ ਆਈ ਮੁੜ ਸੱਤਾ

**ਕੈਨਬਰਾ:** ਆਸਟਰੇਲੀਅਨ ਚੋਣਾਂ ਵਿਚ ਜਿੱਤ ਲਈ ਲੋੜੀਂਦਾ ਬਹੁਮਤ ਮਿਲਣ ਨਾਲ ਲਿਬਰਲ ਪਾਰਟੀ ਮੁੜ ਸੱਤਾ 'ਚ ਆ ਗਈ ਹੈ।

ਲੇਬਰ ਪਾਰਟੀ ਦੇ ਮੁਖੀ ਬਿਲ ਸ਼ੋਰਟਨ ਵੱਲੋਂ ਹਾਰ ਕਬੂਲ ਕਰ ਲੈਣ ਮਗਰੋਂ ਲਿਬਰਲ ਪਾਰਟੀ ਦੇ ਪ੍ਰਧਾਨ ਅਤੇ ਮੌਜੂਦਾ ਪ੍ਰਧਾਨ ਮੰਤਰੀ ਮੈਲਕਮ ਟਰਨਬੁਲ ਨੇ ਪਾਰਟੀ ਦੀ ਜਿੱਤ ਦਾ ਐਲਾਨ ਕਰ ਦਿੱਤਾ। ਅੱਠ ਹਫਤੇ ਮਗਰੋਂ ਮੁਲਕ ਦੀ ਅਗਲੀ ਸਰਕਾਰ ਨੂੰ ਲੈ ਕੇ ਸਾਰੀਆਂ ਕਿਆਸਅਰਾਈਆਂ ਖ਼ਤਮ ਹੋ ਗਈਆਂ ਹਨ। ਨਵੇਂ ਮੰਤਰੀ ਮੰਡਲ ਵੱਲੋਂ ਇਸ ਹਫਤੇ ਸਹੁੰ ਚੁੱਕੇ ਜਾਣ ਦੀ ਸੰਭਾਵਨਾ ਹੈ ਅਤੇ ਲਿਬਰਲ ਪਾਰਟੀ ਨੇ ਆਪਣੇ ਮੈਂਬਰਾਂ ਦੀ 18 ਜੁਲਾਈ ਨੂੰ ਮੀਟਿੰਗ ਸੱਦ ਲਈ ਹੈ। ਮੈਲਕਮ ਟਰਨਬੁਲ ਨੇ ਚੋਣਾਂ ਦੌਰਾਨ ਹਾਰੇ ਸਾਥੀਆਂ ਨੂੰ ਯਾਦ ਕਰਦਿਆਂ ਨਵੇਂ ਚਿਹਰਿਆਂ ਨੂੰ ਸ਼ਮੂਲੀਅਤ ਲਈ ਖ਼ੁਸ਼ਆਮਦੀਦ ਕਿਹਾ। ਮੈਲਕਮ ਅਨੁਸਾਰ ਮੰਤਰੀਆਂ ਦੀ ਟੀਮ ਵਿਚ ਵੱਡੇ ਬਦਲ ਦੀ ਸੰਭਾਵਨਾ ਨਹੀਂ ਹੈ, ਪਰ ਕੁਝ ਖਾਲੀ ਹੋਈਆਂ ਥਾਵਾਂ ਨੂੰ ਹੀ ਪੂਰਿਆ ਜਾਣਾ ਹੈ। ਉਨ੍ਹਾਂ ਆਸਟਰੇਲੀਆ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਵੋਟਰਾਂ ਨੇ ਮੁਲਕ ਦੇ ਮਜ਼ਬੂਤ ਅਰਥਚਾਰੇ ਲਈ ਪਾਰਟੀ ਦੀਆਂ ਨੀਤੀਆਂ ਉਤੇ ਮੋਹਰ ਲਾਈ ਹੈ ਅਤੇ ਅੱਗੇ ਸਰਕਾਰ ਹੋਰ ਉਤਸ਼ਾਹ ਨਾਲ ਕੰਮ ਕਰੇਗੀ।

ਉਧਰ, ਹਾਰ ਕਬੂਲਣ ਮਗਰੋਂ ਟਰਨਬੁੱਲ ਨੂੰ ਜਿੱਤ ਦੀ ਵਧਾਈ ਦਿੰਦਿਆਂ ਲੇਬਰ ਪਾਰਟੀ ਦੇ ਮੁਖੀ ਬਿਲ ਸ਼ੌਰਟਨ ਨੇ ਕਿਹਾ ਕਿ ਸੰਸਦ ਦੀ ਨਿਰੰਤਰਤਾ ਮੁਲਕ ਲਈ ਜ਼ਰੂਰੀ ਹੈ ਅਤੇ ਪਾਰਟੀ ਮੁੱਖ ਮਸਲਿਆਂ 'ਤੇ ਸਰਕਾਰ ਨੂੰ ਸਹਿਯੋਗ ਦੇਵੇਗੀ।

# ਭਾਜਪਾ ਦੇ ਚੋਣ ਨਿਸ਼ਾਨ 'ਕਮਲ' ਨੂੰ ਰੱਦ ਕਰਵਾਉਣ ਲਈ ਪਟੀਸ਼ਨ

**ਮੁੰਬਈ:** ਹਾਈ ਕੋਰਟ ਵਿਚ ਦਾਇਰ ਇਕ ਜਨਹਿਤ ਪਟੀਸ਼ਨ ਵਿਚ ਚੋਣ ਕਮਿਸ਼ਨ ਨੂੰ ਆਦੇਸ਼ ਦੇਣ ਦੀ ਮੰਗ ਕੀਤੀ ਗਈ ਹੈ ਕਿ ਉਹ ਭਾਰਤੀ ਜਨਤਾ ਪਾਰਟੀ ਦੇ ਚੋਣ ਨਿਸ਼ਾਨ 'ਕਮਲ' ਨੂੰ ਰੱਦ ਕਰ ਦੇਵੇ। ਪਟੀਸ਼ਨ ਵਿਚ ਇਹ ਤਰਕ ਦਿੱਤਾ ਗਿਆ ਹੈ ਕਿ ਇਹ ਰਾਸ਼ਟਰੀ ਫੁੱਲ ਹੈ ਅਤੇ ਕਿਸੇ ਵੀ ਪਾਰਟੀ ਦੇ ਨਿਸ਼ਾਨ ਵਜੋਂ ਇਸ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ।

ਪਟੀਸ਼ਨ ਵਿਚ ਦੋਸ਼ ਲਗਾਇਆ ਗਿਆ ਹੈ ਭਾਜਪਾ ਚੋਣ ਉਦੇਸ਼ਾਂ ਲਈ ਰਾਸ਼ਟਰੀ ਫੁੱਲ 'ਕਮਲ' ਦੀ ਵਰਤੋਂ ਕਰ ਰਹੀ ਹੈ ਅਤੇ ਇਸ ਤਰ੍ਹਾਂ ਪ੍ਰਤੀਕ ਅਤੇ ਨਾਮ ਧਾਰਾ 1950 ਦੀ ਉਲੰਘਣਾ ਹੋ ਰਹੀ ਹੈ। ਕਾਰਕੁਨ ਹੇਮੰਤ ਪਾਟਿਲ ਵੱਲੋਂ ਦਾਇਰ ਪਟੀਸ਼ਨ ਵਿਚ ਕਿਹਾ ਗਿਆ ਹੈ 25 ਸਾਲ ਪਹਿਲਾਂ ਚੋਣ ਕਮਿਸ਼ਨ ਨੇ ਭਾਜਪਾ ਨੂੰ ਕਮਲ ਚੋਣ ਨਿਸ਼ਾਨ ਅਲਾਟ ਕੀਤਾ ਪਰ ਉਦੋਂ ਕਿਸੇ ਨੇ ਵੀ ਇਸ ਦਾ ਵਿਰੋਧ ਨਹੀਂ ਕੀਤਾ ਜਦਕਿ ਇਹ ਕਾਨੂੰਨ ਦੀ ਉਲੰਘਣਾ ਹੈ।

# ਮਾਇਆਵਤੀ ਤੋਂ ਹਾਥੀ ਖੋਹਣ ਦੀ ਤਿਆਰੀ

**ਨਵੀਂ ਦਿੱਲੀ:** ਮੋਦੀ ਸਰਕਾਰ ਵਿਚ ਬਤੌਰ ਮੰਤਰੀ ਸ਼ਾਮਲ ਕੀਤੇ ਗਏ ਆਰ.ਪੀ.ਆਈ. ਮੁਖੀ ਰਾਮਦਾਸ ਅਠਾਵਲੇ ਨੇ ਮਾਇਆਵਤੀ ਉਤੇ ਨਿਸ਼ਾਨਾ ਬੰਨ੍ਹਿਆ ਹੈ। ਉਨ੍ਹਾਂ ਕਿਹਾ ਕਿ ਬੀ.ਜੇ.ਪੀ. ਦੇ ਸਮਰਥਨ ਨਾਲ ਬੀ.ਐਸ.ਪੀ. ਤੋਂ ਹਾਥੀ ਖੋਹਣ ਦੀ ਕੋਸ਼ਿਸ਼ ਕਰਾਂਗੇ। ਮਹਾਰਾਸ਼ਟਰ ਦੇ ਨੇਤਾ ਨੇ ਕਿਹਾ ਕਿ ਹਾਥੀ ਰਿਪਬਲੀਕਨ ਪਾਰਟੀ ਆਫ ਇੰਡੀਆ ਦੇ ਨਿਸ਼ਾਨ ਲਈ ਆਰ.ਪੀ.ਆਈ. ਵਿਚ ਹੋਈ ਵੰਡ ਤੇ ਬੀ.ਐਸ.ਪੀ. ਦੇ ਪਾਰਟੀ ਬਣਨ ਤੋਂ ਬਾਅਦ ਮਾਇਆਵਤੀ ਦੀ ਪਾਰਟੀ ਨੂੰ ਦੇ ਦਿੱਤਾ ਗਿਆ। ਹੁਣ ਅਸੀਂ ਇਸ ਨੂੰ ਵਾਪਸ ਲੈਣ ਦੀ ਕੋਸ਼ਿਸ਼ ਕਰਾਂਗੇ। ਅਸੀਂ ਹਾਥੀ ਖੋਹ ਲਵਾਂਗੇ। ਅਠਾਵਲੇ ਨੇ ਕਿਹਾ ਕਿ ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ ਵਾਲੀ ਇਸ ਕੈਬਨਿਟ ਵਿਚ ਮੰਤਰੀ ਰਹੇ ਭੀਮਰਾਓ ਅੰਬੇਡਕਰ ਤੋਂ ਬਾਅਦ ਆਰ.ਪੀ.ਆਈ. ਦੇ ਵਿਚਾਰਾਂ ਤੋਂ ਕੋਈ ਪ੍ਰਤੀਨਿਧ ਕੇਂਦਰੀ ਕੈਬਨਿਟ ਦਾ ਹਿੱਸਾ ਬਣਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਉੱਤਰ ਪ੍ਰਦੇਸ਼ ਵਿਚ ਵੋਟ ਬੈਂਕ ਲਗਾਤਾਰ ਖਿਸਕ ਰਿਹਾ ਹੈ। ਇਹ 2014 ਦੀਆਂ ਲੋਕ ਸਭਾ ਚੋਣਾਂ ਵਿਚ ਸਾਫ ਨਜ਼ਰ ਆ ਰਿਹਾ ਹੈ। ਉਨ੍ਹਾਂ ਕਿਹਾ ਕਿ



ਆਰ.ਪੀ.ਆਈ. ਇਸ ਹਾਲਾਤ ਦਾ ਫਾਇਦਾ ਚੁੱਕਣਾ ਚਾਹੁੰਦਾ ਹੈ। ਅਠਾਵਲੇ ਨੇ ਇਹ ਵੀ ਦਾਅਵਾ ਕੀਤਾ ਕਿ, ਲੋਕ ਸਭਾ ਚੋਣਾਂ ਵਿਚ ਭਾਜਪਾ ਤੇ ਇਸ ਦੇ ਸਹਿਯੋਗੀ ਦਲਾਂ ਨੂੰ ਉੱਤਰ ਪ੍ਰਦੇਸ਼ ਵਿਚ 73 ਸੀਟਾਂ ਮਿਲਣਗੀਆਂ ਜਦਕਿ ਬੀ.ਐਸ.ਪੀ. ਨੂੰ ਇਕ ਵੀ ਸੀਟ ਨਹੀਂ ਮਿਲੇਗੀ।

# ਧੋਖੇਬਾਜ਼ ਵਿਦੇਸ਼ੀ ਲਾੜਿਆਂ ਨੂੰ ਨੱਥ ਪਾਉਣ ਦੀ ਤਿਆਰੀ

**ਚੰਡੀਗੜ੍ਹ:** ਪਰਵਾਸੀ ਭਾਰਤੀ ਲਾੜਿਆਂ ਵੱਲੋਂ ਸਤਾਈਆਂ ਔਰਤਾਂ ਨੂੰ 1969 ਦਾ ਕਾਨੂੰਨ ਉਮੀਦ ਦੀ ਕਿਰਨ ਦਿਖਾਉਂਦਾ ਹੈ। ਇਹ ਜਾਣਕਾਰੀ ਕਾਨੂੰਨ ਮੰਤਰਾਲੇ ਨੇ ਸੰਸਦੀ ਕਮੇਟੀ ਨੂੰ ਦਿੱਤੀ। ਰਾਜ ਸਭਾ ਦੀ ਪਟੀਸ਼ਨਜ਼ ਕਮੇਟੀ ਨੂੰ ਕਾਨੂੰਨ ਮੰਤਰਾਲੇ ਨੇ ਦੱਸਿਆ ਕਿ 'ਫੌਰਨ ਮੈਰਿਜ ਐਕਟ 1969' (ਵਿਦੇਸ਼ ਵਿਆਹ ਐਕਟ) ਵਿਚ ਪਰਵਾਸੀ ਭਾਰਤੀਆਂ ਨਾਲ ਵਿਆਹੀਆਂ ਔਰਤਾਂ ਨੂੰ ਵਿਦੇਸ਼ ਵਿਚ ਦਿੱਕਤਾਂ ਆਉਣ ਉਤੇ ਮਦਦ ਕਰਨ ਦੀ ਤਜਵੀਜ਼ ਹੈ। ਮੀਡੀਆ ਵਿਚ ਆਉਂਦੇ ਕੇਸਾਂ ਵਿਚੋਂ ਜ਼ਿਆਦਾਤਰ ਅਜਿਹੇ ਹੁੰਦੇ ਹਨ, ਜਿਨ੍ਹਾਂ ਵਿਚ ਪਹਿਲਾਂ ਤੋਂ ਵਿਆਹੇ ਲਾੜੇ ਵੱਲੋਂ ਭਾਰਤ ਵਿਚ ਮੁੜ ਵਿਆਹ ਕਰਵਾਇਆ ਹੁੰਦਾ ਹੈ। ਕੁੱਝ ਕੇਸਾਂ ਵਿਚ ਪਤੀ ਵਿਦੇਸ਼ ਵਿਚ ਹੋਰ ਵਿਆਹ ਕਰ ਲੈਂਦਾ ਹੈ ਅਤੇ ਪਹਿਲੀ ਪਤਨੀ ਨੂੰ ਛੱਡ ਦਿੰਦਾ ਹੈ। ਕਈ ਮਾਮਲਿਆਂ ਵਿਚ ਪਰਵਾਸੀ ਭਾਰਤੀਆਂ ਨਾਲ ਵਿਆਹੀਆਂ ਔਰਤਾਂ ਉਤੇ ਦਾਜ ਲਈ ਵੀ ਅੱਤਿਆਚਾਰ ਹੁੰਦਾ ਹੈ। ਪਰਵਾਸੀ ਭਾਰਤੀਆਂ ਨਾਲ ਵਿਆਹੀਆਂ ਭਾਰਤੀ ਔਰਤਾਂ ਦੀਆਂ ਸਮੱਸਿਆਵਾਂ ਦੇ ਹੱਲ ਦੀ ਮੰਗ ਲਈ ਦਾਇਰ ਇਕ ਪਟੀਸ਼ਨ ਉਤੇ ਸੁਣਵਾਈ ਦੌਰਾਨ ਇਹ ਕਮੇਟੀ ਗ੍ਰਹਿ ਮੰਤਰਾਲੇ ਅਤੇ ਕਾਨੂੰਨ ਮੰਤਰਾਲੇ ਦੇ ਸੀਨੀਅਰ ਅਧਿਕਾਰੀਆਂ ਨੂੰ ਸੁਣਨ ਲਈ ਇਕੱਤਰ ਹੋਈ।



ਮੀਟਿੰਗ ਵਿਚ ਹਾਜ਼ਰ ਕਮੇਟੀ ਮੈਂਬਰਾਂ ਨੇ ਕਿਹਾ ਕਿ ਜ਼ਿਆਦਾਤਰ ਲੋਕਾਂ ਨੂੰ ਇਹ ਨਹੀਂ ਪਤਾ ਕਿ ਅਜਿਹਾ ਕਾਨੂੰਨ ਮੌਜੂਦ ਹੈ। ਇਹ ਕਾਨੂੰਨ ਭਾਰਤੀ ਨਾਗਰਿਕਾਂ ਦੇ ਭਾਰਤ ਤੋਂ ਬਾਹਰ ਵਿਆਹ ਨੂੰ ਪ੍ਰਵਾਨਗੀ ਦੇਣ ਲਈ ਬਣਾਇਆ ਗਿਆ ਸੀ। ਇਸ ਦੀ ਧਾਰਾ 14 ਵਿਚ ਦਰਜ ਹੈ ਕਿ ਜੇ ਇਸ ਕਾਨੂੰਨ ਅਧੀਨ ਵਿਆਹ ਹੁੰਦਾ ਹੈ ਤਾਂ ਮੈਰਿਜ ਅਫਸਰ 'ਮੈਰਿਜ ਸਰਟੀਫਿਕੇਟ ਬੁੱਕ' ਵਿਚ ਇਸ ਦੀ ਤਸਦੀਕ ਕਰੇਗਾ, ਜਿਸ ਉਤੇ ਵਿਆਹ ਕਰਵਾਉਣ ਵਾਲਿਆਂ ਅਤੇ ਤਿੰਨ ਗਵਾਹਾਂ ਦੇ ਦਸਤਖ਼ਤ ਹੋਣਗੇ। ਇਹ ਕਾਨੂੰਨ ਲਾੜਾ ਜਾਂ ਲਾੜੀ ਨੂੰ ਵਿਆਹ ਸਬੰਧਾਂ ਵਿਚ ਦਿੱਕਤ ਹੋਣ ਉਤੇ ਰਾਹਤ ਵੀ ਮੁਹੱਈਆ ਕਰਦਾ ਹੈ।

# ਬੇਰੁਜ਼ਗਾਰਾਂ ਦੀ ਬਾਂਹ ਫੜਨ 'ਚ ਪੰਜਾਬ ਪਛੜਿਆ

**ਚੰਡੀਗੜ੍ਹ:** ਮਹਾਤਮਾ ਗਾਂਧੀ ਕੌਮੀ ਪੇਂਡੂ ਰੁਜ਼ਗਾਰ ਗਾਰੰਟੀ ਕਾਨੂੰਨ (ਮਗਨਰੇਗਾ) ਤਹਿਤ ਕੰਮ ਦੇਣ ਵਿਚ ਦੇਰੀ ਦੇ ਬਾਵਜੂਦ ਕਿਸੇ ਵੀ ਕਾਮੇ ਨੂੰ ਬੇਰੁਜ਼ਗਾਰੀ ਭੱਤਾ ਨਹੀਂ ਮਿਲਿਆ। ਕਾਨੂੰਨ ਵਿਚ ਸਪੱਸ਼ਟ ਹਦਾਇਤ ਹੈ ਕਿ ਜੇਕਰ ਮੰਗਿਆ ਕੰਮ 15 ਦਿਨਾਂ ਅੰਦਰ ਨਹੀਂ ਦਿੱਤਾ ਜਾਂਦਾ ਤਾਂ ਬੇਰੁਜ਼ਗਾਰੀ ਭੱਤਾ ਦੇਣਾ ਪਵੇਗਾ। ਇਹ ਖੁਲਾਸਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅਰਥ ਵਿਗਿਆਨ ਵਿਭਾਗ ਦੇ ਪ੍ਰੋਫੈਸਰ ਗਿਆਨ ਸਿੰਘ ਦੀ ਅਗਵਾਈ ਵਿਚ ਕਰਾਏ ਅਧਿਐਨ ਦੀ ਰਿਪੋਰਟ ਵਿਚ ਕੀਤਾ ਗਿਆ ਹੈ।



ਪੰਜਾਬ ਦੇ ਗਰੀਬ ਵਰਗਾਂ ਵਿਚ ਮਗਨਰੇਗਾ ਨੂੰ ਲਾਗੂ ਕਰਨ ਅਤੇ ਇਸ ਦੇ ਪ੍ਰਭਾਵ ਬਾਰੇ ਪ੍ਰੋਫੈਸਰ ਗਿਆਨ ਸਿੰਘ, ਡਾ. ਬਲਵਿੰਦਰ ਸਿੰਘ ਅਤੇ ਡਾ. ਸਰਬਜੀਤ ਸਿੰਘ ਵੱਲੋਂ ਯੂਜੀਸੀ ਨੂੰ ਸੌਂਪੀ ਅਧਿਐਨ ਰਿਪੋਰਟ ਮੁਤਾਬਕ 4279 ਘਰਾਂ ਦੇ ਸਰਵੇਖਣ ਨੂੰ ਆਧਾਰ ਬਣਾਇਆ ਗਿਆ ਹੈ। ਇਸ ਅਨੁਸਾਰ ਮਗਨਰੇਗਾ ਤਹਿਤ ਕੰਮ ਮੰਗਣ ਵਾਲੇ ਸਿਰਫ 21 ਫੀਸਦੀ ਘਰਾਂ ਨੂੰ ਹੀ ਪੰਦਰਾਂ ਦਿਨਾਂ ਦੇ ਅੰਦਰ ਕੰਮ ਮਿਲਿਆ ਹੈ। ਕਾਨੂੰਨ ਅਨੁਸਾਰ ਜੇਕਰ ਸਮੇਂ ਸਿਰ ਕੰਮ ਨਹੀਂ ਮਿਲਦਾ ਤਾਂ ਪਹਿਲੇ ਤੀਹ ਦਿਨਾਂ ਲਈ 25 ਫੀਸਦੀ ਅਤੇ ਇਸ ਬਾਅਦ ਦੇ ਦਿਨਾਂ ਲਈ 50 ਫੀਸਦੀ ਦਿਹਾੜੀ ਬੇਰੁਜ਼ਗਾਰੀ ਭੱਤੇ ਵਜੋਂ ਦਿੱਤੀ ਜਾਣੀ ਹੈ।

ਗੌਰਤਲਬ ਹੈ ਕਿ ਮਗਨਰੇਗਾ ਦੀ ਦਿਹਾੜੀ ਕੇਂਦਰ ਸਰਕਾਰ ਵੱਲੋਂ ਆਉਂਦੀ ਹੈ, ਪਰ ਬੇਰੁਜ਼ਗਾਰੀ ਭੱਤਾ ਦੇਣ ਦੀ ਜ਼ਿੰਮੇਵਾਰੀ ਸੂਬਾਈ ਸਰਕਾਰ ਦੀ ਹੈ। ਫੀਲਡ ਸਰਵੇਖਣ ਅਨੁਸਾਰ ਔਸਤਨ 88.97 ਪਰਿਵਾਰਾਂ ਨੂੰ ਪੰਜ ਕਿਲੋਮੀਟਰ ਦੇ ਦਾਇਰੇ ਵਿਚ ਕੰਮ ਮਿਲਿਆ ਹੈ, ਪਰ ਪੰਜ ਕਿਲੋਮੀਟਰ ਤੋਂ ਦੂਰ ਕੰਮ ਲਈ ਲਗਾਏ ਬਾਕੀ ਕਾਮਿਆਂ ਨੂੰ ਉਜਰਤ ਦਾ ਇਕ ਪੈਸਾ ਵੀ ਵਾਧੂ ਨਹੀਂ ਦਿੱਤਾ ਗਿਆ ਜਦੋਂ ਕਿ ਕਾਨੂੰਨ ਅਨੁਸਾਰ ਪੰਜ ਕਿਲੋਮੀਟਰ ਤੋਂ ਦੂਰ ਕੰਮ ਦੇਣ ਉਤੇ ਵਾਧੂ ਪੈਸੇ ਦਿੱਤੇ ਜਾਣੇ ਜ਼ਰੂਰੀ ਹਨ।

ਪੰਜਾਬ ਵਿਚ ਮਗਨਰੇਗਾ ਦੀ ਕਮਜ਼ੋਰ ਕਾਰਗੁਜ਼ਾਰੀ ਲਈ ਅਧਿਐਨ ਵਿਚ ਸੂਚਨਾ ਅਤੇ ਜਾਗਰਤੀ ਦੀ ਕਮੀ, ਫੈਸਲਾ ਲੈਣ ਦੀ ਪ੍ਰਕਿਰਿਆ ਵਿਚ ਪ੍ਰਭਾਵਸ਼ਾਲੀ ਲੋਕਾਂ ਦਾ ਦਬਦਬਾ, ਪੰਚਾਇਤੀ ਨੁਮਾਇੰਦਿਆਂ ਦੀ ਅਣਜਾਣਤਾ ਅਤੇ ਲੋੜੀਂਦੇ ਫੰਡ ਜਾਰੀ ਨਾ ਹੋਣ ਨੂੰ ਜ਼ਿੰਮੇਵਾਰ ਮੰਨਿਆ ਹੈ। ਪਿੰਡਾਂ ਅੰਦਰ ਪਾਰਟੀ ਅਧਾਰਤ ਸਿਆਸਤ ਕਰਕੇ ਪਈ ਫੁੱਟ ਵੀ ਲੋਕ ਭਲਾਈ ਦੀਆਂ ਯੋਜਨਾਵਾਂ ਸਹੀ ਤਰੀਕੇ ਨਾਲ ਲਾਗੂ ਕਰਨ ਦੇ ਰਾਹ ਵਿਚ ਰੁਕਾਵਟ ਬਣਦੀ ਹੈ। ਅਧਿਐਨ ਅਨੁਸਾਰ ਮਗਨਰੇਗਾ ਨੂੰ ਜੇਕਰ ਸਹੀ ਤਰੀਕੇ ਨਾਲ ਲਾਗੂ ਕੀਤਾ ਜਾਵੇ ਤਾਂ ਇਹ ਗਰੀਬਾਂ ਦਾ ਸਮਾਜਿਕ ਅਤੇ ਆਰਥਿਕ ਪੱਧਰ ਉਚਾ ਉਠਾਉਣ ਵਿਚ ਵੱਡਾ ਯੋਗਦਾਨ ਦੇ ਸਕਦੀ ਹੈ।

# ਹੁਣ ਮੈਡੀਕਲ ਨਸ਼ਿਆਂ ਵੱਲ ਤੁਰੀ ਪੰਜਾਬ ਦੀ ਨਵੀਂ ਪਨੀਰੀ

**ਨਵੀਂ ਦਿੱਲੀ:** ਨਾਰਕੋਟਿਕਸ ਕੰਟਰੋਲ ਬਿਊਰੋ (ਐਨ.ਸੀ.ਬੀ.) ਨੇ ਇਕ ਸਮੀਖਿਆ ਬੈਠਕ ਵਿਚ ਦਾਅਵਾ ਕੀਤਾ ਹੈ ਕਿ ਪੁਰਾਣੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਖਿਲਾਫ ਸ਼ਿਕੰਜਾ ਕੱਸੇ ਜਾਣ ਪਿੱਛੋਂ ਪੰਜਾਬ ਵਿਚਲੇ ਨਸ਼ੇੜੀਆਂ ਦਾ ਰੁਝਾਨ ਹੁਣ ਹੌਲੀ-ਹੌਲੀ ਦਵਾਈ ਅਧਾਰਤ ਨਸ਼ਿਆਂ ਵੱਲ ਹੋ ਰਿਹਾ ਹੈ। ਬਿਊਰੋ ਨਾਲ ਸਮੀਖਿਆ ਬੈਠਕ ਵਿਚ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਪੰਜਾਬ ਵਿਚ ਨਸ਼ਿਆਂ ਦੇ ਮੌਜੂਦਾ ਹਾਲਾਤ ਬਾਰੇ ਅਤੇ ਨਸ਼ਿਆਂ ਦੇ ਮਾਮਲਿਆਂ ਨੂੰ ਰੋਕਣ ਲਈ ਚੁੱਕੇ ਗਏ ਕਦਮਾਂ ਬਾਰੇ ਚਰਚਾ ਕੀਤੀ।

ਐਨ.ਸੀ.ਬੀ. ਦੇ ਡਾਇਰੈਕਟਰ ਜਨਰਲ ਰਜੀਵ ਰਾਏ ਭਟਨਾਗਰ ਨੇ ਰਾਜਨਾਥ ਸਿੰਘ ਨੂੰ ਪੰਜਾਬ ਵਿਚ ਨਸ਼ਿਆਂ ਦੇ ਬਦਲ ਰਹੇ ਰੁਝਾਨ ਬਾਰੇ ਦੱਸਿਆ ਕਿ ਕਾਨੂੰਨ ਏਜੰਸੀਆਂ ਵੱਲੋਂ ਆਪਣੀਆਂ ਸਰਗਰਮੀਆਂ ਵਧਾਉਣ ਨਾਲ ਨਸ਼ੀਲੇ ਪਦਾਰਥਾਂ ਦੀ ਉਪਲੱਬਧਤਾ ਘੱਟ ਹੋਈ ਹੈ। ਜਿਸ ਨਾਲ ਉਸ ਦੀ ਕੀਮਤ ਵਧ ਗਈ ਹੈ ਅਤੇ ਇਸ ਕਾਰਨ ਨਸ਼ੇੜੀ ਮੈਡੀਕਲ ਅਧਾਰਤ ਨਸ਼ੇ ਵੱਲ ਜਿਵੇਂ ਕਿ ਟਰਾਮਾਡੋਲ, ਬਿਊਪ੍ਰੇਨਾਰੋਫੀਨ ਆਦਿ ਵੱਲ ਆਕਰਸ਼ਕ ਹੋ ਰਹੇ ਹਨ।

ਪੰਜਾਬ ਵਿਚ ਨਸ਼ੇ ਦੀ ਲਾਹਨਤ ਨੂੰ ਕਾਬੂ ਕਰਨ ਲਈ ਚੁੱਕੇ ਗਏ ਕਦਮਾਂ ਦੀ ਸੂਚੀ ਬਾਰੇ ਭਟਨਾਗਰ ਨੇ ਗ੍ਰਹਿ ਮੰਤਰੀ ਨੂੰ ਦੱਸਿਆ ਕਿ ਸੂਬਾ



ਪੁਲਿਸ, ਬੀ.ਐਸ.ਐਫ., ਕਸਟਮ ਅਤੇ ਐਨ.ਸੀ.ਬੀ. ਨੇ ਕਈ ਕੰਮ ਕੀਤੇ ਹਨ। ਬੀ.ਐਸ.ਐਫ. ਨੇ ਸਰਹੱਦੀ ਇਲਾਕਿਆਂ ਵਿਚ ਆਪਣੇ ਅਮਲੇ ਦੀ ਤਾਇਨਾਤੀ ਵਧਾ ਦਿੱਤੀ ਹੈ ਅਤੇ ਤਕਨੀਕੀ ਸਾਧਨਾਂ ਨਾਲ ਚੌਕੰਨੀ ਨਜ਼ਰ ਰੱਖੀ ਜਾ ਰਹੀ ਹੈ।

ਪੰਜਾਬ ਪੁਲਿਸ ਨੇ ਸਟੇਟ ਨਾਰਕੋਟਿਕ ਕੰਟਰੋਲ ਬਿਊਰੋ ਸਥਾਪਤ ਕੀਤਾ ਹੈ ਅਤੇ ਮੁੱਖ ਮੰਤਰੀ ਦੀ ਅਗਵਾਈ ਹੇਠ ਇਸ ਮੁਸੀਬਤ ਨਾਲ ਸੰਪੂਰਨ ਤੌਰ ਉਤੇ ਨਿਪਟਣ ਲਈ ਇਕ ਉਚ ਪੱਧਰੀ ਕਮੇਟੀ ਬਣਾਈ ਗਈ ਹੈ। ਕਸਟਮ ਵਾਲਿਆਂ ਵੱਲੋਂ ਵੀ ਸਰਹੱਦੀ ਇਲਾਕਿਆਂ 'ਚ ਨਸ਼ਿਆਂ ਦੀਆਂ ਵੱਡੀਆਂ ਖੇਪਾਂ ਬਰਾਮਦ ਕੀਤੀਆਂ ਜਾ ਰਹੀਆਂ ਹਨ। ਮੀਟਿੰਗ ਦੌਰਾਨ ਦੱਸਿਆ ਕਿ ਪੁਰਾਣੇ ਨਸ਼ਿਆਂ ਹੈਰੋਇਨ ਅਤੇ ਭੰਗ ਤੋਂ ਇਲਾਵਾ ਮਾਰਕੀਟ ਵਿਚ ਸਿੰਥੈਟਿਕ ਡਰੱਗ ਵੀ ਆ ਚੁੱਕਾ ਹੈ। ਇਸ ਦੇ ਨਾਲ ਹੀ ਦਵਾਈ ਅਧਾਰਤ ਨਸ਼ੇ ਜੋ ਕਿ ਆਸਾਨੀ ਨਾਲ ਮਿਲ ਜਾਂਦੇ ਹਨ ਅਤੇ ਸਸਤੇ ਵੀ ਹਨ, ਦੀ ਕਾਫੀ ਵਰਤੋਂ ਕੀਤੀ ਜਾ ਰਹੀ ਹੈ। ਐਨ.ਸੀ.ਬੀ. ਦੇ ਡਾਇਰੈਕਟਰ ਜਨਰਲ ਨੇ ਗ੍ਰਹਿ ਮੰਤਰੀ ਨੂੰ ਦੱਸਿਆ ਕਿ ਐਨ.ਸੀ.ਬੀ. ਨੇ ਗੈਰ ਕਾਨੂੰਨੀ ਤਰੀਕੇ ਨਾਲ ਅਫੀਮ ਅਤੇ ਭੰਗ ਦੀ ਪੈਦਾਵਾਰ ਕਰਨ ਵਾਲੇ ਇਲਾਕਿਆਂ ਦੀ ਪਛਾਣ ਕਰਨ ਲਈ ਇਕ ਮੁਹਿੰਮ ਚਲਾਈ ਹੈ ਅਤੇ ਉਨ੍ਹਾਂ ਨੇ ਸੂਬਾ ਸਰਕਾਰਾਂ ਦੀ ਮਦਦ ਨਾਲ ਇਨ੍ਹਾਂ ਫਸਲਾਂ ਨੂੰ ਨਸ਼ਟ ਕੀਤਾ ਹੈ। ਗ੍ਰਹਿ ਮੰਤਰੀ ਨੇ ਇਸ ਲਾਹਨਤ ਨਾਲ ਨਜਿੱਠਣ ਲਈ ਚੁੱਕੇ ਜਾ ਰਹੇ ਕਦਮਾਂ 'ਤੇ ਸੰਤੁਸ਼ਟੀ ਪ੍ਰਗਟ ਕੀਤੀ ਅਤੇ ਨਾਲ ਹੀ ਉਨ੍ਹਾਂ ਨਸ਼ਿਆਂ ਨੂੰ ਖਤਮ ਕਰਨ ਲਈ ਹੋਰ ਪ੍ਰਭਾਵੀ ਕਦਮ ਚੁੱਕੇ ਜਾਣ ਨੂੰ ਯਕੀਨੀ ਬਣਾਉਣ ਨੂੰ ਕਿਹਾ।

## ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਪਰਖ ਹੋਵੇਗੀ

**ਚੰਡੀਗੜ੍ਹ:** ਫਿਲਮ 'ਉੜਤਾ ਪੰਜਾਬ' ਕਾਰਨ ਸੂਬੇ ਵਿਚ ਨਸ਼ਿਆਂ ਦਾ ਮੁੱਦਾ ਚਰਚਾ ਵਿਚ ਆਉਣ ਕਰ ਕੇ ਨਮੋਸ਼ੀ ਝੱਲਣ ਤੋਂ ਬਾਅਦ ਪੰਜਾਬ ਸਰਕਾਰ ਨੂੰ ਹੁਣ ਅਦਾਲਤ ਵਿਚ ਜਵਾਬ ਦੇਣਾ ਪਵੇਗਾ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸੂਬੇ ਦੇ ਗ੍ਰਹਿ ਸਕੱਤਰ ਨੂੰ ਇਸ ਸਾਲ ਸੂਬੇ ਵਿਚ ਨਸ਼ਿਆਂ ਦੀ ਬਰਾਮਦਗੀ ਅਤੇ ਦਰਜ ਹੋਏ ਕੇਸਾਂ ਦੇ ਜ਼ਿਲ੍ਹਾਵਾਰ ਅੰਕੜੇ ਪੇਸ਼ ਕਰਨ ਦੇ ਹੁਕਮ ਦਿੱਤੇ ਹਨ। ਪੰਜਾਬ ਦੇ ਭੁਪਿੰਦਰ ਸਿੰਘ ਉਰਫ ਭਿੰਦਾ ਨੇ ਸੂਬਾ ਸਰਕਾਰ ਖਿਲਾਫ਼ ਪਟੀਸ਼ਨ ਦਾਇਰ ਕਰਦਿਆਂ ਦੋਸ਼ ਲਾਇਆ ਕਿ ਵੱਡੇ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਨ ਦੀ ਬਜਾਇ ਨਸ਼ਾ ਕਰਨ ਵਾਲਿਆਂ ਨੂੰ ਅੜਿੱਕੇ ਚਾੜ੍ਹ ਕੇ ਨਸ਼ਿਆਂ ਦੇ ਮਾਮਲੇ 'ਤੇ ਗੰਭੀਰਤਾ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭੁਪਿੰਦਰ ਸਿੰਘ ਖਿਲਾਫ਼ ਨਸ਼ਿਆਂ ਸਬੰਧੀ ਐਕਟ (ਐਨ.ਡੀ.ਪੀ.ਐਸ.) ਤਹਿਤ ਜ਼ਿਲ੍ਹਾ ਤਰਨ ਤਾਰਨ ਅਧੀਨ ਆਉਂਦੇ ਪੱਟੀ ਥਾਣੇ ਵਿਚ ਪਿਛਲੇ ਸਾਲ ਜਨਵਰੀ ਵਿਚ ਕੇਸ ਦਰਜ ਕੀਤਾ ਗਿਆ ਸੀ। ਉਸ ਉਤੇ ਡਾਈਫੇਨੋਕਸਲੇਟ ਨਾਮ ਦੇ ਨਸ਼ੇ ਦੀ ਬਰਾਮਦਗੀ ਦੇ ਦੋਸ਼ ਲੱਗੇ ਹਨ।

ਭੁਪਿੰਦਰ ਸਿੰਘ ਨੇ ਇਸ ਮਾਮਲੇ ਖਿਲਾਫ਼ ਪਟੀਸ਼ਨ ਦਾਇਰ ਕਰ ਕੇ ਪੱਕੀ ਜ਼ਮਾਨਤ ਦੀ ਮੰਗ ਕੀਤੀ ਹੈ। ਭੁਪਿੰਦਰ ਸਿੰਘ ਦੇ ਵਕੀਲ ਨੇ ਅਦਾਲਤ ਵਿਚ ਕਿਹਾ ਕਿ ਪੰਜਾਬ ਸਰਕਾਰ ਭਾਵੇਂ ਨਸ਼ਿਆਂ ਦੇ ਮੁੱਦੇ ਉਤੇ ਗੰਭੀਰ ਹੋਣ ਦੇ ਦਾਅਵੇ ਕਰ ਰਹੀ ਹੈ ਪਰ ਵੱਡੇ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਂਦਾ, ਜਦੋਂਕਿ ਛੋਟੇ-ਮੋਟੇ ਨਸ਼ੇੜੀਆਂ ਨੂੰ ਕਾਨੂੰਨੀ ਜਾਲ ਵਿਚ ਫਸਾ ਦਿੱਤਾ ਜਾਂਦਾ ਹੈ। ਸਰਕਾਰ ਵੱਲੋਂ ਵਕੀਲ ਨੇ ਇਹ ਅੰਕੜੇ ਇਕੱਠੇ ਕਰਨ ਲਈ ਛੇ ਹਫਤਿਆਂ ਦਾ ਸਮਾਂ ਮੰਗਿਆ ਤਾਂ ਜਸਟਿਸ ਤਿਵਾੜੀ ਨੇ ਅੱਠ ਹਫਤਿਆਂ ਦਾ ਸਮਾਂ ਦੇ ਦਿੱਤਾ।

# ਜਲੰਧਰੀਆਂ ਨੇ ਅਮਰੀਕੀਆਂ ਨੂੰ ਲਾਇਆ ਕਰੋੜਾਂ ਦਾ ਰਗੜਾ

**ਜਲੰਧਰ:** ਪੁਲਿਸ ਨੇ ਅਮਰੀਕੀਆਂ ਤੋਂ ਕਰੋੜਾਂ ਰੁਪਏ ਠੱਗਣ ਵਾਲੇ ਗਰੋਹ ਦਾ ਪਰਦਾਫਾਸ਼ ਕਰਨ ਦਾ ਦਾਅਵਾ ਕੀਤਾ ਹੈ। ਇਸ ਗਿਰੋਹ ਦੇ ਮੈਂਬਰ ਭਾਰਤ ਬੈਠੇ ਹੀ ਇੰਟਰਨੈੱਟ ਰਾਹੀਂ ਅਮਰੀਕਾ ਰਹਿੰਦੇ ਲੋਕਾਂ ਨੂੰ ਕਰੋੜਾਂ ਦੀ ਚਪਤ ਲਗਾ ਚੁੱਕੇ ਹਨ। ਫਿਲਹਾਲ ਪੁਲਿਸ ਨੇ ਇਨ੍ਹਾਂ ਨੂੰ ਗ੍ਰਿਫਤਾਰ ਕਰ ਜਾਂਚ ਸ਼ੁਰੂ ਕਰ ਦਿੱਤੀ ਹੈ।

ਪੁਲਿਸ ਮੁਤਾਬਕ ਇਸ ਗਰੋਹ ਦਾ ਸਰਗਨਾ 22 ਸਾਲਾ ਬਲਜੀਤ ਹੈ। ਬਲਜੀਤ ਖੁਦ ਵੀ 14 ਸਾਲ ਦੀ ਉਮਰ ਵਿਚ ਆਪਣੇ ਤਾਏ ਨੂੰ ਪਿਤਾ ਦੱਸ ਫਰਜ਼ੀ ਪਾਸਪੋਰਟ ਨਾਲ ਦੁਬਈ ਗਿਆ ਸੀ। ਦੁਬਈ ਤੋਂ ਉਹ ਅਮਰੀਕਾ ਜਾ ਪਹੁੰਚਿਆ। ਉਥੇ ਪੱਕੇ ਹੋਣ ਲਈ ਇਕ ਅਮਰੀਕਨ ਕੁੜੀ ਨਾਲ ਵਿਆਹ ਕਰਵਾਇਆ। ਹਾਲਾਂਕਿ ਕੁਝ ਸਮੇਂ ਬਾਅਦ ਤਲਾਕ ਵੀ ਹੋ ਗਿਆ। ਇਸ ਤੋਂ ਬਾਅਦ ਉਹ ਵਾਪਸ ਆਪਣੇ ਜਲੰਧਰ ਦੇ ਪਿੰਡ ਕੋਟਲਾ ਹੇਰਾਂ ਆ ਗਿਆ। ਇਥੋਂ ਉਹ ਆਪਣੇ ਇਕ ਅਮਰੀਕੀ ਨਾਈਜੀਰੀਅਨ ਦੋਸਤ ਓਮੂਲ ਦੇ ਸੰਪਰਕ ਵਿਚ ਸੀ। ਇਸ ਤੋਂ ਬਾਅਦ ਉਸ ਨੇ ਆਪਣੇ ਦਿੱਲੀ ਦੇ ਇਕ ਦੋਸਤ ਅੰਕਿਤ ਪੁਰੀ ਨੂੰ ਵੀ ਗਰੋਹ ਵਿਚ ਸ਼ਾਮਲ ਕੀਤਾ ਤੇ ਸ਼ੁਰੂ ਕਰ ਦਿੱਤਾ ਠੱਗੀ ਦਾ





ਕਾਰੋਬਾਰ। ਬਲਜੀਤ ਦਾ ਗਰੋਹ ਆਪਣੇ ਨਾਈਜੀਰੀਅਨ ਸਾਥੀ ਦੀ ਮਦਦ ਨਾਲ ਅਮਰੀਕੀ ਲੋਕਾਂ ਦੇ ਕਰੈਡਿਟ ਕਾਰਡ ਹੈਕ ਕਰ ਲੈਂਦਾ ਸੀ।

ਇਸ ਕਾਰਡ ਤੋਂ ਹੀ ਉਹ ਵੈਸਟਰਨ ਯੂਨੀਅਨ ਰਾਹੀਂ ਭਾਰਤ ਵਿਚ ਪੈਸੇ ਟਰਾਂਸਫਰ ਕਰ ਲੈਂਦੇ। ਇਥੇ ਫਰਜ਼ੀ ਆਈ.ਡੀ. ਬਣਾ ਕੇ ਪੈਸੇ ਕਢਵਾ ਲੈਂਦੇ ਸਨ, ਪਰ ਗੁਪਤ ਸੂਚਨਾ ਤੋਂ ਬਾਅਦ ਪੁਲਿਸ ਨੇ ਇਨ੍ਹਾਂ ਨੂੰ ਕਾਬੂ ਕਰਨ ਲਈ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ। ਆਖਰ ਸਬੂਤ ਹਾਸਲ ਹੋਣ 'ਤੇ ਪੁਲਿਸ ਨੇ ਬਲਜੀਤ ਤੇ ਉਸ ਦੇ ਸਾਥੀਆਂ ਅੰਮ੍ਰਿਤਪਾਲ ਸਿੰਘ ਤੇ ਜਸਬੀਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ।

## ਬੇਅਦਬੀ ਮਾਮਲੇ ਦੀ ਰਿਪੋਰਟ ਬਾਰੇ ਹਾਈ ਕੋਰਟ ਕੋਲ ਪਹੁੰਚ

**ਚੰਡੀਗੜ੍ਹ:** ਸ੍ਰੀ ਗੁਰੂ ਗ੍ਰੰਥ ਸਾਹਿਬ ਬੇਅਦਬੀ ਮਾਮਲੇ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਕਰ ਰਹੇ ਜਸਟਿਸ ਜ਼ੋਰਾ ਸਿੰਘ ਤੋਂ ਰਿਪੋਰਟ ਲੈਣ ਲਈ ਕਿਸੇ ਅਧਿਕਾਰੀ ਦੇ ਨਾ ਪਹੁੰਚਣ ਦਾ ਮਾਮਲਾ ਹੋਈ ਕੋਰਟ ਵਿਚ ਜਾ ਪਹੁੰਚਿਆ ਹੈ। ਪਟੀਸ਼ਨਕਰਤਾ ਨੇ ਅਪੀਲ ਕੀਤੀ ਹੈ ਕਿ ਸਰਕਾਰ ਵੱਲੋਂ ਇੰਨੇ ਗੰਭੀਰ ਮੁੱਦੇ ਨੂੰ ਸੰਜੀਦਗੀ ਨਾਲ ਨਹੀਂ ਲਿਆ ਗਿਆ। ਮਾਮਲੇ ਦੀ ਸੁਣਵਾਈ 20 ਜੁਲਾਈ ਤੱਕ ਟਲ ਗਈ ਹੈ।ਪਟੀਸ਼ਨਕਰਤਾ ਨੇ ਅਪੀਲ ਕੀਤੀ ਹੈ ਕਿ ਸਰਕਾਰੀ ਅਧਿਕਾਰੀਆਂ ਦੇ ਅਜਿਹੇ ਰਵੱਈਏ ਉਤੇ ਕੋਈ ਆਦੇਸ਼ ਜਾਰੀ ਕੀਤਾ ਜਾਵੇ।

ਹਾਈ ਕੋਰਟ ਨੇ ਇਸ ਮਾਮਲੇ 'ਤੇ ਸੁਣਵਾਈ ਦੌਰਾਨ ਕਿਹਾ ਕਿ ਜੇਕਰ ਕੋਈ ਸ਼ਿਕਾਇਤ ਹੈ ਤਾਂ ਉਸ ਨੂੰ ਪ੍ਰਸ਼ਾਸਨ ਪੱਧਰ ਉਤੇ ਉਠਾਇਆ ਜਾਵੇ ਨਾ ਕਿ ਅਦਾਲਤ ਦੇ ਪੱਖ ਤੋਂ। ਦਰਅਸਲ, ਰਿਟਾਇਰਡ ਜਸਟਿਸ ਜ਼ੋਰਾ ਸਿੰਘ ਜਦ ਆਪਣੀ ਰਿਪੋਰਟ ਪੇਸ਼ ਕਰਨ ਲਈ ਸਕੱਤਰੇਤ ਪਹੁੰਚੇ ਸਨ ਤਾਂ ਉਥੇ ਕੋਈ ਵੀ ਸੀਨੀਅਰ ਅਧਿਕਾਰੀ ਮੌਜੂਦ ਨਹੀਂ ਸੀ। ਆਖਰ ਫੋਨ 'ਤੇ ਗੱਲਬਾਤ ਕਰਨ ਤੋਂ ਬਾਅਦ ਕੁਝ ਅਧਿਕਾਰੀ ਪਹੁੰਚੇ ਸਨ। ਕਾਫੀ ਦੇਰ ਤੱਕ ੋਰਾ ਸਿੰਘ ਕਮਿਸ਼ਨ ਨੇ ਇਹ ਰਿਪੋਰਟ ਜੂਨੀਅਰ ਅਧਿਕਾਰੀਆਂ ਨੂੰ ਸੌਂਪਣ ਤੋਂ ਇਨਕਾਰ ਕਰੀ ਰੱਖਿਆ, ਪਰ ਆਖਰ ਗੱਲਬਾਤ ਕਰਨ ਮਗਰੋਂ ਉਹ ਆਪਣੀ ਰਿਪੋਰਟ ਚੀਫ ਸੈਕਟਰੀ ਦੇ ਦਫਤਰ ਦੇ ਕੇ ਗਏ ਸਨ।

# ਅਮਰੀਕਾ ਦੀ ਕਾਰਵਾਈ 'ਤੇ ਭੜਕਿਆ ਉਤਰੀ ਕੋਰੀਆ

**ਸਿਓਲ:** ਉਤਰ ਕੋਰੀਆ ਨੇ ਅਮਰੀਕਾ ਵੱਲੋਂ ਉਸ 'ਤੇ ਲਾਈ ਗਈ ਰੋਕ ਨੂੰ ਜੰਗ ਵਾਲੀ ਕਾਰਵਾਈ ਕਰਾਰ ਦਿੱਤਾ ਹੈ। ਉਤਰ ਕੋਰੀਆ ਨੇ ਕਿਹਾ ਹੈ ਕਿ ਇਹ ਤਾਂ ਅਮਰੀਕਾ ਨੇ ਜੰਗ ਦਾ ਐਲਾਨ ਕੀਤਾ ਹੈ। ਉਤਰ ਕੋਰੀਆ ਨੇ ਅਮਰੀਕਾ ਨਾਲ ਕੂਟਨੀਤਕ ਰਿਸ਼ਤੇ ਖਤਮ ਕਰਨ ਦੀ ਵੀ ਗੱਲ ਕੀਤੀ ਹੈ। ਦੂਜੇ ਪਾਸੇ ਕਤਰ ਤੇ ਪੋਲੈਂਡ ਨੇ ਵੀ ਦੇਸ਼ ਵਿਚ ਆਉਣ ਵਾਲੇ ਉਤਰੀ ਕੋਰੀਅਨ ਵਰਕਰਾਂ ਦੇ ਵੀਜ਼ਿਆਂ ਦੀ ਗਿਣਤੀ ਘਟਾ ਦਿੱਤੀ ਹੈ। ਹੁਣ ਇਸ ਮਸਲੇ ਨਾਲ ਨਜਿੱਠਣ ਲਈ ਅਮਰੀਕਾ ਸਾਊਥ ਕੋਰੀਆ ਨਾਲ ਮਿਲ ਕੇ ਥਾਡ ਮਿਜ਼ਾਇਲ ਸਿਸਟਮ ਤਾਇਨਾਤ ਕਰੇਗਾ। ਅਮਰੀਕਾ ਨੇ ਹਾਲ ਹੀ ਵਿਚ ਉਤਰੀ ਕੋਰੀਆ ਦੇ ਤਾਨਾਸ਼ਾਹ ਕਿਮ ਜੋਂਗ ਓਨ ਤੇ 10 ਅਫਸਰਾਂ 'ਤੇ ਇਹ ਕਹਿ ਕੇ ਪਾਬੰਦੀਆਂ ਲਾਈਆਂ ਸਨ ਕਿ ਇਹ ਲੋਕ ਮਨੁੱਖੀ ਅਧਿਕਾਰਾਂ ਨੂੰ ਕੁਚਲਦੇ ਹਨ। ਹਾਲਾਂਕਿ ਪਰਮਾਣੂ ਪ੍ਰੋਗਰਾਮ ਨੂੰ ਲੈ ਕੇ ਯੂ.ਐਸ. ਨੇ ਪਹਿਲਾਂ ਵੀ ਇਸ ਦੇਸ਼ 'ਤੇ ਪਾਬੰਦੀ ਲਾਈ ਹੋਈ ਹੈ ਪਰ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਸਿੱਧੇ ਤੌਰ ਉਤੇ ਕਿਮ ਜੋਂਗ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਸ ਉਤੇ ਉਤਰੀ ਕੋਰੀਆ ਦੇ ਵਿਦੇਸ਼ ਮੰਤਰਾਲੇ ਨੇ ਬਿਆਨ ਜਾਰੀ ਕਰ ਅਮਰੀਕਾ ਦੇ ਇਲਜ਼ਾਮਾਂ ਨੂੰ ਝੂਠਾ



ਕਰਾਰ ਦਿਤਾ ਹੈ।

ਉਨ੍ਹਾਂ ਦੇ ਆਪਣੇ ਬਿਆਨ ਵਿਚ ਦੇਸ਼ ਦਾ ਅਧਿਕਾਰਤ ਨਾਂ ਡੈਮੋਕ੍ਰੇਟਿਕ ਪੀਪਲਜ਼ ਰਿਪਬਲਿਕ ਆਫ ਕੋਰੀਆ ਲਿਆ ਤੇ ਕਿਹਾ ਕਿ ਅਮਰੀਕਾ ਨੇ ਜੰਗ ਦਾ ਐਲਾਨ ਕਰ ਦਿਤਾ ਹੈ। ਉਨ੍ਹਾਂ ਕਿਹਾ ਹੈ ਕਿ ਅਮਰੀਕਾ ਇਨ੍ਹਾਂ ਪਾਬੰਦੀਆਂ ਨੂੰ ਹਟਾਏ ਨਹੀਂ ਤਾਂ ਅਮਰੀਕਾ ਨਾਲ ਸਾਰੇ ਕੂਟਨੀਤਕ ਰਿਸ਼ਤੇ ਤੋੜ ਦਿੱਤੇ ਜਾਣਗੇ।

# ਕੇਂਦਰ ਨੇ ਜ਼ਾਕਿਰ 'ਤੇ ਸ਼ਿਕੰਜਾ ਕੱਸਿਆ

**ਨਵੀਂ ਦਿੱਲੀ:** ਵਿਵਾਦਾਂ ਵਿਚ ਫਸੇ ਇਸਲਾਮਿਕ ਪ੍ਰਚਾਰਕ ਜ਼ਾਕਿਰ ਨਾਇਕ ਖਿਲਾਫ ਕੇਂਦਰ ਨੇ ਹੋਰ ਸ਼ਿਕੰਜਾ ਕੱਸਦਿਆਂ ਉਸ ਦੇ ਇਸਲਾਮਿਕ ਰਿਸਰਚ ਫਾਊਂਡੇਸ਼ਨ (ਆਈ.ਆਰ.ਐਫ.)



ਨੂੰ ਵਿਦੇਸ਼ਾਂ ਵਿਚੋਂ ਮਿਲਦੇ ਫੰਡਾਂ ਅਤੇ ਉਸ ਦੇ ਭਾਸ਼ਣਾਂ ਦੀ ਜਾਂਚ ਕੀਤੀ ਜਾ ਰਹੀ। ਕੇਂਦਰ ਸਰਕਾਰ ਨੇ ਇਹ ਕਦਮ ਮਹਾਰਾਸ਼ਟਰ ਸਰਕਾਰ ਦੇ ਆਦੇਸ਼ ਤੋਂ ਬਾਅਦ ਚੁੱਕਿਆ ਹੈ ਜਿਸ ਨੇ ਉਸ ਦੇ ਭਾਸ਼ਣਾਂ ਦੀ ਜਾਂਚ ਦੇ ਆਦੇਸ਼ ਜਾਰੀ ਕੀਤੇ ਹਨ। ਸੂਤਰਾਂ ਅਨੁਸਾਰ ਗ੍ਰਹਿ ਮੰਤਰਾਲਾ ਆਈ.ਆਰ.ਐਫ. ਨੂੰ ਵਿਦੇਸ਼ਾਂ ਤੋਂ ਮਿਲਦੇ ਫੰਡਾਂ ਦੀ ਜਾਂਚ ਕਰੇਗਾ ਜਿਸ ਬਾਰੇ ਰਿਪੋਰਟਾਂ ਮਿਲੀਆਂ ਹਨ ਕਿ ਇਹ ਰਕਮ ਸਿਆਸੀ ਸਰਗਰਮੀਆਂ ਅਤੇ ਕੱਟੜਤਾ ਫੈਲਾਉਣ ਉਤੇ ਖਰਚ ਕੀਤੀ ਜਾ ਰਹੀ ਹੈ। ਇਸ ਬਾਰੇ ਇਕ ਆਨ ਲਾਈਨ ਪਟੀਸ਼ਨ ਵੀ ਪਾਈ ਗਈ ਹੈ ਜਿਸ ਵਿਚ ਆਈ.ਆਰ.ਐਫ. ਅਤੇ ਜ਼ਾਕਿਰ 'ਤੇ ਲਗਾਏ ਦੋਸ਼ਾਂ ਦੀ ਜਾਂਚ ਗ੍ਰਹਿ ਮੰਤਰਾਲਾ ਕਰੇਗਾ।

## ਬੰਗਲਾਦੇਸ਼ 'ਚ ਪੀਸ ਟੀ.ਵੀ. ਉਤੇ ਪਾਬੰਦੀ

**ਢਾਕਾ:** ਬੰਗਲਾਦੇਸ਼ ਵਿਚ ਹਾਲ ਹੀ 'ਚ ਹੋਏ ਅਤਿਵਾਦੀਆਂ ਹਮਲਿਆਂ ਤੋਂ ਬਾਅਦ ਵਿਵਾਦਾਂ ਵਿਚ ਘਿਰੇ ਇਸਲਾਮਿਕ ਪ੍ਰਚਾਰਕ ਡਾ. ਜ਼ਾਕਿਰ ਨਾਇਕ ਦੇ ਪੀਸ ਟੀ.ਵੀ. ਉਤੇ ਬੰਗਲਾਦੇਸ਼ 'ਚ ਪਾਬੰਦੀ ਲਗਾ ਦਿੱਤੀ ਗਈ ਹੈ। ਨਾਇਕ ਖਿਲਾਫ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਸਰਕਾਰ ਨੇ ਪਹਿਲੀ ਵਾਰ ਵੱਡੀ ਕਾਰਵਾਈ ਕੀਤੀ ਹੈ। ਟੀ.ਵੀ. ਉਤੇ ਪਾਬੰਦੀ ਲਗਾਉਣ ਦਾ ਫੈਸਲਾ ਬੰਗਲਾਦੇਸ਼ ਦੀ ਕੈਬਨਿਟ ਵਿਚ ਲਿਆ ਗਿਆ। ਨਾਇਕ ਦੇ ਭਾਸ਼ਣਾ ਦੀ ਬੰਗਲਾਦੇਸ਼ ਅਤੇ ਭਾਰਤ ਵਿਚ ਜਾਂਚ ਹੋ ਰਹੀ ਹੈ। ਯਾਦ ਰਹੇ ਕਿ ਹਮਲੇ ਨੂੰ ਅੰਜਾਮ ਦੇਣ ਵਾਲੇ ਦੋ ਦਹਿਸ਼ਤਗਰਦ ਡਾਕਟਰ ਨਾਇਕ ਦੇ ਭਾਸ਼ਣਾਂ ਤੋਂ ਪ੍ਰਭਾਵਿਤ ਸਨ। ਇਹ ਚੈਨਲ ਦੁਬਈ ਤੋਂ ਅੱਪਲਿੰਕ ਹੁੰਦਾ ਹੈ ਅਤੇ ਪੂਰੇ ਏਸ਼ੀਆ ਵਿਚ ਦੇਖਿਆ ਜਾਂਦਾ ਹੈ। ਭਾਰਤ ਵਿਚ ਇਸ ਚੈਨਲ ਨੂੰ ਦਿਖਾਉਣ ਦਾ ਲਾਇਸੰਸ ਨਹੀਂ ਸੀ, ਪਰ ਫਿਰ ਕੁਝ ਕੇਬਲ ਅਪਰੇਟਰ ਨੂੰ ਇਸ ਨੂੰ ਦਿਖਾਉਂਦੇ ਸਨ।

# ਟਾਈਟਲਰ ਮਾਮਲੇ ਵਿਚ ਸੀ.ਬੀ.ਆਈ. ਸੁਸਤ

## ਸਟੇਟਸ ਰਿਪੋਰਟ ਦਾਖਲ ਕਰਨ ਲਈ ਮੁੜ ਸਮਾਂ ਮੰਗਿਆ

**ਨਵੀਂ ਦਿੱਲੀ:** 1984 ਦੇ ਸਿੱਖ ਕਤਲੇਆਮ ਮਾਮਲੇ ਵਿਚ ਘਿਰੇ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖਿਲਾਫ ਦਿੱਲੀ ਦੇ ਕੜਕੜਡੂਮਾ ਅਦਾਲਤ ਵਿਚ ਸੀ.ਬੀ.ਆਈ. ਵੱਲੋਂ ਸਟੇਟਸ ਰਿਪੋਰਟ ਦਾਖਲ ਨਹੀਂ ਕੀਤੀ ਗਈ। ਸੀ.ਬੀ.ਆਈ. ਨੇ ਅਦਾਲਤ ਤੋਂ ਰਿਪੋਰਟ ਦਾਖਲ ਕਰਨ ਲਈ ਦੋ ਮਹੀਨੇ ਦਾ ਹੋਰ ਸਮਾਂ ਮੰਗਿਆ ਹੈ। ਸੀ.ਬੀ.ਆਈ. ਵੱਲੋਂ ਇੰਟਰਪੋਲ ਦਾ ਹਵਾਲਾ ਦੇ ਕੇ ਜਾਂਚ ਲਈ ਹੋਰ ਸਮਾਂ ਦੀ ਮੰਗ ਕੀਤੀ ਗਈ ਹੈ। ਇਸ ਸਬੰਧੀ ਅਦਾਲਤ ਨੇ ਅਗਲੀ ਸੁਣਵਾਈ 14 ਸਤੰਬਰ ਕਰਨ ਦਾ ਫੈਸਲਾ ਕੀਤਾ ਹੈ।

ਦੂਜੇ ਪਾਸੇ ਸੀ.ਬੀ.ਆਈ. ਦੀ ਇਸ ਦਲੀਲ ਉਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਤਰਾਜ਼ ਪ੍ਰਗਟਾਇਆ ਹੈ। ਸੀ.ਬੀ.ਆਈ. ਦੇ ਅਧਿਕਾਰੀਆਂ ਦੀ ਢਿੱਲੀ ਕਾਰਗੁਜ਼ਾਰੀ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਰਦਾਸ਼ਤ ਨਾ ਕਰਨ ਦੀ ਚਿਤਾਵਨੀ ਦਿੱਤੀ ਹੈ। ਕਮੇਟੀ ਦੇ



ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੂੰ ਇਸ ਸਬੰਧੀ ਗ੍ਰਹਿ ਮੰਤਰਾਲੇ ਦੀ ਐਸ.ਆਈ.ਟੀ. ਤੋਂ ਸੇਧ ਲੈਣ ਦੀ ਗੱਲ ਆਖੀ ਹੈ। ਮਨਜੀਤ ਸਿੰਘ ਜੀ.ਕੇ. ਨੇ ਐਸ.ਆਈ.ਟੀ. ਦੀ ਕਾਰਗੁਜ਼ਾਰੀ ਨੂੰ ਚੰਗਾ ਦੱਸਦੇ ਹੋਏ ਸੀ.ਬੀ.ਆਈ. ਦੀ ਕਾਰਜ ਪ੍ਰਣਾਲੀ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕੜਕੜਡੂਮਾ ਅਦਾਲਤ ਵਿਚ ਸੀ.ਬੀ.ਆਈ. ਵੱਲੋਂ ਪੂਰੀ ਜਾਂਚ ਰਿਪੋਰਟ ਦਾਖਲ ਨਾ ਕਰਨ ਨੂੰ ਮੰਦਭਾਗਾ ਦੱਸਿਆ। ਜੀ.ਕੇ. ਅਨੁਸਾਰ ਸਿੱਖ ਕਦੇਂ ਵੀ ਸੀ.ਬੀ.ਆਈ. ਅਧਿਕਾਰੀਆਂ ਦੇ ਲਾਪਰਵਾਹੀ ਭਰੇ ਵਿਵਹਾਰ ਨੂੰ ਬਰਦਾਸ਼ਤ ਨਹੀਂ ਕਰਨਗੇ। ਮਨਜੀਤ ਸਿੰਘ ਨੇ ਆਖਿਆ ਕਿ ਟਾਈਟਲਰ ਖਿਲਾਫ ਕੈਨੇਡਾ ਤੋਂ ਸਬੂਤ ਲਿਆਉਣ ਵਾਸਤੇ ਦਿੱਲੀ ਕਮੇਟੀ ਵੱਲੋਂ ਕੈਨੇਡਾ ਜਾਂਚ ਟੀਮ ਭੇਜਣ ਦੀ ਵੀ ਪੇਸ਼ਕਸ਼ ਵੀ ਅਦਾਲਤ ਵਿਚ ਕੀਤੀ ਗਈ ਹੈ। ਜੀ.ਕੇ. ਨੇ ਐਲਾਨ ਕੀਤਾ ਕਿ ਉਹ ਛੇਤੀ ਹੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਇਸ ਮੁੱਦੇ ਉਤੇ ਮੁਲਾਕਾਤ ਕਰਨਗੇ।

# ਅਮਰੀਕਾ 'ਚ ਭਾਰਤੀ ਕਾਮਿਆਂ ਦਾ ਰਾਹ ਡੱਕਣ ਲਈ ਸਰਗਰਮੀ

**ਵਾਸ਼ਿੰਗਟਨ:** ਭਾਰਤੀਆਂ ਨੂੰ ਐਚ-1 ਬੀ ਤੇ ਐਲ-1 ਵੀਜ਼ੇ ਤੋਂ ਰੋਕਣ ਲਈ ਅਮਰੀਕਾ ਪੂਰੀ ਤਰ੍ਹਾਂ ਸਰਗਰਮ ਹੋ ਗਿਆ ਹੈ। ਇਸ ਵੀਜ਼ੇ ਤੋਂ ਭਾਰਤੀਆਂ ਨੂੰ ਮੁਥਾਜ ਕਰਨ ਲਈ ਅਮਰੀਕਾ ਦੇ ਹਾਊਸ ਆਫ ਰੀਪ੍ਰੀਜੈਂਟੇਟਿਵ ਵਿਚ ਕਾਨੂੰਨੀ ਮਾਹਿਰਾਂ ਨੇ ਬਿੱਲ ਪੇਸ਼ ਕਰ ਦਿੱਤਾ ਹੈ। ਜੇਕਰ ਹਾਊਸ ਵਿਚ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਅਮਰੀਕਾ ਵਿਚ ਕੰਮ ਕਰਨ ਵਾਲੀਆਂ ਭਾਰਤੀ ਆਈ.ਟੀ. ਕੰਪਨੀਆਂ ਨੂੰ ਐਚ-1 ਬੀ ਤੇ ਐਲ-1 ਵੀਜ਼ਾ ਉਤੇ ਮਾਹਿਰਾਂ ਨੂੰ ਬੁਲਾਉਣਾ ਔਖਾ ਹੋ ਜਾਵੇਗਾ। ਐਚ-1 ਬੀ ਤੇ ਐਲ-1 ਵੀਜ਼ਾ ਸੁਧਾਰ ਐਕਟ 2016 ਨੂੰ ਨਿਊ ਜਰਸੀ ਤੋਂ ਡੈਮੋਕ੍ਰੇਟਿਕ ਦੇ ਕਾਂਗਰਸ ਮੈਨ ਬਿੱਲ ਪੈਸਕਰਿਲ ਤੇ ਰਿਪਬਲੀਕਨ ਦੇ ਕੈਲੇਫੋਰਨੀਆ ਤੋਂ ਮੈਂਬਰ ਡੈਨਾ ਰੋਹਾਰਬੈਚਰ ਨੇ ਹਾਊਸ ਵਿਚ ਪੇਸ਼ ਕੀਤਾ।




ਇਸ ਬਿੱਲ ਵਿਚ ਇਸ ਗੱਲ ਦੀ ਵਿਵਸਥਾ ਕੀਤੀ ਗਈ ਹੈ ਕਿ ਅਮਰੀਕਾ ਵਿਚ ਚੱਲ ਰਹੀਆਂ ਉਨ੍ਹਾਂ ਕੰਪਨੀਆਂ ਨੂੰ ਐਚ-1 ਬੀ ਤੇ ਐਲ-1 ਵੀਜ਼ਾ ਨਹੀਂ ਮਿਲੇਗਾ ਜਿਨ੍ਹਾਂ ਦੇ ਕਰਮਚਾਰੀਆਂ ਦੀ ਗਿਣਤੀ 50 ਹੈ। ਇਸ ਤੋਂ ਇਲਾਵਾ ਕੰਪਨੀਆਂ 50 ਫੀਸਦੀ ਤੋਂ ਜ਼ਿਆਦਾ ਕਰਮੀਆਂ ਨੂੰ ਐਚ-1 ਬੀ ਤੇ ਐਲ-1 ਵੀਜ਼ਾ ਜਾਰੀ ਨਹੀਂ ਕਰਨ ਸਕਣਗੀਆਂ। ਇਸ ਤੋਂ ਸਪਸ਼ਟ ਹੈ ਕਿ ਅਮਰੀਕਾ ਆਈ.ਟੀ. ਖੇਤਰ ਵਿਚ ਅਮਰੀਕੀ ਨੌਜਵਾਨਾਂ ਨੂੰ ਨੌਕਰੀਆਂ ਲਈ ਵੱਧ ਮੌਕੇ ਦੇਣਾ ਚਾਹੁੰਦਾ ਹੈ। ਜੇਕਰ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਇਸ ਦੀ ਸਿੱਧੀ ਮਾਰ ਭਾਰਤੀ ਆਈ.ਟੀ. ਮਾਹਿਰਾਂ ਉਤੇ ਪਵੇਗੀ। ਅਮਰੀਕਾ ਦੇ ਆਈ.ਟੀ. ਖੇਤਰ ਵਿਚ ਭਾਰਤੀ ਮਾਹਿਰਾਂ ਦੀ ਪਕੜ ਹੈ, ਪਰ ਅਮਰੀਕਾ ਐਚ-1 ਬੀ ਤੇ ਐਲ -1 ਵੀਜ਼ਾ ਉਤੇ ਰੋਕ ਲਾ ਕੇ ਭਾਰਤੀ ਆਈ.ਟੀ. ਮਾਹਿਰਾਂ ਨੂੰ ਅਮਰੀਕਾ ਆਉਣ ਤੋਂ ਰੋਕਣਾ ਚਾਹੁੰਦਾ ਹੈ। ਅਮਰੀਕਾ ਵਿਚ ਚੱਲਣ ਵਾਲੀਆਂ ਆਈ.ਟੀ. ਕੰਪਨੀਆਂ ਵੀ ਭਾਰਤੀ ਆਈ.ਟੀ. ਮਾਹਿਰਾਂ ਉੱਤੇ ਜ਼ਿਆਦਾਤਰ ਨਿਰਭਰ ਹਨ। ਇਸ ਕਾਨੂੰਨ ਦੇ ਪਾਸ ਹੋਣ ਨਾਲ ਇਨ੍ਹਾਂ ਕੰਪਨੀਆਂ ਦੇ ਕਾਰੋਬਾਰ ਉੱਤੇ ਵਿਆਪਕ ਅਸਰ ਪਵੇਗਾ। ਬਿੱਲ ਨੂੰ ਕਾਨੂੰਨ ਦਾ ਰੂਪ ਲੈਣ ਤੋਂ ਪਹਿਲਾਂ ਰਾਸ਼ਟਰਪਤੀ ਬਰਾਕ ਓਬਾਮਾ ਕੋਲ ਵੀ ਜਾਣਾ ਹੋਵੇਗਾ। ਉਨ੍ਹਾਂ ਨੂੰ ਪਾਸ ਕਰਨ ਤੋਂ ਪਹਿਲਾਂ ਸੈਨੇਟ ਦੀ ਮਨਜ਼ੂਰੀ ਲੈਣੀ ਹੋਵੇਗੀ। ਆਈ.ਟੀ. ਖੇਤਰ ਵਿਚ ਅਮਰੀਕੀ ਨੌਜਵਾਨਾਂ ਵਿਚ ਭਾਰੀ ਬੇਰੁਜ਼ਗਾਰੀ ਹੈ।

ਇਸ ਕਰ ਕੇ ਇਹ ਮੁੱਦਾ ਸਿਆਸੀ ਰੂਪ ਅਮਰੀਕਾ ਵਿਚ ਧਾਰਨ ਕਰ ਚੁੱਕਾ ਹੈ। ਭਾਰਤੀ ਕੰਪਨੀਆਂ ਕਾਬਲੀਅਤ ਤੇ ਕੰਮ ਨੂੰ ਦੇਖਦੇ ਹੋਏ ਭਾਰਤੀ ਆਈ.ਟੀ. ਮਾਹਿਰਾਂ ਨੂੰ ਜ਼ਿਆਦਾ ਤਰਜੀਹ ਦਿੰਦੀਆਂ ਹਨ। ਭਾਰਤੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਆਪਣੀ ਅਮਰੀਕੀ ਫੇਰੀ ਦੌਰਾਨ ਇਹ ਐਚ-1 ਬੀ ਤੇ ਐਲ-1 ਵੀਜ਼ਾ ਦਾ ਮੁੱਦਾ ਕਾਂਗਰਸ ਨਾਲ ਵਿਚਾਰਿਆ ਵੀ ਸੀ ਪਰ ਅਮਰੀਕਾ ਵੱਲੋਂ ਇਸ ਮੁੱਦੇ ਉੱਤੇ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਦਿੱਤਾ ਗਿਆ ਸੀ।

## ਵਿਦੇਸ਼ ਪੜ੍ਹਨ ਦੇ ਸ਼ੌਕੀਨਾਂ ਦੇ ਸੁਪਨੇ ਟੁੱਟੇ

**ਵੇਲਿੰਗਟਨ:** ਨਿਊਜ਼ੀਲੈਂਡ ਨੇ ਇਥੇ ਪੜ੍ਹਾਈ ਲਈ ਆਉਣਾ ਚਾਹੁੰਦੇ ਹਜ਼ਾਰਾਂ ਭਾਰਤੀ ਵਿਦਿਆਰਥੀਆਂ ਨੂੰ ਵੀਜ਼ਾ ਦੇਣ ਤੋਂ ਇਨਕਾਰ ਕੀਤਾ ਹੈ। ਇਹ ਖੁਲਾਸਾ ਇਕ ਮੀਡੀਆ ਰਿਪੋਰਟ ਤੋਂ ਹੋਇਆ ਹੈ। ਰੇਡੀਓ ਨਿਊਜ਼ੀਲੈਂਡ ਦੀ ਰਿਪੋਰਟ ਮੁਤਾਬਕ ਇਮੀਗ੍ਰੇਸ਼ਨ ਨਿਊਜ਼ੀਲੈਂਡ (ਆਈ.ਐਨ.ਜ਼ੈਡ.) ਅਧਿਕਾਰੀਆਂ ਦਾ ਮੰਨਣਾ ਹੈ ਕਿ ਹੇਠਲੇ ਦਰਜੇ ਦੀਆਂ ਵਿਦਿਅਕ ਸੰਸਥਾਵਾਂ ਵਿਚ ਦਾਖਲੇ ਲੈਣ ਵਾਲੇ ਭਾਰਤੀ ਵਿਦਿਆਰਥੀਆਂ ਦਾ ਇਰਾਦਾ ਪੜ੍ਹਨਾ ਨਹੀਂ ਸੀ। ਸਰਕਾਰੀ ਅੰਕੜਿਆਂ ਮੁਤਾਬਕ 51 ਸੰਸਥਾਵਾਂ, ਜਿਨ੍ਹਾਂ ਵਿਚ ਮੁਲਕ ਦੇ ਅੱਧੇ ਪੌਲੀਟੈਕਨਿਕ ਇੰਸਟੀਚਿਊਟ ਸ਼ਾਮਲ ਹਨ, ਵੱਲੋਂ ਭਾਰਤੀ ਵਿਦਿਆਰਥੀਆਂ ਦੀਆਂ ਰੱਦ ਕੀਤੀਆਂ ਅਰਜ਼ੀਆਂ ਦੀ ਗਿਣਤੀ 30 ਫੀਸਦੀ ਤੋਂ ਵੱਧ ਹੈ। ਜ਼ਿਆਦਾਤਰ ਵਿਦਿਅਕ ਸੰਸਥਾਵਾਂ ਨੇ ਅੱਧੇ ਤੋਂ ਵੱਧ ਅਰਜ਼ੀਆਂ ਰੱਦ ਕੀਤੀਆਂ ਹਨ। ਇਕ ਸੰਸਥਾ ਨੇ 86 ਫੀਸਦੀ ਅਰਜ਼ੀਆਂ ਠੁਕਰਾਈਆਂ ਹਨ।

ਇਹ ਅੰਕੜੇ ਦਸੰਬਰ, 2015 ਤੋਂ ਮਈ, 2016 ਦੇ ਅੰਤ ਤੱਕ ਦੇ ਹਨ। ਇਨ੍ਹਾਂ ਸੰਸਥਾਵਾਂ ਵਿਚ ਭਾਰਤੀ ਵਿਦਿਆਰਥੀਆਂ ਦੀਆਂ ਘੱਟ ਤੋਂ ਘੱਟ ਦਸ ਹਜ਼ਾਰ ਅਰਜ਼ੀਆਂ ਆਈਆਂ ਸਨ। ਇਨ੍ਹਾਂ ਅੰਕੜਿਆਂ ਮੁਤਾਬਕ ਇਮੀਗ੍ਰੇਸ਼ਨ ਨਿਊਜ਼ੀਲੈਂਡ ਨੇ 3864 ਵੀਜ਼ਾ ਅਰਜ਼ੀਆਂ ਰੱਦ ਕੀਤੀਆਂ ਹਨ ਅਤੇ 3176 ਨੂੰ ਹਰੀ ਝੰਡੀ ਦਿੱਤੀ ਹੈ। ਅਧਿਕਾਰੀਆਂ ਦਾ ਤਰਕ ਹੈ ਕਿ ਇਹ ਵਿਦਿਆਰਥੀ ਇਥੇ ਪੜ੍ਹਨ ਲਈ ਨਹੀਂ ਆਉਣਾ ਚਾਹੁੰਦੇ ਸਨ ਜਾਂ ਇਹ ਆਪਣਾ ਖਰਚਾ-ਪਾਣੀ ਨਹੀਂ ਚੁੱਕ ਸਕਦੇ ਹਨ। ਰੇਡੀਓ ਨਿਊਜ਼ੀਲੈਂਡ ਨੇ ਆਕਲੈਂਡ ਇੰਟਰਨੈਸ਼ਨਲ ਐਜੂਕੇਸ਼ਨ ਗਰੁੱਪ ਦੇ ਤਰਜਮਾਨ ਪਾਲ ਚੈਮਰਜ਼ ਦੇ ਹਵਾਲੇ ਨਾਲ ਕਿਹਾ ਕਿ ਜ਼ਿਆਦਾਤਰ ਰੱਦ ਕੀਤੀਆਂ ਅਰਜ਼ੀਆਂ ਧੋਖਾਦੇਹੀ ਨਾਲ ਸਬੰਧਤ ਨਹੀਂ ਸਨ, ਪਰ ਇਹ ਇਮੀਗ੍ਰੇਸ਼ਨ ਨਿਯਮਾਂ ਉਤੇ ਖਰੀਆਂ ਨਹੀਂ ਉਤਰਦੀਆਂ ਸਨ। ਉਨ੍ਹਾਂ ਕਿਹਾ, 'ਇਮੀਗ੍ਰੇਸ਼ਨ ਕਈ ਵਾਰ ਅਸਲ ਵਿਦਿਆਰਥੀਆਂ ਦੀਆਂ ਅਰਜ਼ੀਆਂ ਵੀ ਰੱਦ ਕਰ ਦਿੰਦਾ ਹੈ।' ਇਕ ਵਿਦਿਅਕ ਸੰਸਥਾ ਦੇ ਬੁਲਾਰੇ ਰਿਚਰਡ ਗੁੱਡਆਲ ਨੇ ਕਿਹਾ ਕਿ ਭਾਰਤ ਤੋਂ ਆਉਂਦੀਆਂ ਅਰਜ਼ੀਆਂ ਖਿਲਾਫ਼ ਇਮੀਗ੍ਰੇਸ਼ਨ ਸਖਤ ਹੈ, ਪਰ 50 ਫੀਸਦੀ ਤੋਂ ਵੱਧ ਅਰਜ਼ੀਆਂ ਰੱਦ ਕਰਨ ਨਾਲ ਸਵਾਲ ਖੜ੍ਹੇ ਹੁੰਦੇ ਹਨ। ਨਿਊਟਨ ਕਾਲਜ ਆਫ ਬਿਜ਼ਨਸ ਐਂਡ ਟੈਕਨਾਲੋਜੀ ਨੇ 60 ਫੀਸਦੀ ਅਰਜ਼ੀਆਂ ਠੁਕਰਾਈਆਂ ਹਨ। ਇੰਪੀਰੀਅਲ ਕਾਲਜ ਆਫ ਨਿਊਜ਼ੀਲੈਂਡ ਨੇ ਸਭ ਤੋਂ ਵੱਧ 86 ਫੀਸਦੀ ਅਰਜ਼ੀਆਂ ਰੱਦ ਕੀਤੀਆਂ ਹਨ।

## ਟੈਕਸ ਧੋਖਾਧੜੀ ਮਾਮਲੇ ਵਿਚ ਮੈਸੀ ਨੂੰ 21 ਮਹੀਨੇ ਦੀ ਜੇਲ੍ਹ

**ਮੈਡਰਿਡ:** ਹਾਲ ਹੀ ਵਿਚ ਅੰਤਰਰਾਸ਼ਟਰੀ ਫੁੱਟਬਾਲ ਨੂੰ ਅਲਵਿਦਾ ਕਹਿ ਚੁੱਕੇ ਅਰਜਨਟੀਨਾ ਦੇ ਮਹਾਨ ਖਿਡਾਰੀ ਲਿਓਨੈਲ ਮੈਸੀ ਨੂੰ ਟੈਕਸ ਧੋਖਾਧੜੀ ਮਾਮਲੇ ਵਿਚ ਸਪੇਨ ਦੀ ਇਕ ਅਦਾਲਤ ਨੇ 21 ਮਹੀਨਿਆਂ ਦੀ ਜੇਲ੍ਹ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਮੈਸੀ ਦੇ ਪਿਤਾ ਜੋਰਜ ਨੂੰ ਵੀ ਇਸ ਮਾਮਲੇ ਵਿਚ ਦੋਸ਼ੀ ਠਹਿਰਾਉਂਦਿਆਂ 21 ਮਹੀਨੇ ਜੇਲ੍ਹ ਦੀ ਸਜ਼ਾ ਸੁਣਾਈ। ਅਦਾਲਤ ਨੇ ਪਿਉ-ਪੁੱਤ ਨੂੰ ਟੈਕਸ ਧੋਖਾਧੜੀ ਦੇ ਤਿੰਨ ਮਾਮਲਿਆਂ ਵਿਚ ਦੋਸ਼ੀ ਪਾਇਆ।

ਅਦਾਲਤ ਨੇ ਮੈਸੀ ਨੂੰ ਤਕਰੀਬਨ 15 ਕਰੋੜ ਅਤੇ ਉਸ ਦੇ ਪਿਤਾ ਨੂੰ 11 ਕਰੋੜ ਜੁਰਮਾਨਾ ਅਦਾ ਕਰਨ ਦਾ ਵੀ ਹੁਕਮ ਸੁਣਾਇਆ। ਹਾਲਾਂਕਿ ਇਸ ਸਜ਼ਾ ਖਿਲਾਫ ਸਪੇਨ ਦੀ ਸੁਪਰੀਮ ਕੋਰਟ ਵਿਚ ਅਪੀਲ ਕੀਤੀ ਜਾ ਸਕਦੀ ਹੈ। ਸਪੇਨ ਦੇ ਕਾਨੂੰਨ ਮੁਤਾਬਕ ਕਿਉਂਕਿ ਇਹ ਸਜ਼ਾ ਦੋ ਸਾਲ ਤੋਂ ਘੱਟ ਹੈ ਅਤੇ ਨਾ ਤਾਂ ਲਿਓਨੈਲ ਮੈਸੀ ਅਤੇ ਨਾ ਹੀ ਉਨ੍ਹਾਂ ਦੇ ਪਿਤਾ ਦਾ ਕੋਈ ਅਪਰਾਧਕ ਰਿਕਾਰਡ ਰਿਹਾ ਹੈ, ਇਸ ਲਈ ਉਨ੍ਹਾਂ ਨੂੰ ਸ਼ਾਇਦ ਹੀ ਜੇਲ੍ਹ ਜਾਣਾ ਪਵੇ। ਮੈਸੀ ਅਤੇ ਉਸ ਦਾ ਵਿੱਤੀ ਕੰਮਕਾਜ ਸੰਭਾਲਣ ਵਾਲੇ ਉਸ ਦੇ ਪਿਤਾ ਉਤੇ 2007 ਅਤੇ 2009 ਦੇ ਵਿਚਾਲੇ ਸਪੇਨ ਵਿਚ 45 ਲੱਖ ਡਾਲਰ (ਤਕਰੀਬਨ 30 ਕਰੋੜ ਰੁਪਏ) ਦੀ ਧੋਖਾਧੜੀ ਦਾ ਦੋਸ਼ ਹੈ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਦੋਵਾਂ ਨੇ ਇਮੇਜ ਰਾਈਟਸ ਤੋਂ ਹੋਣ ਵਾਲੀ ਆਮਦਨੀ ਨੂੰ ਛੁਪਾਉਣ ਲਈ ਬੇਲੀਜ ਅਤੇ ਉਰੁਗੂਏ ਵਰਗੇ ਦੇਸ਼ਾਂ ਦਾ ਸਹਾਰਾ ਲਿਆ। ਮੈਸੀ ਦੇ ਵਕੀਲ ਦਾ ਤਰਕ ਹੈ ਕਿ ਮੈਸੀ ਨੇ ਕਦੇ ਵੀ ਆਪਣੇ ਕਰਾਰਾਂ ਨੂੰ ਨਾ ਪੜ੍ਹਿਆ ਅਤੇ ਨਾ ਹੀ ਉਸ ਉਤੇ ਗੌਰ ਕੀਤਾ। ਖੁਦ ਮੈਸੀ ਨੇ ਵੀ ਅਦਾਲਤ 'ਚ ਸੁਣਵਾਈ ਦੌਰਾਨ ਕਬੂਲ ਕੀਤਾ ਸੀ ਕਿ ਉਸ ਦਾ ਧਿਆਨ ਸਿਰਫ ਆਪਣੀ ਖੇਡ 'ਤੇ ਹੀ ਸੀ ਜਦਕਿ ਉਸ ਦਾ ਵਿੱਤੀ ਕੰਮਕਾਜ ਉਨ੍ਹਾਂ ਦੇ ਪਿਤਾ ਹੀ ਵੇਖਦੇ ਸਨ। ਮੈਸੀ ਨੇ ਆਪਣੇ ਬਚਾਅ 'ਚ ਕਿਹਾ ਸੀ ਕਿ ਉਸ ਨੂੰ ਅਤੇ ਉਸ ਦੇ ਪਿਤਾ ਨੂੰ ਟੈਕਸ ਨਿਯਮਾਂ ਬਾਰੇ ਵਿਚ ਜਾਣਕਾਰੀ ਨਹੀਂ ਸੀ।

## ਕੈਨੇਡਾ 'ਚ ਸਿੱਖ ਵਿਦਿਆਰਥੀ ਨੇ ਚਮਕਾਇਆ ਨਾਮ

**ਟੋਰਾਂਟੋ:** ਕੈਨੇਡਾ ਵਿਚ ਇਕ 14 ਸਾਲ ਦੇ ਸਕੂਲੀ ਵਿਦਿਆਰਥੀ ਨੂੰ ਐਰਕਟਿਕ ਮੁਹਿੰਮ ਲਈ ਚੁਣਿਆ ਗਿਆ ਹੈ। ਅਭੇਜੀਤ ਸਿੰਘ ਸੱਚਲ ਨੂੰ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਦੇ 100 ਦੇ ਕਰੀਬ ਸਕੂਲ ਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਨਾਲ ਪੰਜ ਅਗਸਤ ਤੱਕ ਈਸਟਨ ਕੈਨੇਡੀਅਨ ਐਰਕਟਿਕ ਤੇ ਵੈਸਟਨ ਗਰੀਨ ਲੈਂਡ ਮੁਹਿੰਮ ਵਿਚ ਹਿੱਸਾ ਲੈਣ ਦਾ ਮੌਕਾ ਮਿਲੇਗਾ। ਇਸ ਮੁਹਿੰਮ ਲਈ ਸੱਚਲ ਨੂੰ 11 ਹਜ਼ਾਰ 900 ਡਾਲਰ ਦੀ ਸਕਾਲਰਸ਼ਿਪ ਵੀ ਮਿਲੀ ਹੈ।



ਇਸ ਵਕਾਰੀ ਮੁਹਿੰਮ ਵਿਚ ਚੁਣੇ ਜਾਣ ਤੋਂ ਬਾਅਦ ਅਭੇਜੀਤ ਨੇ ਆਖਿਆ ਕਿ ਇਸ ਨਾਲ ਜਿਥੇ ਉਸ ਦੇ ਹੌਸਲੇ ਵਿਚ ਵਾਧਾ ਹੋਵੇਗਾ, ਉਥੇ ਹੀ ਵਾਤਾਵਰਨ ਪਰਿਵਰਤਨ ਬਾਰੇ ਨਵੀਆਂ ਚੀਜ਼ਾਂ ਸਿੱਖਣ ਨੂੰ ਵੀ ਮਿਲਣਗੀਆਂ। ਸੱਚਲ ਇਸ ਸਮੇਂ 10 ਵੀਂ ਜਮਾਤ ਦਾ ਵਿਦਿਆਰਥੀ ਹੈ।ਉਨ੍ਹਾਂ ਆਖਿਆ ਕਿ ਇਸ ਮੁਹਿੰਮ ਵਿਚ ਹਿੱਸਾ ਲੈਣ ਤੋਂ ਬਾਅਦ ਉਹ ਆਪਣੇ ਤਜਰਬੇ ਨੂੰ ਲੋਕਾਂ ਨਾਲ ਸਾਂਝੇ ਕਰੇਗਾ। ਸਟੂਡੈਂਟ ਆਨ ਆਈਸ (ਐਸ.ਓ.ਆਈ.) 16 ਸਾਲ ਦੇ ਕਰੀਬ ਪਹਿਲਾਂ ਸ਼ੁਰੂ ਹੋਈ ਸੀ। ਇਸ ਵਿਚ ਹੁਣ ਤੱਕ 52 ਦੇਸ਼ਾਂ ਦੇ ਕਰੀਬ 2500 ਵਿਦਿਆਰਥੀ ਹਿੱਸਾ ਲੈ ਚੁੱਕੇ ਹਨ।

## ਸਿੱਖ ਨੌਜਵਾਨ ਬਣਿਆ ਆਸਟਰੇਲੀਆ 'ਚ ਪੁਲਿਸ ਅਫਸਰ

**ਪਰਥ:** ਆਸਟਰੇਲੀਆ ਵਿਚ ਰਹਿਣ ਵਾਲੇ ਸਿੱਖ ਨੇ ਇਤਿਹਾਸ ਰਚ ਦਿੱਤਾ ਹੈ। ਵੈਸਟਰਨ ਆਸਟਰੇਲੀਆ ਪੁਲਿਸ ਵਿਚ ਸ਼ਾਮਲ ਹੋਣ ਵਾਲਾ ਗੁਰਪ੍ਰੀਤ ਸਿੰਘ ਪਹਿਲਾ ਸਿੱਖ ਅਫਸਰ ਬਣ ਗਿਆ ਹੈ। ਆਸਟਰੇਲੀਆ ਦੇ ਇਲਾਕੇ ਜੋਨਡਲਪ ਵਿਚ ਪਾਸਿੰਗ ਆਊਟ ਪਰੇਡ ਵਿਚ ਸ਼ਾਮਲ 55 ਅਫਸਰਾਂ ਵਿਚ ਦਸਤਾਰ ਧਾਰੀ ਸਿੱਖ ਨੌਜਵਾਨ ਗੁਰਪ੍ਰੀਤ ਸਿੰਘ ਵੀ ਸ਼ਾਮਲ ਸੀ। ਸਿਰ ਉਤੇ ਨੀਲੀ ਦਸਤਾਰ ਸਜਾਈ ਗੁਰਪ੍ਰੀਤ ਸਿੰਘ ਸਾਰੇ ਪੁਲਿਸ ਅਫਸਰਾਂ ਵਿਚ ਵੱਖ ਨਜ਼ਰ ਆ ਰਿਹਾ ਸੀ। ਪੁਲਿਸ ਵਿਚ ਅਫਸਰ ਭਰਤੀ ਹੋਣ ਤੋਂ ਬਾਅਦ ਗੁਰਪ੍ਰੀਤ ਸਿੰਘ ਨੇ ਆਖਿਆ ਕਿ ਇਹ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ। ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪੁਲਿਸ ਵਿਚ ਭਰਤੀ ਹੋਣ ਤੋਂ ਪਹਿਲਾਂ ਉਨ੍ਹਾਂ ਸਰੀਰਕ ਤੌਰ ਉੱਤੇ ਫਿੱਟ ਹੋਣ ਲਈ ਕਾਫੀ ਮਿਹਨਤ ਕਰਨੀ ਪਈ।

ਇਸ ਤੋਂ ਬਾਅਦ ਲਿਖਤੀ ਇਮਤਿਹਾਨ ਪਾਸ ਕਰਨ ਤੋਂ ਬਾਅਦ ਉਸ ਨੂੰ ਪੁਲਿਸ ਵਿਚ ਵਿਭਾਗ ਵਿਚ ਐਂਟਰੀ ਮਿਲੀ। ਗੁਰਪ੍ਰੀਤ ਦਾ ਸਬੰਧ ਪੰਜਾਬ ਨਾਲ ਹੈ ਤੇ ਉਹ 2005 ਵਿਚ ਪਰਿਵਾਰ ਨਾਲ ਆਸਟਰੇਲੀਆ ਆਇਆ ਸੀ। ਪਰਥ ਵਿਚ ਉਹ 2008 ਵਿਚ ਪਹੁੰਚਿਆ। ਆਪਣੀ ਪਤਨੀ ਤੇ ਚਾਰ ਸਾਲ ਦੇ ਬੇਟੇ ਨਾਲ ਗੁਰਪ੍ਰੀਤ ਸਿੰਘ ਨੇ ਆਪਣਾ ਟਿਕਾਣਾ ਪਰਥ ਨੂੰ ਹੀ ਬਣਾ ਲਿਆ ਹੈ। ਗੈਰੀ ਦੇ ਨਾਮ ਨਾਲ ਜਾਣੇ ਜਾਣ ਵਾਲੇ ਗੁਰਪ੍ਰੀਤ ਸਿੰਘ ਨੂੰ ਪਹਿਲੀ ਪੋਸਟਿੰਗ ਡਰਿੰਕ ਐਂਡ ਡਰਾਈਵ ਮੁਹਿੰਮ ਉਤੇ ਲੱਗੀ ਹੈ।

## ਦੂਜਿਆਂ ਨੂੰ ਸਮਝਣ ਵਿਚ ਗਲਤੀ ਕਰਦੇ ਨੇ ਗੁਸੈਲ ਆਦਮੀ

**ਵਾਸ਼ਿੰਗਟਨ:** ਗੁਸੈਲ ਵਿਅਕਤੀ ਸਮਾਜਿਕ ਹਾਲਾਤ ਵਿਚ ਹੋਰਾਂ ਦੇ ਇਰਾਦਿਆਂ ਨੂੰ ਗਲਤ ਸਮਝ ਲੈਂਦਾ ਹੈ, ਜਿਸ ਦਾ ਨਤੀਜਾ ਗਲਤ ਫੈਸਲੇ ਅਤੇ ਮੂੰਹ ਜ਼ੋਰ ਹਿੰਸਾ ਵਿਚ ਨਿਕਲਦਾ ਹੈ। ਇਹ ਦਾਅਵਾ ਇਕ ਨਵੀਂ ਖੋਜ ਵਿਚ ਕੀਤਾ ਗਿਆ।

ਸ਼ਿਕਾਗੋ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਖੋਜ ਦੌਰਾਨ ਦੇਖਿਆ ਕਿ ਕਦੇ ਕਦੇ ਆਪੇ ਤੋਂ ਬਾਹਰ ਹੋਣ ਵਾਲੇ ਵਿਅਕਤੀ ਦੀਆਂ ਗਿਆਨ ਇੰਦਰੀਆਂ, ਭਾਸ਼ਾਈ ਅਮਲ ਅਤੇ ਸਮਾਜਿਕ ਤਾਲਮੇਲ ਨਾਲ ਸਬੰਧਤ ਦਿਮਾਗ ਦੇ ਹਿੱਸਿਆਂ ਵਿਚਾਲੇ ਆਪਸੀ ਸਬੰਧ ਕਾਫੀ ਕਮਜ਼ੋਰ ਹੁੰਦਾ ਹੈ। ਖੋਜਾਰਥੀਆਂ ਨੇ ਕਿਹਾ ਕਿ ਗੁਸੈਲ ਵਿਅਕਤੀ ਦੂਜਿਆਂ ਦੇ ਇਰਾਦਿਆਂ ਨੂੰ ਸਮਝਣ ਵੇਲੇ ਗਲਤੀ ਕਰ ਬੈਠਦਾ ਹੈ ਅਤੇ ਉਨ੍ਹਾਂ ਨੂੰ ਆਪਣੇ ਵਿਰੋਧੀ ਹੀ ਮੰਨ ਲੈਂਦਾ ਹੈ। ਅਜਿਹਾ ਵਿਅਕਤੀ ਦੂਜੇ ਵਿਅਕਤੀ ਦੀ ਸਰੀਰਕ ਭਾਸ਼ਾ ਜਾਂ ਕੁੱਝ ਖਾਸ ਸ਼ਬਦਾਂ ਵੱਲ ਧਿਆਨ ਹੀ ਨਹੀਂ ਦਿੰਦਾ ਅਤੇ ਸਿਰਫ ਉਨ੍ਹਾਂ ਗੱਲਾਂ ਉਤੇ ਹੀ ਧਿਆਨ ਦਿੰਦਾ ਹੈ, ਜਿਹੜੀਆਂ ਉਸ ਦੀ ਇਸ ਧਾਰਨਾ ਨੂੰ ਪੱਕਾ ਕਰਦੀਆਂ ਹਨ ਕਿ ਦੂਜਾ ਵਿਅਕਤੀ ਉਸ ਨੂੰ ਚੁਣੌਤੀ ਦੇ ਰਿਹਾ ਹੈ।

## 'ਡਿਸ਼ੂਮ' ਦੇ ਡਾਇਰੈਕਟਰ ਨੇ ਮੰਗੀ ਮੁਆਫੀ

**ਨਵੀਂ ਦਿੱਲੀ:** ਸਿੱਖ ਭਾਈਚਾਰੇ ਵੱਲੋਂ ਦਰਜ ਕਰਵਾਏ ਗਏ ਵਿਰੋਧ ਤੋਂ ਬਾਅਦ 'ਡਿਸ਼ੂਮ' ਫਿਲਮ ਦਾ ਉਹ ਗਾਣਾ ਦੁਬਾਰਾ ਫਿਲਮਾਇਆ ਜਾਵੇਗਾ ਜਿਸ ਵਿਚ ਅਦਾਕਾਰਾ ਜੈਕਲੀਨ ਫਰਨਾਂਡਿਸ ਕਿਰਪਾਨ ਨੂੰ ਲੱਕ ਨਾਲ ਬੰਨ੍ਹ ਕੇ ਨੱਚਦੀ ਨਜ਼ਰ ਆ ਰਹੀ ਹੈ। ਇਹ ਹੀ ਨਹੀਂ ਫਿਲਮ ਦੇ ਡਾਇਰੈਕਟਰ ਰੋਹਿਤ ਧਵਨ ਨੇ ਇਸ ਲਈ ਸਿੱਖ ਭਾਈਚਾਰੇ ਤੋਂ ਮੁਆਫੀ ਵੀ ਮੰਗੀ ਹੈ। ਇਹ ਦਾਅਵਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਕੀਤਾ ਹੈ।


ਸਿਰਸਾ ਨੇ ਕਿਹਾ ਕੁਝ ਸਿੱਖ ਆਗੂਆਂ ਦੇ ਕਹਿਣ ਉਤੇ ਉਨ੍ਹਾਂ ਨੇ ਫਿਲਮ ਦੇ ਡਾਇਰੈਕਟਰ ਨੂੰ ਲੀਗਲ ਨੋਟਿਸ ਭੇਜਿਆ ਸੀ। ਇਸ 'ਤੇ ਅਮਲ ਕਰਦਿਆਂ ਫਿਲਮ ਡਾਇਰੈਕਟਰ ਨੇ ਇਸ ਉਤੇ ਆਪਣੇ ਗਲਤੀ ਤੇ ਟਾਲ-ਮਟੋਲ ਕਰਨ ਦੀ ਬਜਾਏ ਮੁਆਫੀ ਮੰਗੀ ਹੈ। ਫਿਲਮ ਵਿਚਲੇ ਇਸ ਗਾਣੇ ਨੂੰ ਰੀ-ਸ਼ੂਟ ਕਰ ਕੇ ਹੀ ਫਿਲਮ ਨੂੰ ਰਿਲੀਜ਼ ਕੀਤਾ ਜਾਵੇਗਾ। ਸਿਰਸਾ ਨੇ ਇਸ ਲਈ ਫਿਲਮ ਦੇ ਡਾਇਰੈਕਟਰ ਦਾ ਧੰਨਵਾਦ ਕਰਦਿਆਂ ਸਿੱਖ ਭਾਈਚਾਰੇ ਦੀ ਇਤਿਹਾਸਕ ਜਿੱਤ ਕਰਾਰ ਦਿੱਤਾ ਹੈ।

## ਢੱਡਰੀਆਂ ਵਾਲੇ ਉਤੇ ਹਮਲੇ ਬਾਰੇ ਜਾਂਚ ਨਹੀਂ ਕਰੇਗੀ ਸੀ.ਬੀ.ਆਈ.

**ਚੰਡੀਗੜ੍ਹ:** ਸੀ.ਬੀ.ਆਈ. ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਦੱਸਿਆ ਕਿ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲੇ ਉਤੇ ਹੋਏ ਹਮਲੇ ਦੀ ਜਾਂਚ ਲਈ ਪੰਜਾਬ ਪੁਲਿਸ ਸਮਰੱਥ ਹੈ। ਇਸ ਜਾਂਚ ਏਜੰਸੀ ਨੇ ਆਪਣੇ ਕੋਲ ਕੰਮ ਦਾ ਬੋਝ ਹੋਣ ਦਾ ਦਾਅਵਾ ਕਰਦਿਆਂ ਦਲੀਲ ਦਿੱਤੀ ਕਿ ਸੀ.ਬੀ.ਆਈ. ਲਈ ਇਸ ਮਾਮਲੇ ਦੀ ਜਾਂਚ ਕਰਨਾ ਢੁਕਵਾਂ ਨਹੀਂ ਹੋਵੇਗਾ। ਏਜੰਸੀ ਨੇ ਇਹ ਵੀ ਦੱਸਿਆ ਕਿ ਰਾਜ ਸਰਕਾਰ ਕੋਲ ਕਈ ਬਦਲ ਹਨ ਅਤੇ ਪੰਜਾਬ ਪੁਲਿਸ ਵੀ ਜਾਂਚ ਦੇ ਸਮਰੱਥ ਹੈ। ਹਾਈ ਕੋਰਟ ਨੇ ਸੀ.ਬੀ.ਆਈ. ਦੀ ਦਲੀਲ ਬਾਰੇ ਪੰਜਾਬ ਸਰਕਾਰ ਤੇ ਪਟੀਸ਼ਨਰ ਤੋਂ ਜਵਾਬ ਮੰਗਿਆ। ਆਪਣੀ ਪਟੀਸ਼ਨ ਵਿਚ ਬਾਬਾ ਢੱਡਰੀਆਂਵਾਲੇ ਨੇ ਦਾਅਵਾ ਕੀਤਾ ਸੀ ਕਿ ਪੰਜਾਬ ਵਿਚ ਸਰਕਾਰੀ ਮਸ਼ੀਨਰੀ ਨਾਕਾਮ ਹੋ ਗਈ ਅਤੇ ਪੁਲਿਸ ਉਨ੍ਹਾਂ ਉਪਰ ਹਮਲੇ ਦੇ ਸਾਜ਼ਿਸ਼ਘਾੜੇ ਹਰਨਾਮ ਸਿੰਘ ਧੁੰਮਾ ਦੀ ਕਠਪੁਤਲੀ ਵਜੋਂ ਕੰਮ ਕਰ ਰਹੀ ਹੈ। ਬੈਂਚ ਨੂੰ ਇਹ ਵੀ ਦੱਸਿਆ ਗਿਆ ਕਿ ਬਾਬਾ ਢੱਡਰੀਆਂਵਾਲਾ ਨੇ ਸ਼ਾਂਤੀ ਪ੍ਰਦਰਸ਼ਨ ਕਰ ਕੇ ਸਰਕਾਰ ਨੂੰ ਇਹ ਕੇਸ ਸੀ.ਬੀ.ਆਈ. ਹਵਾਲੇ ਕਰਨ ਦੀ ਬੇਨਤੀ ਕੀਤੀ ਸੀ ਪਰ ਇਹ ਪ੍ਰਵਾਨ ਨਹੀਂ ਹੋਈ।

## ਮਨੁੱਖਤਾ ਦੇ ਸੇਵਕ ਅਬਦੁਲ ਸੱਤਾਰ ਈਦੀ ਦਾ ਦੇਹਾਂਤ


**ਕਰਾਚੀ:** ਆਪਣਾ ਸਾਰਾ ਜੀਵਨ ਗਰੀਬਾਂ ਤੇ ਮਨੁੱਖਤਾ ਦੀ ਸੇਵਾ ਨੂੰ ਸਮਰਪਤ ਕਰਨ ਵਾਲੇ ਪਾਕਿਸਤਾਨ ਦੇ ਉੱਘੇ ਸਮਾਜ ਸੇਵੀ ਅਬਦੁਲ ਸੱਤਾਰ ਈਦੀ ਦਾ ਗੁਰਦਿਆਂ ਦੇ ਫੇਲ ਹੋਣ ਕਾਰਨ ਦੇਹਾਂਤ ਹੋ ਗਿਆ। ਡਾਇਲੇਸਿਸ ਦੌਰਾਨ 92 ਸਾਲਾਂ ਸ੍ਰੀ ਈਦੀ ਨੂੰ ਸਾਹ ਲੈਣ ਵਿਚ ਦਿੱਕਤ ਆਈ, ਜਿਸ ਮਗਰੋਂ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਨ੍ਹਾਂ ਨੂੰ ਸਰਕਾਰੀ ਸਨਮਾਨਾਂ ਨਾਲ ਦਫਨਾਇਆ ਗਿਆ। ਇਸ ਮੌਕੇ ਰਾਸ਼ਟਰਪਤੀ ਮਮਨੂਨ ਹੁਸੈਨ ਅਤੇ ਥਲ ਸੈਨਾ ਮੁਖੀ ਜਨਰਲ ਰਹੀਲ ਸ਼ਰੀਫ਼ ਸ਼ਾਮਲ ਹੋਏ। ਸਮਾਜ ਭਲਾਈ ਦੇ ਕੰਮਾਂ ਕਾਰਨ ਸ੍ਰੀ ਈਦੀ ਦਾ ਪਾਕਿਸਤਾਨ ਵਿਚ ਬਹੁਤ ਸਤਿਕਾਰ ਸੀ।



ਉਨ੍ਹਾਂ ਦੀ ਈਦੀ ਫਾਊਂਡੇਸ਼ਨ ਨੇ ਹੀ ਪਾਕਿਸਤਾਨ ਵਿਚ ਭਾਰਤੀ ਲੜਕੀ ਗੀਤਾ ਦੀ ਇਕ ਦਹਾਕੇ ਤੋਂ ਵੱਧ ਸਮਾਂ ਦੇਖ ਭਾਲ ਕੀਤੀ। ਬੋਲਣ ਤੇ ਸੁਣਨੋਂ ਅਸਮਰੱਥ ਗੀਤਾ 11 ਸਾਲਾਂ ਦੀ ਉਮਰ ਵਿਚ ਗਲਤੀ ਨਾਲ ਪਾਕਿਸਤਾਨ ਚਲੀ ਗਈ ਸੀ। ਉਸ ਨੂੰ ਪਿਛਲੇ ਸਾਲ ਅਕਤੂਬਰ ਵਿਚ ਭਾਰਤ ਲਿਆਂਦਾ ਗਿਆ। ਸਰਕਾਰ ਨੇ ਸ੍ਰੀ ਈਦੀ ਦੇ ਦੇਹਾਂਤ 'ਤੇ ਇਕ ਦਿਨ ਦੇ ਸੋਗ ਦਾ ਐਲਾਨ ਕੀਤਾ। ਕੌਮੀ ਸਟੇਡੀਅਮ ਵਿਚ ਸਖਤ ਸੁਰੱਖਿਆ ਹੇਠ ਹੋਈਆਂ ਅੰਤਮ ਰਸਮਾਂ ਮੌਕੇ ਹਜ਼ਾਰਾਂ ਲੋਕ ਹਾਜ਼ਰ ਸਨ। ਸ੍ਰੀ ਈਦੀ ਦਾ ਪੁੱਤਰ ਫੈਜ਼ਲ ਪਹਿਲੀ ਕਤਾਰ ਵਿਚ ਰਾਸ਼ਟਰਪਤੀ ਤੇ ਫੌਜ ਮੁਖੀ ਨਾਲ ਖੜ੍ਹਾ ਸੀ। ਇਸ ਮੌਕੇ ਪੰਜਾਬ ਤੇ ਸਿੰਧ ਸੂਬਿਆਂ ਦੇ ਮੁੱਖ ਮੰਤਰੀ, ਸੈਨੇਟ ਚੇਅਰਮੈਨ, ਹੋਰ ਫੌਜੀ ਦਸਤਿਆਂ ਦੇ ਮੁਖੀ ਅਤੇ ਸਿਆਸੀ ਆਗੂ ਤੇ ਉੱਘੀਆਂ ਹਸਤੀਆਂ ਹਾਜ਼ਰ ਸਨ।

# ਵਿਧਾਨ ਸਭਾ ਚੋਣਾਂ: ਕਿਸ ਮੋੜ 'ਤੇ ਹੈ ਪੰਜਾਬ ਦੀ ਰਾਜਨੀਤੀ!

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਕਿਸੇ ਪਾਰਟੀ ਦੇ ਚੋਣਾਂ ਨਾਲ ਸਬੰਧਤ ਇੱਕ ਦਸਤਾਵੇਜ਼ ਦੇ ਪਹਿਲੇ ਪੰਨੇ ਉਤੇ ਸ੍ਰੀ ਦਰਬਾਰ ਸਾਹਿਬ ਦੀ ਫੋਟੋ ਛਾਪ ਕੇ ਉਸ ਵਿਚ ਆਪਣਾ ਚੋਣ ਨਿਸ਼ਾਨ ਛਾਪਣ ਦਾ ਢੰਗ ਬੇਵਕੂਫੀ ਵਾਲਾ ਹੋ ਸਕਦਾ ਹੈ, ਪਰ ਇਹ ਚੋਣਾਂ ਹੋਣ ਤੱਕ ਚੱਲੀ ਜਾਣ ਵਾਲਾ ਮੁੱਦਾ ਬਣਿਆ ਰਹੇਗਾ, ਇਹ ਦਾਅਵਾ ਕਰਨਾ ਔਖਾ ਹੈ। ਪੰਦਰਾਂ ਦਿਨ ਪਹਿਲਾਂ ਤੱਕ ਤਾਂ ਦਿੱਲੀ ਵਿਚ ਇੰਦਰਾ ਗਾਂਧੀ ਦੇ ਕਤਲ ਪਿੱਛੋਂ ਹੋਏ ਕਤਲੇਆਮ ਦੇ ਬਹੁ-ਚਰਚਿਤ ਦੋਸ਼ੀ ਜਗਦੀਸ਼ ਟਾਈਟਲਰ ਦੀ ਹਮਾਇਤ ਵਿਚ ਪੰਜਾਬ ਦੀ ਇੱਕ ਹੋਰ ਪਾਰਟੀ ਦੇ ਮੁਖੀ ਵੱਲੋਂ ਦਿੱਤਾ ਗਿਆ ਬਿਆਨ ਬਹੁਤ ਵੱਡਾ ਮੁੱਦਾ ਬਣਿਆ ਪਿਆ ਸੀ। ਇਸ ਤੋਂ ਪਹਿਲਾਂ ਪਿਛਲੇ ਸਾਲ ਪੰਜਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਕਾਰਨ ਪੰਜਾਬ ਦੀ ਹਾਕਮ ਧਿਰ ਦੀ ਇੱਕ ਪਾਰਟੀ ਦੇ ਲੀਡਰ ਇੰਨੇ ਬੁਰੀ ਤਰ੍ਹਾਂ ਘਿਰੇ ਹੋਏ ਜਾਪਦੇ ਸਨ ਕਿ ਉਹ ਲੋਕਾਂ ਵਿਚ ਜਾਣੋਂ ਤ੍ਰਹਿਕਦੇ ਸਨ ਤੇ ਮੰਤਰੀਆਂ ਨੇ ਮਿੱਥੇ ਹੋਏ ਪ੍ਰੋਗਰਾਮਾਂ ਵਿਚ ਜਾਣ ਤੋਂ ਕਿਨਾਰਾ ਕਰ ਲਿਆ ਸੀ। ਉਨ੍ਹਾਂ ਮੁੱਦਿਆਂ ਦੀ ਕੋਈ ਚਰਚਾ ਹੁਣ ਨਹੀਂ ਸੁਣੀ ਜਾਂਦੀ ਤੇ ਨਵਾਂ ਮੁੱਦਾ ਮਿਲ ਗਿਆ ਹੈ, ਜਿਸ ਦੇ ਦੁਆਲੇ ਘੁੰਮ ਰਹੀ ਪੰਜਾਬ ਦੀ ਸਿਆਸਤ ਇੱਕ ਨਵੇਂ ਮੋੜ ਉਤੇ ਆਣ ਪਹੁੰਚੀ ਹੈ। ਅਗਲੇ ਦਿਨਾਂ ਵਿਚ ਕੋਈ ਹੋਰ ਇਸ ਤੋਂ ਵੱਡਾ ਮੁੱਦਾ ਵੀ ਉਠ ਸਕਦਾ ਹੈ।

ਪੰਜਾਬ ਦੇ ਲੋਕਾਂ ਦੇ ਸਾਹਮਣੇ ਕੁਝ ਇਹੋ ਜਿਹੇ ਵੱਡੇ ਸਵਾਲ ਖੜੇ ਹਨ, ਜੋ ਕਿਸੇ ਵੀ ਦੌਰ ਵਿਚ ਉਬਲਦੇ ਰਹਿੰਦੇ ਹਨ ਤੇ ਕਦੇ-ਕਦੇ ਜਨਤਕ ਰੋਹ ਦਾ ਰੂਪ ਧਾਰਨ ਕਰ ਕੇ ਬਾਹਰ ਆ ਜਾਂਦੇ ਹਨ। ਅਗਲਾ ਸਾਲ ਚੜ੍ਹਨ ਨਾਲ ਪੰਜਾਬ ਦੇ ਲੋਕਾਂ ਨੇ ਆਪਣੇ ਭਵਿੱਖ ਦੇ ਪੰਜ ਸਾਲਾਂ ਦੀ ਵਾਗ ਕਿਸੇ ਨਾ ਕਿਸੇ ਪਾਰਟੀ ਦੇ ਹੱਥ ਦੇਣੀ ਹੈ ਤੇ ਜਿੰਨਾ ਕੁਝ ਇਸ ਵੇਲੇ ਹੁੰਦਾ ਪਿਆ ਹੈ, ਉਹ ਲੋਕਾਂ ਦੀਆਂ ਵੋਟਾਂ ਖਿੱਚਣ ਵਾਸਤੇ ਹੀ ਹੁੰਦਾ ਪਿਆ ਹੈ।

ਕਾਫੀ ਸਮਾਂ ਪਹਿਲਾਂ ਜਦੋਂ ਕੁਝ ਪੱਤਰਕਾਰਾਂ ਨੇ ਆਮ ਆਦਮੀ ਪਾਰਟੀ ਨਾਲ ਜੁੜਨ ਦਾ ਰਾਹ ਫੜਿਆ ਸੀ ਤਾਂ ਇੱਕ ਸੱਜਣ ਨੇ ਉਨ੍ਹਾਂ ਦੇ ਇਸ ਰੁਝਾਨ ਬਾਰੇ ਪੁੱਛਿਆ ਸੀ। ਅਸੀਂ ਇਕੱਠੇ ਕਈ ਜਣੇ ਬੈਠੇ ਹੋਏ ਸਾਂ। ਸਾਡੇ ਨਾਲ ਬੈਠੇ ਇੱਕ ਦੇਸੀ ਜਿਹੇ ਸੱਜਣ ਨੂੰ ਭਾਵੇਂ ਪੁੱਛਿਆ ਨਹੀਂ ਸੀ ਗਿਆ, ਉਸ ਨੇ ਕਿਸੇ ਹੋਰ ਲਈ ਪੁੱਛੇ ਸਵਾਲ ਦਾ ਜਵਾਬ ਦੇਣ ਵਾਸਤੇ ਇੱਕ ਕਹਾਵਤ ਬਿਨਾਂ ਪੁੱਛੇ ਸੁਣਾ ਦਿੱਤੀ ਕਿ 'ਬੇਵਕੂਫ ਦੀ ਬਰਾਤੇ ਜਾਣ ਨਾਲੋਂ ਅਕਲਮੰਦ ਦੀ ਅਰਥੀ ਪਿੱਛੇ ਜਾਣਾ ਵੀ ਚੰਗਾ ਹੁੰਦਾ ਹੈ।' ਇਸ ਦਾ ਭਾਵ ਪੁੱਛਣ ਉਤੇ ਉਸ ਨੇ ਕਿਹਾ ਸੀ ਕਿ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਇਮਾਨਦਾਰ ਹੋ ਸਕਦੀ ਹੈ, ਪਰ ਇਹ ਅਕਲਮੰਦ ਗਿਣੀ ਜਾਣ ਦੇ ਲਾਇਕ ਨਹੀਂ। ਪਹਿਲਾਂ ਦਿੱਲੀ ਦਾ ਰਾਜ ਮਿਲ ਜਾਣ ਪਿੱਛੋਂ ਉਸ ਨੂੰ ਚਲਾ ਕੇ ਇੱਕ ਮਿਸਾਲ ਪੇਸ਼ ਕਰਨ ਦੀ ਥਾਂ ਇਹ ਸਾਬਤ ਕਰਨ ਉਤੇ ਜ਼ੋਰ ਲਾ ਦਿੱਤਾ ਕਿ ਲੋਕ ਬੱਸ ਦੀ ਸੀਟ ਵੀ ਨਹੀਂ ਛੱਡਦੇ ਤੇ ਉਨ੍ਹਾਂ ਦਾ ਆਗੂ ਮੁੱਖ ਮੰਤਰੀ ਦੀ ਕੁਰਸੀ ਨੂੰ ਲੱਤ ਮਾਰ ਕੇ ਤੁਰ ਗਿਆ



ਹੈ। ਫਿਰ ਦਿੱਲੀ ਦੀ ਕਮਾਨ ਹੱਥ ਆਈ ਤਾਂ ਉਸ ਨੇ ਇਹ ਖਿਆਲ ਕਦੇ ਵੀ ਨਹੀਂ ਕੀਤਾ ਕਿ ਲੋਕਾਂ ਨੂੰ ਚੰਗੇ ਰਾਜ ਦੀ ਮਿਸਾਲ ਪੇਸ਼ ਕਰਨ ਲਈ ਇਸ ਸੰਵਿਧਾਨਕ ਢਾਂਚੇ ਵਿਚ ਤਾਲਮੇਲ ਦੇ ਢੰਗ ਅਪਨਾ ਕੇ ਕੰਮ ਕਰਨ ਦਾ ਰਾਹ ਕੱਢਣ ਵਾਸਤੇ ਬਿੱਧ ਸੋਚੇ ਤੇ ਕੁਝ ਕਰ ਕੇ ਵਿਖਾਵੇ, ਸਗੋਂ ਏਸੇ ਕੋਸ਼ਿਸ਼ ਵਿਚ ਰਹਿੰਦਾ ਹੈ ਕਿ 'ਰਾਜਸੀ ਸ਼ਹੀਦ' ਇੱਕ ਵਾਰ ਹੋਰ ਬਣ ਸਕੇ।

ਕੇਂਦਰ ਦੀ ਸਰਕਾਰ ਇਸ ਦੇਸ਼ ਵਿਚ ਸਦਾ ਰਹਿਣੀ ਹੈ। ਉਸ ਨਾਲ ਤਿੱਖਾ ਪੇਚਾ ਪਾਉਣ ਵਾਲੀਆਂ ਸਰਕਾਰਾਂ ਵੀ ਚੱਲਦੀਆਂ ਤੇ ਕੰਮ ਕਰਦੀਆਂ ਹਨ। ਮਮਤਾ ਬੈਨਰਜੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ 'ਬਾਂਸ' ਦੀ ਵਰਤੋਂ ਦਾ ਜਿਹੜਾ ਭਾਸ਼ਣ ਕਰ ਦਿੱਤਾ ਸੀ, ਉਸ ਦੇ ਬਾਵਜੂਦ ਰਾਜ ਚਲਾਉਣ ਦਾ ਘੱਟੋ-ਘੱਟ ਤਾਲਮੇਲ ਜਾਰੀ ਰੱਖਿਆ ਸੀ। ਜਨਤਕ ਪ੍ਰਭਾਵ ਇਹ ਬਣਦਾ ਜਾਂਦਾ ਹੈ ਕਿ ਸਿਰਫ ਅਰਵਿੰਦ ਕੇਜਰੀਵਾਲ ਹੈ, ਜਿਹੜਾ ਕਿਸੇ ਨਾਲ ਵੀ ਚਾਰ ਕਦਮ ਚੱਲਣ ਲਈ ਤਿਆਰ ਨਹੀਂ, ਹਰ ਮਾਮਲੇ ਵਿਚ ਆਢਾ ਲਾਉਣ ਦਾ ਕੋਈ ਨਾ ਕੋਈ ਬਹਾਨਾ ਬਣਾਉਣ ਲੱਗਾ ਰਹਿੰਦਾ ਹੈ।

ਜਿਸ ਸਿਸਟਮ ਵਿਚ ਰਹਿਣਾ ਹੈ, ਉਸ ਨੂੰ ਜੇ ਬਦਲਣ ਦੇ ਕਿਸੇ ਇਨਕਲਾਬੀ ਕਦਮ ਦਾ ਇਰਾਦਾ ਨਾ ਹੋਵੇ, ਤੇ ਸਿਰਫ ਚੱਲਦੇ ਸਿਸਟਮ ਦੇ ਨੁਕਸਾਂ ਦੇ ਖਿਲਾਫ ਹੀ ਲੜਨਾ ਹੋਵੇ ਤਾਂ ਇਹ ਖਿਆਲ ਰੱਖਣਾ ਪੈਂਦਾ ਹੈ ਕਿ ਲੜਨ ਵਾਲੇ ਦੇ ਆਪਣੇ ਉਤੇ ਕਿਸੇ ਤਰ੍ਹਾਂ ਕੋਈ ਦੋਸ਼ ਨਾ ਲਾਇਆ ਜਾਵੇ। ਕੇਜਰੀਵਾਲ ਨੇ ਆਪ ਇਹ ਮੌਕੇ ਦਿੱਤੇ ਹਨ। ਦਿੱਲੀ ਵਿਚ ਸਰਕਾਰ ਬਣਾ ਕੇ ਉਸ ਬੰਦੇ ਨੂੰ ਕਾਨੂੰਨ ਮੰਤਰੀ ਬਣਾ ਦਿੱਤਾ, ਜਿਸ ਕੋਲ ਕਾਨੂੰਨ ਦੀ ਜਾਅਲੀ ਡਿਗਰੀ ਸੀ ਤੇ ਉਸ ਦੇ ਖਿਲਾਫ ਕੇਸ ਦਰਜ ਹੋਣ ਪਿੱਛੋਂ ਵੀ ਉਸ ਦੇ ਪੱਖ ਵਿਚ ਕੇਜਰੀਵਾਲ ਖੁਦ ਬੋਲਦਾ ਰਿਹਾ। ਉਸ ਮੰਤਰੀ ਨੂੰ ਉਸ ਕਾਲਜ ਵਿਚ ਲਿਜਾਇਆ ਗਿਆ ਤਾਂ ਕਾਲਜ ਦਾ ਕਮਰਾ ਜਾਂ ਇੱਕ ਵੀ ਪੜ੍ਹਾਉਣ ਵਾਲੇ ਪ੍ਰੋਫੈਸਰ ਨੂੰ ਪਛਾਣ ਨਹੀਂ ਸੀ ਸਕਿਆ ਤੇ ਫਿਰ ਜਾਅਲਸਾਜ਼ੀ ਕੀਤੀ ਮੰਨਣੀ ਪਈ ਸੀ। ਅੰਨਾ ਹਜ਼ਾਰੇ ਦੇ ਮੰਚ ਤੋਂ ਜਿਸ ਕੇਜਰੀਵਾਲ ਦਾ ਇਹ ਭਾਸ਼ਣ ਲੋਕਾਂ ਨੇ ਕਈ ਵਾਰ ਸੁਣਿਆ ਸੀ ਕਿ ਲੋਕਾਂ ਵੱਲੋਂ ਚੁਣੇ ਜਾਣ ਪਿੱਛੋਂ ਸਾਡੇ ਲੀਡਰ ਆਮ ਲੋਕਾਂ ਦੀ ਸੇਵਾ ਕਰਨ ਦੀ ਥਾਂ ਸ਼ਾਨ ਦੀ ਜ਼ਿੰਦਗੀ ਜਿਉਣ ਦੇ ਰਾਹ ਪੈ ਜਾਂਦੇ ਹਨ, ਉਹ ਮੁੱਖ ਮੰਤਰੀ ਬਣਿਆ ਤਾਂ ਪਾਰਲੀਮੈਂਟਰੀ ਸੈਕਟਰੀ ਦੇ ਅਹੁਦੇ ਆਪਣੇ ਵਿਧਾਇਕਾਂ ਨੂੰ ਕਾਨੂੰਨ ਦੀ ਅਗੇਤੀ ਪ੍ਰਵਾਨਗੀ ਲਏ ਬਿਨਾਂ ਵੰਡ ਦਿੱਤੇ। ਇਸ ਤਰ੍ਹਾਂ ਕਾਂਗਰਸੀ, ਭਾਜਪਾ ਅਤੇ ਅਕਾਲੀ ਦਲ ਦੀਆਂ ਸਰਕਾਰਾਂ ਨੇ ਵੀ ਕੀਤਾ ਹੋਇਆ ਸੀ, ਪਰ ਕੇਜਰੀਵਾਲ ਉਸ ਕੀਤੇ ਬਾਰੇ ਜਦੋਂ ਨੁਕਤਾਚੀਨੀ ਕਰਦਾ ਰਿਹਾ ਸੀ ਤਾਂ ਉਸ ਨੂੰ ਇਸ ਤੋਂ ਖੁਦ ਪ੍ਰਹੇਜ਼ ਕਰਨ ਦੀ ਲੋੜ ਸੀ। ਇਹ ਦਲੀਲ ਕਿਸੇ ਦੇ ਸੰਘੋਂ ਨਹੀਂ ਉਤਰੀ ਕਿ ਵਿਧਾਇਕਾਂ ਨੂੰ ਅਹੁਦੇ ਹੀ ਦਿੱਤੇ ਹਨ, ਮਾਲੀ ਪੱਖੋਂ ਕੋਈ ਲਾਭ ਨਹੀਂ ਦਿੱਤਾ। ਜਿਸ ਬੰਦੇ ਕੋਲ ਅਜਿਹਾ ਅਹੁਦਾ ਹੋਵੇ, ਉਸ ਨੂੰ ਮਾਲੀ ਲਾਭ ਮੰਗਣ ਦੀ ਲੋੜ ਹੀ ਨਹੀਂ ਰਹਿੰਦੀ, ਸਬੰਧਤ ਮਹਿਕਮਿਆਂ ਦੇ ਅਫਸਰ ਵੇਲੇ-ਕੁਵੇਲੇ ਜਦੋਂ ਘਰੀਂ ਆ ਕੇ ਸ਼ਗਨ ਦਾ ਲਿਫਾਫਾ ਦੇ ਜਾਂਦੇ ਹਨ ਤਾਂ ਕੇਜਰੀਵਾਲ ਨੂੰ ਕਿਸੇ ਵਿਧਾਇਕ ਨੇ ਦੱਸਣ ਨਹੀਂ ਜਾਣਾ।

ਪਿਛਲੀਆਂ ਸਰਕਾਰਾਂ ਦੇ ਵਕਤ ਕੇਜਰੀਵਾਲ ਇਹ ਕਹਿੰਦਾ ਰਿਹਾ ਕਿ ਜਿਸ ਦੇ ਖਿਲਾਫ ਭ੍ਰਿਸ਼ਟਾਚਾਰ ਦੀ ਕੋਈ ਜਾਂਚ ਚੱਲ ਰਹੀ ਹੋਵੇ, ਉਹ ਕਿਸੇ ਅਹੁਦੇ ਉਤੇ ਨਹੀਂ ਰਹਿਣਾ ਚਾਹੀਦਾ। ਹੁਣ ਉਸ ਦੇ ਆਪਣੇ ਪ੍ਰਿੰਸੀਪਲ ਸੈਕਟਰੀ ਦੀ ਗ੍ਰਿਫਤਾਰੀ ਹੋਈ ਹੈ। ਉਸ ਪ੍ਰਿੰਸੀਪਲ ਸੈਕਟਰੀ ਦੇ ਸਬੰਧ ਵਿਚ ਦੋ ਗੱਲਾਂ ਹਨ। ਪਹਿਲੀ ਇਹ ਕਿ ਉਸ ਨੂੰ ਜਿਹੜੇ ਕੇਸ ਵਿਚ ਫੜਿਆ ਗਿਆ ਹੈ, ਉਸ ਵਿਚ ਭ੍ਰਿਸ਼ਟਾਚਾਰ ਦੇ ਸਾਫ ਸੰਕੇਤ ਮਿਲਦੇ ਹਨ। ਦੂਸਰੀ ਗੱਲ ਇਹ ਹੈ ਕਿ ਉਸ ਨੂੰ ਭ੍ਰਿਸ਼ਟਾਚਾਰ ਦੇ ਕਾਰਨ ਨਹੀਂ ਫੜਿਆ ਗਿਆ, ਕੇਜਰੀਵਾਲ ਦੀਆਂ ਜੜ੍ਹਾਂ ਟੁੱਕਣ ਦੇ ਲਈ ਫੜ ਕੇ ਜੇਲ੍ਹ ਪਾਇਆ ਗਿਆ ਹੈ। ਇਸ ਦਾ ਸਾਫ ਸਬੂਤ ਇਹ ਹੈ ਕਿ ਉਸ ਅਫਸਰ ਦੇ ਖਿਲਾਫ ਇਹ ਕੇਸ 2006 ਵਿਚ ਕੀਤੇ ਗਏ ਕਿਸੇ ਭ੍ਰਿਸ਼ਟ ਕੰਮ ਦਾ ਹੈ। ਦਸ ਸਾਲ ਤੱਕ ਉਸ ਨੂੰ ਫੜਿਆ ਨਹੀਂ ਗਿਆ ਤੇ ਹੁਣ ਆ ਕੇ ਕੇਜਰੀਵਾਲ ਨੂੰ ਤੰਗ ਕਰਨ ਲਈ ਫੜਿਆ ਹੈ। ਇਹ ਰਾਜਸੀ ਬਦਨੀਤੀ ਹੈ, ਪਰ ਇਸ ਨਾਲ ਇਹ ਗੱਲ ਲੁਕਦੀ ਨਹੀਂ ਕਿ ਕੇਜਰੀਵਾਲ ਨੂੰ ਆਪਣੇ ਨਾਲ ਪ੍ਰਿੰਸੀਪਲ ਸੈਕਟਰੀ ਲਾਉਣ ਵਾਸਤੇ ਉਹ ਬੰਦਾ ਹੀ ਲੱਭਾ, ਜਿਸ ਉਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗਦੇ ਸਨ। ਜਦੋਂ ਇਹ ਗੱਲ ਕਈ ਵਾਰ ਖੁਦ ਕੇਜਰੀਵਾਲ ਨੇ ਆਖੀ ਹੋਈ ਸੀ ਕਿ 'ਜਿਸ ਦੇ ਖਿਲਾਫ ਭ੍ਰਿਸ਼ਟਾਚਾਰ ਦੀ ਕੋਈ ਜਾਂਚ ਚੱਲ ਰਹੀ ਹੋਵੇ, ਉਹ ਕਿਸੇ ਅਹੁਦੇ ਉਤੇ ਨਹੀਂ ਰਹਿਣਾ ਚਾਹੀਦਾ', ਫਿਰ ਉਸ ਅਫਸਰ ਨੂੰ ਆਪਣੇ ਨਾਲ ਏਡਾ ਅਹੁਦਾ ਦੇ ਕੇ ਬਦੋਬਦੀ ਆਪਣੀ ਬਦਨਾਮੀ ਦਾ ਆਧਾਰ ਵੀ ਪੈਦਾ ਨਹੀਂ ਸੀ ਕਰਨਾ ਚਾਹੀਦਾ।

ਸਾਨੂੰ ਇਹ ਗੱਲ ਮੰਨ ਲੈਣ ਵਿਚ ਹਰਜ ਨਹੀਂ ਜਾਪਦਾ ਕਿ ਆਮ ਲੋਕਾਂ ਵਿਚ ਇਸ ਨਵੀਂ ਪਾਰਟੀ ਲਈ 'ਇੱਕ ਵਾਰ ਇਸ ਨੂੰ ਪਰਖਣ ਦਾ ਮੌਕਾ' ਦੇਣ ਦੀ ਭਾਵਨਾ ਹੈ, ਤੇ ਇਹ ਆਮ ਲੋਕਾਂ ਦਾ ਹੱਕ ਹੈ, ਪਰ ਇਹ ਭਾਵਨਾ ਇਸ ਕਰ ਕੇ ਨਹੀਂ ਕਿ ਇਸ ਪਾਰਟੀ ਨੇ ਕੁਝ ਕਰ ਕੇ ਵਿਖਾਇਆ ਹੈ। ਲੋਕਾਂ ਵਿਚ ਇਸ ਤਰ੍ਹਾਂ ਦੀ ਭਾਵਨਾ ਦਾ ਕਾਰਨ ਭਾਰਤੀ ਰਾਜਨੀਤੀ ਅਤੇ ਖਾਸ ਤੌਰ ਉਤੇ ਪੰਜਾਬ ਦੀ ਰਾਜਨੀਤੀ ਦੀਆਂ ਅਗਵਾਨੂੰ ਪਹਿਲੀਆਂ ਮੁੱਖ ਪਾਰਟੀਆਂ ਵੱਲ ਨਾਰਾਜ਼ਗੀ ਦੀ ਓੜਕ ਤੋਂ ਪੈਦਾ ਹੋਈ ਹੈ। ਏਦਾਂ ਦੀ ਨਾਰਾਜ਼ਗੀ ਅਸੀਂ ਚਾਲੀ ਕੁ ਸਾਲ ਪਹਿਲਾਂ ਐਮਰਜੈਂਸੀ ਤੋਂ ਬਾਅਦ ਜੈ ਪ੍ਰਕਾਸ਼ ਨਾਰਾਇਣ ਦੀ ਅਗਵਾਈ ਵਿਚ 'ਸੰਪੂਰਨ ਇਨਕਲਾਬ' ਦਾ ਨਾਅਰਾ ਦੇਣ ਵਾਲਿਆਂ ਦੇ ਹੱਕ ਵਿਚ ਵੀ ਵੇਖੀ ਸੀ, ਪਰ ਸਿੱਟਾ ਵਧੀਆ ਨਹੀਂ ਸੀ ਨਿਕਲਿਆ। ਉਹ ਲਹਿਰ ਦੁੱਧ ਦੇ ਉਬਾਲੇ ਵਾਂਗ ਚੜ੍ਹੀ ਸੀ, ਰਾਜ ਕਰ ਰਹੀ ਇੱਕ ਪਾਰਟੀ ਨੂੰ ਪਾਸੇ ਕਰ ਕੇ ਕਿਸੇ ਸਿਧਾਂਤਕ ਸਾਂਝ ਤੋਂ ਬਗੈਰ ਬਣੇ ਅਣਘੜਤ ਗੱਠਜੋੜ ਦੀ ਸਰਕਾਰ ਦੇ ਬਣਨ ਤੱਕ ਹੀ ਨਿਭੀ ਤੇ ਫਿਰ ਖੱਖੜੀਆਂ ਦਾ ਇਹੋ ਜਿਹਾ ਖਿਲਾਰਾ ਬਣ ਗਈ ਸੀ, ਜਿਸ ਦੀ ਟੁੱਟ-ਭੱਜ ਦੌਰਾਨ ਪੁਰਾਣੇ ਜਨ ਸੰਘ ਨੂੰ ਕੁੰਜ ਬਦਲ ਕੇ ਅਜੋਕੀ ਭਾਰਤੀ ਜਨਤਾ ਪਾਰਟੀ ਦੇ ਰੂਪ ਵਿਚ ਉਭਰਨਾ ਸੌਖਾ ਹੋ ਗਿਆ ਸੀ।

ਅੱਜ ਫਿਰ ਉਸੇ ਤਰ੍ਹਾਂ ਕਾਂਗਰਸ ਮਰਨੇ ਪਈ ਹੈ, ਅਕਾਲੀ-ਭਾਜਪਾ ਗੱਠਜੋੜ ਤੋਂ ਲੋਕਾਂ ਨੂੰ ਕੋਈ ਆਸ ਵਰਗੀ ਗੱਲ ਨਹੀਂ ਜਾਪਦੀ ਤੇ ਅੱਕੀਂ-ਪਲਾਹੀਂ ਹੱਥ ਮਾਰਦੇ ਲੋਕਾਂ ਸਾਹਮਣੇ ਉਹ ਪਾਰਟੀ ਪੇਸ਼ ਹੋ ਰਹੀ ਹੈ, ਜਿਹੜੀ ਬੱਕਰੀ ਅਤੇ ਸ਼ੇਰ ਨੂੰ ਇੱਕੋ ਘਾਟ ਉਤੇ ਪਾਣੀ ਪਿਆਉਣ ਦਾ ਅਣਹੋਣਾ ਸੁਫਨਾ ਵਿਖਾਉਂਦੀ ਹੈ। ਵਿਧਾਨ ਸਭਾ ਚੋਣਾਂ ਹੁਣ ਨੇੜੇ ਆ ਗਈਆਂ ਹਨ, ਪਰ ਪੰਜਾਬ ਦੇ ਲੋਕਾਂ ਸਾਹਮਣੇ ਧੁੰਦ ਅਤੇ ਧੂੰਆਂ ਅਜੇ ਤੱਕ ਛਟ ਨਹੀਂ ਰਿਹਾ। ਕੇਜਰੀਵਾਲ ਬਾਰੇ ਬਹੁਤ ਜ਼ਿਆਦਾ ਜਜ਼ਬਾਤੀ ਹੋ ਕੇ ਖਿੱਚੇ ਗਏ ਸੱਜਣਾਂ ਕੋਲ ਵੀ ਭਵਿੱਖ ਦਾ ਨਕਸ਼ਾ ਨਹੀਂ, ਹਰ ਗੱਲ ਲਈ ਇੱਕੋ ਨੁਸਖਾ ਮੌਜੂਦ ਹੈ ਕਿ ਕੇਜਰੀਵਾਲ ਦੀ ਅਗਵਾਈ ਸਭ ਮਸਲੇ ਹੱਲ ਕਰ ਦੇਵੇਗੀ। ਏਡਾ ਭਰੋਸਾ ਕਰਨਾ ਤਾਂ ਔਖਾ ਹੈ।

## ਈਮੇਲ ਘੁਟਾਲੇ ਵਿਚ ਹਿਲੇਰੀ ਨੂੰ ਕਲੀਨ ਚਿੱਟ

**ਵਾਸ਼ਿੰਗਟਨ:** ਰਾਸ਼ਟਰਪਤੀ ਦੇ ਅਹੁਦੇ ਲਈ ਡੈਮੋਕਰੇਟਿਕ ਦਾਅਵੇਦਾਰ ਹਿਲੇਰੀ ਕਲਿੰਟਨ ਨੂੰ ਵੱਡੀ ਰਾਹਤ ਦਿੰਦਿਆਂ ਅਟਾਰਨੀ ਜਨਰਲ ਲੋਰੇਟਾ ਲਿੰਚ ਨੇ ਕਿਹਾ ਕਿ ਉਨ੍ਹਾਂ (ਹਿਲੇਰੀ) ਨੂੰ ਅਮਰੀਕਾ ਦੀ ਵਿਦੇਸ਼ ਮੰਤਰੀ ਹੁੰਦਿਆਂ ਆਪਣੇ ਨਿੱਜੀ ਈਮੇਲ ਸਰਵਰ ਦੀ ਵਰਤੋਂ ਕਰਨ ਲਈ ਨਿਯਮਾਂ ਦੀ ਉਲੰਘਣਾ ਦੇ ਦੋਸ਼ਾਂ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਇਕ ਬਿਆਨ ਵਿਚ ਲਿੰਚ ਨੇ ਕਿਹਾ ਕਿ ਇਸ ਸਬੰਧੀ ਉਨ੍ਹਾਂ 'ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ' (ਐਫ.ਬੀ.ਆਈ.) ਦੀਆਂ ਸਿਫਾਰਸ਼ਾਂ ਨੂੰ ਮਨਜ਼ੂਰ ਕਰ ਲਿਆ ਹੈ।

WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

ਪੰਜਾਬ ਟਾਈਮਜ਼

*ਸਨਿਚਰਵਾਰ, 16 ਜੁਲਾਈ 2016*

## ਹਿੰਸਾ ਅਤੇ ਹਕੂਮਤਾਂ

ਕਸ਼ਮੀਰ ਤੋਂ ਲੈ ਕੇ ਅਮਰੀਕਾ ਤੱਕ ਜਿਹੜੇ ਰੋਸ ਵਿਖਾਵੇ ਲਗਾਤਾਰ ਹੋ ਰਹੇ ਹਨ ਅਤੇ ਜਿਸ ਤਰ੍ਹਾਂ ਲੋਕ ਰੋਹ ਵਿਚ ਆਏ ਹੋਏ ਹਨ, ਉਸ ਨੇ ਸੁਰੱਖਿਆ ਬਲਾਂ ਵੱਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਕੇਂਦਰ ਵਿਚ ਲੈ ਆਂਦੀਆਂ ਹਨ। ਅਮਰੀਕਾ ਵਿਚ ਪੁਲਿਸ ਮੁਲਾਜ਼ਮਾਂ ਨੇ ਜਿਸ ਢੰਗ ਨਾਲ ਨੌਜਵਾਨ ਨੂੰ ਮਾਰਿਆ ਅਤੇ ਕਸ਼ਮੀਰ ਵਿਚ ਜਿਸ ਤਰ੍ਹਾਂ ਹਿਜ਼ਬੁਲ ਮੁਜਾਹਿਦੀਨ ਨਾਲ ਸਬੰਧਤ ਬੁਰਹਾਨ ਮੁਜ਼ੱਫਰ ਵਾਨੀ ਨੂੰ ਕਤਲ ਕੀਤਾ ਗਿਆ, ਇਨ੍ਹਾਂ ਘਟਨਾਵਾਂ ਖਿਲਾਫ ਰੋਹ ਮੱਠਾ ਨਹੀਂ ਪੈ ਰਿਹਾ। ਅੱਜ ਜੰਮੂ ਕਸ਼ਮੀਰ ਵਿਚ ਲੋਕਾਂ ਅੰਦਰ ਰੋਹ ਅਤੇ ਰੋਸ ਸਿਖਰ ਉਤੇ ਹੈ। ਤੱਥ ਦੱਸਦੇ ਹਨ ਕਿ ਵਾਨੀ ਦੇ ਜਨਾਜ਼ੇ ਮੌਕੇ ਹੋਇਆ ਇਕੱਠ ਹੁਣ ਤਕ ਦਾ ਸਭ ਤੋਂ ਵੱਡਾ ਇਕੱਠ ਹੋ ਨਿਬੜਿਆ। ਇਹ ਜ਼ਰੂਰੀ ਨਹੀਂ ਕਿ ਜਿਹੜੇ ਜਨਾਜ਼ੇ ਵਿਚ ਸ਼ਾਮਲ ਹੋਏ, ਉਹ ਸਾਰੇ ਉਸ ਦੇ ਹਮਾਇਤੀ ਹੀ ਸਨ, ਪਰ ਇਸ ਇਕੱਠ ਨੇ ਇਕ ਗੱਲ ਸਪਸ਼ਟ ਕਰ ਦਿਤੀ ਹੈ ਕਿ ਕਸ਼ਮੀਰੀ ਲੋਕ ਸੁਰੱਖਿਆ ਬਲਾਂ ਦੀਆਂ ਵਧੀਕੀਆਂ ਤੋਂ ਕਿਸ ਕਦਰ ਤੰਗ ਹਨ ਅਤੇ ਉਨ੍ਹਾਂ ਅੰਦਰ ਕਿੰਨਾ ਗੁੱਸਾ ਭਰਿਆ ਹੋਇਆ ਹੈ। ਕੇਂਦਰ ਅਤੇ ਸੂਬਾ ਸਰਕਾਰ ਵੱਲੋਂ ਚੁੱਕਿਆ ਕੋਈ ਵੀ ਕਦਮ ਲੋਕਾਂ ਦੇ ਇਸ ਗੁੱਸੇ ਨੂੰ ਮੱਠਾ ਪਾਉਣ ਵਿਚ ਅਸਫਲ ਰਿਹਾ ਹੈ। ਵਾਦੀ ਦੇ ਸਾਰੇ ਜ਼ਿਲ੍ਹਿਆਂ ਵਿਚ ਕਰਫਿਊ ਵਰਗੇ ਹਾਲਾਤ ਬਣੇ ਹੋਏ ਹਨ, ਫਿਰ ਵੀ ਨੌਜਵਾਨ ਸੜਕਾਂ ਉਤੇ ਆ ਰਹੇ ਹਨ ਅਤੇ ਸੁਰੱਖਿਆ ਬਲਾਂ ਉਤੇ ਪੱਥਰਾਓ ਰੁਕਣ ਦਾ ਨਾਮ ਨਹੀਂ ਲੈ ਰਿਹਾ। ਇਹ ਲੋਕ-ਰੋਹ ਹਿਜ਼ਬੁਲ ਮੁਜਾਹਿਦੀਨ ਦੇ ਕਮਾਂਡਰ ਬੁਰਹਾਨ ਮੁਜ਼ੱਫਰ ਵਾਨੀ ਦੀ ਹੱਤਿਆ ਤੋਂ ਪੈਦਾ ਹੋਇਆ। ਵਾਨੀ ਕਸ਼ਮੀਰ ਵਾਦੀ ਵਿਚ ਵਿਦਰੋਹੀ ਨੌਜਵਾਨਾਂ ਦਾ ਸਟਾਰ ਸੀ ਅਤੇ ਸੋਸ਼ਲ ਮੀਡੀਆ ਉਤੇ ਵੀ ਸਰਗਰਮ ਸੀ। ਸੁਰੱਖਿਆਂ ਬਲਾਂ ਨੇ ਦੋ ਮਹੀਨੇ ਪਹਿਲਾਂ ਬੁਰਹਾਨ ਵਾਨੀ ਦੀ ਸੂਹ ਕੱਢ ਲਈ ਹੋਈ ਸੀ ਅਤੇ ਉਸ ਦਾ ਪਿੱਛਾ ਲਗਾਤਾਰ ਕੀਤਾ ਜਾ ਰਿਹਾ ਸੀ। ਉਸ ਨੂੰ ਮਾਰਨ ਜਾਂ ਜਿਉਂਦਾ ਫੜਨ ਬਾਰੇ ਵੀ ਵਿਚਾਰ-ਵਟਾਂਦਰਾ ਉਚ ਪੱਧਰ ਉਤੇ ਹੁੰਦਾ ਰਿਹਾ ਅਤੇ ਗਿਣਤੀਆਂ-ਮਿਣਤੀਆਂ ਕਰ ਕੇ ਆਖਰਕਾਰ ਉਸ ਨੂੰ ਮਾਰਨ ਦਾ ਫੈਸਲਾ ਕਰ ਲਿਆ ਗਿਆ, ਪਰ ਸਿਆਸੀ ਲੀਡਰਾਂ ਅਤੇ ਉਚ ਅਫਸਰਾਂ ਨੂੰ ਇਹ ਅੰਦਾਜ਼ਾ ਸ਼ਾਇਦ ਨਹੀਂ ਸੀ ਕਿ ਬੁਰਹਾਨ ਦੀ ਹੱਤਿਆ ਤੋਂ ਬਾਅਦ ਹਾਲਾਤ ਇਸ ਤਰ੍ਹਾਂ ਬੇਕਾਬੂ ਹੋ ਜਾਣੇ ਹਨ। ਉਂਜ ਇਸ ਸਾਰੀ ਕਾਰਵਾਈ ਨੂੰ ਕੇਂਦਰ ਦੀ ਮੋਦੀ ਸਰਕਾਰ ਨਾਲ ਜੋੜ ਕੇ ਵੀ ਦੇਖਿਆ ਜਾ ਰਿਹਾ ਹੈ। ਪਿਛਲੇ ਦੋ ਸਾਲਾਂ ਦੌਰਾਨ ਇਸ ਸਰਕਾਰ ਅਤੇ ਇਸ ਨਾਲ ਸਬੰਧਤ ਮੰਤਰੀਆਂ ਨੇ ਕਸ਼ਮੀਰ ਦੇ ਮਾਮਲੇ 'ਤੇ ਬਲਦੀ ਉਤੇ ਤੇਲ ਪਾਉਣ ਦਾ ਹੀ ਯਤਨ ਕੀਤਾ ਹੈ। ਸੰਵਿਧਾਨ ਦੀ ਧਾਰਾ 370 ਜਿਸ ਤਹਿਤ ਜੰਮੂ ਕਸ਼ਮੀਰ ਨੂੰ ਕੁਝ ਵਿਸ਼ੇਸ਼ ਅਧਿਕਾਰ ਦਿਤੇ ਗਏ ਹਨ, ਬਾਰੇ ਬੇਲੋੜੀ ਬਿਆਨਬਾਜ਼ੀ ਕੀਤੀ ਗਈ ਅਤੇ ਵੱਖਵਾਦੀ ਜਥੇਬੰਦੀ ਹੁਰੀਅਤ ਕਾਨਫਰੰਸ ਵੱਲ ਜਿਹੜੀ ਪਹੁੰਚ ਅਪਨਾਈ ਗਈ, ਉਸ ਤੋਂ ਵੀ ਸੌੜੀ ਤੇ ਫਿਰਕੂ ਸਿਆਸਤ ਦੇ ਝਉਲੇ ਪੈਂਦੇ ਸਨ। ਕੁਲ ਮਿਲਾ ਕੇ ਕੇਂਦਰ ਸਰਕਾਰ ਵੱਲੋਂ ਅਜਿਹੇ ਕਈ ਫੈਸਲੇ ਅਤੇ ਬਿਆਨਬਾਜ਼ੀ ਸੋਚ-ਵਿਚਾਰ ਕੇ ਹੀ ਕੀਤੇ ਗਏ। ਅਸਲ ਵਿਚ ਇਹ ਸਰਕਾਰ ਲਗਾਤਾਰ ਧਰੁਵੀਕਰਨ ਵਾਲੀ ਸਿਆਸਤ 'ਤੇ ਹੀ ਆਪਣੀ ਟੇਕ ਰੱਖਦੀ ਆਈ ਹੈ। ਖਾਸ ਕਰ ਚੋਣਾਂ ਦੇ ਦਿਨਾਂ 'ਚ ਇਹ ਆਪਣੀ ਮੁਹਿੰਮ ਭਖਾ ਦਿੰਦੀ ਹੈ, ਜਿਵੇਂ ਹੁਣ ਉਤਰ ਪ੍ਰਦੇਸ਼ ਵਿਚ ਚੋਣਾਂ ਸਿਰ 'ਤੇ ਹਨ ਤੇ ਮੋਦੀ ਲਾਣਾ ਇਹੀ ਚਾਹੁੰਦਾ ਹੈ ਕਿ ਉਥੇ ਪਹਿਲਾਂ ਪਹਿਲਾਂ ਧਰੁਵੀਕਰਨ ਹਰ ਪੱਧਰ 'ਤੇ ਕਰ ਦਿਤਾ ਜਾਵੇ। ਇਸ ਦਾ ਚੋਣ ਸਿਆਸਤ 'ਚ ਮੌਕੇ 'ਤੇ ਤਾਂ ਲਾਹਾ ਮਿਲ ਸਕਦਾ ਹੈ, ਪਰ ਲੰਮੇ ਸਮੇਂ ਲਈ ਇਹ ਨੀਤੀ ਮਾਰੂ ਸਾਬਤ ਹੋਵੇਗੀ। ਕਸ਼ਮੀਰ 'ਚ ਉਠੇ ਲੋਕ ਰੋਹ ਨੇ ਇਸ ਬਾਰੇ ਖਬਰਦਾਰ ਵੀ ਕਰ ਦਿਤਾ ਹੈ।

ਇਸੇ ਪ੍ਰਸੰਗ ਵਿਚ ਮਨੀਪੁਰ ਵਿਚ 'ਆਰਮਡ ਫੋਰਸਿਜ਼ ਸਪੈਸ਼ਲ ਪਾਵਰਜ਼ ਐਕਟ' (ਅਫਸਪਾ) ਦੀ ਦੁਰਵਰਤੋਂ ਬਾਰੇ ਭਾਰਤੀ ਸੁਪਰੀਮ ਕੋਰਟ ਦਾ ਫੈਸਲਾ ਧਿਆਨ ਦੀ ਮੰਗ ਕਰਦਾ ਹੈ। ਸੁਪਰੀਮ ਕੋਰਟ ਨੇ ਲੋਕਾਂ, ਖਾਸ ਤੌਰ 'ਤੇ ਗੜਬੜ ਵਾਲੇ ਇਲਾਕਿਆਂ ਵਿਚ ਰਹਿੰਦੇ ਲੋਕਾਂ ਦੇ ਮਾਨਵੀ ਹੱਕਾਂ ਦੀ ਰਾਖੀ 'ਤੇ ਜ਼ੋਰ ਦਿਤਾ ਹੈ। ਨਾਲ ਹੀ ਸਖਤ ਟਿੱਪਣੀ ਕੀਤੀ ਹੈ ਕਿ ਕੌਮੀ ਸੁਰੱਖਿਆ ਦੇ ਨਾਂ 'ਤੇ ਮਾਨਵੀ ਹੱਕਾਂ ਦਾ ਘਾਣ ਦਰਕਿਨਾਰ ਨਹੀਂ ਕੀਤਾ ਜਾ ਸਕਦਾ। ਸੁਪਰੀਮ ਕੋਰਟ ਨੇ ਇਹ ਫੈਸਲਾ ਮਨੀਪੁਰ ਵਿਚ ਸੁਰੱਖਿਆ ਬਲਾਂ ਵਲੋਂ ਕਥਿਤ ਤੌਰ 'ਤੇ ਕੀਤੀਆਂ 1528 ਹੱਤਿਆਵਾਂ ਖਿਲਾਫ ਪਾਈ ਪਟੀਸ਼ਨ ਉਤੇ ਸੁਣਾਇਆ ਹੈ। ਅਦਾਲਤ ਨੇ ਕੇਸ ਦੀ ਸੁਣਵਾਈ ਦੌਰਾਨ ਕੇਂਦਰ ਸਰਕਾਰ ਅਤੇ ਫੌਜ ਦੀਆਂ ਸਭ ਦਲੀਲਾਂ ਰੱਦ ਕਰ ਦਿਤੀਆਂ। ਯਾਦ ਰਹੇ, 'ਅਫਸਪਾ' ਕੌਮੀ ਸੁਰੱਖਿਆ ਦੇ ਨਾਂ ਹੇਠ ਸੁਰੱਖਿਆ ਬਲਾਂ ਨੂੰ ਕਿਸੇ ਨੂੰ ਵੀ ਮਾਰਨ ਦਾ ਅਧਿਕਾਰ ਦਿੰਦਾ ਹੈ। ਭਾਰਤੀ ਫੌਜ ਅਤੇ ਹਾਕਮ ਸਦਾ ਇਹੀ ਦਲੀਲ ਦਿੰਦੇ ਹਨ ਕਿ ਵਿਦਰੋਹ ਵਾਲੇ ਖੇਤਰਾਂ ਵਿਚ ਹਾਲਾਤ ਨਾਲ ਨਜਿੱਠਣ ਅਤੇ ਕਾਨੂੰਨ-ਵਿਵਸਥਾ ਕਾਇਮ ਰੱਖਣ ਲਈ 'ਅਫਸਪਾ' ਵਰਗੇ ਕਾਨੂੰਨਾਂ ਦੀ ਲੋੜ ਹੈ। ਦੱਸਣ ਦੀ ਲੋੜ ਨਹੀਂ ਕਿ ਮਨੀਪੁਰ ਅਤੇ ਜੰਮੂ ਕਸ਼ਮੀਰ ਵਿਚ ਫੌਜੀਆਂ ਵਲੋਂ ਆਪਣੀ ਤਾਕਤ ਦੀ ਦੁਰਵਰਤੋਂ ਦੇ ਕੇਸ ਲਗਾਤਾਰ ਸਾਹਮਣੇ ਆਉਂਦੇ ਰਹੇ ਹਨ। ਇਹ ਬਹਿਸ ਅਕਸਰ ਛਿੜਦੀ ਰਹੀ ਹੈ ਕਿ ਅੰਦਰੂਨੀ ਸੁਰੱਖਿਆ ਦੇ ਮਾਮਲਿਆਂ ਵਿਚ ਫੌਜ ਨੂੰ ਸ਼ਾਮਲ ਨਹੀਂ ਕਰਨਾ ਚਾਹੀਦਾ, ਕਿਉਂਕਿ ਫੌਜ ਦਾ ਕੰਮ ਬਾਹਰੀ ਦੁਸ਼ਮਣਾਂ ਨਾਲ ਲੜਨਾ ਹੁੰਦਾ ਹੈ। ਫੌਜ ਦੇ ਇਕ ਸਾਬਕਾ ਮੁਖੀ ਨੇ ਵੀ ਆਪਣੀ ਇੰਟਰਵਿਊ ਦੌਰਾਨ ਰਾਏ ਪ੍ਰਗਟ ਕੀਤੀ ਸੀ ਕਿ ਸਿਵਲੀਅਨ ਪ੍ਰਸ਼ਾਸਨ ਦੀ ਸਹਾਇਤਾ ਲਈ ਤਾਇਨਾਤ ਫੌਜੀ ਦਸਤਿਆਂ ਨੂੰ ਕਿਸੇ ਇਕ ਥਾਂ 'ਤੇ 18 ਮਹੀਨਿਆਂ ਤੋਂ ਵੱਧ ਸਮੇਂ ਲਈ ਨਹੀਂ ਰਹਿਣ ਦੇਣਾ ਚਾਹੀਦਾ। ਮਨੀਪੁਰ ਵਿਚ ਫੌਜ ਨੇ ਜੋ ਕੁਝ ਕੀਤਾ ਹੈ, ਉਸ ਕਾਰਨ ਸੂਬੇ ਵਿਚ 'ਅਫਸਪਾ' ਖਿਲਾਫ ਰੋਸ ਹੈ। 'ਅਫਸਪਾ' ਖਤਮ ਕਰਵਾਉਣ ਲਈ ਮਨੀਪੁਰੀ ਮੁਟਿਆਰ ਇਰੋਮ ਸ਼ਰਮੀਲਾ ਡੇਢ ਦਹਾਕੇ ਤੋਂ ਅੰਨ-ਪਾਣੀ ਛੱਡੀ ਬੈਠੀ ਹੈ ਅਤੇ ਅੱਜ ਵੀ ਡਟੀ ਹੋਈ ਹੈ। ਸੁਪਰੀਮ ਕੋਰਟ ਨੇ ਮੌਕੇ ਦੀ ਸਰਕਾਰ ਨੂੰ ਇਕ ਰਾਹ ਦਿਖਾਇਆ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਇਸ ਬਾਰੇ ਪੂਰੀ ਸੰਜੀਦਗੀ ਨਾਲ ਅਮਲ ਕੀਤਾ ਜਾਵੇ ਤਾਂ ਕਿ ਕਸ਼ਮੀਰ ਵਰਗੇ ਹਾਲਾਤ ਪੈਦਾ ਨਾ ਹੋਣ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਬੇਅਦਬੀ ਦਾ ਦੈਂਤ!*

ਗੱਦੀ 'ਖਾਸ' ਨਾ ਸਾਂਭ ਲਏ 'ਆਮ' ਬੰਦਾ, ਰਾਹ ਰੋਕਣ ਲਈ ਲੱਭਦੇ ਢੰਗ ਯਾਰੋ।
ਸੱਤਾ ਆਪਣੇ ਕੁਨਬੇ ਹੱਥ ਰੱਖਣ ਲਈ, ਕੁਫਰ ਤੋਲਦੇ ਕਰਦੇ ਨੇ ਦੰਗ ਯਾਰੋ।
ਲੈ ਕੇ ਫੰਡ ਤੰਬਾਕੂ ਦੇ ਬਿਜਨਸਾਂ ਤੋਂ, ਕਹਿੰਦੇ ਅਸੀਂ ਹਾਂ 'ਪੰਥ ਦਾ ਅੰਗ' ਯਾਰੋ।
ਮੂਹਰੇ ਛੱਜ ਦੇ ਬੋਲਦੀ ਛਾਨਣੀ ਨੂੰ, 'ਛੇਕ' ਹੁੰਦਿਆਂ ਆਉਂਦੀ ਨਾ ਸੰਗ ਯਾਰੋ।
'ਸਰਬ-ਉਚ' ਬਣਾਏ ਨੇ ਵਾਂਗ ਨੌਕਰ, ਗੌਰਵ ਛੱਡਿਆ ਰੱਤੀ ਨਾ ਪਦਵੀਆਂ ਦਾ।
ਜਿਨ੍ਹਾਂ ਧਰਮ ਤੇ ਵਿਰਸੇ ਨੂੰ ਰੋਲ ਦਿੱਤਾ, ਯਾਰੋ ਦੋਸ਼ ਉਹ ਲਾਉਂਦੇ 'ਬੇਅਦਬੀਆਂ' ਦਾ!

# ਭਾਰਤ ਲਈ ਕਿੰਨਾ ਕਾਰਗਰ ਹੈ ਵਿਦੇਸ਼ੀ ਨਿਵੇਸ਼

***ਸਰਕਾਰੀ ਅੰਕੜੇ ਇਹ ਤਾਂ ਦਸਦੇ ਹਨ ਕਿ ਸਾਲ 2000 ਤੋਂ ਲੈ ਕੇ 2015 ਤਕ ਭਾਰਤ ਨੂੰ ਕੁੱਲ ਮਿਲਾ ਕੇ 408.68 ਅਰਬ ਅਮਰੀਕੀ ਡਾਲਰ ਐਫ.ਡੀ.ਆਈ. ਪ੍ਰਾਪਤ ਹੋਈ, ਪਰ ਇਹ ਨਹੀਂ ਦੱਸਦੇ ਕਿ ਇਸ ਨੀਤੀ ਤੋਂ ਕਿੰਨਾ ਰੁਜ਼ਗਾਰ ਪੈਦਾ ਹੋਇਆ ਤੇ ਕਿੰਨੀ ਆਧੁਨਿਕ ਤਕਨਾਲੋਜੀ ਭਾਰਤ ਨੂੰ ਅਰਪਿਤ ਕੀਤੀ ਗਈ। ਅਜਿਹੀ ਨੀਤੀ ਕਾਰਨ ਕਿੰਨੇ ਲਘੂ ਤੇ ਛੋਟੇ ਉਦਯੋਗਾਂ ਨੇ ਦਮ ਤੋੜਿਆ, ਇਸ ਬਾਰੇ ਕੁਝ ਨਹੀਂ ਦੱਸਿਆ ਜਾਂਦਾ। ਇਹ ਅੰਕੜੇ ਜਾਣ-ਬੁਝ ਕੇ ਨਾ ਤਾਂ ਬਣਾਏ ਜਾਂਦੇ ਹਨ ਤੇ ਜੋ ਥੋੜ੍ਹੇ ਬਹੁਤ ਬਣਾਏ ਜਾਂਦੇ ਹਨ, ਉਨ੍ਹਾਂ ਨੂੰ ਜਨਤਕ ਨਹੀਂ ਕੀਤਾ ਜਾਂਦਾ। ਕੌਮਾਂਤਰੀ ਮੁਦਰਾ ਫੰਡ ਅਨੁਸਾਰ 1991 ਤੋਂ ਹੁਣ ਤਕ ਵਿਕਾਸ ਅਸਾਵਾਂ ਰਿਹਾ ਹੈ। ਕਈ ਸਾਲਾਂ ਤੋਂ ਐਫ.ਡੀ.ਆਈ. ਵਧਣ ਦੇ ਬਾਵਜੂਦ, 2011-12 ਤੋਂ 2014-15 ਦੌਰਾਨ ਅੱਠ 'ਕੋਰ ਖੇਤਰਾਂ' ਵਿਚ ਰੁਜ਼ਗਾਰ ਸੱਤ ਲੱਖ ਤੋਂ ਡਿਗ ਕੇ 1.55 ਲੱਖ ਤਕ ਪਹੁੰਚਣਾ ਵਿਦੇਸ਼ੀ ਨਿਵੇਸ਼ ਨੀਤੀ ਦੇ ਦਾਅਵਿਆਂ ਦੀ ਪੋਲ ਖੋਲ੍ਹਦਾ ਹੈ।***

ਅੱਜ ਜਦੋਂ ਪੂਰੀ ਦੁਨੀਆਂ ਵਿਚ ਮੰਦੀ ਦਾ ਦੌਰ ਚੱਲ ਰਿਹਾ ਹੈ ਅਤੇ ਵਿਕਸਿਤ ਦੇਸ਼ਾਂ ਦੀ ਮਾਇਕ ਵਿਵਸਥਾ ਮੁਨਾਫ਼ਾਬਖਸ਼ ਨਹੀਂ ਰਹੀ, ਤਾਂ ਪੂੰਜੀਵਾਦੀ ਦੇਸ਼ਾਂ ਨੂੰ 'ਸੱਟੇਬਾਜ਼ੀ' ਲਈ ਰੱਖੀ ਆਪਣੀ ਪੂੰਜੀ ਨਿਵੇਸ਼ ਕਰਨ ਲਈ ਉਭਰਦੀਆਂ ਅਰਥ-ਵਿਵਸਥਾਵਾਂ ਢੁਕਵਾਂ ਬਦਲ ਜਾਪਦੀਆਂ ਹਨ। ਇਨ੍ਹਾਂ ਦੇਸ਼ਾਂ ਵਿਚ ਭੂਮੀ ਗ੍ਰਹਿਣ ਅਤੇ ਵਾਤਾਵਰਨ ਸਬੰਧੀ ਕਾਨੂੰਨ ਅਤੇ ਮਾਨਵੀ ਅਧਿਕਾਰਾਂ ਉਤੇ ਲੋਕ ਸਹਿਮਤੀ ਤੋਂ ਲਗਪਗ ਖੁੱਲ੍ਹੀ ਛੋਟ ਹੋਣ ਅਤੇ ਭ੍ਰਿਸ਼ਟ ਸ਼ਾਸਨ ਪ੍ਰਣਾਲੀ ਹੋਣ ਕਰ ਕੇ ਵਿਦੇਸ਼ੀ ਕੰਪਨੀਆਂ ਨੂੰ ਨਿਵੇਸ਼ ਪੱਖੋਂ ਮਨ-ਮਾਨੀ ਕਰਨ ਦੀ ਆਜ਼ਾਦੀ ਮਿਲ ਜਾਂਦੀ ਹੈ। ਦੂਜੇ ਪਾਸੇ ਉਭਰਦੇ ਅਰਥਚਾਰਿਆਂ ਨੂੰ ਆਪਣੀ ਵਿਕਾਸ ਦਰ ਬਰਕਰਾਰ ਰੱਖਣ ਲਈ ਨਿੱਤ ਨਵੇਂ ਨਿਵੇਸ਼ ਦੀ ਲੋੜ ਹੈ ਅਤੇ ਪ੍ਰਤੱਖ ਵਿਦੇਸ਼ੀ ਨਿਵੇਸ਼ ਅਜਿਹੀ ਮੰਗ ਦੀ ਪੂਰਤੀ ਦਾ ਆਸਾਨ ਜ਼ਰੀਆ ਹੈ।

ਮੋਦੀ ਸਰਕਾਰ ਨੇ ਹਾਲ ਹੀ ਵਿਚ ਪ੍ਰਤੱਖ ਵਿਦੇਸ਼ੀ ਨਿਵੇਸ਼ ਲਈ ਅਰਥਚਾਰੇ ਦੇ ਕਈ ਖੇਤਰ ਖੋਲ੍ਹੇ ਹਨ। ਸਰਕਾਰ ਦਾ ਇਹ ਫ਼ੈਸਲਾ ਆਪਾ-ਵਿਰੋਧੀ

**ਸੰਦੀਪ ਕੁਮਾਰ**

ਇਸ ਕਰ ਕੇ ਹੈ ਕਿਉਂਕਿ ਜਦੋਂ ਇਹ ਵਿਰੋਧੀ ਧਿਰ ਸੀ ਤਾਂ ਉਦੋਂ ਇਸ ਗੱਠਜੋੜ ਵਿਚ ਸ਼ਾਮਲ ਦਲਾਂ ਨੇ ਐਫ.ਡੀ.ਆਈ. ਦਾ ਤਿੱਖਾ ਵਿਰੋਧ ਕਰ ਕੇ ਅਤੇ ਕਈ ਵਾਰ ਹੜਤਾਲਾਂ ਕਰਵਾ ਕੇ ਹਜ਼ਾਰਾਂ ਕਰੋੜਾਂ ਰੁਪਏ ਦਾ ਨੁਕਸਾਨ ਕੀਤਾ ਸੀ। ਇਥੋਂ ਇਕ ਗੱਲ ਸਾਫ਼ ਹੁੰਦੀ ਹੈ ਕਿ ਪਿਛਲੀ ਅਤੇ ਮੌਜੂਦਾ ਸਰਕਾਰ ਵਿਚ ਕੋਈ ਜ਼ਿਆਦਾ ਫ਼ਰਕ ਨਹੀਂ ਹੈ।

ਭਾਰਤ ਸਰਕਾਰ ਨੇ ਆਰਥਿਕ ਸੰਕਟ ਦੇ ਚਲਦਿਆਂ 1991 ਦੀ ਆਰਥਿਕ ਨੀਤੀ ਤਹਿਤ ਨਵ-ਉਦਾਰਵਾਦੀ ਨੀਤੀਆਂ ਦਾ ਮੁੱਢ ਬੰਨ੍ਹਦਿਆਂ, ਉਦਾਰਵਾਦੀ, ਨਿਜੀਕਰਨ ਤੇ ਵਿਸ਼ਵੀਕਰਨ ਨੂੰ ਉਤਸ਼ਾਹਿਤ ਕਰਦਿਆਂ ਨਵੀਂ ਵਿਦੇਸ਼ੀ ਵਪਾਰ ਦੀ ਨੀਤੀ ਅਪਣਾਈ। ਇਸ ਨੀਤੀ ਦਾ ਮੁੱਖ ਮਕਸਦ ਵਿਦੇਸ਼ੀ ਪੂੰਜੀ ਨੂੰ ਉਤਸ਼ਾਹਿਤ ਕਰਨਾ, ਵਿਕਸਿਤ ਵਿਦੇਸ਼ੀ ਤਕਨਾਲੋਜੀ ਲੈਣੀ, ਬਰਾਮਦ ਵਧਾ ਕੇ ਤੇ ਉਤਪਾਦਨ ਖੇਤਰ ਨੂੰ ਮਜ਼ਬੂਤ ਕਰ ਕੇ ਰੁਜ਼ਗਾਰ ਦੇ ਵੱਧ ਮੌਕੇ ਪੈਦਾ ਕਰਨੇ ਤੇ ਵਿਗੜਦੀ ਅਰਥ-ਵਿਵਸਥਾ ਨੂੰ ਮੁੜ ਆਰਥਿਕ ਵਿਕਾਸ ਦੀ ਲੀਹ 'ਤੇ ਲਿਆਉਣਾ ਸੀ। ਉਦੋਂ ਤੋਂ ਲੈ ਕੇ ਸਮੇਂ ਦੀਆਂ ਸਰਕਾਰਾਂ ਨੇ ਪ੍ਰਤੱਖ ਵਿਦੇਸ਼ੀ ਨਿਵੇਸ਼ ਨੂੰ ਕੁਝ ਰਣਨੀਤਕ ਖੇਤਰਾਂ ਨੂੰ ਛੱਡ ਕੇ ਲਗਪਗ ਹਰ ਖੇਤਰ ਵਿਚ ਲਿਆ ਰਹੀਆਂ ਸਨ। ਮੌਜੂਦਾ ਵਿਦੇਸ਼ੀ ਵਪਾਰ ਨੀਤੀ ਤਹਿਤ ਭਾਰਤ ਵਿਚ ਐਫ.ਡੀ.ਆਈ. ਦੋ ਤਰੀਕਿਆਂ ਨਾਲ ਆ ਸਕਦੀ ਹੈ: ਆਟੋਮੈਟਿਕ ਰਸਤੇ ਰਾਹੀਂ ਅਤੇ ਸਰਕਾਰੀ ਆਗਿਆ ਨਾਲ। ਗ੍ਰੀਨਫੀਲਡ ਖੇਤਰਾਂ (ਨਵੇਂ ਪ੍ਰੋਜੈਕਟਾਂ) ਵਿਚ ਇਹ ਸਰਕਾਰੀ ਮਨਜ਼ੂਰੀ ਨਾਲ ਤੇ ਬ੍ਰਾਊਨਫੀਲਡ ਖੇਤਰਾਂ (ਪਹਿਲਾਂ ਤੋਂ ਚਲਦੇ ਪ੍ਰੋਜੈਕਟ) ਵਿਚ ਆਟੋਮੈਟਿਕ ਰੂਟ ਨਾਲ ਹੁੰਦੀ ਹੈ। ਸਰਕਾਰੀ ਅੰਕੜੇ ਇਹ ਤਾਂ ਦਸਦੇ ਹਨ ਕਿ ਸਾਲ 2000 ਤੋਂ ਲੈ ਕੇ 2015 ਤਕ ਭਾਰਤ ਨੂੰ ਕੁੱਲ ਮਿਲਾ ਕੇ 408.68 ਅਰਬ ਅਮਰੀਕੀ ਡਾਲਰ ਐਫ.ਡੀ.ਆਈ. ਪ੍ਰਾਪਤ ਹੋਈ, ਪਰ ਇਹ ਨਹੀਂ ਦੱਸਦੇ ਕਿ ਇਸ ਨੀਤੀ ਤੋਂ ਕਿੰਨਾ ਰੁਜ਼ਗਾਰ ਪੈਦਾ ਹੋਇਆ ਤੇ ਕਿੰਨੀ ਆਧੁਨਿਕ ਤਕਨਾਲੋਜੀ ਭਾਰਤ ਨੂੰ ਅਰਪਿਤ ਕੀਤੀ ਗਈ। ਦੂਜੇ ਪਾਸੇ ਅਜਿਹੀ ਨੀਤੀ ਕਾਰਨ ਕਿੰਨੇ ਲਘੂ ਤੇ ਛੋਟੇ ਉਦਯੋਗਾਂ ਨੇ ਦਮ ਤੋੜਿਆ, ਇਸ ਬਾਰੇ ਕੁਝ ਨਹੀਂ ਦੱਸਿਆ ਜਾਂਦਾ। ਇਹ ਅੰਕੜੇ ਜਾਣ-ਬੁੱਝ ਕੇ ਨਾ ਤਾਂ ਬਣਾਏ ਜਾਂਦੇ ਹਨ ਤੇ ਜੋ ਥੋੜ੍ਹੇ ਬਹੁਤ ਬਣਾਏ ਜਾਂਦੇ ਹਨ, ਉਨ੍ਹਾਂ ਨੂੰ ਜਨਤਕ ਨਹੀਂ ਕੀਤਾ ਜਾਂਦਾ। ਕੌਮਾਂਤਰੀ ਮੁਦਰਾ ਫੰਡ (ਆਈ.ਐਮ.ਐਫ.) ਅਨੁਸਾਰ 1991 ਤੋਂ ਹੁਣ ਤਕ ਵਿਕਾਸ ਬੜਾ ਹੀ ਅਸਾਵਾਂ ਰਿਹਾ ਹੈ। ਪਿਛਲੇ ਕਈ ਸਾਲਾਂ ਤੋਂ ਐਫ.ਡੀ.ਆਈ. ਵਧਣ ਦੇ ਬਾਵਜੂਦ, ਲੇਬਰ ਬਿਊਰੋ ਮੁਤਾਬਕ 2011-12 ਤੋਂ 2014-15 ਦੌਰਾਨ ਅੱਠ 'ਕੋਰ ਖੇਤਰਾਂ' ਵਿਚ ਰੁਜ਼ਗਾਰ ਸੱਤ ਲੱਖ ਤੋਂ ਡਿਗ ਕੇ 1.55 ਲੱਖ ਤਕ ਪਹੁੰਚਣਾ ਵਿਦੇਸ਼ੀ ਨਿਵੇਸ਼ ਨੀਤੀ ਦੇ ਦਾਅਵਿਆਂ ਦੀ ਪੋਲ ਖੋਲ੍ਹਦਾ ਹੈ।

ਤਾਜ਼ਾਤਰੀਨ ਐਫ.ਡੀ.ਆਈ. ਸਰਕੂਲਰ ਮੁਤਾਬਕ ਰੱਖਿਆ, ਹਵਾਬਾਜ਼ੀ, ਈ-ਕਾਮਰਸ, ਸਰਵਿਸਿਜ਼, ਫਾਰਮਾਸਿਊਟੀਕਲ, ਸਿੰਗਲ ਬ੍ਰਾਂਡ ਰਿਟੇਲ ਤੇ ਹੋਰ ਖੇਤਰਾਂ 'ਚ 100 ਫ਼ੀਸਦੀ ਸਿੱਧੇ ਵਿਦੇਸ਼ੀ ਨਿਵੇਸ਼ ਦੇ ਫ਼ੈਸਲੇ ਨਾਲ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਫ਼ੈਸਲੇ ਮਗਰੋਂ ਖੜੋਤ 'ਚ ਆਈ ਭਾਰਤੀ ਅਰਥ-ਵਿਵਸਥਾ ਵਿਚ ਦੁਨੀਆਂ ਭਰ ਦੇ ਨਿਵੇਸ਼ਕ ਦਿਲਚਸਪੀ ਦਿਖਾਉਣਗੇ ਅਤੇ ਰੁਜ਼ਗਾਰ ਵਧੇਗਾ। ਇਸ ਤਰ੍ਹਾਂ ਹੁਣ ਅਹਿਮ ਤੇ ਨੀਤੀਗਤ ਖੇਤਰਾਂ ਵਿਚ ਵੀ ਸਿੱਧਾ ਵਿਦੇਸ਼ੀ ਨਿਵੇਸ਼ ਆਉਣ ਨਾਲ ਦੇਸ਼ ਦੀ ਸੁਰੱਖਿਆ, ਤਕਨਾਲੋਜੀ ਤਬਾਦਲੇ ਅਤੇ 30 ਫ਼ੀਸਦੀ ਘਰੇਲੂ ਉਤਪਾਦਾਂ ਦੀ 'ਲਾਜ਼ਮੀ ਖ਼ਰੀਦ' ਤੋਂ ਵੀ ਛੋਟ ਵਰਗੇ ਫ਼ੈਸਲੇ ਵਜੂਦ ਵਿਚ ਆਉਣਗੇ ਅਤੇ ਸਵਦੇਸ਼ੀ ਲਘੂ, ਛੋਟੇ ਤੇ ਦਰਮਿਆਨੇ ਉਦਯੋਗਾਂ ਦੀ ਹੋਂਦ ਨੂੰ ਖ਼ਤਰੇ ਤੋਂ ਇਲਾਵਾ ਬੇਰੁਜ਼ਗਾਰੀ ਵਧਣ ਵਰਗੀਆਂ ਕਈ ਗੰਭੀਰ ਚੁਣੌਤੀਆਂ ਉਭਰਨੀਆਂ ਯਕੀਨੀ ਹਨ।

ਮੁੱਖ ਤੌਰ 'ਤੇ ਵਿਦੇਸ਼ੀ ਤੇ ਕੂਟਨੀਤਿਕ ਸਬੰਧਾਂ ਦਾ ਆਧਾਰ ਆਰਥਿਕ ਹੁੰਦਾ ਹੈ। ਇਸ ਦੇ ਜ਼ਰੀਏ ਵੱਖ ਵੱਖ ਦੇਸ਼ਾਂ ਨਾਲ ਸਮਾਜਿਕ, ਰਾਜਨੀਤਿਕ ਤੇ ਸਭਿਆਚਾਰਕ ਸਾਂਝ ਵਧਾਈ ਜਾਂਦੀ ਹੈ। ਰੱਖਿਆ ਖੇਤਰ ਵਿਚ 100 ਫ਼ੀਸਦੀ ਐਫ.ਡੀ.ਆਈ. ਆਉਣ ਨਾਲ ਫ਼ੌਜੀ ਸਾਜ਼ੋ-ਸਾਮਾਨ ਦੀ ਤਿਆਰੀ ਦਾ ਬਹੁਤਾ ਕੰਮ ਅਮਰੀਕਾ ਤੇ ਨਾਟੋ ਦੇਸ਼ਾਂ ਲਾਲ ਸਬੰਧਿਤ ਕੰਪਨੀਆਂ ਕੋਲ ਚਲਾ ਜਾਵੇਗਾ, ਜੋ ਭਾਰਤ ਦੀ ਸੁਰੱਖਿਆ ਤੇ ਪ੍ਰਭੂਸੱਤਾ ਦੇ ਪੱਖ ਤੋਂ ਚੰਗੀ ਗੱਲ ਨਹੀਂ। ਇਸ ਨਾਲ ਭਾਰਤ ਦੀ ਗੁੱਟ-ਨਿਰਲੇਪ ਗਰੁੱਪ 'ਚ ਸਥਿਤੀ ਕਮਜ਼ੋਰ ਹੋਵੇਗੀ ਤੇ ਸਾਡੇ ਔਖੇ ਵੇਲੇ ਦੇ ਹਮਰਾਹੀ ਰੂਸ ਨਾਲ ਸਬੰਧ ਮੱਠੇ ਪੈਣਗੇ। ਇਹ ਇਕ ਤਰ੍ਹਾਂ ਨਾਲ ਭਾਰਤ ਦੀ ਕੂਟਨੀਤਿਕ ਹਾਰ ਹੋਵੇਗੀ।

ਫਾਰਮਾਸਿਊਟੀਕਲ ਖੇਤਰ ਤੇ ਖ਼ੁਰਾਕੀ ਪਦਾਰਥਾਂ ਦੇ ਖੇਤਰ ਵਿਚ 100 ਫ਼ੀਸਦੀ ਐਫ.ਡੀ.ਆਈ. ਆਉਣ ਨਾਲ ਦਵਾਈਆਂ ਦੀਆਂ ਕੀਮਤਾਂ ਵਧਣ ਦੀ ਸੰਭਾਵਨਾ ਰੱਦ ਨਹੀਂ ਕੀਤੀ ਜਾ ਸਕਦੀ। ਭਾਰਤੀ ਫਾਰਮਾ ਉਦਯੋਗ ਦਾ ਕਾਰੋਬਾਰ 2020 ਤਕ ਲਗਪਗ 55 ਅਰਬ ਡਾਲਰ ਤਕ ਪਹੁੰਚਣ ਦੀ ਉਮੀਦ ਹੈ। ਇਸੇ ਲਈ ਵਿਦੇਸ਼ੀ ਕੰਪਨੀਆਂ ਇਸ ਖੇਤਰ 'ਤੇ ਕਈ ਸਾਲਾਂ ਤੋਂ ਨਜ਼ਰਾਂ ਜਮਾਈ ਬੈਠੀਆਂ ਸਨ। ਭਾਰਤ ਵਿਚ ਦਵਾਈਆਂ ਬਣਾਉਣ ਦੀ ਘੱਟ ਲਾਗਤ ਹੋਣ ਕਾਰਨ ਫਾਰਮਾ ਖੇਤਰ ਨੂੰ ਵਿਦੇਸ਼ੀ ਕੰਪਨੀਆਂ ਦਾ ਮੁਕਾਬਲਾ ਕਰਨ 'ਚ ਵੱਡੀ ਦਿੱਕਤ ਸੀ। ਹੁਣ ਨਵੀਂ ਨੀਤੀ ਨਾਲ ਫਾਰਮਾ ਉਦਯੋਗ ਦੀ ਮੁਕਾਬਲਾ ਸ਼ਕਤੀ ਘਟਣ ਅਤੇ ਜ਼ਰੂਰੀ ਦਵਾਈਆਂ ਦੀਆਂ ਕੀਮਤ ਵਧਣ ਦੇ ਖ਼ਦਸ਼ੇ ਉਪਜਣੇ ਸੁਭਵਿਕ ਹੀ ਹਨ। ਸਿਹਤ ਸਬੰਧੀ ਲਾਗਤ ਘੱਟ ਹੋਣ ਕਰ ਕੇ ਕਈ ਦੇਸ਼ਾਂ, ਖ਼ਾਸ ਕਰ ਅਫ਼ਰੀਕੀ ਦੇਸ਼ਾਂ ਤੋਂ ਲੋਕ ਭਾਰਤ ਵਿਚ ਇਲਾਜ ਕਰਵਾਉਣ ਆਉਂਦੇ ਹਨ। ਜੈਨਰਿਕ ਦਵਾਈਆਂ ਸਸਤੀਆਂ ਹੋਣ ਕਰ ਕੇ ਬਰਾਮਦ ਤੋਂ ਹੋਣ ਵਾਲੀ ਆਮਦਨ ਖੁੱਸਣ ਨਾਲ ਸਾਨੂੰ 'ਵਿਦੇਸ਼ੀ ਮੁਦਰਾ' ਦਾ ਨੁਕਸਾਨ ਹੋਵੇਗਾ।

ਸਿੱਧੇ ਵਿਦੇਸ਼ੀ ਨਿਵੇਸ਼ ਦਾ ਸਿੱਧਾ ਨਾਕਾਰਾਤਮਕ ਪ੍ਰਭਾਵ ਦੇਸ਼ ਅੰਦਰਲੇ ਸੀਮਾਂਤ, ਲਘੂ, ਛੋਟੇ ਤੇ ਦਰਮਿਆਨੇ ਉਦਯੋਗਾਂ 'ਤੇ ਪੈਣ ਦੀ ਸੰਭਾਵਨਾ ਹੈ। ਅਤਿਆਧੁਨਿਕ ਤਕਨਾਲੋਜੀ ਨਾਲ ਜੁੜੇ ਇਸ ਕਰੜੇ ਮੁਕਾਬਲੇ ਦੇ ਯੁੱਗ ਵਿਚ ਭਾਰਤੀ ਯੂਨਿਟਾਂ ਦਾ ਟਿਕਣਾ ਬਹੁਤ ਮੁਸ਼ਕਿਲ ਹੋਵੇਗਾ। ਭਾਰਤ ਦੀ ਜਨਸੰਖਿਆ ਬਹੁਤ ਜ਼ਿਆਦਾ ਹੋਣ ਕਰ ਕੇ ਇਥੇ ਪੂੰਜੀ ਤੇ ਤਕਨਾਲੋਜੀ ਆਧਾਰਿਤ ਉਦਯੋਗਾਂ ਦੀ ਬਜਾਏ 'ਮਜ਼ਦੂਰ ਤੀਬਰਤਾ ਆਧਾਰਿਤ' ਉਦਯੋਗਾਂ ਦੀ ਸਖ਼ਤ ਲੋੜ ਹੈ। ਬਿਹਤਰ ਤਕਨਾਲੋਜੀ ਨਾਲ ਮਾਨਵੀ ਸਰੋਤਾਂ ਦੀ ਜ਼ਰੂਰਤ ਘਟ ਜਾਂਦੀ ਹੈ। ਇਸ ਲਈ ਐਫ.ਡੀ.ਆਈ. ਆਉਣ ਨਾਲ ਤਕਨਾਲੋਜੀ ਦਾ ਪਸਾਰਾ ਵਧਣ ਅਤੇ ਨੌਕਰੀਆਂ ਘਟਣ ਦੀ ਸੰਭਾਵਨਾ ਰੱਦ ਨਹੀਂ ਕੀਤੀ ਜਾ ਸਕਦੀ। ਸਿੱਧਾ ਵਿਦੇਸ਼ੀ ਨਿਵੇਸ਼ ਸਿਰਫ਼ ਅਮੀਰ ਰਾਜਾਂ ਅਤੇ ਇਨ੍ਹਾਂ ਵਿਚ ਵੀ ਵਿਕਸਿਤ ਖੇਤਰਾਂ ਹਿੱਸੇ ਹੀ ਆਉਂਦਾ ਹੈ। ਇਸ ਨਾਲ ਖੇਤਰੀ ਅਸਮਾਨਤਾ ਵਧਣੀ ਸੁਭਾਵਿਕ ਹੈ। ਚੀਨ ਵਿਚ 'ਸੇਜ਼' (ਵਿਸ਼ੇਸ਼ ਬਰਾਮਦੀ ਜ਼ੋਨ) ਦੀ ਸਫਲਤਾ ਨੂੰ ਦੇਖਦਿਆਂ, ਬਿਨਾਂ ਘਰੇਲੂ ਹਾਲਾਤ ਦਾ ਜਾਇਜ਼ਾ ਲਏ, ਭਾਰਤ ਨੇ ਵੀ ਐਫ.ਡੀ.ਆਈ. ਜ਼ਰੀਏ ਬਰਾਮਦ ਵਧਾਉਣ ਲਈ 'ਸੇਜ਼ ਕਾਨੂੰਨ, 2005' ਪਾਸ ਕਰ ਕੇ ਸੇਜ਼ ਖੇਤਰਾਂ ਵਿਚ 'ਟੈਕਸ ਛੁੱਟੀ' ਸਮੇਤ ਸਾਰੀਆਂ ਰਿਆਇਤਾਂ ਦਿੱਤੀਆਂ। ਨਾ ਤਾਂ ਇਨ੍ਹਾਂ ਰਾਹੀਂ ਕੋਈ 'ਤਕਨਾਲੋਜੀ ਤਬਾਦਲਾ' ਹੋਇਆ ਤੇ ਨਾ ਹੀ ਰੁਜ਼ਗਾਰ ਦੇ ਖੇਤਰ ਵਿਚ ਕੋਈ ਕ੍ਰਾਂਤੀਕਾਰੀ ਤਬਦੀਲੀ ਆਈ। ਭਾਰਤ ਦੀ ਦਰਾਮਦ ਵਧਣਾ ਤੇ ਬਰਾਮਦ ਘਟਣਾ ਬਦਸਤੂਰ ਜਾਰੀ ਹੈ।

ਰਿਟੇਲ ਖੇਤਰ ਦਾ ਭਾਰਤੀ ਅਰਥ-ਵਿਵਸਥਾ 'ਚ 22 ਫ਼ੀਸਦੀ ਹਿੱਸਾ ਹੈ। ਇਹ ਖੇਤਰ 500 ਅਰਬ ਡਾਲਰ ਤੋਂ ਜ਼ਿਆਦਾ ਦੀ ਮਾਰਕੀਟ ਹੈ। ਇਸ ਨਾਲ ਲਗਪਗ 1.4 ਕਰੋੜ ਦੁਕਾਨਾਂ ਤੋਂ 40 ਮਿਲੀਅਨ ਭਾਰਤੀ ਲੋਕਾਂ ਨੂੰ ਰੁਜ਼ਗਾਰ ਮਿਲਦਾ ਹੈ। ਰਿਟੇਲ 'ਚ ਐਫ.ਡੀ.ਆਈ. ਆਉਣ ਨਾਲ ਛੋਟਾ ਪਰਚੂਨ ਉਦਯੋਗ ਸਿੱਧਾ ਵੱਡੇ ਕਾਰਪੋਰੇਟਸ ਘਰਾਣਿਆਂ ਦੇ ਹੱਥਾਂ 'ਚ ਜਾਣ ਦਾ ਖ਼ਤਰਾ ਹੈ। ਥਾਈਲੈਂਡ ਵਿਚ ਇਸੇ ਨੀਤੀ ਕਾਰਨ 60,000 ਦੁਕਾਨਾਂ ਬੰਦ ਹੋਈਆਂ ਹਨ। ਭਾਰਤ 'ਚ ਵਾਲਮਾਰਟ ਦਾ ਇਕ ਸਟੋਰ ਖੁੱਲ੍ਹਣ ਨਾਲ ਪਰਚੂਨ ਦੀਆਂ 3000 ਨੌਕਰੀਆਂ ਘਟ ਜਾਂਦੀਆਂ ਹਨ। ਈ-ਕਮਰਸ 'ਚ ਇਸ ਦੇ ਬੁਰੇ ਪ੍ਰਭਾਵ ਨੂੰ ਤਾਂ ਸਰਕਾਰ ਨੇ ਖ਼ੁਦ ਵੀ ਸਵੀਕਾਰ ਕੀਤਾ ਸੀ। ਚੀਨ ਵਿਚ ਇਸ ਨੀਤੀ ਨੂੰ ਮੱਠੀ ਜਿਹੀ ਸਫਲਤਾ ਇਸ ਲਈ ਮਿਲੀ ਕਿਉਂਕਿ ਉਨ੍ਹਾਂ ਨੇ ਸਮਝੌਤੇ ਆਪਣੀਆਂ ਸ਼ਰਤਾਂ ਉੱਤੇ ਕੀਤੇ, ਨਾ ਕਿ ਪੱਛਮੀ ਦੇਸ਼ਾਂ ਦੇ ਦਬਾਅ ਹੇਠ। ਭਾਰਤੀ ਮਾਹਿਰਾਂ ਨੂੰ ਇਹ ਸਮਝ ਨਹੀਂ ਆਉਂਦੀ ਕਿ ਭਾਰਤੀ ਅਰਥ-ਵਿਵਸਥਾ 'ਮੰਗ ਆਧਾਰਿਤ' ਹੈ। ਜਦੋਂ 'ਮੰਗ' ਸਾਡੀ ਹੋਵੇ ਤਾਂ ਕਾਰੋਬਾਰ ਦੀਆਂ ਸ਼ਰਤਾਂ ਸਾਨੂੰ ਤੈਅ ਕਰਨੀਆਂ ਚਾਹੀਦੀਆਂ ਹਨ, ਨਾ ਕਿ ਵਿਦੇਸ਼ੀ ਤਾਕਤਾਂ ਨੂੰ।

ਤਕਨਾਲੋਜੀ ਤੇ ਨਿਪੁੰਨ ਮਜ਼ਦੂਰ ਪੈਦਾ ਕਰਨ ਲਈ ਇਹ ਜ਼ਰੂਰੀ ਨਹੀਂ ਕਿ ਸਾਰੀ ਜ਼ਿੰਦਗੀ 'ਵਿਦੇਸ਼ੀ ਨਿਵੇਸ਼' ਉਤੇ ਹੀ ਨਿਰਭਰ ਰਿਹਾ ਜਾਵੇ, ਸਗੋਂ ਸਾਨੂੰ ਚਾਹੀਦਾ ਹੈ ਕਿ ਖੋਜ ਤੇ ਵਿਕਾਸ, ਸਿੱਖਿਆ ਅਤੇ ਸਿਹਤ ਦੇ ਖੇਤਰਾਂ ਵਿਚ ਜੀ.ਡੀ.ਪੀ. ਦਾ ਹਿੱਸਾ ਨਿਗੂਣੇ 0.88 ਫ਼ੀਸਦੀ, 3.3 ਫ਼ੀਸਦੀ ਤੇ ਇਕ ਫ਼ੀਸਦੀ ਕ੍ਰਮਵਾਰ ਤੋਂ ਵਧਾਇਆ ਜਾਵੇ। ਕਾਰਪੋਰੇਟਸ ਲਗਪਗ ਛੇ ਲੱਖ ਕਰੋੜ ਦੀ 'ਟੈਕਸ ਛੋਟ' ਸਮੇਤ ਕਈ ਹੋਰ ਰਿਆਇਤਾਂ ਲੈਂਦੇ ਹਨ। ਇਸ ਲਈ ਪਾਰਦਰਸ਼ਤਾ ਸੁਨਿਸ਼ਚਿਤ ਕਰਨ ਵਾਸਤੇ ਨਿਜੀ ਖੇਤਰ ਨੂੰ 'ਆਰ.ਟੀ.ਆਈ. ਕਾਨੂੰਨ 2005' ਅਧੀਨ ਲਿਆ ਕੇ ਜ਼ਰੂਰੀ ਅੰਕੜੇ ਜਨਤਕ ਹੋਣੇ ਯਕੀਨੀ ਬਣਾਉਣੇ ਚਾਹੀਦੇ ਹਨ। ਐਫ.ਡੀ.ਆਈ. ਨੂੰ ਬਿਨਾਂ ਕਿਸੇ ਵਿਦੇਸ਼ੀ ਪ੍ਰਭਾਵ ਦੇ ਸਿਰਫ਼ ਉਪਜਾਊ ਖੇਤਰਾਂ ਵਿਚ ਲਿਆਉਣਾ ਚਾਹੀਦਾ ਜਿਥੇ ਕੰਟਰੋਲ ਵੀ ਸਾਡਾ ਹੋਵੇ ਤੇ ਜ਼ਿੰਮੇਵਾਰੀ ਤੈਅ ਹੋਵੇ। ਰਣਨੀਤਕ ਖੇਤਰਾਂ ਵਿਚ ਇਸ ਨੂੰ ਦੂਰ ਰੱਖਣਾ ਹੀ ਦੇਸ਼ ਦੇ ਦੂਰਗਾਮੀ ਹਿੱਤਾਂ ਵਿਚ ਹੋਵੇਗਾ। -0-

# ਔਰਤਾਂ ਉਪਰ ਰਾਜਕੀ ਹਿੰਸਾ

ਬੂਟਾ ਸਿੰਘ
ਫੋਨ: +91-94634-74342

ਦਸੰਬਰ 2012 ਵਿਚ ਜਦੋਂ ਕੌਮੀ ਰਾਜਧਾਨੀ ਵਿਚ 'ਨਿਰਭੈ' ਕਾਂਡ ਵਾਪਰਿਆ ਸੀ ਤਾਂ ਉਸ ਦਰਿੰਦਗੀ ਦੇ ਵਿਰੋਧ ਵਿਚ ਨਾ ਸਿਰਫ਼ ਸਮੁੱਚੇ ਮੁਲਕ ਵਿਚੋਂ ਜ਼ੋਰਦਾਰ ਆਵਾਜ਼ ਉਠੀ ਸੀ, ਸਗੋਂ ਉਸ ਵਿਰੋਧ ਦੇ ਦਬਾਓ ਹੇਠ ਹੁਕਮਰਾਨਾਂ ਨੂੰ ਖ਼ਾਮੋਸ਼ੀ ਤੋੜ ਕੇ ਹਰਕਤ ਵਿਚ ਆਉਣਾ ਪਿਆ ਸੀ; ਪਰ ਜਦੋਂ ਉਸੇ ਤਰ੍ਹਾਂ ਦੀ ਦਰਿੰਦਗੀ ਬਸਤਰ ਦੇ ਜੰਗਲਾਂ ਜਾਂ ਕਿਸੇ ਹੋਰ 'ਗੜਬੜਗ੍ਰਸਤ' ਇਲਾਕੇ ਵਿਚ ਹੁੰਦੀ ਹੈ ਤਾਂ ਸੰਵੇਦਨਸ਼ੀਲਤਾ ਅਤੇ ਵਿਰੋਧ ਦਾ ਦਾਇਰਾ ਕੁਝ ਬੁੱਧੀਜੀਵੀਆਂ ਅਤੇ ਕਾਰਕੁਨਾਂ ਜਾਂ ਜੇ.ਐਨ.ਯੂ. ਦੇ ਅਧਿਆਪਕਾਂ-ਵਿਦਿਆਰਥੀਆਂ ਤਕ ਮਹਿਦੂਦ ਹੋ ਜਾਂਦਾ ਹੈ। ਇਹ ਫ਼ਰਕ ਛੱਤੀਸਗੜ੍ਹ ਵਿਚ ਦੋ ਲੜਕੀਆਂ ਦੇ ਹਾਲੀਆ ਕਤਲਾਂ ਤੋਂ ਸਪਸ਼ਟ ਦੇਖਿਆ ਜਾ ਸਕਦਾ ਹੈ।

12 ਜੂਨ ਨੂੰ ਸੁਕਮਾ ਜ਼ਿਲ੍ਹੇ ਦੀ ਆਦਿਵਾਸੀ ਲੜਕੀ ਮੜਕਮ ਹਿੜਮੇ ਅਤੇ ਇਨ੍ਹਾਂ ਦਿਨਾਂ ਵਿਚ ਹੀ ਬੀਜਾਪੁਰ ਜ਼ਿਲ੍ਹੇ ਦੀ ਆਦਿਵਾਸੀ ਔਰਤ ਪਾਂਡੇ ਤੇ ਉਸ ਦੇ ਪਤੀ ਦਾ ਕਥਿਤ ਮੁਕਾਬਲਿਆਂ ਵਿਚ ਮਾਰੇ ਜਾਣਾ ਅਤੇ ਇਸ ਤੋਂ ਪਹਿਲਾਂ ਹਿਰਾਸਤ ਵਿਚ ਉਨ੍ਹਾਂ ਦੇ ਸਵੈਮਾਣ ਦਾ ਕਤਲ ਉਸੇ ਦਸਤੂਰ ਦਾ ਹਿੱਸਾ ਹੈ ਜੋ ਹਰ 'ਗੜਬੜਗ੍ਰਸਤ' ਖੇਤਰ ਵਿਚ ਅਮਨ-ਕਾਨੂੰਨ ਬਹਾਲ ਕਰਨ ਦੇ ਨਾਂ ਹੇਠ ਚਲਦਾ ਹੈ। ਆਦਿਵਾਸੀ ਕਾਰਕੁਨ ਸੋਨੀ ਸੋਰੀ ਅਤੇ ਉਸ ਦੇ ਸਾਥੀਆਂ ਦੇ ਲਗਾਤਾਰ ਯਤਨਾਂ ਦੇ ਨਤੀਜੇ ਵਜੋਂ ਜਿਥੇ ਇਨ੍ਹਾਂ ਮਾਮਲਿਆਂ ਵਿਚ ਅਦਾਲਤੀ ਦਖ਼ਲਅੰਦਾਜ਼ੀ ਨਾਲ ਬੰਦੂਕ-ਤੰਤਰ ਨੂੰ ਜਵਾਬਦੇਹ ਹੋਣਾ ਪਿਆ, ਉਥੇ ਉਹ ਸੰਤਾਪ ਵੀ ਦੁਬਾਰਾ ਚਰਚਾ ਵਿਚ ਆਇਆ ਜੋ ਉਥੇ ਔਰਤਾਂ ਨੂੰ ਖ਼ਾਸ ਤੌਰ 'ਤੇ ਭੋਗਣਾ ਪੈ ਰਿਹਾ ਹੈ। ਮੁਕਾਬਲੇ ਬਣਾਏ ਜਾਣ ਤੋਂ ਪਹਿਲਾਂ ਉਪਰੋਕਤ ਦੋਹਾਂ ਆਦਿਵਾਸੀ ਔਰਤਾਂ ਦੇ ਸਵੈਮਾਣ ਨੂੰ ਜਿਸ ਦਰਿੰਦਗੀ ਨਾਲ ਕੋਹਿਆ ਗਿਆ, ਉਹ ਨਿਰਭੈ ਕਾਂਡ ਤੋਂ ਮਹਿਜ਼ ਇਸ ਪੱਖ ਤੋਂ ਵੱਖਰਾ ਸੀ ਕਿ ਇਨ੍ਹਾਂ ਮਾਮਲਿਆਂ ਵਿਚ ਸਮੂਹਿਕ ਜਬਰ ਜਨਾਹਾਂ ਨੂੰ ਅੰਜਾਮ ਦੇਣ ਵਾਲੇ 'ਕਾਨੂੰਨ ਦੇ ਰਖਵਾਲੇ' ਵਰਦੀਧਾਰੀ ਸਨ।

ਸੋਨੀ ਸੋਰੀ ਅਨੁਸਾਰ, "ਬਸਤਰ ਵਿਚ ਮਰਦ ਇਕ ਵਾਰ ਮਰਦਾ ਹੈ, ਪਰ ਔਰਤ ਦੋ ਵਾਰ ਮਰਦੀ ਹੈ: ਇਕ ਵਾਰ ਜਦੋਂ ਵਰਦੀਧਾਰੀ ਉਸ ਦੇ ਸਵੈਮਾਣ ਦਾ ਹਰ ਕਿਣਕਾ ਖੋਹ ਲੈਂਦੇ ਹਨ ਤੇ ਉਸ ਦਾ ਚੀਰ-ਹਰਨ ਕਰ ਕੇ ਉਸ ਨੂੰ ਦਰਿੰਦਗੀ ਦਾ ਸ਼ਿਕਾਰ ਬਣਾਉਂਦੇ ਹਨ; ਅਤੇ ਬਾਅਦ ਵਿਚ, ਗੋਲੀ ਨਾਲ।" ਜੋ ਔਰਤ ਦਰਿੰਦਗੀ ਦੌਰਾਨ ਜਿਉਂਦੀ ਬਚ ਰਹਿੰਦੀ ਹੈ, ਉਹ ਉਮਰ ਭਰ ਇਹ ਸੰਤਾਪ ਝੱਲਦੀ ਹੈ। ਦਰਅਸਲ, ਚਾਹੇ ਬਸਤਰ ਹੈ ਜਾਂ ਕਸ਼ਮੀਰ ਜਾਂ ਉਤਰ ਪੂਰਬੀ ਰਾਜ, ਇਹ ਮੁਲਕ ਦੀਆਂ ਸਰਹੱਦਾਂ ਅੰਦਰਲੇ ਹਰ 'ਗੜਬੜਗ੍ਰਸਤ' ਖੇਤਰ ਦੀਆਂ ਔਰਤਾਂ ਦੀ ਹੋਣੀ ਬਣ ਗਈ ਹੈ। ਇਨ੍ਹਾਂ ਇਲਾਕਿਆਂ ਵਿਚ ਹਰ ਔਰਤ ਹਰ ਪਲ ਇਸ ਸਹਿਮ ਦੇ ਸਾਏ ਹੇਠ ਜਿਉਂਦੀ ਹੈ ਕਿ ਪਤਾ ਨਹੀਂ ਕਦੋਂ ਉਸ ਨਾਲ ਵੀ ਇਹ ਵਾਪਰ ਜਾਵੇ! ਕਸ਼ਮੀਰ ਘਾਟੀ ਦੇ ਜੌੜੇ ਪਿੰਡਾਂ ਕੁਨਨ-ਪੌਸ਼ਪੁਰਾ ਦੀ ਇਨਸਾਫ਼ ਲਈ ਜੱਦੋਜਹਿਦ, ਮਨੀਪੁਰ ਵਿਚ 'ਅਫਸਪਾ' (ਆਰਮਡ ਫੋਰਸਿਜ਼ ਸਪੈਸ਼ਲ ਪਾਵਰਜ਼ ਐਕਟ) ਖ਼ਤਮ ਕਰਾਉਣ ਲਈ ਇਰੋਮ ਸ਼ਰਮੀਲਾ ਦਾ ਡੇਢ ਦਹਾਕੇ ਤੋਂ ਜਾਰੀ ਮਰਨ ਵਰਤ, ਮਨੀਪੁਰੀ ਔਰਤਾਂ ਦਾ ਫ਼ੌਜ ਦੇ ਸਦਰ-ਮੁਕਾਮ ਅੱਗੇ ਨਿਰਵਸਤਰ ਹੋ ਕੇ ਪ੍ਰਦਰਸ਼ਨ ਅਤੇ ਸੋਨੀ ਸੋਰੀ ਵਲੋਂ ਬਸਤਰ ਵਿਚ ਸੱਤਾ ਦੀ ਦਰਿੰਦਗੀ ਵਿਰੁੱਧ ਸੰਘਰਸ਼ ਇਸ ਸੰਤਾਪ ਤੋਂ ਮੁਕਤ ਹੋਣ ਦੀ ਔਰਤਾਂ ਦੀ ਪ੍ਰਬਲ ਤਾਂਘ ਦੀਆਂ ਮੁੱਖ ਮਿਸਾਲਾਂ ਹਨ।

ਇਨ੍ਹਾਂ ਜੱਦੋਜਹਿਦਾਂ, ਸਰੋਕਾਰਾਂ ਤੇ ਮੰਗਾਂ ਪ੍ਰਤੀ ਇਸ ਮੁਲਕ ਦੀ 'ਸਮੂਹਿਕ ਆਤਮਾ' ਉਦਾਸੀਨ ਹੈ। ਵਰਦੀਧਾਰੀ ਅਤੇ ਰਾਜਕੀ ਪੁਸ਼ਤ-ਪਨਾਹੀ ਵਾਲੀਆਂ ਗ਼ੈਰਕਾਨੂੰਨੀ ਬਲਾਂ ਵਲੋਂ ਕੀਤੀ ਜਾ ਰਹੀ ਲਿੰਗਕ ਹਿੰਸਾ ਦੇ ਸਵਾਲ ਬਾਰੇ ਡੂੰਘੀ ਖ਼ਾਮੋਸ਼ੀ ਪਸਰੀ ਹੋਈ ਹੈ। ਪਾਰਟੀ ਕੋਈ ਵੀ ਸੱਤਾਧਾਰੀ ਹੋਵੇ, ਹੁਕਮਰਾਨ ਦਹਾਕਿਆਂ ਤੋਂ ਅਕਸਰ ਹੀ ਦਾਅਵੇ ਕਰਦੇ ਆ ਰਹੇ ਹਨ ਕਿ ਮੁਲਕ 'ਵੱਖਵਾਦ' ਅਤੇ 'ਅੰਦਰੂਨੀ ਸੁਰੱਖਿਆ' ਦੇ ਬਹੁਤ ਵੱਡੇ ਖ਼ਤਰਿਆਂ ਨਾਲ ਲੜ ਰਿਹਾ ਹੈ।

ਮਨੁੱਖੀ ਹੱਕਾਂ ਦੇ ਘਾਣ ਦੀ ਜਵਾਬਦੇਹੀ ਤੋਂ ਬਚਣ ਲਈ ਹੁਕਮਰਾਨ ਇਸ ਨੂੰ ਭਾਵੇਂ 'ਪੁਲਿਸ ਕਾਰਵਾਈ' ਦੱਸਦੇ ਹਨ, ਪਰ ਹਕੀਕਤ ਵਿਚ ਇਹ ਅਣਐਲਾਨੀ ਜੰਗ ਹੈ ਜੋ ਵੱਖੋ-ਵੱਖਰੇ ਖੇਤਰਾਂ ਵਿਚ ਸਟੇਟ ਵਲੋਂ ਆਪਣੇ ਹੀ ਨਾਗਰਿਕਾਂ ਵਿਰੁੱਧ ਲੜੀ ਜਾ ਰਹੀ ਹੈ। ਇਸ ਜੰਗ ਦੀ ਵਾਜਬੀਅਤ, ਇਸ ਦੇ ਬਹਾਨੇ ਅਤੇ ਲੁਕਵੇਂ ਏਜੰਡੇ ਹਮੇਸ਼ਾ ਵਿਵਾਦ ਦਾ ਮੁੱਦਾ ਰਹੇ ਹਨ।

ਇਸ ਜੰਗ ਵਿਚ ਸਟੇਟ ਤੋਂ ਬਾਗ਼ੀ ਲਹਿਰਾਂ ਵਿਰੁੱਧ ਬੇਤਹਾਸ਼ਾ ਲਿੰਗਕ ਹਿੰਸਾ ਗ਼ਲਤੀ ਜਾਂ ਉਲੰਘਣਾ ਨਹੀਂ ਹੈ, ਇਸ ਨੂੰ ਸਟੇਟ ਵਲੋਂ ਬਾਕਾਇਦਾ, ਹਥਿਆਰ ਵਜੋਂ ਇਸਤੇਮਾਲ ਕੀਤਾ ਜਾ ਰਿਹਾ ਹੈ। ਇਸ ਦਾ ਮਨੋਰਥ ਸਬੰਧਤ ਭਾਈਚਾਰੇ ਨੂੰ ਸਥਾਪਤੀ ਤੋਂ ਬਗ਼ਾਵਤ ਦੀ ਸਜ਼ਾ ਦੇਣਾ ਹੁੰਦਾ ਹੈ। ਇਸ ਦਾ ਮਨੋਰਥ ਦੋ-ਪੱਖੀ ਹੈ: ਉਨ੍ਹਾਂ ਨੂੰ ਜ਼ਲੀਲ ਕਰਨ ਲਈ ਥੋਕ ਪੈਮਾਨੇ 'ਤੇ ਜਬਰ ਜਨਾਹ ਅਤੇ ਸਟੇਟ ਦੀ ਤਾਕਤ ਅੱਗੇ ਬੇਵਸੀ ਦਾ ਅਹਿਸਾਸ ਕਰਾਉਣ ਲਈ ਗੁਨਾਹਗਾਰਾਂ ਨੂੰ ਸਜ਼ਾ ਤੋਂ ਮੁਕੰਮਲ ਛੋਟ।

1990 ਵਿਚ 'ਇਲਸਟ੍ਰੇਟਿਡ ਵੀਕਲੀ' ਨਾਲ ਗੱਲਬਾਤ ਵਿਚ ਕਸ਼ਮੀਰ ਦੇ ਡੀ.ਜੀ.ਪੀ. ਸਕਸੈਨਾ




ਨੂੰ ਜਦੋਂ ਸਵਾਲ ਕੀਤਾ ਗਿਆ ਕਿ ਵਧੇਰੇ ਜਬਰ ਜਨਾਹ ਅਤੇ ਹੋਰ ਅੱਤਿਆਚਾਰ ਕੁਪਵਾੜਾ ਇਲਾਕੇ ਵਿਚ ਹੀ ਕਿਉਂ ਹੋਏ, ਤਾਂ ਉਸ ਦਾ ਜਵਾਬ ਸੀ- 'ਕਿਉਂਕਿ ਇਹ ਦਹਿਸ਼ਤਗਰਦਾਂ ਨਾਲ ਬੁਰੀ ਤਰ੍ਹਾਂ ਗ੍ਰਸਤ ਇਲਾਕਾ ਹੈ'। ਇਹ ਸਟੇਟ ਦੇ ਰਵੱਈਏ ਦੀ ਉਘੜਵੀਂ ਮਿਸਾਲ ਹੈ।

ਇਹ ਵੀ ਚੇਤੇ ਰੱਖਣਾ ਹੋਵੇਗਾ ਕਿ ਲਿੰਗਕ ਹਿੰਸਾ ਦਾ ਸੰਤਾਪ ਭਾਵੇਂ ਔਰਤਾਂ ਨੂੰ ਖ਼ਾਸ ਤੌਰ 'ਤੇ ਭੋਗਣਾ ਪੈਂਦਾ ਹੈ, ਪਰ ਇਸ ਦਾ ਸ਼ਿਕਾਰ ਇਕ ਹੋਰ ਰੂਪ ਵਿਚ ਮਰਦ ਵੀ ਹੁੰਦੇ ਹਨ। ਔਰਤਾਂ ਉਪਰ ਇਹ ਹਿੰਸਾ ਬਾਗ਼ੀ ਭਾਈਚਾਰਿਆਂ ਨੂੰ ਬੇਇਜ਼ਤ ਤੇ ਜ਼ਲੀਲ ਕਰਨ ਦੀ ਮਨਸ਼ਾ ਨਾਲ ਕੀਤੀ ਜਾਂਦੀ ਹੈ ਜਦਕਿ ਮਰਦਾਂ ਉਪਰ ਉਨ੍ਹਾਂ ਨੂੰ ਮਨੋਵਿਗਿਆਨਕ ਤੌਰ 'ਤੇ ਤੋੜਨ ਲਈ ਇਹ ਤਸੀਹਿਆਂ ਦੇ ਹਿੱਸੇ ਵਜੋਂ ਕੀਤੀ ਜਾਂਦੀ ਹੈ। ਔਰਤਾਂ ਨਾਲ ਜਬਰ ਜਨਾਹਾਂ ਅਤੇ ਹੋਰ ਪਰਿਵਾਰਕ, ਸਮਾਜਿਕ ਜ਼ੁਲਮਾਂ ਦਾ ਵਿਰੋਧ ਕਰਨ ਵਾਲੀਆਂ ਉਹ ਜ਼ਿਆਦਾਤਰ ਤਾਕਤਾਂ ਰਾਜ ਦੇ ਇਸ ਲਿੰਗਕ ਦਹਿਸ਼ਤਵਾਦ ਬਾਰੇ ਕਦੇ ਚਰਚਾ ਨਹੀਂ ਕਰਦੀਆਂ ਜਿਨ੍ਹਾਂ ਨੇ 'ਨਿਰਭੈ' ਕਾਂਡ ਦੇ ਵਕਤ ਡੂੰਘੀ ਸੰਵੇਦਨਸ਼ੀਲਤਾ ਅਤੇ ਫ਼ਿਕਰਮੰਦੀ ਦਿਖਾਈ ਸੀ। ਇਸ ਦੀ ਬੁਨਿਆਦ ਵਿਚ ਸਮਾਜ ਦੀ ਮਰਦ ਪ੍ਰਧਾਨ ਜ਼ਿਹਨੀਅਤ ਹੈ ਜੋ ਔਰਤ ਦੀ ਹੋਂਦ ਨੂੰ ਹੀ ਟਿੱਚ ਸਮਝਦੀ ਹੈ ਅਤੇ ਭਾਈਚਾਰੇ ਨੂੰ ਸਬਕ ਸਿਖਾਉਣ ਲਈ ਉਨ੍ਹਾਂ ਦੀਆਂ ਔਰਤਾਂ ਦੇ ਸਵੈਮਾਣ ਨੂੰ ਕੁਚਲਣਾ ਆਪਣਾ ਚੁਣੌਤੀ-ਰਹਿਤ ਹੱਕ ਸਮਝਦੀ ਹੈ। ਨਜ਼ਰਅੰਦਾਜ਼ੀ ਦਾ ਇਕ ਕਾਰਨ ਇਨ੍ਹਾਂ ਘਿਨਾਉਣੇ ਜੁਰਮਾਂ ਉਪਰ ਚਾੜ੍ਹਿਆ 'ਰਾਸ਼ਟਰੀ ਹਿਤਾਂ' ਦੀ ਲੜਾਈ ਦਾ ਮੁਲੰਮਾ ਹੈ ਅਤੇ ਦੂਜਾ ਸਰਕਾਰ ਵਲੋਂ ਇਸ ਤੋਂ ਸਾਫ਼ ਮੁਕਰ ਜਾਣ, ਮਜ਼ਲੂਮਾਂ ਦੀ ਚੀਕ-ਪੁਕਾਰ ਨੂੰ ਸੋਚੇ-ਸਮਝੇ ਤੌਰ 'ਤੇ ਨਜ਼ਰਅੰਦਾਜ਼ ਕਰਨ ਅਤੇ ਜਾਂਚ ਕਮਿਸ਼ਨਾਂ ਤੇ ਅਦਾਲਤਾਂ ਅੱਗੇ ਝੂਠੇ ਬਿਆਨ ਦੇਣ ਦਾ ਸਿਲਸਿਲੇਵਾਰ ਵਰਤਾਰਾ ਹੈ। ਲਿਹਾਜ਼ਾ, ਸੱਚ ਕਦੇ ਸਾਹਮਣੇ ਨਹੀਂ ਆਉਂਦਾ। ਜਿੰਨਾ ਕੁ ਨਸ਼ਰ ਹੁੰਦਾ ਹੈ, ਉਸ ਨੂੰ ਮੀਡੀਆ ਅਤੇ ਅਦਾਲਤੀ ਪ੍ਰਣਾਲੀ ਸਮੇਤ ਸਮਾਜ ਦੇ ਜ਼ਿਆਦਾਤਰ ਬੌਧਿਕ ਤੇ ਚੇਤੰਨ ਹਿੱਸੇ ਵੀ ਫ਼ਜ਼ੂਲ ਇਲਜ਼ਾਮਬਾਜ਼ੀ ਸਮਝ ਕੇ ਅਣਗੌਲਿਆਂ ਕਰ ਦਿੰਦੇ ਹਨ।

ਦਰਅਸਲ, ਖ਼ਾਮੋਸ਼ੀ ਇਕੋ-ਇਕ ਮੁੱਦਾ ਨਹੀਂ ਹੈ। ਸਟੇਟ ਵਲੋਂ ਜਿਨ੍ਹਾਂ ਸਰਕਾਰੀ ਤੇ ਗ਼ੈਰਸਰਕਾਰੀ, ਕਾਨੂੰਨੀ ਤੇ ਗ਼ੈਰਕਾਨੂੰਨੀ ਤਾਕਤਾਂ ਨੂੰ ਲਿੰਗਕ ਹਿੰਸਾ ਅਤੇ ਮਨੁੱਖੀ ਹੱਕਾਂ ਦੇ ਬੇਤਹਾਸ਼ਾ ਘਾਣ ਨੂੰ ਅੰਜਾਮ ਦੇਣ ਲਈ ਹਥਿਆਰ ਬਣਾਇਆ ਜਾਂਦਾ ਹੈ, ਉਨ੍ਹਾਂ ਨੂੰ ਇਕ ਖ਼ਾਸ ਤਰ੍ਹਾਂ ਦੀ ਕਾਨੂੰਨੀ ਸੁਰੱਖਿਆ ਦਿੱਤੀ ਗਈ ਹੈ।

ਇਸ ਤਹਿਤ ਉਹ ਕਾਨੂੰਨੀ ਜਵਾਬਦੇਹੀ ਤੋਂ ਪੂਰੀ ਤਰ੍ਹਾਂ ਮੁਕਤ ਹਨ। ਇਸ ਦਾ ਇਕ ਰੂਪ ਬਾਗ਼ੀ ਲਹਿਰਾਂ ਵਿਰੁਧ ਓਪਰੇਸ਼ਨਾਂ ਵਿਚ ਸ਼ਾਮਲ ਬਲਾਂ ਨੂੰ ਐਸੇ ਕਾਨੂੰਨਾਂ ਅਤੇ ਵਿਸ਼ੇਸ਼ ਅਧਿਕਾਰਾਂ ਜ਼ਰੀਏ ਮੁਹੱਈਆ ਕੀਤਾ ਸੁਰੱਖਿਆ ਕਵਚ ਹੈ ਜੋ ਉਨ੍ਹਾਂ ਨੂੰ ਸਜ਼ਾ ਦੇ ਡਰ ਤੋਂ ਮੁਕੰਮਲ ਤੌਰ 'ਤੇ ਮੁਕਤ ਬਣਾਉਂਦਾ ਹੈ। ਦੂਜਾ ਰਾਸ਼ਟਰਵਾਦ ਦੀ ਸੁਰੱਖਿਆ ਹੈ। ਜਦੋਂ ਲੜਾਈ 'ਰਾਸ਼ਟਰੀ ਹਿੱਤਾਂ' ਦੇ ਨਾਂ ਹੇਠ ਲੜੀ ਜਾ ਰਹੀ ਹੈ ਤਾਂ ਹਰ ਨਹਾਇਤ ਘਿਨਾਉਣਾ ਜੁਰਮ ਵੀ ਦੇਸ਼ ਭਗਤੀ ਮੰਨ ਲਿਆ ਜਾਂਦਾ ਹੈ।

ਸੋਚ ਇਹ ਹੈ ਕਿ ਲੜ ਰਹੀਆਂ ਲਹਿਰਾਂ ਦੇ ਸਿਆਸੀ ਏਜੰਡੇ ਅਤੇ ਉਨ੍ਹਾਂ ਦੇ ਲੜਨ ਦੇ ਢੰਗ ਗ਼ਲਤ ਹਨ ਲਿਹਾਜ਼ਾ ਜਬਰ ਜਨਾਹਾਂ ਸਮੇਤ ਉਨ੍ਹਾਂ ਇਲਾਕਿਆਂ ਦੇ ਅਵਾਮ ਦੇ ਖ਼ਿਲਾਫ਼ ਕੀਤਾ ਹਰ ਜੁਰਮ ਜਾਇਜ਼ ਮੰਨਿਆ ਜਾਂਦਾ ਹੈ। ਐਸੇ ਜੁਰਮ ਕਰਨ ਵਾਲਿਆਂ ਨੂੰ ਉਤਸ਼ਾਹਤ ਕਰਨ ਦੀ ਤਰੱਕੀਆਂ ਤੇ ਸਨਮਾਨਾਂ ਦੀ ਰਾਜਕੀ ਨੀਤੀ ਨੂੰ ਸਰਹੱਦਾਂ 'ਤੇ ਟਿਕਿਆ ਰਾਸ਼ਟਰਵਾਦ ਆਵਾਮ ਦੀਆਂ ਨਜ਼ਰਾਂ ਵਿਚ ਵਾਜਬੀਅਤ ਮੁਹੱਈਆ ਕਰਦਾ ਹੈ ਜਿਸ ਲਈ ਮਹਿਜ਼ ਸਰਹੱਦਾਂ ਮਾਇਨੇ ਰੱਖਦੀਆਂ ਹਨ, ਇਨ੍ਹਾਂ ਦੇ ਅੰਦਰ ਰਹਿਣ ਵਾਲੇ ਲੋਕ ਨਹੀਂ। ਗਣਤੰਤਰ ਦਿਵਸ ਮੌਕੇ ਉਹ ਸੀਨੀਅਰ ਪੁਲਿਸ ਅਧਿਕਾਰੀ 'ਬਹਾਦਰੀ ਅਵਾਰਡ' ਨਾਲ ਸਨਮਾਨੇ ਜਾਂਦੇ ਹਨ ਜੋ ਹਿਰਾਸਤ ਵਿਚ ਸੋਨੀ ਸੋਰੀ ਵਰਗੀਆਂ ਆਦਿਵਾਸੀ ਕਾਰਕੁਨਾਂ ਦਾ ਮਨੋਬਲ ਤੋੜਨ ਲਈ ਜਬਰ ਜਨਾਹ ਨੂੰ ਹਥਿਆਰ ਵਜੋਂ ਇਸਤੇਮਾਲ ਕਰਦੇ ਹਨ, ਪਰ ਇਹ ਸਵਾਲ ਕਦੇ ਪਬਲਿਕ ਸੰਵਾਦ ਦਾ ਹਿੱਸਾ ਨਹੀਂ ਬਣਦੇ।

ਜੁਲਾਈ 2011 ਵਿਚ ਸੁਪਰੀਮ ਕੋਰਟ ਨੇ ਸਲਵਾ ਜੁਡਮ ਨਾਂ ਦੇ ਗ਼ੈਰਕਾਨੂੰਨੀ ਗਰੋਹ ਨੂੰ ਖ਼ਤਮ ਕਰਨ ਦਾ ਆਦੇਸ਼ ਦਿੰਦਿਆਂ ਰਾਜ ਸੱਤਾ ਦੀ ਜਵਾਬਦੇਹੀ 'ਤੇ ਜ਼ੋਰ ਦਿੱਤਾ ਸੀ। ਆਦਿਵਾਸੀ ਆਬਾਦੀ ਦੇ ਬੇਰਹਿਮੀ ਨਾਲ ਸੱਥਰ ਵਿਛਾਉਣ ਵਾਲੀ ਇਸ ਅਖੌਤੀ ਸ਼ਾਂਤੀ ਮੁਹਿੰਮ ਨੇ 643 ਆਦਿਵਾਸੀ ਪਿੰਡ ਅੱਗ ਲਾ ਕੇ ਫੂਕ ਦਿਤੇ ਸਨ। ਬੇਸ਼ੁਮਾਰ ਤਬਾਹੀ ਅਤੇ ਉਜਾੜਾ ਇਸ ਤੋਂ ਵੱਖਰਾ ਸੀ। ਆਮ ਲੋਕਾਂ ਦੀ ਬੇਤਹਾਸ਼ਾ ਕਤਲੋਗ਼ਾਰਤ ਦੇ ਨਾਲ-ਨਾਲ ਸੈਂਕੜੇ ਔਰਤਾਂ ਨਾਲ ਸਮੂਹਕ ਜਬਰ ਜਨਾਹ ਕੀਤੇ ਗਏ ਸਨ। ਕੇਂਦਰ ਅਤੇ ਛੱਤੀਸਗੜ੍ਹ ਸਰਕਾਰਾਂ ਵਿਚੋਂ ਕਿਸੇ ਨੂੰ ਵੀ ਇਸ ਅਦਾਲਤੀ ਆਦੇਸ਼ ਦੀ ਕੋਈ ਪ੍ਰਵਾਹ ਨਹੀਂ। 'ਕੋਇਆ ਕਮਾਂਡੋਜ਼', 'ਡਿਸਟ੍ਰਿਕ ਰਿਜ਼ਰਵ ਗਰੁੱਪ' ਹੁਣ ਸਾਬਕਾ ਸਲਵਾ ਜੁਡਮ ਗਰੋਹਾਂ ਨੂੰ ਦਿਤੇ ਨਵੇਂ ਨਾਂ ਹਨ। ਜਵਾਬਦੇਹੀ ਉਥੇ ਹੀ ਸੰਭਵ ਹੋ ਸਕਦੀ ਹੈ ਜਿਥੇ ਹਾਕਮ ਧਿਰ ਸਮਾਜੀ ਬੇਚੈਨੀ ਦਾ ਹੱਲ ਆਪਣੇ ਲੋਕਾਂ ਨਾਲ ਜਮਹੂਰੀ ਸੰਵਾਦ ਦੁਆਰਾ ਤਲਾਸ਼ਣ ਦੀ ਸੋਚ ਰੱਖਦੀ ਹੋਵੇ। ਜਿਥੇ 'ਲੋਕਤੰਤਰ' ਦੀ ਸੋਚ ਲੋਕ-ਬੇਚੈਨੀ ਨੂੰ ਰਾਜਧ੍ਰੋਹ ਕਰਾਰ ਦੇ ਕੇ ਸੱਤਾ ਦੀ ਹਥਿਆਰਬੰਦ ਤਾਕਤ ਦੇ ਜ਼ੋਰ ਦਬਾਉਣ ਦੀ ਹੈ, ਉਥੇ ਹੁਕਮਰਾਨਾਂ ਦੀ ਟੇਕ ਵੀ ਬੇਤਹਾਸ਼ਾ ਦਮਨ ਉਪਰ ਰਹੇਗੀ।

ਕਸ਼ਮੀਰ, ਮਨੀਪੁਰ ਵਰਗੇ ਜਿਨ੍ਹਾਂ ਖੇਤਰ ਵਿਚ 'ਅਫਸਪਾ' ਲਾਗੂ ਹੈ, ਉਥੇ ਕੇਂਦਰੀ ਗ੍ਰਹਿ ਮੰਤਰਾਲੇ ਦੀ ਮਨਜ਼ੂਰੀ ਤੋਂ ਬਿਨਾ ਕਿਸੇ ਵਰਦੀਧਾਰੀ ਦੇ ਖ਼ਿਲਾਫ਼ ਜੁਰਮ ਦੀ ਰਪਟ ਵੀ ਦਰਜ ਨਹੀਂ ਕਰਵਾਈ ਜਾ ਸਕਦੀ। ਜੁਰਮ ਕਿੰਨਾ ਵੀ ਅਣਮਨੁੱਖੀ ਅਤੇ ਘਿਨਾਉਣਾ ਹੋਵੇ, ਮੁਜਰਿਮਾਂ ਨੂੰ ਸਜ਼ਾ ਹੋਣ ਦਾ ਤਾਂ ਸਵਾਲ ਹੀ ਨਹੀਂ ਹੈ। ਹਾਲ ਹੀ ਵਿਚ ਪਹਿਲੀ ਵਾਰ ਸੁਪਰੀਮ ਕੋਰਟ ਨੇ ਮਨੀਪੁਰ ਵਿਚ ਫ਼ੌਜ ਵਲੋਂ ਕੀਤੀਆਂ 1528 ਹੱਤਿਆਵਾਂ ਦੀ ਵਿਸ਼ੇਸ਼ ਜਾਂਚ ਦੇ ਹੁਕਮ ਦਿਤੇ ਹਨ ਜਿਸ ਨਾਲ ਫ਼ੌਜ ਅਤੇ ਸੱਤਾ ਦੀ ਜਵਾਬਦੇਹੀ ਦਾ ਸਵਾਲ ਉਠਿਆ ਹੈ। ਲਿਹਾਜ਼ਾ, ਲਿੰਗਕ ਹਿੰਸਾ ਦੇ ਸਵਾਲ ਨੂੰ ਬਰਾਬਰ ਸ਼ਿੱਦਤ ਨਾਲ ਉਠਾਉਣ ਦੀ ਲੋੜ ਹੈ। ਐਸੀਆਂ ਕੌਮਾਂਤਰੀ ਮਿਸਾਲਾਂ ਹਨ ਜਿਥੇ ਖ਼ਾਨਾਜੰਗੀ ਵਿਚ ਗ੍ਰਸਤ ਮੁਲਕਾਂ ਦੇ ਰਾਜਾਂ ਨੂੰ ਇਸ ਦਾ ਜਵਾਬਦੇਹ ਬਣਾਇਆ ਗਿਆ।

ਇੰਟਰਨੈਸ਼ਨਲ ਕ੍ਰਿਮੀਨਲ ਟ੍ਰਿਬਿਊਨਲ ਫਾਰ ਰਵਾਂਡਾ ਦੇ 1998 ਦੇ ਫ਼ੈਸਲੇ ਵਿਚ ਉਥੇ ਜਬਰ ਜਨਾਹ ਨੂੰ ਨਾ ਸਿਰਫ਼ ਮਨੁੱਖਤਾ ਖ਼ਿਲਾਫ਼ ਜੁਰਮ ਸਗੋਂ ਨਸਲਕੁਸ਼ੀ ਦਾ ਸਾਧਨ ਵੀ ਮੰਨਿਆ ਗਿਆ। ਇਸੇ ਤਰ੍ਹਾਂ ਸਪੈਸ਼ਲ ਕੋਰਟ ਫਾਰ ਸਿਆਰਾ ਲਿਓਨ ਵਲੋਂ ਜਬਰੀ ਵਿਆਹਾਂ ਨੂੰ ਮਨੁੱਖਤਾ ਖ਼ਿਲਾਫ਼ ਜੁਰਮ ਮੰਨਿਆ ਗਿਆ। ਸਵਾਲ ਇਹ ਹੈ ਕਿ ਦੱਖਣੀ ਏਸ਼ੀਆ ਦੇ ਮੁਲਕਾਂ ਵਿਚ ਅਤੀਤ ਅਤੇ ਵਰਤਮਾਨ ਦੀਆਂ ਜੰਗਾਂ ਦੌਰਾਨ ਔਰਤਾਂ ਨਾਲ ਦਰਿੰਦਗੀ ਸਾਡੀ ਸਮਾਜੀ ਚੇਤਨਾ ਅਤੇ ਨਿਆਂਇਕ ਸੂਝ ਦਾ ਹਿੱਸਾ ਕਦੋਂ ਬਣੇਗੀ?

# ਐਤਕੀਂ ਸਭ ਦਾ ਧਿਆਨ ਪੰਜਾਬ ਚੋਣਾਂ ਵੱਲ

ਡਾ. ਰਣਜੀਤ ਸਿੰਘ

ਭਾਰਤ ਵਿਚ ਚੋਣਾਂ ਦੀ ਵਿਸ਼ੇਸ਼ ਮਹੱਤਤਾ ਹੈ। ਇਹ ਕਈਆਂ ਨੂੰ ਬਾਦਸ਼ਾਹ ਬਣਾ ਦਿੰਦੀਆਂ ਹਨ ਤੇ ਕਈਆਂ ਨੂੰ ਮੁੜ ਸੜਕ 'ਤੇ ਲੈ ਆਉਂਦੀਆਂ ਹਨ। ਇਸ ਵਾਰ ਪੰਜਾਬ ਵਿਚ ਹੋਣ ਵਾਲੀਆਂ ਚੋਣਾਂ ਬਹੁਤ ਮਹੱਤਵਪੂਰਨ ਬਣ ਗਈਆਂ ਹਨ। ਹੁਣ ਤਕ ਪੰਜਾਬ ਵਿਚ ਦੋ ਧਿਰੀ ਚੋਣਾਂ ਹੀ ਹੁੰਦੀਆਂ ਸਨ, ਪਰ ਇਸ ਵਾਰ ਇਹ ਤਿੰਨ ਧਿਰੀ ਬਣ ਗਈਆਂ ਹਨ। ਇੰਜ ਇਹ ਤਿੰਨਾਂ ਧਿਰਾਂ ਲਈ ਹੀ ਬਹੁਤ ਅਹਿਮ ਬਣ ਗਈਆਂ ਹਨ। ਇਹ ਵੀ ਪਹਿਲੀ ਵਾਰ ਹੋਇਆ ਹੈ ਕਿ ਤਿੰਨਾਂ ਧਿਰਾਂ ਦਾ ਭਵਿੱਖ ਦਾਅ 'ਤੇ ਲੱਗਿਆ ਹੋਇਆ ਹੈ। ਜਦੋਂ ਦੋ ਧਿਰਾਂ ਵਿਚ ਮੁਕਾਬਲਾ ਹੁੰਦਾ ਸੀ, ਉਦੋਂ ਹਾਰਨ ਵਾਲੀ ਧਿਰ ਇਹ ਆਖ ਕੇ ਆਪਣੇ-ਆਪ ਨੂੰ ਤਸੱਲੀ ਦੇ ਲੈਂਦੀ ਸੀ ਕਿ ਚਲੋ ਕੋਈ ਨਹੀਂ, ਅਗਲੀ ਵਾਰ ਸਹੀ, ਪਰ ਇਸ ਵਾਰ ਅਜਿਹਾ ਨਹੀਂ ਆਖਿਆ ਜਾ ਸਕਦਾ।

ਆਮ ਆਦਮੀ ਪਾਰਟੀ (ਆਪ) ਇਸ ਵਾਰ ਤੀਜੀ ਧਿਰ ਬਣ ਕੇ ਉਭਰੀ ਹੈ। ਇਸ ਦੇ ਮੁਖੀ ਅਰਵਿੰਦ ਕੇਜਰੀਵਾਲ ਦਾ ਇਹ ਚਮਤਕਾਰ ਹੀ ਹੈ ਕਿ ਪਾਰਟੀ ਬਣਦਿਆਂ ਹੀ ਦਿੱਲੀ ਉਤੇ ਕਬਜ਼ਾ ਹੋ ਗਿਆ, ਪਰ ਇਸ ਪਾਰਟੀ ਦੀ ਪਾਰਲੀਮੈਂਟ ਲਈ ਜਿੱਤ ਸਿਰਫ ਪੰਜਾਬ ਵਿਚ ਹੀ ਹੋਈ। ਪੰਜਾਬ ਹੁਣ ਸਮੱਸਿਆਵਾਂ ਵਿਚ ਘਿਰਿਆ ਹੈ। ਇਸੇ ਕਰ ਕੇ ਵੋਟਰਾਂ ਵਿਚ ਬੈਚੇਨੀ ਹੈ। ਉਹ ਤਬਦੀਲੀ ਚਾਹੁੰਦੇ ਹਨ। 'ਆਪ' ਨੇ ਕੁਝ ਚੰਗੇ ਸੁਪਨੇ ਵਿਖਾਏ ਹਨ ਜਿਸ ਦੇ ਆਧਾਰ ਉਤੇ ਪਾਰਟੀ ਪਾਰਲੀਮੈਂਟ ਦੀਆਂ ਚਾਰ ਸੀਟਾਂ ਜਿੱਤਣ ਵਿਚ ਸਫਲ ਹੋ ਗਈ। ਜਿੱਤਣ ਵਾਲੇ ਵਿਅਕਤੀ ਪੇਸ਼ੇਵਰ ਰਾਜਨੀਤਕ ਲੀਡਰ ਨਹੀਂ ਹਨ। ਲੋਕਾਂ ਵਿਚ ਤਬਦੀਲੀ ਦੀ ਇੱਛਾ ਹੀ ਉਨ੍ਹਾਂ ਦੀ ਜਿੱਤ ਦਾ ਕਾਰਨ ਬਣੀ। ਕੁਝ ਲੋਕਾਂ ਨੇ ਇਹ ਧਾਰਨਾ ਬਣਾ ਲਈ ਹੈ ਕਿ ਇਸ ਵਾਰ ਪੰਜਾਬ ਵਿਚ ਵੀ ਸਰਕਾਰ 'ਆਪ' ਦੀ ਹੀ ਬਣੇਗੀ। ਇਸੇ ਉਮੀਦ ਕਾਰਨ ਹਰ ਖੇਤਰ ਵਿਚ ਕੁਝ ਨਾਮਣਾ ਖੱਟ ਚੁੱਕੇ ਵਿਅਕਤੀ 'ਆਪ' ਵਿਚ ਸ਼ਾਮਿਲ ਹੋ ਰਹੇ ਹਨ, ਪਰ ਇਨ੍ਹਾਂ ਵਿਚੋਂ ਬਹੁਤੇ ਚੋਣਾਂ ਦੇ ਦਾਅ ਪੇਚਾਂ ਤੋਂ ਜਾਣੂ ਨਹੀਂ ਹਨ। ਪਾਰਟੀ ਕੋਲ ਰਾਜਨੀਤੀ ਦੇ ਮਾਹਿਰ ਲੀਡਰਾਂ ਦੀ ਵੀ ਘਾਟ ਹੈ। ਇਸ ਪਾਰਟੀ ਵਿਚ ਸ਼ਾਮਿਲ ਹੋਣ ਵਾਲੇ ਬਹੁਤੇ ਟਿਕਟ ਮਿਲਣ ਦੀ ਉਮੀਦ ਵਿਚ ਆਏ ਹਨ। ਉਮੀਦਵਾਰਾਂ ਦੇ ਨਾਵਾਂ ਦਾ ਜਦੋਂ ਐਲਾਨ ਹੋ ਗਿਆ ਤਾਂ ਹੋ ਸਕਦਾ ਹੈ, ਟਿਕਟ ਵਿਹੂਣੇ ਪਾਰਟੀ ਛੱਡਣੀ ਸ਼ੁਰੂ ਕਰ ਦੇਣ। ਇਹ ਮੰਨਣਾ ਪਵੇਗਾ ਕਿ ਇਸ ਸਮੇਂ ਪ੍ਰਚਾਰ ਪੱਖੋਂ 'ਆਪ' ਦੂਜੀਆਂ ਦੋਵਾਂ ਧਿਰਾਂ ਤੋਂ ਅੱਗੇ ਹੈ। ਉਮੀਦ ਤੋਂ ਵੱਧ ਮਾਇਕ ਵਸੀਲੇ ਪ੍ਰਾਪਤ ਕਰਨ ਵਿਚ ਵੀ ਕੇਜਰੀਵਾਲ ਸਫਲ ਹੋ ਗਿਆ ਹੈ। ਉਸ ਨੂੰ ਪਤਾ ਹੈ ਕਿ ਪੰਜਾਬ ਦੀਆਂ ਚੋਣਾਂ ਉਤੇ ਹੀ 'ਆਪ' ਦਾ ਭਵਿਖ ਨਿਰਭਰ ਕਰਦਾ ਹੈ। ਜੇ ਇਹ ਪਾਰਟੀ ਪੰਜਾਬ ਵਿਚ ਜਿੱਤ ਜਾਂਦੀ ਹੈ ਜਾਂ ਘੱਟੋ-ਘੱਟ ਮੁੱਖ ਵਿਰੋਧੀ ਧਿਰ ਬਣ ਜਾਂਦੀ ਹੈ ਤਾਂ ਪਾਰਟੀ ਦਾ ਦੂਜੇ ਰਾਜਾਂ ਵਿਚ ਪਸਾਰਾ ਵੀ ਸ਼ੁਰੂ ਹੋ ਜਾਵੇਗਾ। ਜੇ ਪੰਜਾਬ ਵਿਚ ਇਸ ਦਾ ਸਫ਼ਾਇਆ ਹੋ ਜਾਂਦਾ ਹੈ ਤਾਂ ਮੁਲਕ ਵਿਚ ਪਾਰਟੀ ਦਾ ਭਵਿਖ ਧੁੰਦਲਾ ਹੋਣ ਦੇ ਆਸਾਰ ਬਣ ਜਾਣਗੇ।

ਸ਼੍ਰੋਮਣੀ ਅਕਾਲੀ ਦਲ ਲਈ ਵੀ ਇਸ ਵਾਰ ਸਿਰ-ਧੜ ਦੀ ਬਾਜ਼ੀ ਲੱਗੀ ਹੋਈ ਹੈ। ਤੀਜੀ ਵਾਰ ਜਿੱਤ ਪ੍ਰਾਪਤ ਕਰਨ ਲਈ ਉਂਜ ਵੀ ਵਿਸ਼ੇਸ਼ ਉਪਰਾਲੇ ਕਰਨੇ ਪੈਂਦੇ ਹਨ। ਲੋਕੀਂ ਦਸ ਸਾਲਾਂ ਵਿਚ ਅੱਕ ਜਾਂਦੇ ਹਨ ਤੇ ਉਹ ਬਦਲਾਉ ਲਈ ਯਤਨ ਕਰਦੇ ਹਨ। ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਦਾ ਜਿੱਤਣਾ ਇਸ ਲਈ ਜ਼ਰੂਰੀ ਨਹੀਂ ਕਿ ਮੋਦੀ ਦੇ ਹੱਥ ਮਜ਼ਬੂਤ ਹੋਣਗੇ, ਸਗੋਂ ਇਸ ਲਈ ਜ਼ਰੂਰੀ ਹੈ ਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਲਈ ਮੁੱਖ ਮੰਤਰੀ ਬਣਨ ਲਈ ਜਿੱਤ ਜ਼ਰੂਰੀ ਹੈ। ਇਸੇ ਕਰ ਕੇ ਸੁਖਬੀਰ ਆਪਣੇ ਪੂਰੇ ਵਸੀਲਿਆਂ ਦੀ ਵਰਤੋਂ ਚੋਣ ਜਿੱਤਣ ਲਈ ਕਰਨਗੇ। ਜਿੱਤ ਉਨ੍ਹਾਂ ਦਾ ਭਵਿਖ ਉਜਲਾ ਕਰੇਗੀ, ਜਦੋਂਕਿ ਹਾਰ ਇਸ ਨੂੰ ਧੁੰਦਲਾ ਕਰ ਸਕਦੀ ਹੈ। ਇਸੇ ਲਈ ਸਰਕਾਰ ਵੱਲੋਂ ਸੂਬੇ ਦੇ ਸਾਰੇ ਵਰਗਾਂ ਨੂੰ ਖ਼ੁਸ਼ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਕੀ ਇਹ ਯਤਨ ਲੋਕਾਂ ਦਾ ਭਰੋਸਾ ਜਿੱਤਣ ਵਿਚ ਸਫਲ ਹੋ ਸਕਣਗੇ?

ਤੀਜੀ ਧਿਰ ਕਾਂਗਰਸ ਪਾਰਟੀ ਹੈ। ਮੁਲਕ ਵਿਚ ਇਸ ਸਮੇਂ ਇਸ ਪਾਰਟੀ ਦੇ ਸਿਤਾਰੇ ਕੋਈ ਬਹੁਤੇ ਚੰਗੇ ਨਹੀਂ ਹਨ। ਪੰਜਾਬ ਵਿਚ ਜਿੱਤ ਇਸ ਪਾਰਟੀ ਨੂੰ ਹੁਲਾਰਾ ਦੇ ਸਕਦੀ ਹੈ, ਪਰ ਇਸ ਤੋਂ ਵੀ ਵੱਧ ਕੈਪਟਨ ਅਮਰਿੰਦਰ ਸਿੰਘ ਦਾ ਭਵਿਖ ਦਾਅ ਉਤੇ ਲੱਗਾ ਹੋਇਆ ਹੈ। ਉਨ੍ਹਾਂ ਵੱਲੋਂ ਕੀਤੇ ਐਲਾਨ ਮੁਤਾਬਿਕ ਇਹ ਉਨ੍ਹਾਂ ਦੀ ਆਖ਼ਰੀ ਚੋਣ ਹੈ। ਉਨ੍ਹਾਂ ਵੱਲੋਂ ਆਪਣਾ ਪੂਰਾ ਜ਼ੋਰ ਲਗਾਇਆ ਜਾ ਰਿਹਾ ਹੈ। ਉਨ੍ਹਾਂ ਨੇ ਤਾਂ ਪ੍ਰਚਾਰ ਲਈ ਮਾਹਿਰਾਂ ਨੂੰ ਵੀ ਰੱਖ ਲਿਆ ਹੈ, ਪਰ ਕਾਂਗਰਸ ਦੀ ਜਿੱਤ ਇੰਨੀ ਸੌਖੀ ਨਹੀਂ ਹੈ। ਅਕਾਲੀ ਦਲ ਦੀ ਵਿਗੜੀ ਵੋਟ, ਜਿਹੜੀ ਕਾਂਗਰਸ ਨੂੰ ਜਾਣੀ ਸੀ, ਹੁਣ ਉਸ ਦਾ ਬਹੁਤਾ ਹਿੱਸਾ 'ਆਪ' ਦੀ ਝੋਲੀ ਵਿਚ ਪੈ ਸਕਦਾ ਹੈ। ਜਿੱਤ ਲਈ ਸਾਰੇ ਕਾਂਗਰਸ ਆਗੂਆਂ ਨੂੰ ਇਕਜੁੱਟ ਹੋਣ ਦੀ ਵੀ ਲੋੜ ਹੈ। ਕੀ ਕਾਂਗਰਸੀ ਲੀਡਰ ਇਕਜੁੱਟ ਹੋ ਕੇ ਚੋਣ ਲੜ ਸਕਣਗੇ?

ਪੰਜਾਬ ਇਸ ਸਮੇਂ ਨਾਜ਼ੁਕ ਦੌਰ ਵਿਚੋਂ ਲੰਘ ਰਿਹਾ ਹੈ। ਖੇਤੀ ਅਤੇ ਸਨਅਤ ਵਿਚ ਮਾਯੂਸੀ ਹੈ। ਨਵੀਂ ਪੀੜ੍ਹੀ ਵਿਚ ਨਿਰਾਸ਼ਤਾ ਅਤੇ ਬੈਚੇਨੀ ਹੈ। ਤਿੰਨੇ ਰਾਜਸੀ ਧਿਰਾਂ ਸਰਦਾਰੀ ਲਈ ਜ਼ੋਰ ਲਾ ਰਹੀਆਂ ਹਨ, ਪਰ ਅਜੇ ਤਕ ਹਾਲਤ ਧੁੰਦਲੀ ਹੈ। ਜਿਹੜੀ ਵੀ ਧਿਰ ਜਿੱਤੀ, ਉਸ ਨੂੰ ਪੰਜਾਬ ਨੂੰ ਵਿਕਾਸ ਦੀ ਲੀਹ 'ਤੇ ਲਿਆਉਣ ਲਈ ਬਹੁਤ ਸਖ਼ਤ ਹੀਲੇ ਕਰਨੇ ਪੈਣਗੇ।

> ***ਹੁਣ ਤਕ ਪੰਜਾਬ ਵਿਚ ਦੋ ਧਿਰੀ ਚੋਣਾਂ ਹੀ ਹੁੰਦੀਆਂ ਸਨ, ਪਰ ਇਸ ਵਾਰ ਇਹ ਤਿੰਨ ਧਿਰੀ ਬਣ ਗਈਆਂ ਹਨ। ਇਹ ਵੀ ਪਹਿਲੀ ਵਾਰ ਹੋਇਆ ਹੈ ਕਿ ਤਿੰਨਾਂ ਧਿਰਾਂ ਦਾ ਭਵਿੱਖ ਦਾਅ 'ਤੇ ਲੱਗਿਆ ਹੋਇਆ ਹੈ। ਜਦੋਂ ਦੋ ਧਿਰਾਂ ਵਿਚ ਮੁਕਾਬਲਾ ਹੁੰਦਾ ਸੀ, ਉਦੋਂ ਹਾਰਨ ਵਾਲੀ ਧਿਰ ਇਹ ਆਖ ਕੇ ਆਪਣੇ-ਆਪ ਨੂੰ ਤਸੱਲੀ ਦੇ ਲੈਂਦੀ ਸੀ ਕਿ ਚਲੋ ਕੋਈ ਨਹੀਂ, ਅਗਲੀ ਵਾਰ ਸਹੀ, ਪਰ ਇਸ ਵਾਰ ਅਜਿਹਾ ਨਹੀਂ ਆਖਿਆ ਜਾ ਸਕਦਾ।... ਪੰਜਾਬ ਇਸ ਸਮੇਂ ਨਾਜ਼ੁਕ ਦੌਰ ਵਿਚੋਂ ਲੰਘ ਰਿਹਾ ਹੈ। ਖੇਤੀ ਅਤੇ ਸਨਅਤ ਵਿਚ ਮਾਯੂਸੀ ਹੈ। ਨਵੀਂ ਪੀੜ੍ਹੀ ਵਿਚ ਨਿਰਾਸ਼ਤਾ ਅਤੇ ਬੈਚੇਨੀ ਹੈ। ਤਿੰਨੇ ਰਾਜਸੀ ਧਿਰਾਂ ਸਰਦਾਰੀ ਲਈ ਜ਼ੋਰ ਲਾ ਰਹੀਆਂ ਹਨ, ਪਰ ਅਜੇ ਤਕ ਹਾਲਤ ਧੁੰਦਲੀ ਹੈ। ਜਿਹੜੀ ਵੀ ਧਿਰ ਜਿੱਤੀ, ਉਸ ਨੂੰ ਪੰਜਾਬ ਨੂੰ ਵਿਕਾਸ ਦੀ ਲੀਹ 'ਤੇ ਲਿਆਉਣ ਲਈ ਬਹੁਤ ਸਖ਼ਤ ਹੀਲੇ ਕਰਨੇ ਪੈਣਗੇ।***

# ਰੇਗਿਸਤਾਨ ਦਾ ਮਹਿਕਦਾ ਗੁਲਾਬ ਰੇਸ਼ਮਾ

*ਪੰਜਾਬੀ ਸੰਗੀਤ ਵਿਚ ਗਾਇਕਾ ਰੇਸ਼ਮਾ ਆਪਣੀ ਮਿਸਾਲ ਆਪ ਹੈ। ਉਸ ਵਰਗਾ ਹੋਰ ਕੋਈ ਨਹੀਂ। ਉਹਦਾ ਜਨਮ ਵਣਜਾਰਿਆਂ ਦੇ ਇਕ ਪਰਿਵਾਰ ਵਿਚ ਹੋਇਆ। ਵਣਜਾਰਿਆਂ ਦੇ ਕਾਫਲੇ ਲਗਾਤਾਰ ਘੁੰਮਦੇ ਰਹਿੰਦੇ ਸਨ ਅਤੇ ਨਾਲ ਹੀ ਆਪਣੀ ਰੇਸ਼ਮਾ। ਉਸ ਦੇ ਰੇਡੀਓ ਸਟੇਸ਼ਨ ਤਕ ਅਪੜਣ ਦੀ ਵੀ ਆਪਣੀ, ਨਿਰਾਲੀ ਕਹਾਣੀ ਹੈ। ਰੇਡੀਓ ਨਾਲ ਉਸ ਦੀ ਆਵਾਜ਼ ਸੰਸਾਰ ਦੇ ਕੋਨੇ-ਕੋਨੇ ਤਕ ਅੱਪੜ ਗਈ। ਉਸ ਨੂੰ ਸਰੋਤਿਆਂ ਦਾ ਭਰਪੂਰ ਹੁੰਗਾਰਾ ਮਿਲਿਆ ਅਤੇ ਫਿਰ ਤਾਉਮਰ ਉਸ ਨੇ ਸੰਗੀਤ ਨੂੰ ਸਮਰਪਿਤ ਕਰ ਦਿਤੀ। ਇਸ ਲੇਖ ਵਿਚ ਰਾਜਵੰਤ ਕੌਰ ਪੰਜਾਬੀ ਨੇ ਉਸ ਦੇ ਜੀਵਨ ਅਤੇ ਕਲਾ ਬਾਰੇ ਭਰਪੂਰ ਚਰਚਾ ਕੀਤੀ ਹੈ। -ਸੰਪਾਦਕ*

**ਰਾਜਵੰਤ ਕੌਰ ਪੰਜਾਬੀ**
ਫੋਨ: +91-85678-86223

ਪੰਜਾਬੀ ਲੋਕ ਸੰਗੀਤ ਦੀ ਗੱਲ ਕਰੀਏ ਤਾਂ ਦੱਖਣੀ ਏਸ਼ੀਆ ਦੀ ਗਾਇਕਾ ਰੇਸ਼ਮਾ ਦਾ ਨਾਂ ਪਹਿਲੀ ਕਤਾਰ ਵਿਚ ਆਉਂਦਾ ਹੈ ਜਿਸ ਦੀ ਆਵਾਜ਼ ਨੂੰ ਪੂਰੇ ਵਿਸ਼ਵ ਨੇ ਮਾਨਤਾ ਦਿਤੀ ਹੈ। ਉਹ ਥਾਰ ਦੇ ਰੇਗਿਸਤਾਨ ਦਾ ਮਹਿਕਦਾ ਗੁਲਾਬ ਸੀ। ਉਤਰੀ ਭਾਰਤ ਦੇ ਸੂਬਾ ਰਾਜਸਥਾਨ ਦੀ ਰਾਜਧਾਨੀ ਜੈਪੁਰ ਦੇ ਉਤਰ-ਪੱਛਮ ਵਿਚ ਸ਼ਹਿਰ ਹੈ: ਬੀਕਾਨੇਰ। ਉਥੋਂ ਇਕ ਸੌ ਚੌਂਤੀ ਕਿਲੋਮੀਟਰ ਦੂਰ ਹੈ ਟਿੱਬਿਆਂ ਵਾਲਾ ਰਤਨਗੜ੍ਹ ਜੋ ਜ਼ਿਲ੍ਹਾ ਚੂਰੂ ਦੀ ਤਹਿਸੀਲ ਹੈ। ਰਤਨਗੜ੍ਹ ਤੋਂ ਤਿੰਨ ਮੀਲ ਦੂਰ ਪਿੰਡ ਲੋਹਾ ਦੇ ਵਣਜਾਰਾ ਪਰਿਵਾਰ ਵਿਚ 1947 ਵਿਚ ਰੇਸ਼ਮਾ ਨੇ ਜਨਮ ਲਿਆ ਸੀ। ਪਿਤਾ ਹਾਜੀ ਮੁਹੰਮਦ ਮੁਸ਼ਤਾਕ ਵਣਜਾਰਾ ਸੀ ਜੋ ਊਠਾਂ ਦੇ ਕਾਫ਼ਲੇ ਨਾਲ ਜਾਂਦਾ ਸੀ ਅਤੇ ਪੱਛਮ ਦੇ ਇਲਾਕੇ ਵਲੋਂ ਊਠ, ਘੋੜੇ, ਗਾਵਾਂ ਤੇ ਮੱਝਾਂ ਲੈ ਕੇ ਵਾਪਸ ਰਾਜਸਥਾਨ ਪਰਤ ਜਾਂਦਾ ਸੀ। ਰੇਸ਼ਮਾ ਅਜੇ ਇਕ ਮਹੀਨੇ ਦੀ ਹੋਈ ਸੀ ਕਿ ਮੁਲਕ ਨੂੰ ਵੰਡ ਦਾ ਸੰਤਾਪ ਹੰਢਾਉਣਾ ਪੈ ਗਿਆ। ਵਣਜਾਰਿਆਂ ਦੇ ਉਸ ਕਾਫ਼ਲੇ ਨੇ ਇਸਲਾਮ ਧਰਮ ਕਬੂਲ ਕਰ ਕੇ ਸਿੰਧ ਦੀ ਰਾਜਧਾਨੀ ਕਰਾਚੀ (ਪਾਕਿਸਤਾਨ) ਨੂੰ ਆਪਣੇ ਰਹਿਣ-ਬਸੇਰੇ ਵਜੋਂ ਚੁਣ ਲਿਆ।

ਰੇਸ਼ਮਾ ਨੇ ਕਿਸੇ ਉਸਤਾਦ ਕੋਲੋਂ ਮੌਸੀਕੀ ਦੀ ਤਾਲੀਮ ਹਾਸਲ ਨਹੀਂ ਸੀ ਕੀਤੀ ਅਤੇ ਨਾ ਹੀ ਕਿਸੇ ਗਾਇਕਾਂ ਦੇ ਘਰਾਣੇ ਵਿਚ ਜਨਮ ਲਿਆ ਸੀ। ਉਸ ਦਾ ਬਚਪਨ ਹੱਸਦੇ-ਖੇਡਦੇ ਅਤੇ ਦਰਗਾਹਾਂ ਨਾਲ ਅੰਤਾਂ ਦੀ ਅਕੀਦਤ ਹੋਣ ਕਾਰਨ ਸਿੰਧ ਦੀਆਂ ਵੱਖ-ਵੱਖ ਮਜ਼ਾਰਾਂ 'ਤੇ ਸੂਫ਼ੀਆਨਾ ਕਲਾਮ ਗਾਉਂਦਿਆਂ ਗੁਜ਼ਰਿਆ। ਉਹ ਦਸ ਸਾਲ ਦੀ ਸੀ ਜਦੋਂ ਰੇਡੀਓ ਅਤੇ ਟੈਲੀਵਿਜ਼ਨ ਪ੍ਰੋਡਿਊਸਰ ਸਲੀਮ ਗਿਲਾਨੀ ਨੇ ਸ਼ਰਧਾਲੂ ਵਜੋਂ ਉਸ ਨੂੰ ਪਿੰਡ ਸੇਵਨ ਵਿਚ ਸ਼ਹਿਬਾਜ਼ ਕਲੰਦਰ ਦੀ ਦਰਗਾਹ 'ਤੇ ਲੱਗੇ ਮੇਲੇ ਵਿਚ 'ਦਮਾ ਦਮ ਮਸਤ ਕਲੰਦਰ' ਕੱਵਾਲੀ ਗਾਉਂਦਿਆਂ ਸੁਣਿਆ। ਗਿਲਾਨੀ ਨੇ ਬਾਲੜੀ ਦੀ ਕਲਾ ਪਛਾਣੀ, ਪ੍ਰਸ਼ੰਸਾ ਕੀਤੀ ਅਤੇ ਉਸ ਨੂੰ ਆਪਣਾ ਪਤਾ ਲਿਖ ਕੇ ਦਿੰਦਿਆਂ ਕਰਾਚੀ ਰੇਡੀਓ ਸਟੇਸ਼ਨ ਆਉਣ ਦਾ ਸੱਦਾ ਦੇ ਦਿਤਾ। ਦੋ ਵਰ੍ਹਿਆਂ ਬਾਅਦ ਕਾਫ਼ਲਾ ਜਦੋਂ ਕਰਾਚੀ ਪੁੱਜਿਆ ਤਾਂ ਰੇਸ਼ਮਾ, ਪਰਿਵਾਰ ਸਮੇਤ ਉਹੀ ਪਰਚੀ ਲੈ ਕੇ ਰੇਡੀਓ ਸਟੇਸ਼ਨ ਪਹੁੰਚ ਗਈ। ਜਦੋਂ ਰੇਸ਼ਮਾ ਨੂੰ ਗਾਉਣ ਲਈ ਕਿਹਾ ਗਿਆ ਤਾਂ ਉਹ ਝਕ ਗਈ, ਕਿਉਂਕਿ ਬੰਦ ਕਮਰੇ ਵਿਚ ਬੈਠ ਕੇ ਗਾਉਣ ਬਾਰੇ ਤਾਂ ਉਸ ਨੇ ਕਦੇ ਸੋਚਿਆ ਹੀ ਨਹੀਂ ਸੀ। ਉਸ ਨੂੰ ਸਟੂਡੀਓ ਵਿਚ ਲਿਜਾਇਆ ਗਿਆ, ਜਿਥੇ ਹੋਰ ਕੋਈ ਨਹੀਂ ਸੀ। ਉਥੇ ਉਸ ਨੇ ਪਹਿਲੀ ਵਾਰ ਗੀਤ ਗਾਏ ਜੋ ਰਿਕਾਰਡ ਕਰ ਲਏ ਗਏ। ਰੇਸ਼ਮਾ ਦੀ ਆਵਾਜ਼ ਵਿਚ ਰੇਡੀਓ ਲਈ ਜਿਹੜਾ ਪਹਿਲਾ ਗੀਤ ਰਿਕਾਰਡ ਕੀਤਾ ਗਿਆ, ਉਹ ਸੀ 'ਦਮਾ ਦਮ ਮਸਤ ਕਲੰਦਰ'। ਰੇਡੀਓ ਡਾਇਰੈਕਟਰ ਸਮੇਤ ਉਸ ਦੇ ਸਰੋਤੇ ਵੀ ਉਸ ਬਾਰੇ ਕੁਝ ਨਹੀਂ ਸਨ ਜਾਣਦੇ ਕਿ ਉਹ ਕਿਥੇ ਰਹਿ ਰਹੀ ਹੈ। ਗਿਲਾਨੀ ਨੇ ਵੱਖ-ਵੱਖ ਅਖ਼ਬਾਰਾਂ/ਰਸਾਲਿਆਂ ਵਿਚ ਉਸ ਦੀ ਫੋਟੋ ਵਾਲਾ ਇਸ਼ਤਿਹਾਰ ਛਪਵਾਇਆ ਤਾਂ ਕਿ ਉਸ ਨੂੰ ਮੁੜ ਰੇਡੀਓ 'ਤੇ ਪੇਸ਼ ਕੀਤਾ ਜਾ ਸਕੇ। ਰੇਸ਼ਮਾ ਨੇ ਕਾਫ਼ੀ ਅਰਸੇ ਬਾਅਦ ਮੁਲਤਾਨ ਵਿਖੇ ਕਿਸੇ ਪੱਤ੍ਰਿਕਾ ਵਿਚ ਆਪਣੇ ਬਾਰੇ ਉਹ ਤਸਵੀਰੀ ਇਸ਼ਤਿਹਾਰ ਦੇਖਿਆ ਤਾਂ ਉਹ ਡਰ ਗਈ, ਪਰ ਛਪਣ ਦਾ ਕਾਰਨ ਪਤਾ ਲੱਗਣ 'ਤੇ ਉਸ ਨੇ ਮੁੜ ਗਿਲਾਨੀ ਨਾਲ ਸੰਪਰਕ ਕੀਤਾ। ਇੰਦਾਂ ਉਸ ਦੇ ਰੇਡੀਓ ਗਾਇਕ ਬਣਨ ਦਾ ਰਾਹ ਖੁੱਲ੍ਹ ਗਿਆ।

ਉਹ ਸਾਰੀ ਉਮਰ ਆਪਣੇ ਫ਼ਨ ਨੂੰ ਸ਼ਹਿਬਾਜ਼ ਕਲੰਦਰ ਦੀ ਦੁਆ ਦੱਸਦੀ ਰਹੀ। ਉਸ ਨੇ ਆਪਣੇ ਮੁਲਕ ਨੂੰ ਆਪਣੇ ਦੀਨ ਦੀ ਅਲਾਮਤ, ਇਸਲਾਮ ਤੇ ਗਾਇਕੀ ਨੂੰ ਇਬਾਦਤ ਸਵੀਕਾਰਦਿਆਂ ਜ਼ਿੰਦਗੀ ਭਰ ਨਾ ਆਪਣਾ ਦੁਪੱਟਾ ਸਿਰ ਤੋਂ ਉਤਰਨ ਦਿਤਾ ਤੇ ਨਾ ਕੋਈ ਅਸਭਿਅਕ ਗਾਣਾ ਗਾਇਆ। ਨਿਰਦੇਸ਼ਕ ਵਜ਼ੀਰ ਅਫ਼ਜ਼ਲ ਉਹ ਸ਼ਖ਼ਸੀਅਤ ਸੀ ਜਿਸ ਨੇ ਪਹਿਲੀ ਵਾਰ ਰੇਸ਼ਮਾ ਤੋਂ ਫ਼ਿਲਮ 'ਲੱਖਾ' ਲਈ ਗਾਣੇ ਗਵਾਏ ਸਨ। ਉਹ ਪਹਿਲਾਂ ਕਰਾਚੀ ਰੇਡੀਓ ਸਟੇਸ਼ਨ ਹੁੰਦੇ ਸਨ, ਪਰ ਬਾਅਦ ਵਿਚ ਉਨ੍ਹਾਂ ਨੇ ਸਿਨਮਾ ਦੀ ਦੁਨੀਆਂ ਨਾਲ ਨਾਤਾ ਜੋੜ ਲਿਆ ਸੀ। ਰੇਸ਼ਮਾ ਨੇ ਵੱਡੀ ਗਿਣਤੀ ਵਿਚ ਫ਼ਿਲਮੀ ਗਾਣੇ ਗਾਏ। ਮਕਬੂਲ ਪੰਜਾਬੀ ਸ਼ਾਇਰ ਤੇ ਗਾਇਕ ਮਨਜ਼ੂਰ ਹੁਸੈਨ ਝੱਲਾ ਦੇ ਲਿਖੇ ਗੀਤ ਗਾ ਕੇ ਰੇਸ਼ਮਾ ਨੇ ਬਤੌਰ ਗਾਇਕਾ ਆਪਣੀ ਪਛਾਣ ਦਰਜ ਕਰਾਈ। ਉਸ ਦੇ ਲਿਖੇ ਮਿਆਰੀ ਗੀਤ 'ਵੇ ਮੈਂ ਚੋਰੀ ਚੋਰੀ ਤੇਰੇ ਨਾਲ ਲਾ ਲਈਆਂ ਅੱਖਾਂ ਵੇ', 'ਚੰਗੀ ਨਹੀਉਂ ਕੀਤਾ ਦਿਲਾ ਅੱਖੀਆਂ ਮਿਲਾ ਕੇ' ਤੇ 'ਨਾ ਦਿਲ ਦੇਂਦੀ ਬੇਦਰਦੀ ਨੂੰ ਨਾ ਹੱਸ ਹੱਸ ਅੱਖੀਆਂ ਲਾਉਂਦੀ ਕਦੇ ਨਾ ਪਛਤਾਂਦੀ ਮੈਂ' ਆਪਣੇ ਸੁਰਾਂ ਵਿਚ ਸਜਾ ਕੇ ਤੇ ਵੱਖਰੇ ਅੰਦਾਜ਼ ਵਿਚ ਗਾ ਕੇ ਰੇਸ਼ਮਾ ਸ਼ੋਹਰਤ ਦੀ ਟੀਸੀ 'ਤੇ ਅੱਪੜੀ। ਰੇਸ਼ਮਾ ਦੀ ਆਵਾਜ਼ ਵਿਚ ਹਿੱਟ ਹੋਏ ਕੁਝ ਹੋਰ ਗੀਤਾਂ ਦਾ ਵਰਣਨ ਇਸ ਤਰ੍ਹਾਂ ਹੈ:

ਅੱਖੀਆਂ ਨੂੰ ਰਹਿਣ ਦੇ
ਅੱਖੀਆਂ ਦੇ ਕੋਲ ਕੋਲ
ਚੰਨ ਪਰਦੇਸੀਆ, ਬੋਲ ਭਾਵੇਂ ਨਾ ਬੋਲ
ਤੂੰ ਮਿਲ ਜਾਵੇਂ ਦੁੱਖ ਮੁੱਕ ਜਾਂਦੇ ਨੇ...
ਮੈਨੂੰ ਇਸ਼ਕ ਹੋ ਗਿਆ ਲੋਕੋ
ਮੈਂ ਦੁਨੀਆ ਨਵੀਂ ਵਸਾਈ

1980ਵਿਆਂ ਵਿਚ ਰੇਸ਼ਮਾ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਉਸ ਨੂੰ ਗਲੇ ਦਾ ਕੈਂਸਰ ਹੈ। ਉਹ ਅਮਰੀਕਾ ਵਿਖੇ ਆਪਣੀ ਗਾਇਨ ਪੇਸ਼ਕਾਰੀ ਦੇ ਰਹੀ ਸੀ ਕਿ ਉਸ ਨੂੰ ਖ਼ੂਨ ਦੀ ਉਲਟੀ ਆ ਗਈ ਸੀ। ਫਿਰ ਇਲਾਜ ਦੌਰਾਨ ਪੰਜ ਸਾਲ ਉਹ ਗਾ ਨਾ ਸਕੀ। ਸਿਰੜੀ ਐਨੀ ਸੀ ਕਿ ਕੋਮਾ ਵਿਚ ਜਾਣ ਵੇਲੇ ਤਕ ਗਾਉਂਦੀ ਰਹੀ। ਰੇਡੀਓ ਪਾਕਿਸਤਾਨ ਲਈ ਮਿਸਟਰ ਸੋਲੰਗੀ ਵੱਲੋਂ ਇਕ ਪ੍ਰੋਗਰਾਮ ਵਿਚ ਰੇਸ਼ਮਾ ਨੂੰ ਬੁਲਾਇਆ ਗਿਆ। ਤਬੀਅਤ ਕਾਫ਼ੀ ਖ਼ਰਾਬ ਹੋਣ ਦੇ ਬਾਵਜੂਦ ਉਸ ਨੇ ਗਾਉਣ ਦੀ ਇੱਛਾ ਪ੍ਰਗਟਾਈ। ਸਿੰਧ ਵਾਸੀਆਂ ਵੱਲੋਂ ਸੋਲੰਗੀ ਸਾਹਿਬ ਨੇ ਜਦੋਂ ਉਸ ਦੇ ਮੋਢਿਆਂ 'ਤੇ ਗਰਮ ਸ਼ਾਲ ਪਾਇਆ ਸੀ ਤਾਂ ਉਸ ਨੇ ਮੁਸਕਰਾਉਂਦਿਆਂ ਕਿਹਾ ਸੀ ਕਿ ਇਸ ਸ਼ਾਲ ਵਿਚੋਂ ਮੇਰੇ ਆਪਣੇ ਘਰ ਦੀ ਮਹਿਕ ਆ ਰਹੀ ਹੈ। ਉਸ ਪ੍ਰੋਗਰਾਮ ਵਿਚ ਉਸ ਨੇ ਆਪਣਾ ਪਸੰਦੀਦਾ ਗੀਤ 'ਲੰਬੀ ਜੁਦਾਈ' ਗਾਇਆ ਸੀ। ਜਦੋਂ ਵੀ ਕੈਂਸਰ ਜਿਹੀ ਨਾਮੁਰਾਦ ਬਿਮਾਰੀ ਤੋਂ ਕੁਝ ਰਾਹਤ ਮਿਲਦੀ ਰਹੀ, ਉਹ ਬੰਸਰੀ ਦੀ ਮਿੱਠੀ ਤੇ ਦਿਲਾਂ ਵਿਚ ਉਤਰ ਜਾਣ ਵਾਲੀ ਹੂਕ ਨਾਲ ਅਸਪਸ਼ਟ ਆਵਾਜ਼ ਵਿਚ ਪੂਰਾ ਜ਼ੋਰ ਲਾ ਕੇ ਉਹ ਇਹ ਗੀਤ ਗਾਉਂਦੀ ਰਹੀ:

ਬਿਛੜੇ ਅਭੀ ਤੋ ਹਮ ਕਲ ਪਰਸੋਂ,
ਜੀਊਂਗੀ ਮੈਂ ਕੈਸੇ ਇਸ ਹਾਲ ਮੇਂ ਬਰਸੋਂ
ਮੌਤ ਨਾ ਆਈ ਤੇਰੀ ਯਾਦ...
ਕਿਉਂ ਆਈ? ਹਾਏ ਲੰਬੀ ਜੁਦਾਈ...
ਆ ਸੱਜਣਾ ਰਲ ਕੱਠਿਆਂ ਬਹੀਏ
ਤੇ ਵਿਛੋੜਿਆਂ ਨੂੰ ਅੱਗ ਲਾਈਏ
ਮਨਜ਼ੂਰ ਮੀਆਂ ਗ਼ਮ ਦਿਲਾਂ ਵਿਚ ਵਸਦੇ
ਕਿਤੇ ਵਿਚੜਿਆਂ ਨਾ ਮਰ ਜਾਈਏ।
ਸੁਣ ਚਰਖੇ ਦੀ ਮਿੱਠੀ ਮਿੱਠੀ ਘੂਕ
ਮਾਹੀਆ ਮੈਨੂੰ ਯਾਦ ਆਂਵਦਾ।
ਤੱਕ ਪੱਤਰੀ ਵਾਲਿਆ ਲੇਖ ਮੇਰੇ,
ਮੇਰੇ ਹੱਥ ਵਿਚ ਡਿੰਗੀਆਂ ਲੀਕਾਂ ਨੇ
ਮੇਰੇ ਦਿਲ ਦਾ ਮਹਿਰਮ ਆਵੇਗਾ
ਯਾ ਹਾਲੇ ਹੋਰ ਉਡੀਕਾਂ ਨੇ।
ਹਾਏ ਓ ਰੱਬਾ ਨਹੀਂਓਂ ਲੱਗਦਾ ਦਿਲ ਮੇਰਾ

ਰੇਸ਼ਮਾ ਰਿਆਜ਼ ਨਾਲੋਂ ਵਧੇਰੇ ਅੰਦਰ ਦੇ ਸੁਰ ਨੂੰ ਮਹੱਤਵ ਦਿੰਦੀ ਸੀ। ਉਸ ਨੇ ਪੰਜਾਬੀ, ਉਰਦੂ, ਹਿੰਦੀ, ਸਿੰਧੀ, ਡੋਗਰੀ, ਪਹਾੜੀ, ਰਾਜਸਥਾਨੀ ਅਤੇ ਪਸ਼ਤੋ ਵਿਚ ਗੀਤ ਗਾਏ। ਮਿੱਟੀ ਨਾਲ ਜੁੜੀ ਉਸ ਦੀ ਆਵਾਜ਼ ਵਿਚੋਂ ਮਿੱਟੀ ਦੀ ਖ਼ੁਸ਼ਬੂ ਆਉਂਦੀ। ਉਹ ਉਰਦੂ ਗੀਤ/ਗ਼ਜ਼ਲਾਂ ਦਾ ਗਾਇਨ ਕਰਦੀ ਤਾਂ ਅਹਿਸਾਸ ਦੀ ਗਰਮੀ ਨਾਲ ਭਰਪੂਰ ਉਸ ਦੀ ਬੁਲੰਦ ਆਵਾਜ਼ ਕੰਨਾਂ ਵਿਚ ਮਿਸ਼ਰੀ ਘੋਲਦੀ:



*ਰੇਸ਼ਮਾ ਨੇ ਕਿਸੇ ਉਸਤਾਦ ਕੋਲੋਂ ਮੌਸੀਕੀ ਦੀ ਤਾਲੀਮ ਹਾਸਲ ਨਹੀਂ ਸੀ ਕੀਤੀ। ਉਸ ਦਾ ਬਚਪਨ ਹੱਸਦੇ-ਖੇਡਦੇ ਅਤੇ ਦਰਗਾਹਾਂ ਨਾਲ ਅੰਤਾਂ ਦੀ ਅਕੀਦਤ ਹੋਣ ਕਾਰਨ ਸਿੰਧ ਦੀਆਂ ਵੱਖ-ਵੱਖ ਮਜ਼ਾਰਾਂ 'ਤੇ ਸੂਫ਼ੀਆਨਾ ਕਲਾਮ ਗਾਉਂਦਿਆਂ ਗੁਜ਼ਰਿਆ। ਉਹ ਦਸ ਸਾਲ ਦੀ ਸੀ ਜਦੋਂ ਰੇਡੀਓ ਅਤੇ ਟੈਲੀਵਿਜ਼ਨ ਪ੍ਰੋਡਿਊਸਰ ਸਲੀਮ ਗਿਲਾਨੀ ਨੇ ਉਸ ਨੂੰ ਪਿੰਡ ਸੇਵਨ ਵਿਚ ਸ਼ਹਿਬਾਜ਼ ਕਲੰਦਰ ਦੀ ਦਰਗਾਹ 'ਤੇ ਲੱਗੇ ਮੇਲੇ ਵਿਚ 'ਦਮਾ ਦਮ ਮਸਤ ਕਲੰਦਰ' ਗਾਉਂਦਿਆਂ ਸੁਣਿਆ। ਗਿਲਾਨੀ ਨੇ ਬਾਲੜੀ ਦੀ ਕਲਾ ਪਛਾਣੀ, ਪ੍ਰਸ਼ੰਸਾ ਕੀਤੀ ਅਤੇ ਉਸ ਨੂੰ ਆਪਣਾ ਪਤਾ ਲਿਖ ਕੇ ਦਿੰਦਿਆਂ ਕਰਾਚੀ ਰੇਡੀਓ ਸਟੇਸ਼ਨ ਆਉਣ ਦਾ ਸੱਦਾ ਦੇ ਦਿਤਾ। ਦੋ ਵਰ੍ਹਿਆਂ ਬਾਅਦ ਕਾਫ਼ਲਾ ਜਦੋਂ ਕਰਾਚੀ ਪੁੱਜਿਆ ਤਾਂ ਰੇਸ਼ਮਾ, ਪਰਿਵਾਰ ਸਮੇਤ ਉਹੀ ਪਰਚੀ ਲੈ ਕੇ ਰੇਡੀਓ ਸਟੇਸ਼ਨ ਪਹੁੰਚ ਗਈ।*

ਦਰਦ ਕਾਫ਼ੀ ਹੈ ਬੇਖ਼ੁਦੀ ਕੇ ਲੀਏ,
ਮੌਤ ਲਾਜ਼ਿਮ ਹੈ ਜ਼ਿੰਦਗੀ ਕੇ ਲੀਏ।
ਆਸ਼ਿਆਨੇ ਕੀ ਬਾਤ ਕਰਤੇ ਹੋ,
ਦਿਲ ਜਲਾਨੇ ਕੀ ਬਾਤ ਕਰਤੇ ਹੋ...

ਰੇਸ਼ਮਾ, ਬਲਵੰਤ ਗਾਰਗੀ ਨੂੰ ਦਿੱਲੀ ਵਿਖੇ ਮਿਲੀ ਸੀ। ਉਸ ਦੇ ਲਿਖੇ ਤੇ ਦੇਸ਼ ਭਰ ਵਿਚ ਸਲਾਹੇ ਗਏ ਦੂਰਦਰਸ਼ਨ ਦੇ ਚਰਚਿਤ ਨਾਟਕ 'ਸਾਂਝਾ ਚੁੱਲ੍ਹਾ' ਦਾ ਟਾਈਟਲ ਗੀਤ 'ਸ਼ੁਕਰ ਰੱਬਾ ਸਾਂਝਾ ਚੁੱਲ੍ਹਾ ਬਲਿਆ' ਰੇਸ਼ਮਾ ਨੇ ਹੀ ਗਾਇਆ ਸੀ। 1990 ਵਿਚ ਬਣੀ ਭਾਰਤੀ ਹਿੰਦੀ ਫ਼ਿਲਮ 'ਲੇਕਿਨ' ਲਈ ਲਤਾ ਮੰਗੇਸ਼ਕਰ ਨੇ ਗੁਲਜ਼ਾਰ ਦਾ ਲਿਖਿਆ ਗੀਤ 'ਯਾਰਾ ਸਿੱਲੀ ਸਿੱਲੀ ਬਿਰਹਾ ਕੀ ਰਾਤ ਕਾ ਜਲਨਾ' ਗਾਇਆ ਜੋ ਰੇਸ਼ਮਾ ਵੱਲੋਂ ਗਾਏ ਗੀਤ 'ਵੇ ਮੈਂ ਚੋਰੀ ਚੋਰੀ ਤੇਰੇ ਨਾਲ ਲਾ ਲਈਆਂ ਅੱਖਾਂ ਵੇ' ਦੀ ਧੁਨ ਤੋਂ ਪ੍ਰਭਾਵਿਤ ਸੀ। ਇਸੇ ਪ੍ਰਕਾਰ ਰੇਸ਼ਮਾ ਦੇ ਗਾਏ 'ਅੱਖੀਆਂ ਨੂੰ ਰਹਿਣ ਦੇ' ਗੀਤ ਤੋਂ ਪ੍ਰਭਾਵਿਤ ਹੋ ਕੇ ਰਾਜ ਕਪੂਰ ਨੇ ਹਿੰਦੀ ਫ਼ਿਲਮ 'ਬੌਬੀ' ਲਈ ਲਤਾ ਮੰਗੇਸ਼ਕਰ ਦੀ ਆਵਾਜ਼ ਵਿਚ ਗੀਤ ਗਵਾਇਆ ਸੀ - 'ਅੱਖੀਓਂ ਕੋ ਰਹਿਨੇ ਦੇ ਅੱਖੀਓਂ ਕੇ ਆਸ ਪਾਸ' ਜੋ ਬਹੁਤ ਮਕਬੂਲ ਹੋਇਆ। 2004 ਵਿਚ ਕੁੱਕੂ ਕੋਹਲੀ ਵੱਲੋਂ ਡਾਇਰੈਕਟ ਕੀਤੀ ਬਾਲੀਵੁੱਡ ਫ਼ਿਲਮ 'ਵੋ ਤੇਰਾ ਨਾਮ ਥਾ' ਲਈ ਰੇਸ਼ਮਾ ਨੇ 'ਆਸ਼ਕਾਂ ਦੀ ਗਲੀ 'ਚ ਮੁਕਾਮ ਦੇ ਗਿਆ, ਜਾਨ ਜਾਨ ਕਹਿ ਕੇ ਮੇਰੀ ਜਾਨ ਲੈ ਗਿਆ' ਗੀਤ ਗਾਇਆ।

ਭਾਰਤੀਆਂ ਨੇ ਉਸ ਨੂੰ ਖ਼ੂਬ ਪਿਆਰ ਦਿਤਾ ਤੇ ਕਦੇ ਇਹ ਨਾ ਸਮਝਿਆ ਕਿ ਉਹ ਪਾਕਿਸਤਾਨੀ ਹੈ। ਇਕ ਵਾਰ ਉਹ ਮੁੰਬਈ ਆਈ ਤਾਂ ਦਲੀਪ ਕੁਮਾਰ ਦੇ ਘਰ ਵੀ ਗਈ। ਉਨ੍ਹਾਂ ਉਸ ਨੂੰ ਸੁਭਾਸ਼ ਘਈ ਨਾਲ ਮਿਲਾਇਆ। ਉਸ ਫੇਰੀ ਦੌਰਾਨ ਉਸ ਦੀ ਆਵਾਜ਼ ਵਿਚ ਸੁਭਾਸ਼ ਘਈ ਦੀ ਫ਼ਿਲਮ 'ਹੀਰੋ' ਲਈ ਮਹਿਬੂਬ ਸਟੂਡੀਓ ਵਿਚ ਗੀਤ ਰਿਕਾਰਡ ਕੀਤਾ ਗਿਆ- 'ਲੰਬੀ ਜੁਦਾਈ' ਜੋ ਉਸ ਦਾ ਯਾਦਗਾਰੀ ਗੀਤ ਬਣਿਆ। ਪਹਿਲਾਂ ਉਸ ਨੇ ਸਟੂਡੀਓ ਜਾਣ ਤੋਂ ਅਸਮਰੱਥਾ ਪ੍ਰਗਟਾਉਂਦਿਆਂ ਦਲੀਪ ਸਾਹਿਬ ਦੇ ਘਰ ਰਿਕਾਰਡਿੰਗ ਕਰਨ ਦਾ ਇੰਤਜ਼ਾਮ ਕਰਨ ਲਈ ਬੇਨਤੀ ਕੀਤੀ ਸੀ, ਫਿਰ ਬੜੇ ਗੁਪਤ ਤਰੀਕੇ ਨਾਲ ਇਹ ਕਾਰਜ ਸਿਰੇ ਚੜ੍ਹਿਆ ਹੋਇਆ ਸੀ।

27 ਨਵੰਬਰ 1996 ਨੂੰ ਤਤਕਾਲੀਨ ਮੰਤਰੀ ਪੰਜਾਬ ਹਰਨੇਕ ਸਿੰਘ ਘੜੂੰਆਂ ਵਲੋਂ ਇੰਡੋ-ਪਾਕਿ ਸੰਗੀਤ ਸੰਮੇਲਨ ਕਰਵਾਇਆ ਗਿਆ ਸੀ ਜਿਸ ਵਿਚ ਰੇਸ਼ਮਾ ਸਮੇਤ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਅਨੇਕ ਗਾਇਕ-ਗਾਇਕਾਂ ਨੇ ਭਾਗ ਲਿਆ ਸੀ। ਉਹ ਸੁਰਿੰਦਰ ਕੌਰ ਅਤੇ ਹੋਰ ਮਕਬੂਲ ਗਾਇਕਾਂ ਨੂੰ ਮਿਲ ਕੇ ਬੜੀ ਖ਼ੁਸ਼ ਹੋਈ। ਰਾਜਸਥਾਨ ਸਰਕਾਰ ਦੇ ਸੱਦੇ 'ਤੇ 2003 ਵਿਚ ਜਦੋਂ ਰੇਸ਼ਮਾ ਪਹਿਲੀ ਵਾਰੀ ਜੈਪੁਰ ਮੇਲੇ ਵਿਚ ਆਈ ਸੀ ਤਾਂ ਵਣਜਾਰਿਆਂ ਦੀ ਯਾਤਰਾ ਦੀ ਪੀੜ ਨੂੰ ਪ੍ਰਗਟਾਉਂਦਾ ਰਾਜਸਥਾਨੀ ਲੋਕ ਗੀਤ 'ਕੇਸਰੀਆ ਬਾਲਮ ਪਧਾਰੋ ਮਹਾਰੇ ਦੇਸ' ਗਾ ਕੇ ਆਪਣੀ ਜਨਮ ਭੂਮੀ ਦੇ ਵਾਸੀਆਂ ਦੇ ਦਿਲਾਂ ਵਿਚ ਉਤਰ ਗਈ ਸੀ। 1947 ਤੋਂ ਬਾਅਦ ਜਨਵਰੀ 2006 ਵਿਚ 'ਸਦਾ-ਏ-ਸਰਹੱਦ' ਨਾਂ ਵਾਲੀ ਲਾਹੌਰ-ਅੰਮ੍ਰਿਤਸਰ ਬੱਸ ਜਦੋਂ ਪਹਿਲੀ ਵਾਰ ਭਾਰਤ ਆਈ ਸੀ ਤਾਂ ਪਾਕਿਸਤਾਨੀ ਨਾਗਰਿਕ ਵਜੋਂ ਰੇਸ਼ਮਾ ਆਪਣੇ ਪਰਿਵਾਰ ਦੇ ਛੇ ਮੈਂਬਰਾਂ ਸਮੇਤ ਉਸ ਬੱਸ ਦੀ ਮੁਸਾਫ਼ਰ ਸੀ।

ਰੇਸ਼ਮਾ ਨੇ ਭਾਰਤ ਸਮੇਤ ਆਪਣੇ ਫ਼ਨ ਦਾ ਮੁਜ਼ਾਹਰਾ ਅਮਰੀਕਾ, ਕੈਨੇਡਾ, ਇੰਗਲੈਂਡ, ਰੂਸ, ਤੁਰਕੀ, ਨਾਰਵੇ, ਡੈਨਮਾਰਕ, ਰੁਮਾਨੀਆ ਅਤੇ ਉਜ਼ਬੇਕਿਸਤਾਨ ਆਦਿ ਕਈ ਹੋਰ ਮੁਲਕਾਂ ਵਿਚ ਵੀ ਕੀਤਾ। ਅਕਤੂਬਰ 2002 ਵਿਚ ਲੰਡਨ ਵਿਚ ਹੋਏ ਇਕ ਪ੍ਰੋਗਰਾਮ ਵਿਚ ਉਸ ਦੀ ਧੀ ਖਦੀਜਾ ਤੇ ਪੁੱਤ ਉਮੇਰ ਨੇ ਵੀ ਗਾਇਨ ਪੇਸ਼ ਕੀਤਾ ਸੀ। ਪੁੱਤ ਉਮੇਰ ਤੇ ਬੇਟੀ ਸ਼ਾਜ਼ੀਆ ਨੇ ਤਾਂ ਮਾਂ ਨਾਲ ਰਲ ਕੇ ਵੀ ਕਈ ਪ੍ਰੋਗਰਾਮਾਂ ਵਿਚ ਗਾਇਆ। ਉਸ ਦੀ ਛੋਟੀ ਭੈਣ ਵੀ ਗਾਇਕਾ ਸੀ। ਸ਼ਾਂਤ ਸੁਭਾਅ ਵਾਲੀ ਰੇਸ਼ਮਾ ਖੁੱਲ੍ਹੇ ਪੌਂਚਿਆਂ ਵਾਲਾ ਸਲਵਾਰ ਸੂਟ ਪਹਿਨਣ ਦੀ ਆਦੀ ਸੀ। ਉਹ ਜੀਵ ਹੱਤਿਆ ਦੀ ਵਿਰੋਧੀ ਸੀ, ਇਸ ਲਈ ਸਾਰੀ ਉਮਰ ਸ਼ਾਕਾਹਾਰੀ ਰਹੀ। ਪੰਜਾਬੀ, ਸਿੰਧੀ ਅਤੇ ਰਾਜਸਥਾਨੀ ਲੋਕਾਂ ਦਾ ਪਸੰਦੀਦਾ ਭੋਜਨ ਸਾਗ ਤੇ ਮੱਕੀ ਦੀ ਰੋਟੀ ਹੀ ਉਸ ਦੀ ਪਸੰਦ ਰਹੇ।

ਭਾਰਤ ਵਿਚ ਮਿਲੇ ਮਾਣ-ਸਨਮਾਨ ਤੋਂ ਇਲਾਵਾ ਰੇਸ਼ਮਾ ਨੂੰ ਜਨਰਲ ਜ਼ਿਆ ਉਲ ਹੱਕ ਤੋਂ ਲੈ ਕੇ ਪਰਵੇਜ਼ ਮੁਸ਼ੱਰਫ ਤਕ ਦੀਆਂ ਸਰਕਾਰਾਂ ਤੋਂ ਵੀ ਮਾਣ-ਸਨਮਾਨ ਅਤੇ ਸਹਾਇਤਾ ਮਿਲਦੀ ਰਹੀ। 2005 ਵਿਚ ਉਸ ਨੂੰ ਪਾਕਿਸਤਾਨ ਦਾ ਤੀਜਾ ਸਰਵਉਚ ਨਾਗਰਿਕ ਸਨਮਾਨ 'ਸਿਤਾਰਾ-ਏ-ਇਮਤਿਆਜ਼' ਜਿਸ ਵਿਚ ਪੰਜਾਹ ਹਜ਼ਾਰ ਦੀ ਨਕਦ ਰਾਸ਼ੀ ਸੀ, ਪ੍ਰਾਪਤ ਕਰਨ ਦਾ ਮਾਣ ਹਾਸਲ ਹੋਇਆ। ਉਸ ਨੂੰ ਰਾਸ਼ਟਰਪਤੀ ਵੱਲੋਂ 'ਫ਼ਖ਼ਰ-ਏ-ਪਾਕਿਸਤਾਨ' ਅਤੇ 'ਲੀਜੈਂਡ ਆਫ਼ ਪਾਕਿਸਤਾਨ' ਪੁਰਸਕਾਰ ਨਾਲ ਵੀ ਨਵਾਜਿਆ ਗਿਆ।

ਕੈਂਸਰ ਦੀ ਬਿਮਾਰੀ ਨੇ ਇਕ ਵਾਰ ਫਿਰ ਸਿਰ ਚੁੱਕਿਆ। ਇਲਾਜ ਦੌਰਾਨ ਉਹ ਬਹੁਤ ਕਮਜ਼ੋਰ ਹੋ ਗਈ। ਲਾਹੌਰ ਦੇ ਇੱਛਰਾਂ ਮੁਹੱਲੇ ਦੀ ਵਸਨੀਕ ਰੇਸ਼ਮਾ ਨੂੰ 6 ਅਪਰੈਲ 2013 ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ। 3 ਅਕਤੂਬਰ ਨੂੰ ਉਹ ਅਜਿਹੀ ਬੇਹੋਸ਼ੀ ਦੀ ਅਵਸਥਾ ਵਿਚ ਚਲੀ ਗਈ ਕਿ ਮੁੜ ਹੋਸ਼ ਨਾ ਆਈ। ਪੂਰੇ ਮਹੀਨੇ ਬਾਅਦ ਦੀਵਾਲੀ ਵਾਲੇ ਦਿਨ 3 ਨਵੰਬਰ 2013 ਦੀ ਸਵੇਰ ਨੂੰ ਲਾਹੌਰ ਦੇ ਇਕ ਹਸਪਤਾਲ ਵਿਚ 67 ਸਾਲਾ ਰੇਸ਼ਮਾ ਫੌਤ ਹੋ ਗਈ। -0-

*ਰੇਸ਼ਮਾ ਨੇ ਭਾਰਤ ਸਮੇਤ ਆਪਣੇ ਫ਼ਨ ਦਾ ਮੁਜ਼ਾਹਰਾ ਅਮਰੀਕਾ, ਕੈਨੇਡਾ, ਇੰਗਲੈਂਡ, ਰੂਸ, ਤੁਰਕੀ, ਨਾਰਵੇ, ਡੈਨਮਾਰਕ, ਰੁਮਾਨੀਆ ਅਤੇ ਉਜ਼ਬੇਕਿਸਤਾਨ ਆਦਿ ਕਈ ਹੋਰ ਮੁਲਕਾਂ ਵਿਚ ਵੀ ਕੀਤਾ। ਅਕਤੂਬਰ 2002 ਵਿਚ ਲੰਡਨ ਵਿਚ ਹੋਏ ਇਕ ਪ੍ਰੋਗਰਾਮ ਵਿਚ ਉਸ ਦੀ ਧੀ ਖਦੀਜਾ ਤੇ ਪੁੱਤ ਉਮੇਰ ਨੇ ਵੀ ਗਾਇਨ ਪੇਸ਼ ਕੀਤਾ ਸੀ। ਪੁੱਤ ਉਮੇਰ ਤੇ ਬੇਟੀ ਸ਼ਾਜ਼ੀਆ ਨੇ ਤਾਂ ਮਾਂ ਨਾਲ ਰਲ ਕੇ ਵੀ ਕਈ ਪ੍ਰੋਗਰਾਮਾਂ ਵਿਚ ਗਾਇਆ। ਉਸ ਦੀ ਛੋਟੀ ਭੈਣ ਵੀ ਗਾਇਕਾ ਸੀ। ਸ਼ਾਂਤ ਸੁਭਾਅ ਵਾਲੀ ਰੇਸ਼ਮਾ ਖੁੱਲ੍ਹੇ ਪੌਂਚਿਆਂ ਵਾਲਾ ਸਲਵਾਰ ਸੂਟ ਪਹਿਨਣ ਦੀ ਆਦੀ ਸੀ। ਉਹ ਜੀਵ ਹੱਤਿਆ ਦੀ ਵਿਰੋਧੀ ਸੀ, ਇਸ ਲਈ ਸਾਰੀ ਉਮਰ ਸ਼ਾਕਾਹਾਰੀ ਰਹੀ। ਪੰਜਾਬੀ, ਸਿੰਧੀ ਅਤੇ ਰਾਜਸਥਾਨੀ ਲੋਕਾਂ ਦਾ ਪਸੰਦੀਦਾ ਭੋਜਨ ਸਾਗ ਤੇ ਮੱਕੀ ਦੀ ਰੋਟੀ ਹੀ ਉਸ ਦੀ ਪਸੰਦ ਰਹੇ।*



# ਮੈਰੀਲੈਂਡ ਵਿਚ ਨਵੇਂ ਖੁੱਲ੍ਹੇ ਗੁਰਦੁਆਰਾ ਸਿੰਘ ਸਭਾ ਦਾ ਉਦਘਾਟਨ

**ਡੰਡਾਕ, ਮੈਰੀਲੈਂਡ (ਬਿਊਰੋ):** ਸਿੱਖ ਸੰਗਤ ਦੀ ਮੰਗ ਨੂੰ ਮੁੱਖ ਰੱਖਦਿਆਂ ਇਥੇ ਗੁਰਦੁਆਰਾ ਸਿੰਘ ਸਭਾ ਬਣਾਇਆ ਗਿਆ ਹੈ ਜਿਸ ਦਾ ਉਦਘਾਟਨ ਪਿਛਲੇ ਦਿਨੀਂ ਧਾਰਮਿਕ ਰਹੁ-ਰੀਤਾਂ ਨਾਲ ਕੀਤਾ ਗਿਆ। ਇਸ ਮੌਕੇ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਬੀਬੀ ਬਲਵਿੰਦਰ ਕੌਰ ਨੇ ਲੱਖ ਖੁਸ਼ੀਆਂ ਪਾਤਸ਼ਾਹੀਆਂ ਦਾ ਸ਼ਬਦ ਉਚਾਰ ਕੇ ਹਾਜ਼ਰੀ ਲੁਆਈ। ਢਾਡੀ ਭਾਈ ਦਲਜੀਤ ਸਿੰਘ ਦੇ ਜਥੇ ਨੇ ਵਾਰਾਂ ਗਾ ਕੇ ਸਿੱਖ ਇਤਿਹਾਸ ਸਰਵਣ ਕਰਵਾਇਆ। ਸਵੇਰ ਤੋਂ ਲੈ ਕੇ ਚਾਹ





ਮੈਰੀਲੈਂਡ ਇਲਾਕੇ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦਿਆਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ।

ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਪ੍ਰਿੰਸੀਪਲ ਹਰਭਜਨ ਸਿੰਘ ਅਤੇ ਡਾ. ਸੁਰਿੰਦਰ ਸਿੰਘ ਗਿੱਲ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਸਿੱਖੀ ਰਹਿਤ ਅਤੇ ਪੰਜਾਬੀ ਬੋਲੀ ਨੂੰ ਦਿਲੋਂ ਵਸਾਉਣ 'ਤੇ ਜ਼ੋਰ ਦਿਤਾ। ਹਰਭਜਨ ਸਿੰਘ ਨੇ ਸਿੱਖ ਪਰੰਪਰਾਵਾਂ ਅਤੇ ਗੁਰੂਆਂ ਦੀਆਂ ਸਿੱਖਿਆਵਾਂ ਅਨੁਸਾਰ ਜੀਵਨ ਬਸਰ ਕਰਨ ਅਤੇ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈਣ 'ਤੇ ਜ਼ੋਰ ਦਿੱਤਾ। ਇਸ ਮੌਕੇ ਭਾਈ ਕੁਲਵਿੰਦਰ ਸਿੰਘ ਦੇ ਜਥੇ ਨੇ ਕੀਰਤਨ ਮਠਿਆਈ ਦੇ ਲੰਗਰ ਚਲਦੇ ਰਹੇ। ਧਾਰਮਿਕ ਕਿਤਾਬਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ।

ਮੈਟਰੋਪਾਲਿਟਨ ਤੋਂ ਇਲਾਵਾ ਨਿਊ ਯਾਰਕ, ਨਿਊ ਜਰਸੀ ਅਤੇ ਪੈਨਸਿਲਵੇਨੀਆ ਦੀਆਂ ਸੰਗਤਾਂ ਨੇ ਵੀ ਇਸ ਮੌਕੇ ਹਾਜ਼ਰੀ ਭਰੀ। ਅਖੀਰ ਵਿਚ ਕੁਝ ਸ਼ਖਸੀਅਤਾਂ ਦਾ ਗੁਰੂ ਘਰ ਦੀ ਕਮੇਟੀ ਵਲੋਂ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ। ਇਨ੍ਹਾਂ 'ਚ ਜਸਦੀਪ ਸਿੰਘ ਜੱਸੀ, ਬਲਜਿੰਦਰ ਸਿੰਘ ਸੰਮੀ, ਗੁਰਮੀਤ ਸਿੰਘ ਸਮਰਾ, ਮਨਜੀਤ ਸਿੰਘ ਕੈਰੋਂ, ਗੁਰਚਰਨ ਸਿੰਘ, ਗੁਰਦੇਵ ਸਿੰਘ, ਅਮਰ ਸਿੰਘ ਮੱਲੀ, ਮਾਸਟਰ ਧਰਮਪਾਲ ਸਿੰਘ, ਸਾਜ਼ਿਦ ਤਰਾਰ ਤੇ ਡਾ. ਸੁਰਿੰਦਰ ਗਿੱਲ ਸ਼ਾਮਿਲ ਸਨ।

# ਸਰਕਾਰੀ ਖਜ਼ਾਨੇ ਨੂੰ ਦੋਹੀਂ ਹੱਥੀਂ ਲੁੱਟਣ ਲੱਗੀ ਵਿਹਲੜਾਂ ਦੀ ਫੌਜ

**ਚੰਡੀਗੜ੍ਹ:** ਪੰਜਾਬ ਦੇ 21 ਮੁੱਖ ਪਾਰਲੀਮਾਨੀ ਸਕੱਤਰ ਰੋਜ਼ਾਨਾ ਸਰਕਾਰੀ ਖਜ਼ਾਨੇ ਦੇ ਇਕ ਲੱਖ ਰੁਪਏ ਗੱਡੀਆਂ ਦੇ ਤੇਲ ਉਤੇ ਉਡਾ ਦਿੰਦੇ ਹਨ। ਸਟੇਟ ਟਰਾਂਸਪੋਰਟ ਵਿਭਾਗ ਤੋਂ ਸੂਚਨਾ ਦਾ ਅਧਿਕਾਰ ਤਹਿਤ ਮਿਲੀ ਜਾਣਕਾਰੀ ਅਨੁਸਾਰ ਵਿਭਾਗ ਨੇ ਪਿਛਲੇ 18 ਮਹੀਨਿਆਂ ਦੌਰਾਨ 21 ਮੁੱਖ ਪਾਰਲੀਮਾਨੀ ਸਕੱਤਰਾਂ ਦੀਆਂ ਗੱਡੀਆਂ ਦੇ ਤੇਲ ਦੇ ਬਿੱਲਾਂ ਲਈ 4.66 ਕਰੋੜ ਰੁਪਏ ਦਿੱਤੇ ਹਨ। ਇਹ ਰਕਮ ਅਪਰੈਲ 2014 ਤੋਂ ਲੈ ਕੇ ਅਕਤੂਬਰ 2015 ਤੱਕ ਦੀ ਹੈ। ਕਈ ਮੁੱਖ ਪਾਰਲੀਮਾਨੀ ਸਕੱਤਰ ਤਾਂ ਅਜਿਹੇ ਹਨ ਜਿਨ੍ਹਾਂ ਇਕ ਮਹੀਨੇ ਵਿੱਚ ਦੋ ਲੱਖ ਤੱਕ ਦਾ ਪੈਟਰੋਲ ਵਰਤਿਆ ਹੈ, ਜਿਸ ਦਾ ਮਤਲਬ ਇਹ ਹੈ ਕਿ ਉਨ੍ਹਾਂ ਰੋਜ਼ਾਨਾ 600 ਤੋਂ 800 ਕਿਲੋਮੀਟਰ ਸਫਰ ਕੀਤਾ ਹੈ। ਕੁਝ ਮੁੱਖ ਪਾਰਲੀਮਾਨੀ ਸਕੱਤਰਾਂ ਕੋਲ ਇਕ ਤੋਂ ਵਧ ਕਾਰਾਂ ਵੀ ਹਨ।

ਸੂਚੀ ਵਿਚ ਸ਼੍ਰੋਮਣੀ ਅਕਾਲੀ ਦੇ ਸ੍ਰੀ ਹਰਗੋਬਿੰਦਪੁਰ ਤੋਂ ਵਿਧਾਇਕ ਦੇਸ ਰਾਜ ਧੁੱਗਾ ਸਭ ਤੋਂ ਉਪਰ ਹੈ। ਉਨ੍ਹਾਂ ਨੂੰ ਸਰਕਾਰ ਵੱਲੋਂ ਦੋ ਕਾਰਾਂ ਮਿਲੀਆਂ ਹੋਈਆਂ ਹਨ ਅਤੇ ਉਨ੍ਹਾਂ ਪ੍ਰਤੀ ਮਹੀਨਾ ਦੋ ਲੱਖ ਰੁਪਏ ਦਾ ਤੇਲ ਵਰਤਿਆ ਹੈ। ਇਸ ਮੁਤਾਬਕ ਉਨ੍ਹਾਂ 18 ਮਹੀਨਿਆਂ ਅੰਦਰ 35 ਲੱਖ ਰੁਪਏ ਤੇਲ 'ਤੇ ਖਰਚ ਕੀਤੇ ਹਨ। ਉਨ੍ਹਾਂ ਤੋਂ ਬਾਅਦ ਜਲੰਧਰ (ਉੱਤਰੀ) ਤੋਂ ਭਾਜਪਾ ਵਿਧਾਇਕ ਕੇਡੀ ਭੰਡਾਰੀ ਆਉਂਦੇ ਹਨ ਜਿਨ੍ਹਾਂ ਇੰਨੇ ਹੀ ਸਮੇਂ ਦੌਰਾਨ ਦੋ ਕਾਰਾਂ ਲਈ 33 ਲੱਖ ਰੁਪਏ ਦਾ ਤੇਲ ਖਰਚ ਕੀਤਾ ਹੈ। ਇਸੇ ਤਰ੍ਹਾਂ ਖੇਮਕਰਨ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਵਿਰਸਾ ਸਿੰਘ ਵਲਟੋਹਾ ਨੇ ਇਕ ਕਾਰ ਉਤੇ 29 ਲੱਖ ਰੁਪਏ ਦਾ ਤੇਲ ਖਰਚ ਕੀਤਾ ਹੈ।

ਸਭ ਤੋਂ ਘੱਟ ਤੇਲ ਵਰਤਣ ਵਾਲੇ ਬੱਲੂਆਣਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਗੁਰਤੇਜ ਸਿੰਘ ਘੁੜਿਆਣਾ ਹਨ, ਜਿਨ੍ਹਾਂ 8.89 ਲੱਖ ਰੁਪਏ ਦਾ ਤੇਲ ਖਰਚ ਕੀਤਾ ਹੈ। ਇਨ੍ਹਾਂ ਤੋਂ ਬਾਅਦ ਬਲਾਚੌਰ ਤੋਂ ਅਕਾਲੀ ਵਿਧਾਇਕ ਚੌਧਰੀ ਨੰਦ ਲਾਲ (9.73 ਲੱਖ ਰੁਪਏ) ਅਤੇ ਗੁਰਦਾਸਪੁਰ ਤੋਂ ਅਕਾਲੀ ਵਿਧਾਇਕ ਗੁਰਬਚਨ ਸਿੰਘ (13 ਲੱਖ ਰੁਪਏ) ਦਾ ਨਾਂ ਆਉਂਦਾ ਹੈ।

ਪੰਜਾਬ ਸਰਕਾਰ ਨੇ ਮੁੱਖ ਪਾਰਲੀਮਾਨੀ ਸਕੱਤਰਾਂ ਦੀਆਂ ਗੱਡੀਆਂ ਵਿਚ ਤੇਲ ਲਈ ਕੋਈ ਸੀਮਾ ਨਹੀਂ ਰੱਖੀ ਹੋਈ, ਜਿਸ ਕਾਰਨ ਉਹ ਜਿੰਨੀ ਮੰਗ ਕਰਦੇ ਹਨ, ਉਨ੍ਹਾਂ ਤੇਲ ਉਨ੍ਹਾਂ ਨੂੰ ਦਿੱਤਾ ਜਾਂਦਾ ਹੈ। ਰੋਪੜ ਤੋਂ ਆਰ.ਟੀ.ਆਈ. ਕਾਰਕੁਨ ਅਤੇ 'ਆਪ' ਦੇ ਆਰ.ਟੀ.ਆਈ. ਸੈੱਲ ਦੇ ਇੰਚਾਰਜ ਦਿਨੇਸ਼ ਚੱਢਾ ਦਾ ਕਹਿਣਾ ਹੈ ਕਿ ਹਰ ਕੋਈ ਇਸ ਗੱਲ ਦਾ ਅੰਦਾਜ਼ਾ ਲਗਾ ਸਕਦਾ ਹੈ ਕਿ ਮੁੱਖ ਪਾਰਲੀਮਾਨੀ ਸਕੱਤਰ ਪੰਜਾਬ ਸਰਕਾਰ ਦੇ ਖਜ਼ਾਨੇ 'ਤੇ ਕਿੰਨਾ ਵਿੱਤੀ ਬੋਝ ਪਾ ਰਹੇ ਹਨ।

ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਅਪਰੈਲ ਵਿਚ ਛੇ ਹੋਰ ਮੁੱਖ ਪਾਰਲੀਮਾਨੀ ਸਕੱਤਰ ਨਿਯੁਕਤ ਕੀਤੇ ਹਨ, ਜਿਸ ਨਾਲ ਇਨ੍ਹਾਂ ਦੀ ਗਿਣਤੀ ਹੁਣ 24 ਹੋ ਗਈ ਹੈ।

## ਖਰਚਖੋਰੀ ਸਰਕਾਰ ਵਿਰੁੱਧ ਮਹਿਲਾ ਅਫਸਰ ਦਾ ਮੋਰਚਾ

**ਚੰਡੀਗੜ੍ਹ:** ਪੰਜਾਬ ਦੀ ਇਕ ਬਲਾਕ ਡਿਵੈਲਪਮੈਂਟ ਪੰਚਾਇਤ ਅਫਸਰ (ਬੀ.ਡੀ.ਪੀ.ਓ.) ਨੇ ਆਪਣੀ ਹੀ ਸਰਕਾਰ ਖਿਲਾਫ ਆਵਾਜ਼ ਚੁੱਕੀ ਹੈ। ਅਬੋਹਰ ਵਿਚ ਤਾਇਨਾਤ ਬੀ.ਡੀ.ਪੀ.ਓ. ਬਲਜੀਤ ਕੌਰ ਨੇ ਸਰਕਾਰ ਵੱਲੋਂ ਪ੍ਰਚਾਰ ਲਈ ਭੇਜੀਆਂ ਵੈਨਾਂ ਦੇ ਮੁੱਦੇ ਉਤੇ ਸਰਕਾਰ ਨੂੰ ਘੇਰਿਆ ਹੈ। ਇਸ ਪ੍ਰਚਾਰ ਨੀਤੀ ਨੂੰ ਗਲਤ ਕਰਾਰ ਦਿੰਦਿਆਂ ਇਸ ਔਰਤ ਅਫਸਰ ਨੇ ਸਰਕਾਰ ਦੇ ਇਸ ਕਦਮ ਵਿਚ ਸਾਥ ਦੇਣ ਤੋਂ ਨਾਂਹ ਕਰ ਦਿੱਤੀ ਹੈ। ਦਰਅਸਲ, ਬਲਜੀਤ ਕੌਰ ਢਿੱਲੋਂ ਨੇ ਸਰਕਾਰ ਦੀਆਂ ਪ੍ਰਚਾਰ ਵੈਨਾਂ ਨੂੰ ਲੈ ਕੇ ਆਪਣੀ ਫੇਸਬੁਕ ਉਤੇ ਪੋਸਟ ਪਾਈ। ਇਹ ਪੋਸਟ ਸੋਸ਼ਲ ਮੀਡੀਆ ਉਤੇ ਵਾਇਰਲ ਹੋ ਚੁੱਕੀ ਹੈ। ਸਰਕਾਰ ਨੇ ਇਸ ਪੋਸਟ ਨੂੰ ਲੈ ਕੇ ਬੀ.ਡੀ.ਪੀ.ਓ. ਖਿਲਾਫ ਕਾਰਵਾਈ ਵੀ ਕਰ ਦਿੱਤੀ। ਬਲਜੀਤ ਕੌਰ ਨੂੰ ਅਬੋਹਰ ਦੇ ਬੀ.ਡੀ.ਪੀ.ਓ. ਵਜੋਂ ਹਟਾ ਕੇ ਲਾਈਨ ਹਾਜ਼ਰ ਕਰ ਦਿੱਤਾ ਗਿਆ ਹੈ।



# ਜਲੰਧਰ ਦੂਰਦਰਸ਼ਨ ਬਣਾਏਗਾ ਅਸ਼ੋਕ ਭੌਰਾ ਦੀ ਕਹਾਣੀ 'ਤੇ ਲੜੀਵਾਰ

**ਜਲੰਧਰ (ਬਿਊਰੋ):** ਜਲੰਧਰ ਦੂਰਦਰਸ਼ਨ ਕਾਲਮਨਵੀਸ ਅਤੇ ਲੇਖਕ ਐਸ ਅਸ਼ੋਕ ਭੌਰਾ ਦੀ ਲਿਖਤ 'ਬਸੰਤ ਸਿਹੁੰ ਇੱਥੇ ਨਹੀਂ ਰਹਿੰਦਾ' 'ਤੇ ਜਲਦ ਹੀ ਲੜੀਵਾਰ ਬਣਾਏਗਾ। ਇਸ ਲਿਖਤ ਵਿਚ ਪੰਜਾਬ ਵਿਚ ਡਰੱਗ ਦੀ ਵਬਾਅ ਅਤੇ ਇਸ ਦੀ ਪੀੜਾ ਦਾ ਦਰਦ ਬਿਆਨਿਆ ਗਿਆ ਹੈ।

ਇਸ ਲੜੀਵਾਰ ਦਾ ਨਿਰਮਾਣ ਡਾ. ਲਖਵਿੰਦਰ ਜੌਹਲ ਕਰਨਗੇ। ਜ਼ਿਕਰਯੋਗ ਹੈ ਕਿ ਅਸ਼ੋਕ ਭੌਰਾ ਦੀਆਂ ਦੋ ਪੁਸਤਕਾਂ 'ਗੱਲੀਂ ਬਾਤੀਂ' ਅਤੇ 'ਨੈਣ ਨਕਸ਼' ਨੂੰ ਜਿੱਥੇ ਪੰਜਾਬੀ ਜਗਤ ਵਿਚ ਹਰਮਨਪਿਆਰਤਾ ਮਿਲੀ ਹੈ, ਉਥੇ ਪੰਜਾਬੀ ਫਿਲਮ ਜਗਤ ਵੀ ਇਸ ਪੁਸਤਕ ਦੀਆਂ ਕੁਝ ਰਚਨਾਵਾਂ ਨੂੰ ਮੁੱਖ ਰੱਖ ਕੇ ਫਿਲਮ ਨਿਰਮਾਣ ਵੱਲ ਝੁਕਿਆ ਹੈ।

ਸਤੰਬਰ ਮਹੀਨੇ ਰਿਲੀਜ਼ ਕੀਤੀ ਜਾਣ ਵਾਲੀ ਉਨ੍ਹਾਂ ਦੀ ਪੁਸਤਕ 'ਬਸੰਤ ਸਿਹੁੰ ਇੱਥੇ ਨਹੀਂ ਰਹਿੰਦਾ' ਵੀ ਇਸ ਲੜੀ ਵਿਚ ਸ਼ਾਮਿਲ ਹੈ ਅਤੇ ਇਹ ਇਹ ਅਜਿਹੀ ਸੱਚੀ ਕਹਾਣੀ ਹੈ ਜੋ ਪਾਕਿਸਤਾਨ ਨਾਲ 1971 ਦੀ ਜੰਗ ਤੋਂ ਬਾਅਦ ਦੋ ਫੌਜੀ ਪਰਿਵਾਰਾਂ ਦਾ ਦੁਖਾਂਤ ਹੈ। ਬਸੰਤ ਸਿਹੁੰ ਦਾ ਪਰਿਵਾਰ ਡਰੱਗ ਵਿਚ ਕਿਵੇਂ ਉਜੜਦਾ ਹੈ, ਇਹੋ ਹੀ ਇਸ ਕਹਾਣੀ ਦਾ ਮੁੱਖ ਥੀਮ ਹੈ। ਡਾ. ਜੌਹਲ ਦੇ ਨਿਰਮਾਣ ਕਾਰਜਾਂ ਨੂੰ ਦੂਰਦਰਸ਼ਨ ਦੇ ਦਰਸ਼ਕਾਂ ਵਿਚ ਕਾਫੀ ਸਲਾਹਿਆ ਜਾਂਦਾ ਹੈ।

# ਵਿਗਿਆਨੀਆਂ ਨੇ ਨਵਾਂ ਗ੍ਰਹਿ ਲੱਭਿਆ

**ਵਾਸ਼ਿੰਗਟਨ:** ਵਿਗਿਆਨੀਆਂ ਨੇ ਧਰਤੀ ਤੋਂ 340 ਪ੍ਰਕਾਸ਼ ਸਾਲ ਦੂਰ ਸਥਿਤ ਇਕ ਨਵੇਂ ਗ੍ਰਹਿ ਦਾ ਪਤਾ ਲਾਇਆ ਹੈ, ਜੋ ਬ੍ਰਹਿਸਪਤੀ ਤੋਂ ਚਾਰ ਗੁਣਾ ਵੱਡਾ ਹੈ।

ਇਸ ਗ੍ਰਹਿ ਦੇ ਪੰਧ ਉਤੇ ਤਿੰਨ ਤਾਰੇ ਹਨ ਅਤੇ ਇਥੇ ਰੋਜ਼ਾਨਾ ਤਿੰਨ ਵਾਰ ਸੂਰਜ ਚੜ੍ਹਦਾ ਤੇ ਛਿਪਦਾ ਹੈ, ਜੋ ਰੁੱਤਾਂ ਉਤੇ ਨਿਰਭਰ ਕਰਦਾ ਹੈ। ਇਸ ਗ੍ਰਹਿ ਉਤੇ ਇਕ ਰੁੱਤ ਮਨੁੱਖੀ ਜੀਵਨ ਤੋਂ ਲੰਮੇਰੀ ਹੁੰਦੀ ਹੈ। ਐਚ.ਡੀ. 131399 ਏਬੀ ਨਾਂ ਦਾ ਇਹ ਗ੍ਰਹਿ 1.6 ਕਰੋੜ ਸਾਲ ਪੁਰਾਣਾ ਹੈ।

# ਗੁਰੂ ਕੀ ਨਗਰੀ ਦੀ ਸੁੰਦਰਤਾ ਨੂੰ ਲੱਗਣਗੇ ਚਾਰ ਚੰਨ

**ਅੰਮ੍ਰਿਤਸਰ:** ਕੇਂਦਰ ਸਰਕਾਰ ਵੱਲੋਂ ਸਵੱਛ ਭਾਰਤ ਮਿਸ਼ਨ ਤਹਿਤ ਦੇਸ਼ ਭਰ ਵਿਚੋਂ ਚੁਣੇ ਗਏ ਦਸ ਅਹਿਮ ਸਥਾਨਾਂ ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਵੀ ਚੋਣ ਕੀਤੀ ਗਈ ਹੈ, ਜਿਸ ਤਹਿਤ ਇਸ ਦੇ ਆਲੇ-ਦੁਆਲੇ ਦੀ ਸਫਾਈ ਨੂੰ ਯਕੀਨੀ ਬਣਾਇਆ ਜਾਵੇਗਾ ਅਤੇ ਦੇਸ਼ ਭਰ ਵਿਚ ਨਮੂਨੇ ਵਜੋਂ ਪੇਸ਼ ਕੀਤਾ ਜਾਵੇਗਾ।

ਇਹ ਯੋਜਨਾ ਕੇਂਦਰ ਸਰਕਾਰ ਦੇ ਸਾਫ-ਸਫਾਈ ਅਤੇ ਵਾਟਰ ਸਪਲਾਈ ਮੰਤਰਾਲੇ ਵੱਲੋਂ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਦੇਸ਼ ਭਰ ਵਿਚੋਂ ਸੌ ਅਹਿਮ ਸਥਾਨਾਂ ਨੂੰ ਸਫਾਈ ਦੇ ਮਾਡਲ ਵਜੋਂ ਚੁਣਿਆ ਗਿਆ ਹੈ। ਪਹਿਲੇ ਪੜਾਅ ਵਿਚ ਦਸ ਅਹਿਮ ਸਥਾਨ ਚੁਣੇ ਗਏ ਹਨ, ਜਿਨ੍ਹਾਂ ਵਿਚ ਸ੍ਰੀ ਹਰਿਮੰਦਰ ਸਾਹਿਬ ਵੀ ਸ਼ਾਮਲ ਹੈ। ਇਸ ਤੋਂ ਇਲਾਵਾ ਯੂ.ਪੀ. ਸਥਿਤ ਤਾਜ ਮਹੱਲ, ਜੰਮੂ ਕਸ਼ਮੀਰ ਸਥਿਤ ਵੈਸ਼ਨੋ ਦੇਵੀ, ਮਹਾਰਾਸ਼ਟਰ ਵਿਚ ਛੱਤਰਪਤੀ ਸ਼ਿਵਾਜੀ ਟਰਮੀਨਲ, ਯੂ.ਪੀ ਵਿਚ ਮਨੀਕਾਰਨਿਕ ਘਾਟ, ਰਾਜਸਥਾਨ ਵਿਚ ਅਜਮੇਰ ਸ਼ਰੀਫ, ਤਾਮਿਲਨਾਡੂ ਵਿਚ ਮੀਨਾਕਸ਼ੀ ਮੰਦਰ, ਆਸਾਮ ਵਿਚ ਕਾਮਾਖਿਆ ਮੰਦਰ, ਆਂਧਰਾ ਪ੍ਰਦੇਸ਼ ਵਿਚ ਤਿਰੁਪਤੀ ਮੰਦਰ ਅਤੇ ਉੜੀਸਾ ਵਿਚ ਮੰਦਰ ਜਗਨਨਾਥ ਪੁਰੀ ਸ਼ਾਮਲ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਦੱਸਿਆ ਕਿ ਕੇਂਦਰੀ ਮੰਤਰਾਲੇ ਦੀ ਇਕ ਟੀਮ ਇਸ ਬਾਰੇ ਪਹਿਲਾਂ ਹੀ ਅੰਮ੍ਰਿਤਸਰ ਦਾ ਦੌਰਾ ਕਰ ਚੁੱਕੀ ਹੈ ਅਤੇ ਮੌਜੂਦਾ ਸਥਿਤੀ ਦਾ ਜਾਇਜ਼ਾ ਲਿਆ ਹੈ। ਇਸ ਵੇਲੇ ਇਥੇ ਲੰਗਰ ਘਰ ਦੀ ਰਹਿੰਦ-ਖੂੰਹਦ ਨੂੰ ਸੰਭਾਲਣ ਅਤੇ ਠਿਕਾਣੇ ਲਾਉਣ ਦੀ ਵੱਡੀ ਸਮੱਸਿਆ ਹੈ। ਸਵੱਛ ਭਾਰਤ ਮਿਸ਼ਨ ਯੋਜਨਾ ਹੇਠ ਕੇਂਦਰੀ ਮੰਤਰਾਲੇ ਵੱਲੋਂ ਇਸ ਰਹਿੰਦ-ਖੂੰਹਦ ਨੂੰ ਠਿਕਾਣੇ ਲਾਉਣ ਲਈ ਇਥੇ ਜ਼ਮੀਨਦੋਜ ਥਾਂ ਦਾ ਪ੍ਰਬੰਧ ਕੀਤਾ ਜਾਵੇਗਾ, ਜਿਸ ਵਿਚ ਵੱਡੇ ਸਿਨਟੈਕਸ ਟੈਂਕ ਰੱਖੇ ਜਾਣਗੇ। ਇਨ੍ਹਾਂ ਵਿਚ ਰਹਿੰਦ ਖੂੰਹਦ ਨੂੰ ਸੁੱਟਿਆ ਜਾਵੇਗਾ, ਜਦੋਂ ਇਹ ਭਰ ਜਾਣਗੇ ਤਾਂ ਇਨ੍ਹਾਂ ਨੂੰ ਸਵੈ ਚਲਿਤ ਮਸ਼ੀਨਾਂ ਨਾਲ ਕੱਢ ਲਿਆ ਜਾਵੇਗਾ ਅਤੇ ਇਨ੍ਹਾਂ ਦੀ ਥਾਂ ਉਤੇ ਨਵੇਂ ਟੈਂਕ ਰੱਖ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਕੇਂਦਰੀ ਮੰਤਰਾਲੇ ਦੀ ਟੀਮ ਨੇ ਕੁਝ ਜ਼ਮੀਨ ਦੀ ਮੰਗ ਕੀਤੀ ਹੈ, ਜਿਥੇ ਰਹਿੰਦ ਖੂੰਹਦ ਨੂੰ ਠਿਕਾਣੇ ਲਾਉਣ ਲਈ ਬਾਇਉ ਗੈਸ ਪਲਾਂਟ ਸਥਾਪਤ ਹੋਵੇਗਾ। ਰਹਿੰਦ ਖੂੰਹਦ ਤੋਂ ਬਾਇਉ ਗੈਸ ਤਿਆਰ ਹੋਵੇਗੀ, ਜੋ ਮੁੜ ਸ੍ਰੀ ਹਰਿਮੰਦਰ ਸਾਹਿਬ ਦੇ ਲੰਗਰ ਘਰ ਨੂੰ ਸੌਂਪ ਦਿੱਤੀ ਜਾਵੇਗੀ। ਇਸ ਵਾਸਤੇ ਪਾਈਪਾਂ ਵਿਛਾਉਣ ਅਤੇ ਪਲਾਂਟ ਤਿਆਰ ਕਰਨ ਦਾ ਖਰਚਾ ਵੀ ਕੇਂਦਰ ਸਰਕਾਰ ਵੱਲੋਂ ਕੀਤਾ ਜਾਵੇਗਾ। ਇਹ ਗੈਸ ਮਿਲਣ ਨਾਲ ਲੰਗਰ ਘਰ ਵਿਚ ਐਲ.ਪੀ.ਜੀ. ਗੈਸ ਅਤੇ ਹੋਰ ਬਾਲਣ ਦੀ ਬਚਤ ਹੋਵੇਗੀ। ਇਸ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ ਨੂੰ ਆਉਣ ਵਾਲੇ ਮੁੱਖ ਰਸਤਿਆਂ ਦੀ ਸਾਫ ਸਫਾਈ ਬਾਰੇ ਵੀ ਆਖਿਆ ਜਾਵੇਗਾ।

Michigan Truck Driving School
5000 Wyoming Ave., Suite# 148, Dearborn, MI 48126
ਡਿਟਰਾਇਟ ਵਿਚ ਖੁਲ੍ਹ ਗਿਆ ਹੈ
ਬਿਲਕੁਲ ਨਵਾਂ ਟਰੱਕ ਡਰਾਈਵਿੰਗ ਸਕੂਲ
*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ




Raj Jamarai
Cell:734-644-1010
Office:734-747-4298

ਬੱਦੋਵਾਲ ਬੀਬੀਆਂ ਦਾ ਢਾਡੀ ਜੱਥਾ ਅਮਰੀਕਾ ਧਾਰਮਿਕ ਟੂਰ ਤੇ ਪਹੁੰਚਿਆ
ਜੱਥੇ ਦਾ ਰੋਜ਼ਾਨਾ ਪ੍ਰੋਗਰਾਮ ਜੱਸ ਪੰਜਾਬੀ ਟੀ ਵੀ ਅਤੇ ਗਲੋਬਲ ਪੰਜਾਬ ਤੇ ਦੇਖ ਸਕਦੇ ਹੋ



ਜੱਸ ਪੰਜਾਬੀ ਟੀ ਵੀ
4:55 AM
8:55 AM
5:10 PM
6:35 PM
ਗਲੋਬਲ ਪੰਜਾਬ
7:55 AM
4:55 PM
ਜੱਥੇ ਦਾ ਟੂਰ ਪ੍ਰੋਗਰਾਮ ਇੰਡੀਆਨਾ, ਟੈਕਸਸ, ਲਾਸ ਏਂਜਲਸ, ਬੇਕਰਜ ਫੀਲਡ, ਸੈਕਰਾਮੈਂਟੋ, ਫਰੀਮਾਂਟ ਅਤੇ ਸੈਨਹੋਜੇ ਦਾ ਹੈ।
ਜੱਥੇ ਦੇ ਪ੍ਰੋਗਰਾਮਾਂ ਲਈ ਸੰਪਰਕ ਕਰੋ
516-288-8011

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

PUNJAB SPORTS & CULTURAL ASSOCIATION PSCA Punjabi Khed Mela MICHIGAN

**ਖੇਡਾਂ: ਕਬੱਡੀ, ਵਾਲੀਬਾਲ, ਸੌਕਰ, ਅਥਲੈਟਿਕਸ**

ਸ਼ੋਹਰਤ ਦੇ ਦੀਵੇ ਵਿਚ ਖੂਨ ਜਿਗਰ ਦਾ ਪੈਂਦਾ ਏ, ਦੁਨੀਆਂ ਵਿਚ ਨਾਮ ਕਮਾਉਣਾ ਸੌਖਾ ਨਹੀਂ ਹੁੰਦਾ।
ਕਾਮਯਾਬ ਨੇ ਜਿਹੜੇ ਉਨ੍ਹਾਂ ਤੋਂ ਸਦਕੇ ਜਾਵਾਂ ਮੈਂ, ਬਾਹਰਲੇ ਮੁਲਕ 'ਚ ਪੈਰ ਜਮਾਉਣਾ ਸੌਖਾ ਨਹੀਂ ਹੁੰਦਾ।

## 9ਵਾਂ ਪੰਜਾਬੀ ਖੇਡ ਮੇਲਾ

**30 ਜੁਲਾਈ 2016** *(ਸਨਿਚਰਵਾਰ, ਸਵੇਰੇ 8:30 ਤੋਂ ਸ਼ਾਮ 8:00 ਵਜੇ ਤੱਕ)*

**Canton Sports Center - Victory Park:** 46555 W. Michigan Ave. Rd., Canton, MI 48188 (Near Beck Rd.)

### ਇਨਾਮ

**ਕਬੱਡੀ ਓਪਨ**

ਪਹਿਲਾ ਇਨਾਮ $11,000
ਦੂਜਾ ਇਨਾਮ $9,000
ਤੀਜਾ ਇਨਾਮ $7,000
ਚੌਥਾ ਇਨਾਮ $5,000

**ਸੌਕਰ ਤੇ ਵਾਲੀਬਾਲ**

ਪਹਿਲਾ ਇਨਾਮ $3,100
ਦੂਜਾ ਇਨਾਮ $2,100

**ਕਬੱਡੀ-21**

ਪਹਿਲਾ ਇਨਾਮ $2,500
ਦੂਜਾ ਇਨਾਮ $1,800
ਪਾਰਟੀਸਿਪੇਸ਼ਨ $1000

**ਕਬੱਡੀ-19 (ਸ਼ੋਅ ਮੈਚ)**

$1,000/$1,000

**ਕਬੱਡੀ ਰੈਫਰੀ:**
ਨਰਿੰਦਰ ਮੁੰਦਰ
ਕੁਲਵਿੰਦਰ ਕਿੰਦਾ
ਕੁਲਦੀਪ ਦੀਪਾ ਟਾਂਡੇਵਾਲਾ
**ਕਬੱਡੀ ਕੋਚ:** ਦਵਿੰਦਰ ਸਿੰਘ

**ਲੰਗਰ ਦਾ ਖਰਚਾ ਤੇ ਸੇਵਾ ਆਗੇਨਾਈਜ਼ਿੰਗ ਕਮੇਟੀ ਦੇ ਮੈਂਬਰਾਂ ਵਲੋਂ ਹੋਣਗੇ**









ਮੇਲਾ-ਗੇਲਾ, ਖੇਡਾਂ, ਨੱਚਣ-ਟੱਪਣ, ਗਾਉਣ-ਪਾਣੀ ਅਤੇ ਖੁੱਲ੍ਹਾ ਖਾਣ-ਪੀਣ ਆਓ ਤੇ ਮੌਜ ਮਨਾਓ

**ਸਭਨਾਂ ਨੂੰ ਖੁੱਲ੍ਹਾ ਸੱਦਾ**

ਰਾਖੇ ਵਿਰਸੇ ਦੇ ਮਿਸ਼ੀਗਨ ਟੀਮ ਭੰਗੜੇ ਦੇ ਜੌਹਰ ਵਿਖਾਏਗੀ

Radio Chann Pardesi ਰੇਡੀਓ ਚੰਨ ਪ੍ਰਦੇਸੀ

***Free Entry *Free Food *Free Entertainment**

ਪਰਿਵਾਰਾਂ ਸਮੇਤ ਆਓ ਤੇ ਮੇਲੇ ਦਾ ਲੁਤਫ ਉਠਾਓ

**ਕੁਮੈਂਟੇਟਰ**



ਮੱਖਣ ਅਲੀ

**ਪਹੁੰਚ ਰਹੇ ਕਲਾਕਾਰ**



ਸੁਰਜੀਤ ਖਾਨ



ਜਗਤਾਰ ਜੱਗੀ

*ਗਾਇਕ ਸੁਰਜੀਤ ਖਾਨ ਅਤੇ ਜੱਸ ਪੰਜਾਬੀ 'ਤੇ 'ਜਲਵੇ ਜੱਗੀ ਦੇ' ਦੇ ਹੋਸਟ ਤੇ ਕਾਮੇਡੀਅਨ ਜਗਤਾਰ ਜੱਗੀ ਸਰੋਤਿਆਂ ਦਾ ਭਰਪੂਰ ਮਨੋਰੰਜਨ ਕਰਨਗੇ*

## PSCA Committee Members and Gold Sponsors



ਕਰਮਬੀਰ ਸਿੰਘ | ਅਰਜੁਨ ਗਿੱਲ | ਰਾਜ ਨਿੱਜਰ | ਜਸਵਿੰਦਰ ਧਾਲੀਵਾਲ | ਅਮਰਜੀਤ ਗਿੱਲ | ਰਵਿੰਦਰ ਥਿੰਦ | ਅਮਰੀਕ ਰਾਏ | ਮਨਪ੍ਰੀਤ ਗਿੱਲ



ਰਾਜ ਜਾਮਾਰਾਏ | ਸੁਖਵੰਤ ਸਿੰਘ ਗਿੱਲ | ਸੁਖਦੇਵ ਸੇਖੋਂ | ਕੇਵਲ ਗਿੱਲ | ਕੁਲਬੀਰ ਗਿੱਲ | ਸੁੱਖਾ ਸੇਖੋਂ | ਬਲਕਾਰ ਗਿੱਲ | ਕਰਨ ਗਿੱਲ

### ਹੋਰ ਜਾਣਕਾਰੀ ਲਈ ਕਾਲ ਕਰੋ

**Mela, Media, Stalls:** Karn Gill (734-612-9984) / Sukhdev Sekhon (248-431-9678)
**Volleyball, Soccer:** Karmbir Singh (734-558-3151)/ Amarjit Gill: 734-394-8768
**Kabaddi:** Arjan Gill (734-231-3576) / Kulbir Gill (248-310-0114)
**Cultural Programs, Stalls:** Raj Jamarai (734-644-1010) / Raj Nijjar (734-637-7540)

*ਇਸ ਵਰ੍ਹੇ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਲੋਕ ਆਪਣੇ ਪਰਿਵਾਰਾਂ ਸਮੇਤ ਮੇਲੇ ਦਾ ਸੁਰੱਖਿਅਤ ਮਾਹੌਲ ਵਿਚ ਅਨੰਦ ਮਾਣ ਸਕਣ।*

### ਡਾਇਮੰਡ ਸਪਾਂਸਰ



ਚੈਨ ਸਿੰਘ ਸੰਧੂ | ਦਰਸ਼ਨ ਸਿੰਘ ਗਰੇਵਾਲ | ਹਰਪ੍ਰੀਤ ਆਹਲੂਵਾਲੀਆ | ਜੈਰੀ ਸਿੰਘ | ਕਰਨ ਗਿੱਲ

### ਪਲਾਟੀਨਮ ਸਪਾਂਸਰ




ਜਤਿੰਦਰਬੀਰ ਸਿੰਘ ਸੰਧੂ | ਡਾ. ਅਨਿਲ ਕੁਮਾਰ | ਡਾ. ਸੱਈਅਦ ਤਾਜ | ਅਮਰਜੀਤ ਸਿੰਘ ਸਿੱਧੂ | ਕਰਮਬੀਰ ਸਿੰਘ | ਹਰਪ੍ਰੀਤ ਸਿੰਘ (ਵਰਲਡਵਾਈਡ ਟਰੈਵਲ) | ਸੁੱਖੀ ਨਰਵਾਲ



ਚਰਨਜੀਤ ਰਸਟੀ | ਗੋਲਡੀ ਢਿੱਲੋਂ | ਬਲਬੀਰ ਗਰੇਵਾਲ | ਬਲਜੀਤ ਸਿੰਘ ਬੈਂਸ | ਰਾਜ ਸ਼ੇਰਗਿੱਲ | ਇਕਬਾਲ ਬੋਪਾਰਾਏ | ਮਨਜੀਤ ਸਿੰਘ ਲੈਨਸਿੰਗ

### ਗੋਲਡ ਸਪਾਂਸਰ



ਜਸਵੀਰ ਸਿੰਘ ਰੰਧਾਵਾ | ਬਲਦੇਵ ਸਿੰਘ ਸਿੱਧੂ | ਗੁਰਮੇਲ ਮਾਨ | ਜੱਸ ਸੋਹੀ | ਰਾਣੀ ਕਪਿਲਾ | ਵਿਜੇ ਜੋਸ਼ੀ | ਪ੍ਰੀਤੀ ਸੂਦ | ਦਵਿੰਦਰ ਗਰੇਵਾਲ | ਨਵਦੀਪ ਗਿੱਲ | ਗੁਰਦਾਤਾਰ ਸਿੰਘ | ਰਾਜ ਸਿਆਨ | ਬਿਲ ਬਾਠ



ਇੰਦਰਜੀਤ ਬਾਠ | ਅਮਰੀਕ ਮਾਹਲ | ਰੇਣੂ ਤੱਖਰ | ਚਮਕੌਰ ਗਿੱਲ | ਇਸ਼ਤਦੇਵ ਰਾਠੌਰ | ਕੁਲਦੀਪ ਧਾਲੀਵਾਲ | ਗੁਰਭਿੰਦਰ ਸਿੰਘ | ਸੁਰਜੀਤ ਗਿੱਲ | ਪਰਦੀਪ ਸਿੰਘ ਸੰਘਾ | ਇੰਦਰਜੀਤ ਵਿਰਕ | ਸੁੱਖੀ ਗਰੇਵਾਲ | ਜਸਵੀਰ ਸਹੋਤਾ




ਜਸਪਾਲ ਸੋਹਲ | ਗੁਰਿੰਦਰ ਧਨੋਆ | ਸੁੱਖੀ ਧਾਲੀਵਾਲ | ਡੀ ਜੇ ਧਾਮੀ | ਸੁਖਦੇਵ ਬਰਾੜ | ਗੁਰਬਖਸ਼ ਭੁੱਲਰ | ਬਿਕਰਮ ਗਰੇਵਾਲ | ਸੁਰਿੰਦਰ ਬੌਬੀ ਜੱਜ | ਰੇਸ਼ਮ ਸਿੰਘ ਸਿੱਧੂ | ਰਾਜ ਬੈਂਸ | ਟੀ ਜੇ ਲੋਟਾ | ਮਦਨ ਅਹੀਰ



ਤਰਲੋਚਨ ਭੁੱਲਰ | ਚਰਨਪ੍ਰੀਤ ਧਾਲੀਵਾਲ | ਹੈਰੀ ਸੰਧੂ | ਭੁਪਿੰਦਰ ਸੰਧੂ | ਰੂਪੀ ਰੰਧਾਵਾ | ਜਗਤਾਰ ਜੱਗਾ | ਅਮਜਦ ਚੌਧਰੀ | ਮਨਦੀਪ ਲੋਚਮ | ਜਗੀਰ ਸਿੰਘ ਰਿਆੜ | ਸੁਖਜੀਤ ਸਿੰਘ ਸੁੱਖ | ਕੁਲਰਾਜ ਰੰਧਾਵਾ

# ਲੇਖਕ ਦੀ ਵਾਪਸੀ




## ਕਲਾ ਪਰਿਕਰਮਾ

**ਸੁਰਿੰਦਰ ਸਿੰਘ ਤੇਜ**


ਤਾਮਿਲ ਲੇਖਕ ਪੇਰੂਮਲ ਮੁਰੂਗਨ ਖੁਸ਼ਕਿਸਮਤ ਹੈ। ਉਹ ਪੁਨਰ-ਜੀਵਤ ਹੋ ਗਿਆ ਹੈ। ਇਹ ਪੁਨਰ-ਜਨਮ ਮਦਰਾਸ ਹਾਈ ਕੋਰਟ ਨੇ ਸੰਭਵ ਬਣਾਇਆ ਹੈ। ਚੀਫ਼ ਜਸਟਿਸ ਸੰਜਯ ਕਿਸ਼ਨ ਕੌਲ ਦੀ ਅਗਵਾਈ ਵਾਲੇ ਬੈਂਚ ਨੇ 160 ਸਫ਼ਿਆਂ ਦੇ ਆਪਣੇ ਫ਼ੈਸਲੇ ਦੀ ਸ਼ੁਰੂਆਤ ਫਰਾਂਸੀਸੀ ਦਾਰਸ਼ਨਿਕ ਤੇ ਲੇਖਕ ਵਾਲਟੇਅਰ ਦੇ ਇਸ ਕਥਨ ਨਾਲ ਕੀਤੀ: 'ਤੁਸੀਂ ਜੋ ਕਹਿੰਦੇ ਹੋ, ਉਸ ਨਾਲ ਭਾਵੇਂ ਮੈਂ ਸਹਿਮਤ ਨਾ ਹੋਵਾਂ, ਪਰ ਤੁਹਾਡੇ ਕਹਿਣ ਦੇ ਹੱਕ ਦੀ ਰਾਖੀ ਮੈਂ ਆਪਣੀ ਜਾਨ ਦੀ ਸਲਾਮਤੀ ਤਕ ਕਰਦਾ ਰਹਾਂਗਾ।' ਬੈਂਚ ਅਨੁਸਾਰ ਇਸ ਲੇਖਕ ਦੀਆਂ ਕਿਤਾਬਾਂ ਜਾਂ ਲੇਖਣੀਆਂ ਵਿਚ ਕੁਝ ਵੀ ਅਜਿਹਾ ਨਹੀਂ ਜਿਹੜਾ ਪ੍ਰਗਟਾਵੇ ਦੀ ਆਜ਼ਾਦੀ ਦੀਆਂ ਸੀਮਾਵਾਂ ਉਲੰਘਦਾ ਹੋਵੇ ਜਾਂ ਸਮਾਜ ਨੂੰ ਗ਼ਲਤ ਰਾਹ ਤੋਰਦਾ ਹੋਵੇ। ਅਜਿਹੀ ਸੂਰਤ ਵਿਚ ਲੇਖਕ ਨੂੰ ਆਪਣੀ ਕਲਮ ਤਿਆਗਣ ਲਈ ਮਜਬੂਰ ਕਰਨਾ ਗੁਨਾਹ ਸੀ। ਹੁਣ ਉਸ ਨੂੰ ਆਪਣੀ ਕਲਮ ਝਾੜ-ਪੂੰਝ ਕੇ ਮੁੜ ਕਾਰਗਰ ਬਣਾ ਲੈਣੀ ਚਾਹੀਦੀ ਹੈ।

ਅਜਿਹੇ ਸਪਸ਼ਟ ਤੇ ਬੇਬਾਕ ਫ਼ੈਸਲੇ ਕਦੇ-ਕਦਾਈਂ ਹੀ ਆਉਂਦੇ ਹਨ। ਲਿਹਾਜ਼ਾ, ਇਸ ਦੀ ਜਿਥੇ ਭਰਵੀਂ ਸ਼ਲਾਘਾ ਹੋ ਰਹੀ ਹੈ, ਉਥੇ ਬੋਲਣ ਤੇ ਪ੍ਰਗਟਾਵੇ ਦੀ ਆਜ਼ਾਦੀ ਦੇ ਪ੍ਰਸੰਗ ਵਿਚ ਇਸ ਬਾਰੇ ਚਰਚਾ ਵੀ ਖ਼ੂਬ ਛਿੜ ਗਈ ਹੈ। ਇਹ ਚਰਚਾ ਹੈ ਵੀ ਬਹੁਤ ਸਾਰਥਿਕ, ਖ਼ਾਸ ਤੌਰ 'ਤੇ ਸਮੁੱਚੇ ਕੇਸ ਦੇ ਪ੍ਰਸੰਗ ਵਿਚ। ਲੇਖਕ, ਕਵੀ ਤੇ ਪ੍ਰੋਫ਼ੈਸਰ ਪੇਰੂਮਲ ਮੁਰੂਗਨ ਨੇ 12 ਜਨਵਰੀ 2015 ਨੂੰ ਆਪਣੀ ਸਾਹਿਤਕ ਮੌਤ ਦਾ ਐਲਾਨ ਕੀਤਾ ਸੀ। ਉਸ ਨੇ ਆਪਣੇ ਫੇਸਬੁੱਕ ਪੇਜ ਉਪਰ ਕਿਹਾ ਸੀ ਕਿ ਆਪਣੀ ਲੇਖਣੀ ਕਾਰਨ ਉਸ ਨੇ ਜੋ ਜ਼ਿੱਲਤ ਭੋਗੀ ਹੈ, ਉਸ ਦੇ ਮੱਦੇਨਜ਼ਰ ਅਦਬੀ ਖ਼ੁਦਕੁਸ਼ੀ ਹੀ ਉਸ ਲਈ ਸਭ ਤੋਂ ਢੁੱਕਵਾਂ ਉਪਾਅ ਤੇ ਰਾਹ ਹੈ। ਉਸ ਨੇ 2010 ਵਿਚ 'ਮਾਧੋਰੂਭਾਗਨ' ਨਾਵਲ ਲਿਖਿਆ ਸੀ। ਇਸ ਨਾਵਲ ਨੂੰ ਸਾਹਿਤਕ ਹਲਕਿਆਂ ਵਿਚ ਚੋਖਾ ਸਰਾਹਿਆ ਤੇ ਸਤਿਕਾਰਿਆ ਗਿਆ। ਅਕਤੂਬਰ 2014 ਵਿਚ ਇਸ ਦਾ ਅੰਗਰੇਜ਼ੀ ਤਰਜਮਾ 'ਵਨ ਪਾਰਟ ਵੁਮੈਨ' ਦੇ ਸਿਰਲੇਖ ਹੇਠ ਪ੍ਰਕਾਸ਼ਿਤ ਹੋਇਆ। ਇਹ ਨਾਵਲ ਜਵਾਨ ਵਿਆਹੁਤਾ ਔਰਤ ਦੀ ਕਹਾਣੀ ਹੈ ਜਿਸ ਦੀ ਗੋਦ ਨਹੀਂ ਭਰ ਰਹੀ। ਉਹ ਤੇ ਉਸ ਦਾ ਪਤੀ ਹਰ ਉਪਾਅ ਕਰਦੇ ਹਨ, ਪਰ ਕਾਮਯਾਬ ਨਹੀਂ ਹੁੰਦੇ। ਉਨ੍ਹਾਂ ਦੇ ਸ਼ਹਿਰ ਵਿਚ ਭਗਵਾਨ ਵਿਸ਼ਨੂੰ ਦੇ ਅਰਧਨਾਰੀਸ਼ਵਰ ਅਵਤਾਰ ਨੂੰ ਸਮਰਪਿਤ ਪ੍ਰਾਚੀਨ ਮੰਦਿਰ ਹੈ। ਇਸ ਮੰਦਿਰ ਵਿਚ ਸਾਲਾਨਾ ਉਤਸਵ ਦੌਰਾਨ ਕੋਈ ਵੀ ਔਰਤ ਕਿਸੇ ਵੀ ਮਰਦ ਨਾਲ ਇਕ ਰਾਤ ਲਈ ਸਹਿਵਾਸ ਕਰ ਸਕਦੀ ਹੈ। ਨਾਵਲ ਦੀ ਨਾਇਕਾ ਆਪਣੀ ਹਤਾਸ਼ਾ ਕਾਰਨ ਇਸ ਰਸਮ ਵਿਚ ਸ਼ਰੀਕ ਹੋਣ ਦਾ ਫ਼ੈਸਲਾ ਕਰ ਲੈਂਦੀ ਹੈ।

ਇਸ ਨਾਵਲ ਦੇ ਵਿਸ਼ਾ-ਵਸਤੂ ਨੂੰ ਲੈ ਕੇ




ਪੇਰੂਮਲ ਮੁਰੂਗਨ ਦੀ ਕਿਤਾਬ ਜਿਸ ਦਾ ਹਿੰਦੂਵਾਦੀ ਵਿਰੋਧ ਕਰ ਰਹੇ ਸਨ।



ਪੇਰੂਮਲ ਮੁਰੂਗਨ ਜਿਸ ਨੇ ਲੇਖਕ ਦੀ ਮੌਤ ਦਾ ਐਲਾਨ ਕਰ ਦਿਤਾ ਸੀ।

ਦਸੰਬਰ 2014 ਵਿਚ ਕੁਝ ਜਾਤੀਵਾਦੀ ਸੰਗਠਨਾਂ ਨੇ ਵਾਵੇਲਾ ਖੜ੍ਹਾ ਕੀਤਾ। ਫਿਰ ਮਾਮਲਾ ਹਿੰਦੂਤਵੀ ਸੰਗਠਨਾਂ ਨੇ ਆਪਣੇ ਹੱਥਾਂ ਵਿਚ ਲੈ ਲਿਆ। ਨਾਵਲ ਉਤੇ ਬਦਇਖ਼ਲਾਕੀ ਫੈਲਾਉਣ, ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ, ਜਾਤੀਵਾਦ ਨੂੰ ਹਵਾ ਦੇਣ, ਕੁਝ ਜਾਤਾਂ ਦਾ ਅਪਮਾਨ ਕਰਨ ਅਤੇ ਹਿੰਦੂ ਧਰਮ ਸਥਾਨਾਂ ਤੇ ਤਿਉਹਾਰਾਂ ਨੂੰ ਗ਼ਲਤ ਰੰਗ ਵਿਚ ਪੇਸ਼ ਕਰਨ ਦੇ ਦੋਸ਼ ਲਾਏ ਗਏ। ਪ੍ਰੋਫ਼ੈਸਰ ਮੁਰੂਗਨ ਦੇ ਜੱਦੀ ਸ਼ਹਿਰ ਤਿਰੂਚਿੰਗੌੜ ਤੇ ਨਾਮੱਕਲ ਵਿਚ ਵੱਡੇ ਰੋਸ ਵਿਖਾਵੇ ਹੋਏ। ਪ੍ਰੋਫ਼ੈਸਰ ਨੂੰ ਬੇਇੱਜ਼ਤ ਕੀਤਾ ਗਿਆ ਅਤੇ ਜਦੋਂ ਮਾਮਲਾ ਪੁਲਿਸ ਦੇ ਹੱਥਾਂ ਵਿਚ ਪਹੁੰਚ ਗਿਆ ਤਾਂ ਪੁਲਿਸ ਨੇ 'ਅਮਨ ਕਮੇਟੀ' ਦੀ ਮੀਟਿੰਗ ਬੁਲਾ ਕੇ ਪ੍ਰੋਫ਼ੈਸਰ ਤੇ ਉਸ ਦੇ ਦਮਨਕਾਰੀਆਂ ਦਰਮਿਆਨ 'ਸਮਝੌਤਾ' ਕਰਵਾ ਦਿਤਾ। ਇਸ ਸਮਝੌਤੇ ਤਹਿਤ ਪ੍ਰੋ. ਮੁਰੂਗਨ ਨੇ ਆਪਣੀ ਕਿਤਾਬ ਵਾਪਸ ਲੈਣ, ਪ੍ਰਕਾਸ਼ਕ ਕੋਲ ਤੇ ਦੁਕਾਨਾਂ ਵਿਚ ਪਈਆਂ ਇਸ ਦੀਆਂ ਸਾਰੀਆਂ ਕਾਪੀਆਂ ਨਸ਼ਟ ਕਰਵਾਉਣ ਅਤੇ ਜਨਤਕ ਤੌਰ 'ਤੇ ਮੁਆਫ਼ੀ ਮੰਗਣ ਵਰਗੀਆਂ ਸ਼ਰਤਾਂ ਮੰਨ ਲਈਆਂ। ਰਾਜ਼ੀਨਾਮੇ ਦੇ ਚੰਦ ਦਿਨਾਂ ਬਾਅਦ ਉਸ ਨੇ ਕਦੇ ਵੀ ਕੁਝ ਨਾ ਲਿਖਣ ਦਾ ਫ਼ੈਸਲਾ ਕਰਦਿਆਂ ਆਪਣੀ ਸਾਹਿਤਕ ਮੌਤ ਦਾ ਐਲਾਨ ਕਰ ਦਿਤਾ। ਇਹ ਮਾਮਲਾ 2015 ਦੇ ਮੁੱਢ ਵਿਚ ਮੀਡੀਆ ਵਿਚ ਚਰਚਿਤ ਵੀ ਰਿਹਾ, ਪਰ ਪ੍ਰੋਫ਼ੈਸਰ ਮੁਰੂਗਨ ਨੇ ਖ਼ਾਮੋਸ਼ੀ ਨਾ ਤਿਆਗੀ। ਇਸੇ ਦੌਰਾਨ ਪੀਪਲਜ਼ ਯੂਨੀਅਨ ਆਫ਼ ਸਿਵਲ ਲਿਬਰਟੀਜ਼ (ਪੀ.ਯੂ.ਸੀ.ਐਲ.) ਨੇ ਪੁਲਿਸ ਵੱਲੋਂ ਕਰਵਾਏ ਰਾਜ਼ੀਨਾਮੇ ਖ਼ਿਲਾਫ਼ ਹਾਈ ਕੋਰਟ ਵਿਚ ਅਰਜ਼ੀ ਪਾ ਦਿਤੀ। ਦੂਜੇ ਪਾਸੇ ਕੁਝ ਜਥੇਬੰਦੀਆਂ ਨੇ ਪ੍ਰੋ. ਮੁਰੂਗਨ ਖ਼ਿਲਾਫ਼ ਅਸ਼ਲੀਲਤਾ ਤੇ ਫ਼ਿਰਕੇਦਾਰਾਨਾ ਦਵੇਸ਼ ਫੈਲਾਉਣ ਅਤੇ ਤਾਮਿਲ ਸੰਸਕਾਰਾਂ ਦੀ ਤੌਹੀਨ ਕਰਨ ਦੇ ਮੁਕੱਦਮੇ ਪਾ ਦਿੱਤੇ। ਨਾਲ ਹੀ ਨਾਵਲ ਦੇ ਅੰਗਰੇਜ਼ੀ ਰੂਪ 'ਵਨ ਪਾਰਟ ਵੁਮੈਨ' ਉਪਰ ਪਾਬੰਦੀ ਲਈ ਪਟੀਸ਼ਨ ਦਾਇਰ ਕਰ ਦਿਤੀ। ਇਨ੍ਹਾਂ ਪਟੀਸ਼ਨਾਂ ਦੀ ਸਾਂਝੀ ਸੁਣਵਾਈ ਮਗਰੋਂ ਚੀਫ਼ ਜਸਟਿਸ ਕੌਲ ਦੀ ਅਗਵਾਈ ਵਾਲੇ ਬੈਂਚ ਨੇ 5 ਜੁਲਾਈ 2016 ਨੂੰ ਆਪਣਾ ਫ਼ੈਸਲਾ ਸੁਣਾਇਆ।


ਇਸ ਫ਼ੈਸਲੇ ਨੂੰ ਜਿਥੇ ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ ਵਿਚ ਅਹਿਮ ਕਦਮ ਮੰਨਿਆ ਜਾ ਰਿਹਾ ਹੈ, ਉਥੇ ਸਾਹਿਤਕ ਤੇ ਨਿਆਂਇਕ ਹਲਕਿਆਂ ਵਿਚ ਇਸੇ ਫ਼ੈਸਲੇ ਨੂੰ ਲੈ ਕੇ ਚਿੰਤਾ ਵੀ ਹੈ ਤੇ ਚਿੰਤਨ ਵੀ ਹੋ ਰਿਹਾ ਹੈ। ਹਾਈ ਕੋਰਟ ਨੇ ਫ਼ੈਸਲੇ ਦੇ ਤਿੰਨ ਆਧਾਰ ਬਣਾਏ ਹਨ: ਪਹਿਲਾ, ਇਸ ਕਿਤਾਬ ਨੇ ਕਈ ਇਨਾਮ-ਸਨਮਾਨ ਜਿੱਤੇ ਹਨ ਤੇ ਸਾਹਿਤਕ ਮਿਆਰਾਂ ਪੱਖੋਂ ਸਰਾਹੀ ਗਈ ਹੈ; ਦੂਜਾ, ਪੁਸਤਕ ਅਸ਼ਲੀਲ ਨਹੀਂ, ਇਸ ਵਿਚਲੇ ਕਾਮੁਕ ਅੰਸ਼ ਭਾਰਤੀ ਪਰੰਪਰਾਵਾਂ ਤੋਂ ਬਾਹਰੇ ਨਹੀਂ; ਅਤੇ ਤੀਜਾ, ਇਹ ਪੁਸਤਕ ਕਾਮੁਕਤਾ ਨਹੀਂ ਉਕਸਾਉਂਦੀ ਬਲਕਿ ਇਹ ਨੁਕਤਾ ਉਭਾਰਦੀ ਹੈ ਕਿ ਵਿਅਕਤੀਗਤ ਜੀਵਨ ਉਤੇ ਸਮਾਜਿਕ ਦਬਾਅ ਕਿਸ ਹੱਦ ਤਕ ਅਸਰਅੰਦਾਜ਼ ਹੁੰਦੇ ਹਨ। ਕਈ ਸਾਹਿਤਕ ਪੰਡਿਤ ਇਨ੍ਹਾਂ ਆਧਾਰਾਂ ਨੂੰ ਸਤਹੀ ਦੱਸ ਰਹੇ ਹਨ ਅਤੇ ਇਹ ਮੰਨ ਰਹੇ ਹਨ ਕਿ ਅਦਾਲਤੀ ਫੈਸਲਾ ਸਿਰਜਣਸ਼ੀਲਤਾ ਨੂੰ ਇਖ਼ਲਾਕੀ ਮਾਨਤਾਵਾਂ ਦੇ ਦਾਇਰੇ ਵਿਚ ਕੈਦ ਕਰਨ ਵਾਲਾ ਹੈ।

ਅਜਿਹੇ ਇਤਰਾਜ਼ਾਂ ਦੇ ਬਾਵਜੂਦ ਇਹ ਫ਼ੈਸਲਾ ਅਤਿਅੰਤ ਮਹੱਤਵਪੂਰਨ ਹੈ, ਕਿਉਂਕਿ ਇਹ ਵਿਚਾਰਕ ਆਜ਼ਾਦੀ ਨੂੰ ਪਾਵਨ ਕਰਾਰ ਦਿੰਦਾ ਹੈ ਅਤੇ ਸਰਕਾਰ ਨੂੰ ਇਹ ਆਜ਼ਾਦੀ ਹਰ ਹਾਲ ਯਕੀਨੀ ਬਣਾਉਣ ਲਈ ਕਹਿੰਦਾ ਹੈ। ਇਹ ਫ਼ੈਸਲਾ ਆਇਆ ਵੀ ਉਸ ਮਾਹੌਲ ਵਿਚ ਹੈ ਜਦੋਂ ਸਰਕਾਰ ਦੇ ਸਾਰੇ ਅੰਗ ਭਗਵੀ ਪ੍ਰਤੀਬੱਧਤਾ ਨੂੰ ਹੀ ਸਮਾਜਿਕ ਤੇ ਪ੍ਰਸ਼ਾਸਨਿਕ ਪ੍ਰਤੀਬੱਧਤਾ ਮੰਨਣ ਦੇ ਰਾਹ ਤੁਰੇ ਹੋਏ ਹਨ। ਅਜਿਹੇ ਹਾਲਾਤ ਵਿਚ ਇਹ ਢਾਰਸ ਵੀ ਬੰਨ੍ਹਾਉਂਦਾ ਹੈ ਅਤੇ ਵਿਚਾਰਕਤਾ ਲਈ ਮੁਕਤ ਫ਼ਿਜ਼ਾ ਵੀ ਮੁਹੱਈਆ ਕਰਦਾ ਹੈ। ਇਹ ਆਪਣੇ ਆਪ ਵਿਚ ਸੁਖਾਵਾਂ ਹਾਸਿਲ ਹੈ। -0-

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 23 ਜੁਲਾਈ 2016 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-230



*'ਕਲਾਸ-ਰੂਮ' ਦੀ ਸਿਰਦਰਦੀ ਤੋਂ ਮਿਲੀਆਂ ਮਸੀਂ ਇਕੱਲਾਂ।*
*ਆ ਯਾਰਾ ਰਲ ਬਹਿ ਕੇ ਕਰੀਏ ਮਾਸਟਰਾਂ ਦੀਆਂ ਗੱਲਾਂ।*

## ਕੈਪਸ਼ਨ ਮੁਕਾਬਲਾ-228



ਬਾਲ ਘੁੱਟ ਕੇ ਸੀਨੇ ਨਾਲ ਲਾਏ ਬਾਪੂ
ਮਤਾਂ ਫੇਰ ਨਾ ਕਦੇ ਮਿਲਾਪ ਹੋਵੇ।
ਬਿਨਾ ਦੋਸ਼ ਤੋਂ ਡਾਢਿਆਂ ਮਾਰ ਦੇਣਾ
ਮੁਲਾਕਾਤ ਨਾ ਫੇਰ ਪ੍ਰਭਾਤ ਹੋਵੇ।

*-ਕੁਲਦੀਪ ਸਿੰਘ ਢੀਂਡਸਾ*
*ਫਰੀਮਾਂਟ, ਕੈਲੀਫੋਰਨੀਆ।*
*ਫੋਨ: 510-676-4440*

---

ਬੱਚੇ ਹੁੰਦੇ ਅੱਖੀਆਂ ਦੇ ਤਾਰੇ
ਦਿਲ ਦਾ ਹੁੰਦੇ ਟੁਕੜਾ।
ਘੁੱਪ ਹਨੇਰੇ ਦਿਨ ਚੜ੍ਹ ਜਾਂਦਾ
ਜਦੋਂ ਤੱਕਣ ਚੰਨ ਜਿਹਾ ਮੁਖੜਾ।
ਫੁੱਲਾਂ ਵਾਂਗੂੰ ਚੁੱਕ ਗੋਦ ਖਿਡਾਉਂਦੇ
ਲੱਗਣ ਨਾ ਤੱਤੀਆਂ 'ਵਾਵਾਂ।
ਖਿੜ੍ਹੀ ਰਹੇ ਗੁਲਜ਼ਾਰ ਸਦਾ ਹੀ
ਬੱਸ ਇਹੋ ਕਰਨ ਦੁਆਵਾਂ।

*-ਸੇਵਾ ਸਿੰਘ ਨੂਰਪੁਰੀ*
*ਫੋਨ: 408-912-3438*

---

ਥੱਕ ਟੁੱਟ ਜਦ ਘਰ ਮੈਂ ਆਵਾਂ
ਨਿੱਕੀ ਭੱਜ ਕੇ ਗਲ ਲੱਗ ਜਾਵੇ।
ਭੁੱਲ ਜਾਵਾਂ ਮੈਂ ਸਭ ਝਮੇਲੇ
ਐਸੀ ਠੰਡ ਕਾਲਜੇ ਪਾਵੇ।
ਇਹਨੂੰ ਤੱਤੀ 'ਵਾ ਨਾ ਲੱਗੇ
ਸ਼ਾਲਾ! ਲੰਮੀ ਉਮਰ ਹੰਢਾਵੇ।

*-ਜਗਮੀਤ ਸਿੰਘ ਪੰਧੇਰ*
*ਫੋਨ: 91- 98783-37222*

ਫਿਰਕੂਵਾਦ ਦੀ ਜਦੋਂ ਹਵਾ ਝੁੱਲੇ
ਹੋਵੇ '84 ਦਾ ਵਾਕਿਆ
ਜਾਂ ਅੱਜ ਦਾ ਅਫਗਾਨਿਸਤਾਨ,
ਹਾਲ ਪੁੱਛੋ ਉਸ ਬਾਪੂ ਤੋਂ
ਜੋ ਬਚ ਗਿਆ ਅੱਜ
ਫਿਰਕੂ ਵਿਸਫੋਟ ਤੋਂ।
ਆਣ ਬੱਚਾ ਗਲ ਜੁੜ ਗਿਆ
ਪਹੁੰਚਾ ਘਰ ਜਦ ਸਦਮੇ ਨਾਲ
ਭੁੱਲ ਗਿਆ ਸਭ ਜਨੂਨ ਅੱਜ ਦਾ
ਬੱਚਾ ਤੋਤਲੀ ਜ਼ਬਾਨ ਬੋਲਦਾ
ਪਾ...ਪਾ...ਪਾ...ਪਾ...
ਅ...ਬੂ... ਜਦ ਕਹਿੰਦਾ
ਬਾਪ ਜਦ ਲਾਵੇ ਬੱਚੇ ਨੂੰ ਸੀਨੇ ਨਾਲ
ਘਰ ਹਰਿਆਵਲ ਆ ਜਾਂਦੀ।
ਘਰ ਸੁੰਨ ਮਸਾਣ ਬੰਜਰ ਨਜ਼ਰ ਆਉਂਦਾ
ਹੋਵੇ ਨਾ ਜਿਥੇ ਛੋਟਾ ਬਾਲੜਾ।
ਸਿਰੜ ਹੋਰ ਪ੍ਰਚੰਡ ਹੁੰਦਾ
ਹੱਥਾਂ ਬਾਝ ਕਰਾਰਿਆਂ
ਵੈਰੀ ਮਿੱਤ ਨਾ ਹੋਵੇ।

*-ਦਰਸ਼ਨਪਾਲ ਦੋਸਾਂਝ*

---

ਜੇਕਰ ਪਿਓ-ਪੁੱਤ ਦਾ
ਸਾਰੇ ਕਹਿਣ ਯਰਾਨਾ।
ਫਿਰ ਧੀ ਨੂੰ ਵੀ ਨਾ
ਸਮਝੋ ਧਨ ਬੇਗਾਨਾ।
ਵੇਖੋ ਫੋਟੋ ਵਿਚ ਕਿੰਜ
ਬਾਪੂ ਧੀ ਨਾਲ ਪਿਆਰ ਜਤਾਵੇ।
ਲੱਖ ਰੋਕੇ ਅੱਖ ਦਾ ਅੱਥਰੂ
ਫਿਰ ਵੀ ਬਾਹਰ ਪਿਆ ਆਵੇ।
ਚਿਰਾਂ ਪਿਛੋਂ ਹੋਇਆ
ਬਾਪੂ-ਧੀ ਦਾ ਮਿਲਾਪ।
ਤਸਵੀਰ ਵੇਖ ਕੇ ਤਾਂ
ਇੰਜ ਹੀ ਰਿਹਾ ਏ ਜਾਪ।
ਪੁੱਤ ਹੋਵੇ ਜਾਂ ਹੋਵੇ ਧੀ
ਦਿਓ ਬਰਾਬਰ ਦਾ ਪਿਆਰ।
ਮਾਰੋ ਨਾ ਧੀਆਂ ਕੁੱਖ ਵਿਚ
ਉਨ੍ਹਾਂ ਦਾ ਕਰੋ ਸਤਿਕਾਰ।

*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

# ਮੁਫਤ ਤੀਰਥ ਯਾਤਰਾ ਰਾਹੀਂ ਸੇਵਾ ਦਾ ਮੇਵਾ ਹੋਇਆ ਕੌੜਾ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਇਸ ਸਾਲ ਜਨਵਰੀ ਮਹੀਨੇ ਤੋਂ ਸ਼ੁਰੂ ਕੀਤੀ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਸਵਾਲਾਂ ਵਿਚ ਘਿਰਦੀ ਜਾ ਰਹੀ ਹੈ। ਵਿਰੋਧੀ ਸਿਆਸੀ ਪਾਰਟੀਆਂ ਨੇ ਇਸ ਸਕੀਮ ਨੂੰ ਸੱਤਾਧਾਰੀ ਧਿਰ ਵੱਲੋਂ ਸੂਬਾਈ ਵਿਧਾਨ ਸਭਾ ਦੀਆਂ ਆਗਾਮੀ ਚੋਣਾਂ ਮੌਕੇ ਸਿਆਸੀ ਲਾਹਾ ਲੈਣ ਦੇ ਮੰਤਵ ਨਾਲ ਸ਼ੁਰੂ ਕੀਤੀ ਗਈ ਗਰਦਾਨਿਆ ਹੈ। ਹੁਣ ਇਸ ਸਕੀਮ ਵਿਚ ਵਿੱਤੀ ਬੇਨੇਮੀਆਂ ਸਮੇਤ ਹੋਰ ਕਈ ਕਿਸਮ ਦੇ ਇਤਰਾਜ਼ ਵੀ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਸਰਕਾਰੀ ਖਜ਼ਾਨੇ ਦੇ ਨਾਲ-ਨਾਲ ਇਹ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਉਤੇ ਵੀ ਭਾਰੀ ਪੈਂਦੀ ਨਜ਼ਰ ਆ ਰਹੀ ਹੈ। ਸਰਕਾਰ ਇਸ ਸਕੀਮ ਲਈ ਕਾਰਪੋਰੇਸ਼ਨ ਤੋਂ ਬੱਸਾਂ ਤਾਂ ਲੈ ਰਹੀ ਹੈ, ਪਰ ਉਨ੍ਹਾਂ ਦਾ ਬਣਦਾ ਕਿਰਾਇਆ-ਭਾੜਾ ਸਮੇਂ ਸਿਰ ਦੇਣ ਤੋਂ ਆਨਾਕਾਨੀ ਕਰ ਰਹੀ ਹੈ। ਇਸ ਵਰਤਾਰੇ ਨਾਲ ਪਹਿਲਾਂ ਹੀ ਘਾਟੇ ਵਿਚ ਚੱਲ ਰਹੀ ਕਾਰਪੋਰੇਸ਼ਨ ਨੂੰ ਹੋਰ ਵਿੱਤੀ ਘਾਟਾ ਸਹਿਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਸੂਬਾ ਸਰਕਾਰ ਵੱਲੋਂ ਭਾਵੇਂ ਇਹ ਸਕੀਮ ਜਨਵਰੀ ਵਿਚ ਹੀ ਸ਼ੁਰੂ ਕਰ ਦਿੱਤੀ ਗਈ ਸੀ, ਪਰ ਇਸ ਲਈ ਬਾਕਾਇਦਾ 140 ਕਰੋੜ ਰੁਪਏ ਦਾ ਬਜਟ ਉਪਬੰਧ 2016-17 ਦੇ ਬਜਟ ਵਿਚ ਹੀ ਕੀਤਾ ਗਿਆ ਸੀ। ਸਕੀਮ ਤਹਿਤ ਸੂਬੇ ਦੇ ਲੋਕਾਂ ਨੂੰ ਧਾਰਮਿਕ ਅਤੇ ਸੱਭਿਆਚਾਰਕ ਮਹੱਤਵ ਦੇ ਪ੍ਰਮੁੱਖ ਸਥਾਨਾਂ- ਹਜ਼ੂਰ ਸਾਹਿਬ, ਵਾਰਾਨਸੀ, ਅਜਮੇਰ ਸ਼ਰੀਫ਼, ਚਿੰਤਪੁਰਨੀ ਅਤੇ ਸਾਲਾਸਾਰ ਦੇ ਦਰਸ਼ਨ ਕਰਵਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ। ਈਸਾਈ ਭਾਈਚਾਰੇ ਦੇ ਲੋਕਾਂ ਲਈ ਚੇਨਈ ਵਾਸਤੇ ਵਿਸ਼ੇਸ਼ ਗੱਡੀ ਦਾ ਪ੍ਰਬੰਧ ਕਰਨਾ ਵੀ ਇਸ ਯੋਜਨਾ ਦਾ ਹਿੱਸਾ ਹੈ।

ਸਕੀਮ ਦੀ ਸ਼ੁਰੂਆਤ ਸਰਕਾਰ ਨੇ 12 ਕਰੋੜ ਰੁਪਏ ਦਾ ਕਰਜ਼ਾ ਪੰਜਾਬ ਸਟੇਟ ਟਰਾਂਸਪੋਰਟ ਸੁਸਾਇਟੀ ਤੋਂ ਲੈ ਕੇ ਕੀਤੀ ਸੀ। ਸ੍ਰੀ ਹਜ਼ੂਰ ਸਾਹਿਬ, ਵਾਰਾਨਸੀ ਅਤੇ ਅਜਮੇਰ ਸ਼ਰੀਫ਼ ਦੀ ਯਾਤਰਾ ਲਈ ਪੰਜਾਬ ਸਰਕਾਰ ਨੇ ਰੇਲਵੇ ਟੂਰਿਜ਼ਮ ਕਾਰਪੋਰੇਸ਼ਨ ਨਾਲ ਸਮਝੌਤਾ ਸਹੀਬੰਦ ਕੀਤਾ ਸੀ ਜਦੋਂਕਿ ਚਿੰਤਪੁਰਨੀ ਅਤੇ ਸਾਲਾਸਾਰ ਦੇ ਦਰਸ਼ਨ ਕਰਵਾਉਣ ਦੀ ਜ਼ਿੰਮੇਵਾਰੀ ਸੂਬਾਈ ਟਰਾਂਸਪੋਰਟ ਵਿਭਾਗ ਨੂੰ ਸੌਂਪੀ ਗਈ ਸੀ।

ਗੌਰਤਲਬ ਹੈ ਕਿ ਪੰਜਾਬ ਤੋਂ ਪਹਿਲਾਂ ਅਜਿਹੀ ਯਾਤਰਾ ਸਕੀਮ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ਸੂਬਿਆਂ ਵੱਲੋਂ ਵੀ ਚਲਾਈ ਜਾ ਰਹੀ ਹੈ, ਪਰ ਉਨ੍ਹਾਂ ਵੱਲੋਂ ਇਸ ਯਾਤਰਾ ਉਤੇ ਜਾਣ ਵਾਲਿਆਂ ਦੀ ਘੱਟੋ-ਘੱਟ ਉਮਰ ਸੀਮਾ 60 ਸਾਲ ਨਿਸ਼ਚਿਤ ਕਰਨ ਦੇ ਨਾਲ ਗਰੀਬੀ ਰੇਖਾ ਤੋਂ ਹੇਠਾਂ ਹੋਣ ਦੀ ਸ਼ਰਤ ਵੀ ਲਾਈ ਹੋਈ ਹੈ।

ਪੰਜਾਬ ਸਰਕਾਰ ਦੀ ਸਕੀਮ ਵਿਚ ਅਜਿਹੀਆਂ ਸ਼ਰਤਾਂ ਦੀ ਅਣਹੋਂਦ ਕਾਰਨ ਬੱਚੇ ਅਤੇ ਗੱਭਰੂ ਵੀ ਇਸ ਦਾ ਆਨੰਦ ਮਾਣ ਰਹੇ ਹਨ। ਦੱਸਣਯੋਗ ਹੈ ਕਿ 'ਭਾਰਤ ਦਰਸ਼ਨ' ਸਕੀਮ ਦੇ ਪੈਕੇਜ 5845 ਰੁਪਏ ਤੋਂ 2500 ਕਿਲੋਮੀਟਰ ਤੱਕ ਦੀ 12-13 ਦਿਨਾਂ ਦੀ ਯਾਤਰਾ ਦੇ ਕੁੱਲ 10,790 ਰੁਪਏ ਤੱਕ ਸੀਮਤ ਹਨ ਪਰ ਪੰਜਾਬ ਸਰਕਾਰ ਹਜ਼ੂਰ ਸਾਹਿਬ ਦੀ 1838 ਕਿਲੋਮੀਟਰ ਦੀ 6 ਦਿਨਾਂ ਯਾਤਰਾ ਲਈ 11,532 ਰੁਪਏ ਅਦਾ ਕਰ ਰਹੀ ਹੈ। ਇੰਨਾ ਹੀ ਨਹੀਂ, ਨਾਬਾਲਗ ਬੱਚਿਆਂ ਦਾ ਵੀ ਪੂਰਾ ਕਿਰਾਇਆ ਤਾਰਿਆ ਜਾ ਰਿਹਾ ਹੈ। ਇਸ ਤਰ੍ਹਾਂ ਸਰਕਾਰੀ ਖ਼ਜ਼ਾਨੇ ਨੂੰ ਚੂਨਾ ਲੱਗਣਾ ਸੁਭਾਵਕ ਹੈ।

### ਵਿੱਤੀ ਬੇਨੇਮੀਆਂ ਬਣੀਆਂ ਬਾਦਲਾਂ ਲਈ ਵੰਗਾਰ



# ਈ.ਡੀ. ਵੱਲੋਂ ਮਿਸ ਪੂਜਾ ਨੂੰ ਨੋਟਿਸ

**ਜਲੰਧਰ:** ਈ.ਡੀ. ਨੇ ਪ੍ਰਸਿੱਧ ਗਾਇਕਾ ਮਿਸ ਪੂਜਾ ਨੂੰ ਕਾਰਨ ਦੱਸੋ ਨੋਟਿਸ ਭੇਜਿਆ ਹੈ। ਈ.ਡੀ. ਵੱਲੋਂ ਫੇਮਾ (ਫਾਰੇਨ ਐਕਸਚੇਂਜ ਮੈਨੇਜਮੈਂਟ ਐਕਟ) ਅਧੀਨ ਜਾਂਚ ਕੀਤੀ ਜਾ ਰਹੀ ਹੈ। ਦੱਸਿਆ ਜਾਂਦਾ ਹੈ ਕਿ ਗਾਇਕਾ ਨੂੰ ਇਹ ਨੋਟਿਸ ਵਿਦੇਸ਼ ਤੋਂ ਮੰਗਵਾਏ ਗਈ ਰਕਮ ਦਾ ਹਿਸਾਬ ਕਿਤਾਬ ਦੇਣ ਲਈ ਭੇਜਿਆ ਗਿਆ ਹੈ। ਪਹਿਲਾਂ ਵੀ ਵਿਦੇਸ਼ਾਂ 'ਚ ਕੀਤੇ ਗਏ ਪ੍ਰੋਗਰਾਮਾਂ ਦੀ ਰਕਮਾਂ ਦਾ ਹਿਸਾਬ ਕਿਤਾਬ ਦੇਣ ਲਈ ਮਿਸ ਪੂਜਾ ਈ.ਡੀ. ਦਫਤਰ ਵਿਚ ਪੇਸ਼ ਹੋ ਚੁੱਕੀ ਹੈ। ਵਿਭਾਗੀ ਸੂਤਰਾਂ ਦਾ ਕਹਿਣਾ ਹੈ ਕਿ ਮਿਸ ਪੂਜਾ ਨੂੰ ਵਿਦੇਸ਼ਾਂ ਤੋਂ 13 ਲੱਖ ਰੁਪਏ ਦੀ ਕਰੀਬ ਰਕਮ ਪ੍ਰਾਪਤ ਹੋਈ ਦੱਸੀ ਜਾਂਦੀ ਹੈ ਅਤੇ ਇਸ ਬਾਰੇ ਵਿਭਾਗ ਨੂੰ ਜਾਣਕਾਰੀ ਨਹੀਂ ਮਿਲੀ।



ਵਿਭਾਗ ਨੇ ਇਸ ਮਾਮਲੇ 'ਚ ਮਿਸ ਪੂਜਾ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਦਿਆਂ ਮੰਗਵਾਈ ਗਈ ਰਕਮ ਬਾਰੇ ਸਾਰੀ ਜਾਣਕਾਰੀ 30 ਦਿਨ ਵਿਚ ਦੇਣ ਲਈ ਕਿਹਾ ਹੈ। ਇਸ ਤਰ੍ਹਾਂ ਦੇ ਮਾਮਲਿਆਂ ਦੀ ਜਾਂਚ ਵਿਭਾਗ ਦੇ ਸਹਾਇਕ ਡਾਇਰੈਕਟਰ ਨਿਰੰਜਨ ਸਿੰਘ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਪੂਜਾ ਕੋਲੋਂ ਈ.ਡੀ. ਨੇ 19 ਮਈ ਨੂੰ ਪੁੱਛਗਿੱਛ ਕੀਤੀ ਸੀ।

# ਭਾਰਤ ਦੀਆਂ ਪਟੜੀਆਂ 'ਤੇ ਦੌੜੇਗੀ ਹਵਾ ਨਾਲ ਗੱਲਾਂ ਕਰਨ ਵਾਲੀ ਰੇਲ

**ਦਿੱਲੀ :** ਭਾਰਤ ਦੀ ਹੁਣ ਤੱਕ ਦੀ ਸਭ ਤੋਂ ਤੇਜ਼ ਰੇਲ ਟੇਲਗੋ ਦੇ ਦੂਜੇ ਗੇੜ ਦਾ ਟਰਾਇਲ ਮਥੁਰਾ ਅਤੇ ਪਲਵਲ ਵਿਚਾਲੇ ਸ਼ੁਰੂ ਹੋ ਗਿਆ ਹੈ। ਖਾਸ ਤਰ੍ਹਾਂ ਦੀ ਇਸ ਰੇਲ ਨੂੰ ਸਪੇਨ ਤੋਂ ਲਿਆਂਦਾ ਗਿਆ ਹੈ। ਰੇਲ ਦਾ ਟਰਾਇਲ 26 ਜੁਲਾਈ ਤੱਕ ਜਾਰੀ ਰਹੇਗਾ। ਟਰਾਇਲ ਵਿਚ ਪੂਰੀ ਤਰ੍ਹਾਂ ਸਫਲ ਹੋਣ ਤੋਂ ਬਾਅਦ ਇਸ ਹਾਈ ਸਪੀਡ ਰੇਲ ਨੂੰ ਮੁੰਬਈ ਅਤੇ ਦਿੱਲੀ ਵਿਚਕਾਰ ਚਲਾਇਆ ਜਾਵੇਗਾ। ਰੇਲਵੇ ਅਨੁਸਾਰ ਇਸ ਰੇਲ ਦੀ ਸਪੀਡ 180 ਕਿੱਲੋਮੀਟਰ ਪ੍ਰਤੀ ਘੰਟਾ ਹੋਵੇਗੀ ਅਤੇ ਇਸ ਤੋਂ ਬਾਅਦ ਇਸ ਨੂੰ 250 ਕਿੱਲੋ ਮੀਟਰ ਪ੍ਰਤੀ ਘੰਟੇ ਦੇ ਹਿਸਾਬ ਨਾਲ ਚਲਾਇਆ ਜਾਵੇਗਾ। ਟੇਲਗੋ ਰੇਲ ਦੇ ਤਿੰਨ ਟਰਾਇਲ ਹੋਣੇ ਹਨ।



ਪਹਿਲਾਂ ਟਰਾਇਲ 29 ਮਈ ਨੂੰ ਬਰੇਲੀ ਰੂਟ ਉਤੇ ਹੋਇਆ ਸੀ। ਦੂਜਾ ਹੁਣ ਮਥੁਰਾ ਅਤੇ ਪਲਵਲ ਵਿਚਕਾਰ ਹੋ ਰਿਹਾ ਹੈ। ਰੇਲ ਦਾ ਅੰਤਿਮ ਟਰਾਇਲ ਦਿੱਲੀ ਅਤੇ ਮੁੰਬਈ ਵਿਚਕਾਰ ਅਗਸਤ ਮਹੀਨੇ ਵਿਚ ਹੋਵੇਗਾ। ਟਰਾਇਲ ਲਈ ਗੱਡੀ ਦੇ ਹਰ ਡੱਬੇ ਵਿਚ ਰੇਤ ਦੀਆਂ ਬੋਰੀਆਂ ਰੱਖੀਆਂ ਗਈਆਂ ਹਨ। ਜੇਕਰ ਸਹੂਲਤਾਂ ਦੀ ਗੱਲ ਕਰੀਏ ਤਾਂ ਇਸ ਵਿਚ ਜਹਾਜ਼ ਵਰਗੀਆਂ ਸਹੂਲਤਾਂ ਹੋਣਗੀਆਂ। ਹਰ ਸੀਟ ਉੱਤੇ ਯਾਤਰੀਆਂ ਦੇ ਦੇਖਣ ਲਈ ਟੀ.ਵੀ. ਦੀ ਸਹੂਲਤਾਂ ਹੋਵੇਗੀ। ਗੱਡੀਆਂ ਦੀਆਂ ਸੀਟਾਂ ਨੂੰ ਕਾਫੀ ਆਰਾਮਦਾਇਕ ਬਣਾਇਆ ਗਿਆ ਹੈ। ਜੇਕਰ ਦਿੱਲੀ ਅਤੇ ਮੁੰਬਈ ਵਿਚਕਾਰ ਦੂਰੀ ਦੀ ਗੱਲ ਕਰੀਏ ਤਾਂ ਮੌਜੂਦਾ ਰਾਜਧਾਨੀ ਰੇਲ 17 ਘੰਟੇ ਵਿਚ ਇਹ ਦੂਰੀ ਤਹਿ ਕਰਦੀ ਹੈ। ਇਸ ਰੇਲ ਦੇ ਸ਼ੁਰੂ ਹੋਣ ਨਾਲ ਇਹ ਦੂਰੀ 12 ਘੰਟਿਆਂ ਵਿਚ ਤਹਿ ਹੋਵੇਗੀ।

# ਮੇਲਿਆਂ 'ਚ ਬੈਲਗੱਡੀਆਂ ਦੀਆਂ ਦੌੜਾਂ ਦੀ ਆਸ ਬੱਝੀ

**ਸਮਰਾਲਾ:** ਪੰਜਾਬ ਸਮੇਤ ਹੋਰਨਾਂ ਰਾਜਾਂ ਦੀਆਂ ਵਿਰਾਸਤੀ ਖੇਡਾਂ ਵਜੋਂ ਜਾਣੀਆਂ ਜਾਂਦੀਆਂ ਬੈਲ ਗੱਡੀਆਂ ਤੇ ਅਜਿਹੀਆਂ ਹੀ ਹੋਰਨਾਂ ਖੇਡਾਂ ਦੇ ਮੁੜ ਸ਼ੁਰੂ ਹੋਣ ਦੀ ਉਮੀਦ ਬੱਝੀ ਹੈ। ਕੇਂਦਰ ਸਰਕਾਰ ਦੇ ਕਾਨੂੰਨ ਤੇ ਨਿਆਂ ਵਿਭਾਗ ਨੇ ਇਸ ਸਬੰਧੀ 1960 ਦੇ ਕਾਨੂੰਨ ਵਿਚ ਸੋਧ ਕਰਵਾਉਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮਾਲਵਾ-ਦੋਆਬਾ ਬੂਲ ਦੌੜਾਕ ਐਸੋਸੀਏਸ਼ਨ ਦੇ ਜਨਰਲ ਸਕੱਤਰ ਨਿਰਮਲ ਸਿੰਘ ਨਿੰਮਾ ਨੌਲੜੀ ਨੇ ਦੱਸਿਆ ਕਿ ਮਹਾਂਰਾਸ਼ਟਰ, ਤਾਮਿਲਨਾਡੂ ਸਮੇਤ ਹੋਰਨਾਂ ਰਾਜਾਂ ਵਿਚ ਬੈਲ ਗੱਡੀਆਂ ਤੇ ਅਜਿਹੀਆਂ ਹੀ ਹੋਰ ਖੇਡਾਂ 'ਤੇ ਪਾਬੰਦੀ ਦਾ ਮਾਮਲਾ ਸਾਰੇ ਰਾਜਾਂ ਦੀਆਂ ਮਾਣਮੱਤੀਆਂ ਵਿਰਾਸਤੀ ਕਦਰਾਂ ਕੀਮਤਾਂ ਨੂੰ ਢਾਹ ਲਾ ਰਿਹਾ ਹੈ।



ਭਾਰਤ ਦੇ ਕਾਨੂੰਨ ਮੰਤਰਾਲੇ ਵੱਲੋਂ ਇਸ ਸਬੰਧੀ ਵਾਤਾਵਰਣ, ਜੰਗਲਾਤ ਤੇ ਮੌਸਮੀ ਬਦਲਾਅ ਵਿਭਾਗ ਨੇ ਉਸ ਅਰਜ਼ੀ ਉਤੇ ਕਾਰਵਾਈ ਸ਼ੁਰੂ ਕੀਤੀ ਹੈ, ਜਿਸ ਵਿਚ 1960 ਦੇ ਕਾਨੂੰਨ 'ਚ ਸੋਧ ਕਰਨ ਲਈ ਜ਼ਰੂਰਤ ਮਹਿਸੂਸ ਕੀਤੀ ਗਈ ਸੀ। ਕੇਂਦਰ ਸਰਕਾਰ ਵੱਲੋਂ ਇਸ ਪ੍ਰਸਤਾਵ ਨੂੰ 18 ਜੁਲਾਈ ਤੋਂ ਸ਼ੁਰੂ ਹੋਣ ਵਾਲੇ ਸੰਸਦ ਦੇ ਮੌਨਸੂਨ ਸੈਸ਼ਨ ਵਿਚ ਪੇਸ਼ ਕਰਨ ਨੂੰ ਪ੍ਰਵਾਨਗੀ ਦਿੱਤੀ ਗਈ ਹੈ, ਕਿਉਂਕਿ ਕਿਸੇ ਧਾਰਮਿਕ ਸੰਗਠਨ, ਪਰੰਪਰਾ, ਸੱਭਿਅਤਾ ਤੇ ਖੇਡਾਂ ਨੂੰ ਦੇਸ਼ ਦੇ ਕਿਸੇ ਵੀ ਹਿੱਸੇ 'ਚ ਪ੍ਰਦਰਸ਼ਤ ਕੀਤਾ ਜਾ ਸਕਦਾ ਹੈ। ਮੰਤਰਾਲੇ ਦੇ ਨੋਟ ਵਿਚ ਲਿਖਿਆ ਗਿਆ ਹੈ

ਕਿ ਪੂਰਵ ਗਿਆਨ ਬਾਰੇ ਸੰਸਦ ਵਿਚ ਪੇਸ਼ ਹੋਣ ਵਾਲੇ ਪ੍ਰਸਤਾਵ ਉਤੇ ਕੋਈ ਵੀ ਕਾਨੂੰਨੀ ਜਾਂ ਸੰਵਿਧਾਨਕ ਅੜਚਣ ਹੋਣ ਦੀ ਸੰਭਾਵਨਾ ਨਹੀਂ, ਕਿਉਂਕਿ ਵੱਖ-ਵੱਖ ਰਾਜਾਂ ਦੀਆਂ ਵਿਰਾਸਤਾਂ ਨਾਲ ਜੁੜੀਆਂ ਇਨ੍ਹਾਂ ਖੇਡਾਂ ਸਬੰਧੀ ਜਾਨਵਰਾਂ ਪ੍ਰਤੀ ਅੱਤਿਆਚਾਰ ਰੋਕਣ ਵਾਲਾ ਪੀ.ਸੀ. ਏ. ਕਾਨੂੰਨ 1960 ਵਿਚ ਸੋਧ ਸਮੇਂ ਦੀ ਤੇ ਰਾਜਾਂ ਦੀਆਂ ਭਾਵਨਾਤਮਕ ਕਦਰਾਂ ਕੀਮਤਾਂ ਦੀ ਬੇਹੱਦ ਜ਼ਰੂਰਤ ਹੈ।

# ਹੁਣ ਪੇਂਡੂ ਖੇਤਰਾਂ ਵਿਚ ਦੌੜਨਗੀਆਂ ਰੋਡਵੇਜ਼ ਦੀਆਂ ਲਾਰੀਆਂ

**ਜਲੰਧਰ:** ਸੁਪਰੀਮ ਕੋਰਟ ਵੱਲੋਂ ਹਰੀ ਝੰਡੀ ਦੇਣ ਤੋਂ ਬਾਅਦ ਪੰਜਾਬ ਦੇ ਪੇਂਡੂ ਖੇਤਰਾਂ ਵਿਚ 281 ਸਰਕਾਰੀ ਬੱਸਾਂ ਪਾਉਣ ਦਾ ਰਸਤਾ ਸਾਫ ਹੋ ਗਿਆ ਹੈ ਤੇ ਛੇਤੀ ਹੀ ਸਰਕਾਰ ਪੇਂਡੂ ਖੇਤਰਾਂ ਵਿਚ ਨਵੀਆਂ ਸਰਕਾਰੀ ਬੱਸਾਂ ਉਤਾਰ ਦੇਵੇਗੀ। ਟਰਾਂਸਪੋਰਟ ਵਿਭਾਗ ਨੇ ਪੇਂਡੂ ਖੇਤਰਾਂ ਵਿਚ ਆਮ ਲੋਕਾਂ ਤੋਂ ਇਲਾਵਾ ਬਜ਼ੁਰਗਾਂ, ਵਿਦਿਆਰਥੀਆਂ, ਕੈਂਸਰ ਪੀੜਤਾਂ ਸਮੇਤ ਹੋਰ ਲੋਕਾਂ ਨੂੰ ਸਹੂਲਤ ਦੇਣ ਲਈ ਪੰਜਾਬ ਰੋਡਵੇਜ਼, ਪਨਬੱਸ, ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀਆਂ 281 ਨਵੀਆਂ ਬੱਸਾਂ ਚਲਾਉਣ ਲਈ ਪਰਮਿਟ ਜਾਰੀ ਕਰਨ ਦਾ ਫੈਸਲਾ ਕੀਤਾ ਸੀ।

ਬੱਸ ਪਰਮਿਟ ਮਨਜ਼ੂਰ ਕਰਨ ਖਿਲਾਫ ਪੰਜਾਬ ਮਿੰਨੀ ਬੱਸ ਐਸੋਸੀਏਸ਼ਨ ਵੱਲੋਂ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਖਲ ਕੀਤੀ ਗਈ ਸੀ ਕਿ ਪੰਜਾਬ ਸਰਕਾਰ ਨੂੰ ਪਰਮਿਟ ਮਨਜ਼ੂਰ ਕਰਨ ਉਤੇ ਰੋਕ ਲਾਈ ਜਾਵੇ। ਇਸ ਦੇ ਨਾਲ ਹੀ ਅਦਾਲਤੀ ਮਾਣਹਾਨੀ ਬਾਰੇ ਪਟੀਸ਼ਨ ਵੀ ਦਾਖਲ ਕੀਤੀ ਗਈ ਸੀ। ਸੁਪਰੀਮ ਕੋਰਟ ਵੱਲੋਂ ਮਿੰਨੀ ਬੱਸ ਐਸੋਸੀਏਸ਼ਨ ਦੇ ਉਪਰੋਕਤ ਦੋਵੇਂ ਕੇਸ ਖਾਰਜ ਹੋਣ ਕਾਰਨ ਹੁਣ ਪੰਜਾਬ ਸਰਕਾਰ ਵੱਲੋਂ ਪੇਂਡੂ ਖੇਤਰਾਂ ਵਿਚ ਪੰਜਾਬ ਰੋਡਵੇਜ਼, ਪੀ.ਆਰ.ਟੀ.ਸੀ. ਅਤੇ ਪਨਬੱਸ ਵੱਲੋਂ ਬੱਸਾਂ ਚਲਾਈਆਂ ਜਾਣਗੀਆਂ।

ਉਧਰ ਸੂਤਰਾਂ ਦਾ ਕਹਿਣਾ ਹੈ ਕਿ ਪੇਂਡੂ ਖੇਤਰਾਂ 'ਚ ਚਾਹੇ ਸਰਕਾਰੀ ਬੱਸਾਂ ਦੀ ਸਹੂਲਤ ਨਹੀਂ ਹੈ ਪਰ ਇਸ ਦੇ ਬਾਵਜੂਦ ਲੋੜਵੰਦ ਲੋਕਾਂ ਨੂੰ ਸਫਰ ਦੀ ਸਹੂਲਤ ਦੇਣ ਲਈ ਪੰਜਾਬ ਸਰਕਾਰ ਹਰ ਸਾਲ 80 ਤੋਂ 90 ਕਰੋੜ ਰੁਪਏ ਖਰਚ ਕਰਦੀ ਰਹੀ ਹੈ। ਇਸ ਵੇਲੇ ਪੰਜਾਬ ਰੋਡਵੇਜ਼, ਪਨਬੱਸ ਅਤੇ ਪੀ.ਆਰ.ਟੀ.ਸੀ. ਦੀਆਂ ਰਾਜ ਵਿਚ 3600 ਦੇ ਕਰੀਬ ਬੱਸਾਂ ਚੱਲ ਰਹੀਆਂ ਹਨ ਜਿਨ੍ਹਾਂ ਵਿਚ ਪੰਜਾਬ ਰੋਡਵੇਜ਼, ਪਨਬੱਸ ਦੀਆਂ 1600 ਤੇ ਪੀ.ਆਰ.ਟੀ.ਸੀ. ਦੀਆਂ 1000 ਬੱਸਾਂ ਹਨ।

## ਪਾਣੀ ਵਾਲੀਆਂ ਬੱਸਾਂ ਲਈ ਕਰੋ ਥੋੜ੍ਹਾ ਜਿਹਾ ਸਬਰ...

**ਚੰਡੀਗੜ੍ਹ:** ਪੰਜਾਬ ਵਿਚ ਪਾਣੀ ਵਾਲੀ ਬੱਸ ਵਿਚ ਸਫਰ ਕਰਨ ਦਾ ਸੁਪਨਾ ਲੈਣ ਵਾਲੇ ਲੋਕਾਂ ਨੂੰ ਹੁਣ ਹੋਰ ਇੰਤਜ਼ਾਰ ਕਰਨਾ ਪਵੇਗਾ। ਪੰਜਾਬ ਦੇ ਸੈਰ ਸਪਾਟਾ ਵਿਭਾਗ ਨੇ ਪਹਿਲਾਂ ਬੱਸ ਸ਼ੁਰੂ ਕਰਨ ਦੀ ਤਰੀਕ 15 ਜੁਲਾਈ ਮਿਥੀ ਸੀ, ਪਰ ਇਸ ਨੂੰ ਇਕ ਵਾਰ ਟਾਲ ਦਿੱਤਾ ਗਿਆ ਹੈ। ਪੰਜਾਬ ਦੇ ਸੈਰ ਸਪਾਟਾ ਮੰਤਰੀ ਸੋਹਣ ਸਿੰਘ ਠੰਡਲ ਅਨੁਸਾਰ ਬੱਸ ਅਮਰੀਕਾ ਤੋਂ ਪੰਜਾਬ ਆਉਣੀ ਹੈ। ਇਸ ਕਰ ਕੇ ਇਸ ਦੀ ਡਲਿਵਰੀ ਵਿਚ ਟਾਈਮ ਲੱਗ ਰਿਹਾ ਹੈ। ਬੱਸ ਦੇ ਜੁਲਾਈ ਦੇ ਅੰਤ ਤੱਕ ਪੰਜਾਬ ਪਹੁੰਚਣ ਦੀ ਉਮੀਦ ਹੈ। ਪਾਣੀ ਵਾਲੀ ਬੱਸ ਦਾ ਵੇਰਵਾ ਦਿੰਦਿਆਂ ਸੋਹਣ ਸਿੰਘ ਠੰਡਲ ਨੇ ਦੱਸਿਆ ਕਿ ਬੱਸ ਨੂੰ ਅਮਰੀਕਾ ਦੇ ਸ਼ਹਿਰ 'ਹਵਾਈ' ਦੀ ਕੰਪਨੀ ਨੇ 4.52 ਕਰੋੜ ਲਾਗਤ ਨਾਲ ਤਿਆਰ ਕੀਤਾ ਹੈ। ਬੱਸ ਸੜਕ ਤੇ ਪਾਣੀ, ਦੋਵਾਂ ਥਾਵਾਂ ਉਤੇ ਵਾਰੋ-ਵਾਰੀ ਚੱਲੇਗੀ। ਇਸ ਦੀ ਸ਼ੁਰੂਆਤ ਅੰਮ੍ਰਿਤਸਰ ਤੋਂ ਸੜਕ ਮਾਰਗ ਰਾਹੀਂ ਹੋਵੇਗੀ ਤੇ ਹਰੀਕੇ ਦੀ ਝੀਲ ਵਿਚ 12 ਕਿੱਲੋਮੀਟਰ ਦਾ ਇਹ ਸਫਰ ਪਾਣੀ ਵਿਚ ਤੈਅ ਕਰੇਗੀ। ਠੰਡਲ ਅਨੁਸਾਰ ਬੱਸ ਵਿਚ ਸੁਰੱਖਿਆ ਦੇ ਪੂਰੇ ਪ੍ਰਬੰਧ ਹੋਣਗੇ। ਉਨ੍ਹਾਂ ਸਪਸ਼ਟ ਕੀਤਾ ਕਿ ਫਿਲਹਾਲ





ਪਾਣੀ ਵਾਲੀ ਬੱਸ ਹਰੀਕੇ ਵਿਚ ਹੀ ਚੱਲੇਗੀ ਤੇ ਲੋਕਾਂ ਦੇ ਹੁੰਗਾਰੇ ਤੋਂ ਬਾਅਦ ਇਸ ਨੂੰ ਪੰਜਾਬ ਵਿਚ ਹੋਰ ਥਾਵਾਂ ਉਤੇ ਵੀ ਚਲਾਇਆ ਜਾਵੇਗਾ। ਬੱਸ ਦੇ ਡਰਾਈਵਰ ਦੀ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਸ਼ੁਰੂ ਵਿੱਚ ਬੱਸ ਦੀ ਦੇਖ-ਰੇਖ ਕੰਪਨੀ ਦੇ ਲੋਕਾਂ ਵੱਲੋਂ ਕੀਤੀ ਜਾਵੇਗੀ ਤੇ ਕੰਪਨੀ ਦੇ ਡਰਾਈਵਰ ਹੀ ਇਸ ਨੂੰ ਚਲਾਉਣਗੇ। ਪੂਰੀ ਟ੍ਰੇਨਿੰਗ ਤੋਂ ਬਾਅਦ ਪੰਜਾਬ ਦੇ ਸੈਰ-ਸਪਾਟਾ ਵਿਭਾਗ ਦੇ ਡਰਾਈਵਰ ਹੀ ਇਸ ਬੱਸ ਨੂੰ ਚਲਾਉਣਗੇ।ਪਾਣੀ ਵਾਲੀ ਬੱਸ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਡਰੀਮ ਪ੍ਰਾਜੈਕਟ ਹੈ। ਦਰਅਸਲ ਕੇਂਦਰੀ ਮੰਤਰੀ ਨਿਤਿਨ ਗਡਕਰੀ ਦੀ ਮੌਜੂਦਗੀ ਵਿੱਚ ਸੁਖਬੀਰ ਬਾਦਲ ਵੱਲੋਂ ਪੰਜਾਬ ਵਿੱਚ ਪਾਣੀ ਵਿੱਚ ਚੱਲਣ ਵਾਲੀਆਂ ਬੱਸਾਂ ਚਲਾਉਣ ਦੇ ਐਲਾਨ ਤੋਂ ਬਾਅਦ ਕਾਂਗਰਸ ਸਮੇਤ ਕਈ ਰਾਜਸੀ ਪਾਰਟੀਆਂ ਨੇ ਸੁਖਬੀਰ ਦੇ ਇਸ ਐਲਾਨ ਨੂੰ ਹਾਸੋਹੀਣਾ ਕਰਾਰ ਦਿੱਤਾ ਸੀ। ਹੁਣ ਸੁਖਬੀਰ ਬਾਦਲ ਇਸ ਪ੍ਰਾਜੈਕਟ ਨੂੰ 2017 ਵਿਧਾਨ ਸਭਾ ਚੋਣਾ ਤੋਂ ਪਹਿਲਾਂ ਸ਼ੁਰੂ ਕਰਕੇ ਆਪਣੇ ਸਿਆਸੀ ਦੁਸ਼ਮਣਾਂ ਦਾ ਮੂੰਹ ਬੰਦ ਕਰਨਾ ਚਾਹੁੰਦੇ ਹਨ।

# ਹੁਣ ਰੇਲਵੇ ਟਿਕਟ ਲਈ ਲਾਜ਼ਮੀ ਹੋਵੇਗਾ ਆਧਾਰ ਕਾਰਡ

ਨਵੀਂ ਦਿੱਲੀ: ਛੇਤੀ ਹੀ ਰੇਲਵੇ ਟਿਕਟ ਬੁੱਕ ਕਰਵਾਉਣ ਲਈ ਆਧਾਰ ਕਾਰਡ ਲਾਜ਼ਮੀ ਹੋਵੇਗਾ। ਭਾਰਤੀ ਰੇਲਵੇ ਨੇ ਯਾਤਰੀ ਟਿਕਟ ਸੇਵਾ ਨੂੰ ਆਧਾਰ ਕਾਰਡ ਨਾਲ ਜੋੜਨ ਦੀ ਪੂਰੀ ਤਿਆਰੀ ਕਰ ਲਈ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਇਸ ਯੋਜਨਾ ਦਾ ਮਕਸਦ ਟਿਕਟਾਂ ਦੀ ਕਾਲਾਬਾਜ਼ਾਰੀ 'ਤੇ ਰੋਕ ਲਾਉਣਾ ਹੈ। ਰੇਲਵੇ ਦਾ ਇਹ ਫੈਸਲਾ ਪਿਛਲੇ ਸਾਲ ਸੁਪਰੀਮ ਕੋਰਟ ਵੱਲੋਂ ਆਧਾਰ ਕਾਰਡ ਨੂੰ ਲੈ ਕੇ ਕੀਤੀ ਗਈ ਟਿੱਪਣੀ ਦੇ ਸੰਦਰਭ 'ਚ ਆਇਆ ਹੈ। ਸੁਪਰੀਮ ਕੋਰਟ ਨੇ ਕਿਹਾ ਸੀ ਕਿ ਆਧਾਰ ਯੋਜਨਾ ਨੂੰ ਸਿਰਫ ਸਰਕਾਰੀ ਯੋਜਨਾਵਾਂ (ਪੀ.ਡੀ.ਐਸ. ਤੇ ਐਲ.ਪੀ.ਜੀ. ਕਨੈਕਸ਼ਨ) ਤੱਕ ਸੀਮਤ ਨਹੀਂ ਰੱਖਿਆ ਜਾ ਸਕਦਾ।

# ਮੋਦੀ ਦਾ ਗੁਜਰਾਤ ਤੇ ਪੱਤਰਕਾਰ ਰਾਣਾ ਅਯੂਬ ਦਾ ਸੱਚ

*ਸਾਹਸੀ ਪੱਤਰਕਾਰ ਰਾਣਾ ਅਯੂਬ ਨੇ ਆਪਣੀ ਕਿਤਾਬ 'ਗੁਜਰਾਤ ਫਾਈਲਜ਼: ਅਨਾਟਮੀ ਆਫ ਏ ਕਵਰ ਅੱਪ' ਵਿਚ ਜਿਸ ਤਰ੍ਹਾਂ ਸੱਚ ਉਜਾਗਰ ਕੀਤਾ ਹੈ, ਉਹ ਆਪਣੀ ਮਿਸਾਲ ਆਪ ਹੈ। ਉਸ ਨੇ ਅਮਰੀਕਾ ਤੋਂ ਗੁਜਰਾਤ ਬਾਰੇ ਫਿਲਮ ਬਣਾਉਣ ਗਈ ਫਿਲਮਸਾਜ਼ ਬਣ ਕੇ ਉਹ ਕੁਝ ਸਾਹਮਣੇ ਲਿਆਂਦਾ ਜੋ ਆਮ ਹਾਲਾਤ ਵਿਚ ਕਦੀ ਸਾਹਮਣੇ ਆ ਹੀ ਨਹੀਂ ਸੀ ਸਕਦਾ। ਉਸ ਦੀ ਇਸ ਦੀਦਾ-ਦਲੇਰੀ ਦੀਆਂ ਹਰ ਪਾਸਿਓਂ ਸਿਫਤਾਂ ਹੋ ਰਹੀਆਂ ਹਨ ਅਤੇ ਉਹ ਅੱਜ ਵੀ ਆਮ ਪੱਤਰਕਾਰ ਵਾਂਗ ਇਹ ਆਖ ਕੇ ਸਾਰ ਲੈਂਦੀ ਹੈ ਕਿ ਇਹ ਤਾਂ ਉਸ ਦਾ ਫਰਜ਼ ਸੀ। 'ਗੁਜਰਾਤ ਫਾਈਲਜ਼' ਅੱਜ ਦੇ ਸਮਿਆਂ ਦਾ ਇਤਿਹਾਸ ਹੈ। ਇਸ ਦਾ ਇਕ ਹਿੱਸਾ ਅਸੀਂ ਆਪਣੇ ਪਾਠਕਾਂ ਲਈ ਛਾਪ ਰਹੇ ਹਾਂ। -ਸੰਪਾਦਕ*

ਪੱਤਰਕਾਰੀ ਦੀ ਬੁਨਿਆਦ ਹਮੇਸ਼ਾ ਸਬੂਤ 'ਤੇ ਖੜ੍ਹੀ ਹੁੰਦੀ ਹੈ ਅਤੇ ਸਬੂਤ ਹੀ ਮੇਰੇ ਕੋਲ ਨਹੀਂ ਸਨ। ਮੇਰੇ ਕੋਲ ਸਿਰਫ਼ ਗੱਲਬਾਤ ਅਤੇ ਕਿੱਸੇ-ਕਹਾਣੀਆਂ ਅਤੇ ਗੈਰ-ਅਧਿਕਾਰਕ ਤੌਰ 'ਤੇ ਕੀਤੇ ਇਕਬਾਲ ਸਨ। ਮੇਰੇ ਅੱਗੇ ਵੱਡਾ ਸੁਆਲ ਸੀ ਕਿ ਮੈਂ ਇਨ੍ਹਾਂ ਗੱਲਾਂ-ਬਾਤਾਂ ਅਤੇ ਕਿੱਸੇ-ਕਹਾਣੀਆਂ ਨੂੰ ਸਾਬਤ ਕਿਵੇਂ ਕਰਾਂਗੀ? ਤੇ ਉਦੋਂ ਮੈਂ ਅਜਿਹਾ ਫ਼ੈਸਲਾ ਕੀਤਾ ਜਿਸ ਨੇ ਮੇਰੀ ਨਿੱਜੀ ਅਤੇ ਪੇਸ਼ੇਵਰ ਜ਼ਿੰਦਗੀ ਬਦਲ ਦਿੱਤੀ। ਇਸ ਤਰ੍ਹਾਂ ਰਾਣਾ ਅਯੂਬ ਨੇ ਕਾਨਪੁਰ ਦੀ ਕਾਇਸਥ ਕੁੜੀ ਮੈਥਿਲੀ ਤਿਆਗੀ ਲਈ ਰਾਹ ਪੱਧਰਾ ਕਰ ਦਿੱਤਾ ਜੋ ਅਮਰੀਕੀ ਫ਼ਿਲਮ ਇੰਸਟੀਚਿਊਟ ਕਨਜ਼ਰਵੇਟਰੀ ਤੋਂ ਗੁਜਰਾਤ ਦੇ ਵਿਕਾਸ ਮਾਡਲ ਅਤੇ ਸੰਸਾਰ ਵਿਚ ਵੱਸਦੇ ਪਰਵਾਸੀ ਭਾਰਤੀਆਂ ਵਿਚ ਨਰੇਂਦਰ ਮੋਦੀ ਦੀ ਦਿਨ-ਬ-ਦਿਨ ਵਧ ਰਹੀ ਲੋਕਪ੍ਰਿਯਤਾ ਬਾਰੇ ਫ਼ਿਲਮ ਬਣਾਉਣ ਲਈ ਭਾਰਤ ਪਰਤੀ ਸੀ।

0

ਆਪਣੇ ਸੀਨੀਅਰ ਅਧਿਕਾਰੀਆਂ ਤੋਂ ਇਸ ਮਾਮਲੇ ਦੀ ਹੋਰ ਡੂੰਘੇਰੀ ਜਾਂਚ ਲਈ ਮਿਲੇ ਉਤਸ਼ਾਹਜਨਕ ਹੁੰਗਾਰੇ ਨੇ ਮੈਨੂੰ ਇਸ ਮਾਮਲੇ ਬਾਰੇ ਹੋਰ ਗੰਭੀਰਤਾ ਨਾਲ ਸੋਚਣ ਲਾ ਦਿੱਤਾ ਸੀ। ਗੁਜਰਾਤ ਵਿਚ ਰਹਿੰਦਿਆਂ ਮੈਨੂੰ ਕੋਈ ਤਿੰਨ ਮਹੀਨੇ ਹੋ ਗਏ ਸਨ ਅਤੇ ਜਿਹੜੇ ਲੋਕ ਇਸ ਮਾਮਲੇ ਵਿਚ ਸੂਚਨਾ ਦੇਣ ਵਿਚ ਮੇਰੀ ਮਦਦ ਕਰ ਸਕਦੇ ਸਨ, ਉਨ੍ਹਾਂ ਨਾਲ ਜਿਨ੍ਹਾਂ ਹਾਲਾਤ ਵਿਚ ਮੇਰੀ ਮੁਲਾਕਾਤ ਹੋਈ, ਉਸ ਤੋਂ ਜ਼ਾਹਰ ਸੀ ਕਿ ਮੇਰੇ ਲਈ ਇਹ ਸਫ਼ਰ ਬਹੁਤ ਔਖਾ ਹੋਣਾ ਸੀ। 'ਤਹਿਲਕਾ' ਵਿਚ ਮੇਰੇ ਸਹਿਯੋਗੀ ਆਸ਼ੀਸ਼ ਖੇਤਾਨ ਨੇ ਬਾਬੂ ਬਜਰੰਗੀ ਅਤੇ ਹੋਰ ਸਥਾਨਕ ਭਾਜਪਾ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਆਗੂਆਂ ਦਾ ਸਟਿੰਗ ਕਰ ਕੇ 2002 ਦੇ ਖ਼ੂਨੀ ਦੰਗਿਆਂ ਦਾ ਬਿਰਤਾਂਤ ਉਨ੍ਹਾਂ ਦੇ ਮੂੰਹੋਂ ਉਗਲਵਾ ਲਿਆ ਸੀ। ਇਥੇ ਮੇਰਾ ਵਾਹ ਦੰਗਈਆਂ ਨਾਲ ਨਹੀਂ ਸੀ ਪੈਣਾ ਜੋ ਹਉਮੈ ਨੂੰ ਜ਼ਰਾ ਜਿੰਨੇ ਪੱਠੇ ਪੈਣ 'ਤੇ ਸਾਰੀ ਹਕੀਕਤ ਬਿਆਨ ਕਰ ਦਿੰਦੇ। ਇਥੇ ਮੇਰਾ ਵਾਹ ਹੰਢੇ-ਵਰਤੇ ਅਤੇ ਸੀਨੀਅਰ ਆਈ.ਪੀ.ਐਸ. ਅਫ਼ਸਰਾਂ ਨਾਲ ਪੈਣਾ ਸੀ ਜੋ ਰਾਅ ਅਤੇ ਆਈ.ਬੀ. ਵਿਚ ਵੀ ਕੰਮ ਕਰ ਚੁੱਕੇ ਸਨ।

ਇਹ ਸਾਰੇ ਮੋਟੀ ਚਮੜੀ ਵਾਲੇ ਡਿਪਲੋਮੈਟ ਸਨ ਜਿਨ੍ਹਾਂ ਤੋਂ ਅਸਲ ਗੱਲ ਕਢਵਾਉਣ ਲਈ ਅਜਿਹੇ ਤੀਖਣ ਖੋਜੀ ਪੱਤਰਕਾਰ ਦੀ ਲੋੜ ਸੀ ਜੋ ਨਾ ਕੇਵਲ ਆਪਣੇ ਕੰਮ ਵਿਚ ਮੁਹਾਰਤ ਰੱਖਦਾ ਹੋਵੇ, ਸਗੋਂ ਸਵੈ-ਵਿਸ਼ਵਾਸ ਨਾਲ ਵੀ ਭਰਿਆ ਹੋਇਆ ਹੋਵੇ। ਮੈਂ ਇਨ੍ਹਾਂ ਵਿਚੋਂ ਕਿਸੇ ਵੀ ਕਸੌਟੀ 'ਤੇ ਖਰੀ ਨਹੀਂ ਸੀ ਉਤਰਦੀ। ਇਸ ਤੋਂ ਇਲਾਵਾ ਇਸ ਜਾਂਚ ਦੀ ਸਮੁੱਚੀ ਵਿਉਂਤਬੰਦੀ ਅਤੇ ਇਸ ਨੂੰ ਅਮਲੀ ਜਾਮਾ ਪਹਿਨਾਉਣ ਦੀ ਜ਼ਿੰਮੇਵਾਰੀ ਵੀ ਮੇਰੇ ਉਤੇ ਹੀ ਛੱਡ ਦਿੱਤੀ ਗਈ। ਮੈਂ ਇਸ ਗੱਲੋਂ ਚੌਕਸ ਸੀ ਕਿ ਮੈਂ ਇਸ ਜਾਂਚ ਦੌਰਾਨ ਆਪਣੇ ਕਿਸੇ ਸਹਿਯੋਗੀ ਨੂੰ ਨਾਲ ਨਹੀਂ ਲੈ ਸਕਦੀ, ਕਿਉਂਕਿ ਇਹ ਕਾਫ਼ੀ ਜੋਖ਼ਮ ਭਰਿਆ ਸਾਬਤ ਹੋ ਸਕਦਾ ਹੈ। ਮੈਨੂੰ ਇਹ ਗੱਲ ਬਿਲਕੁਲ ਸਪਸ਼ਟ ਸੀ ਕਿ ਮੇਰੇ ਸੰਪਾਦਕਾਂ ਵੱਲੋਂ ਮੇਰੇ ਕੰਮ 'ਤੇ ਨਜ਼ਰ ਰੱਖੀ ਜਾਵੇਗੀ, ਪਰ ਬਾਕੀ ਸਾਰੀ ਜ਼ਿੰਮੇਵਾਰੀ ਮੇਰੇ 'ਤੇ ਹੀ ਛੱਡ ਦਿੱਤੀ ਜਾਵੇਗੀ। ਮੈਂ ਜਦੋਂ ਵੀ ਕੁਝ ਲਿਖ ਕੇ ਭੇਜਦੀ ਤਾਂ ਮੈਨੂੰ ਸ਼ੋਮਾ ਚੌਧਰੀ ਅਤੇ ਤਰੁਣ (ਤੇਜਪਾਲ) ਤੋਂ ਬਹੁਤ ਉਤਸ਼ਾਹਜਨਕ ਹੁੰਗਾਰਾ ਮਿਲਦਾ। ਮੇਰਾ ਕੰਮ ਦੇਖ ਕੇ ਉਹ ਅਕਸਰ ਕਹਿੰਦੇ, "ਬਹੁਤ ਵਧੀਆ, ਇਸ ਨੂੰ ਜਾਰੀ ਰੱਖ" ਅਤੇ "ਬਹੁਤ ਅਹਿਮ ਖੁਲਾਸੇ ਨੇ"।' ਉਨ੍ਹਾਂ ਦੇ ਅਜਿਹੇ ਹੁੰਗਾਰਿਆਂ ਨੇ ਮੈਨੂੰ ਇਸ ਮਾਮਲੇ ਦੀ ਜਾਂਚ ਹੋਰ ਅੱਗੇ ਜਾਰੀ ਰੱਖਣ ਲਈ ਉਤਸ਼ਾਹਿਤ ਕੀਤਾ। ਹਕੀਕਤ ਇਹ ਸੀ ਕਿ ਇਸ ਮਾਮਲੇ ਵਿਚ ਮੈਦਾਨ ਵਿਚ ਜੂਝਣ ਵਾਲੀ ਮੈਂ ਇਕੱਲੀ ਸਿਪਾਹੀ ਸੀ। ਮੈਂ ਜਿਥੇ ਆਪਣੀ ਜ਼ਿੰਮੇਵਾਰੀ ਖ਼ੁਦ ਚੁੱਕਣੀ ਸੀ, ਉਥੇ ਮੈਂ ਇਹ ਵੀ ਯਕੀਨੀ ਬਣਾਉਣਾ ਸੀ ਕਿ ਇਸ ਜਾਂਚ ਦੇ ਸਿੱਟੇ ਇਮਾਨਦਾਰ ਅਤੇ ਤੱਥਾਂ 'ਤੇ ਆਧਾਰਿਤ ਹੋਣ। ਇਹ ਉਹ ਲੋਕ ਸਨ ਜਿਨ੍ਹਾਂ ਨੂੰ ਸੱਚ ਦਾ ਤਾਂ ਪਤਾ ਸੀ, ਪਰ ਉਹ ਇਸ ਨੂੰ ਆਪਣੀ ਪੇਸ਼ੇਵਰ ਜ਼ਿੰਦਗੀ ਵਿਚੋਂ ਖਾਰਜ ਕਰ ਦੇਣਾ ਚਾਹੁੰਦੇ ਸਨ। 'ਤਹਿਲਕਾ' ਜਿਹੇ ਖੋਜੀ ਅਦਾਰੇ ਨਾਲ ਜੁੜੇ ਹੋਣ ਕਾਰਨ ਮੈਨੂੰ ਪਤਾ ਸੀ ਕਿ ਜੋ ਕੋਈ ਮੇਰੀ ਮਦਦ ਕਰ ਵੀ ਸਕਦੇ ਸਨ, ਉਨ੍ਹਾਂ ਵੀ ਆਪਣੇ ਬੂਹੇ ਮੇਰੇ ਲਈ ਭੇੜ ਲਏ ਸਨ। ਮੇਰੇ ਲਈ ਸੱਚ ਦੀ ਖੋਜ ਲਈ ਇਕੋ ਰਾਹ ਬਚਿਆ ਸੀ ਜੋ ਅਜਿਹੇ ਹਾਲਾਤ ਵਿਚ ਕੋਈ ਵੀ ਪੱਤਰਕਾਰ ਅਪਣਾਉਂਦਾ ਹੈ, ਉਹ ਰਾਹ ਸੀ ਆਪਣੀ ਪਛਾਣ ਬਦਲ ਕੇ ਕੰਮ ਕਰਨਾ। ਮੈਂ 26 ਵਰ੍ਹਿਆਂ ਦੀ ਮੁਸਲਮਾਨ ਕੁੜੀ ਸੀ। ਮੈਂ ਆਪਣੀ ਪਛਾਣ ਬਾਰੇ ਕਦੇ ਸੋਚਿਆ ਹੀ ਨਹੀਂ ਸੀ, ਪਰ ਜਦੋਂ ਫ਼ਿਰਕੂ ਲੀਹਾਂ 'ਤੇ ਵੰਡੇ ਸੂਬੇ ਦੀ ਗੱਲ ਆਉਂਦੀ ਹੈ ਤਾਂ ਤੁਸੀਂ ਆਪਣੀ ਸ਼ਨਾਖਤ ਬਾਰੇ ਸੁਚੇਤ ਹੋ ਜਾਂਦੇ ਹੋ। ਮੈਨੂੰ ਆਪਣੇ ਪਰਿਵਾਰ ਨੂੰ ਦੱਸਣ ਦੀ ਲੋੜ ਸੀ ਕਿ ਅੱਗਿਓਂ ਮੇਰੀ ਪਛਾਣ ਕੀ ਹੋਵੇਗੀ! ਮੇਰੇ ਮਨ ਵਿਚ ਇਹ ਸੁਆਲ ਵੀ ਸੀ ਕਿ ਕੀ ਮੈਂ ਕਿਸੇ ਦੀ ਮਦਦ ਬਗੈਰ ਇਸ ਕਾਰਜ ਨੂੰ ਅੰਜਾਮ ਦੇਣ ਵਿਚ ਸਫ਼ਲ ਹੋ ਸਕਾਂਗੀ?

ਅਸਲ ਵਿਚ ਇਥੇ ਮੇਰੇ ਵੱਲੋਂ ਮਾਸ ਕਮਿਊਨੀਕੇਸ਼ਨ ਦਾ ਕੀਤਾ ਗਿਆ ਕੋਰਸ ਬਹੁਤ ਕੰਮ ਆਇਆ। ਮੇਰੇ ਜਮਾਤੀਆਂ ਵਿਚ ਕਈ ਅਜਿਹੇ ਵੀ ਸਨ ਜੋ ਅਦਾਕਾਰ ਬਣਨ ਦੀ ਖਾਹਿਸ਼ ਰੱਖਦੇ ਸਨ। ਅਦਾਕਾਰਾ ਰਿਚਾ ਚੱਢਾ ਵੀ ਮੇਰੀ ਜਮਾਤੀ ਰਹੀ ਹੈ ਜੋ ਬਹੁਤ ਬਿਹਤਰੀਨ ਅਦਾਕਾਰ ਵਜੋਂ ਸਾਹਮਣੇ ਆਈ ਹੈ। ਉਸ ਨੇ ਹਾਲ ਵਿਚ ਹੀ




ਇੰਟਰਵਿਊ ਦੌਰਾਨ ਆਖਿਆ ਕਿ ਉਸ ਨੇ ਫ਼ਿਲਮ ਵਿਚ ਰਿਪੋਰਟਰ ਦਾ ਕਿਰਦਾਰ ਨਿਭਾਉਣ ਲਈ ਮੇਰੇ ਪੱਤਰਕਾਰੀ ਦੇ ਸਫ਼ਰ ਅਤੇ ਤਜਰਬੇ ਨੂੰ ਧਿਆਨ ਨਾਲ ਘੋਖਿਆ ਹੈ।

ਆਪਣੇ ਅਜਿਹੇ ਹੀ ਇਕ ਹੋਰ ਨੇੜਲੇ ਅਦਾਕਾਰ ਮਿੱਤਰ ਨੂੰ ਫੋਨ ਕਰ ਕੇ ਮੈਂ ਇਕ ਮੇਕਅੱਪ-ਮੈਨ ਤੋਂ ਸਮਾਂ ਲਿਆ ਅਤੇ ਅਗਲੇ ਹੀ ਦਿਨ ਮੈਂ ਮੁੰਬਈ ਉਪ-ਨਗਰੀ ਖੇਤਰ ਵਿਚਲੇ ਇਕ ਸਟੂਡੀਓ ਵਿਚ ਚਾਹ ਦੀਆਂ ਚੁਸਕੀਆਂ ਲੈਂਦਿਆਂ ਉਸ ਤੋਂ ਆਪਣੇ ਲਈ ਵਿੱਗ ਵਰਤਣ ਦੀ ਤਕਨੀਕੀ ਮੁਹਾਰਤ ਸਿੱਖ ਰਹੀ ਸੀ। ਉਸ ਤਜਰਬੇਕਾਰ ਮੇਕਅੱਪ ਆਰਟਿਸਟ ਨੇ ਆਪਣੇ ਕੋਲ ਪਏ ਕਈ ਵਿੱਗ ਮੈਨੂੰ ਪੁਆ ਕੇ ਦੇਖੇ। ਵਿੱਗ ਨਾਲ ਮੇਰੀ ਦਿੱਖ ਭਾਵੇਂ ਵੱਖਰੀ ਲੱਗਦੀ ਸੀ, ਪਰ ਇਉਂ ਲੱਗਦਾ ਸੀ ਕਿ ਜਿਵੇਂ ਕੋਈ ਗੱਲ ਜਿਹੀ ਨਾ ਬਣੀ ਹੋਵੇ। ਫਿਰ ਵਿੱਗ ਦਾ ਖ਼ਿਆਲ ਮੈਂ ਛੱਡ ਦਿੱਤਾ।

ਫਿਰ ਖ਼ਿਆਲ ਆਇਆ ਕਿ ਮੈਨੂੰ ਆਪਣੀ ਪਛਾਣ ਬਦਲਣ ਵੱਲ ਧਿਆਨ ਦੇਣਾ ਚਾਹੀਦਾ ਹੈ। ਤੁਸੀਂ ਕਿਸਮਤ ਦੇਖੋ! ਉਦੋਂ ਮੈਨੂੰ ਆਪਣੇ ਕਿਸੇ ਕੁਲੀਗ ਦੀ ਈਮੇਲ ਮਿਲੀ ਜਿਸ ਨੇ ਲਾਸ ਏਂਜਲਸ ਦੀ ਵੱਕਾਰੀ 'ਅਮੈਰੀਕਨ ਫ਼ਿਲਮ ਇੰਸਟੀਚਿਊਟ ਕਨਜ਼ਰਵੇਟਰੀ' ਜੁਆਇਨ ਕੀਤੀ ਸੀ। ਉਸ ਦੀ ਈਮੇਲ ਪੜ੍ਹ ਕੇ ਮੈਨੂੰ ਇਕਦਮ ਲੱਗਿਆ ਕਿ ਲਓ! ਮੈਨੂੰ ਮੇਰੀ ਸ਼ਨਾਖਤ ਮਿਲ ਗਈ ਹੈ। ਮੈਂ ਸੋਚ ਲਿਆ ਕਿ ਮੇਰੀ ਪਛਾਣ ਅਮਰੀਕਾ ਤੋਂ ਆਈ ਫ਼ਿਲਮਸਾਜ਼ ਦੀ ਹੋਵੇਗੀ ਜੋ ਗੁਜਰਾਤ ਬਾਰੇ ਫ਼ਿਲਮ ਬਣਾਉਣ ਆਈ ਹੈ। ਮੈਨੂੰ ਇਹ ਖ਼ਿਆਲ ਕਾਫ਼ੀ ਜਚਿਆ ਅਤੇ ਇਸ ਦੀ ਸਫਲਤਾ ਦੀਆਂ ਵੀ ਕਾਫ਼ੀ ਸੰਭਾਵਨਾਵਾਂ ਸਨ।

ਅਗਲੇ ਕੁਝ ਦਿਨ ਮੈਂ ਇਸ ਅਦਾਰੇ, ਇਸ ਦੇ ਵਿਦਿਆਰਥੀਆਂ ਅਤੇ ਇਸ ਵੱਲੋਂ ਗੁਜਰਾਤ ਬਾਰੇ ਬਣਾਈਆਂ ਜਾਣ ਵਾਲੀਆਂ ਫ਼ਿਲਮਾਂ ਦਾ ਅਧਿਐਨ ਕਰਦਿਆਂ ਬਿਤਾਏ ਜਿਸ ਦੌਰਾਨ ਮੈਂ ਇਸ ਗੱਲ 'ਤੇ ਆਪਣਾ ਧਿਆਨ ਕੇਂਦਰਿਤ ਕੀਤਾ ਕਿ ਇਨ੍ਹਾਂ ਵੱਲੋਂ ਗੁਜਰਾਤ ਬਾਰੇ ਬਣਾਈਆਂ ਗਈਆਂ ਫ਼ਿਲਮਾਂ ਵਿਚ ਕਿਸ ਕਿਸਮ ਦੇ ਵਿਸ਼ਿਆਂ ਨੂੰ ਛੋਹਿਆ ਗਿਆ ਹੈ। ਅਖੀਰ ਵਿਚ ਮੈਂ ਫ਼ਿਲਮ ਦੇ ਵਿਸ਼ੇ ਨੂੰ ਇਸ ਦੇ ਕਿਰਦਾਰਾਂ ਤੋਂ ਮਿਲਣ ਵਾਲੇ ਹੁੰਗਾਰੇ ਅਨੁਸਾਰ ਤੈਅ ਕਰਨ ਬਾਰੇ ਸੋਚਿਆ ਜੋ ਬਿਨਾ ਸਕ੍ਰਿਪਟ ਵਾਲੀ ਇਸ ਕਹਾਣੀ ਵਿਚ ਭਵਿੱਖ 'ਚ ਮੈਨੂੰ ਮਿਲਣ ਵਾਲੇ ਸਨ। ਹੁਣ ਮੈਂ ਆਪਣਾ ਨਵਾਂ ਨਾਂ ਵੀ ਰੱਖਣਾ ਸੀ। ਮੇਰਾ ਇਹ ਨਾਂ ਅਜਿਹਾ ਹੋਣਾ ਚਾਹੀਦਾ ਸੀ ਜੋ ਨਿੱਘਾ ਤੇ ਰਵਾਇਤੀ ਹੋਣ ਦੇ ਨਾਲ ਨਾਲ ਮਜ਼ਬੂਤ ਸ਼ਖ਼ਸੀਅਤ ਦਾ ਪ੍ਰਤੀਕ ਵੀ ਜਾਪੇ।

ਮੈਨੂੰ ਇਹ ਮੰਨਣ ਵਿਚ ਕੋਈ ਝਿਜਕ ਨਹੀਂ ਕਿ ਮੈਂ ਫ਼ਿਲਮਾਂ ਦੀ ਬਹੁਤ ਸ਼ੌਕੀਨ ਹਾਂ ਅਤੇ ਕਈ ਹਾਲਾਤ ਵਿਚ ਮੇਰਾ ਇਹ ਸ਼ੌਕ ਮੇਰੇ ਬਹੁਤ ਕੰਮ ਆਇਆ ਹੈ। ਉਨ੍ਹੀਂ ਦਿਨੀਂ ਮੈਂ ਰਾਜ ਕੁਮਾਰ ਸੰਤੋਸ਼ੀ ਦੀ ਫ਼ਿਲਮ 'ਲੱਜਾ' ਦਿੱਲੀ ਤੋਂ ਮੁੰਬਈ ਦੀ ਉਡਾਣ ਦੌਰਾਨ ਦੇਖੀ ਸੀ। ਇਸ ਫ਼ਿਲਮ ਵਿਚਲੇ ਸਾਰੇ ਮਹਿਲਾ ਕਿਰਦਾਰ ਬਹੁਤ ਮਜ਼ਬੂਤ ਹਨ ਅਤੇ ਫ਼ਿਲਮ ਦੀਆਂ ਹੀਰੋਇਨਾਂ ਮਾਧੁਰੀ ਦੀਕਸ਼ਿਤ ਅਤੇ ਮਨੀਸ਼ਾ ਕੋਇਰਾਲਾ ਨੇ ਇਹ ਭੂਮਿਕਾਵਾਂ ਨਿਭਾਈਆਂ ਵੀ ਬਹੁਤ ਦਮਦਾਰ ਢੰਗ ਨਾਲ ਸਨ। ਇਸ ਫ਼ਿਲਮ ਵਿਚ ਮਨੀਸ਼ਾ ਕੋਇਰਾਲਾ ਨੇ ਮੈਥਿਲੀ ਦੀ ਭੂਮਿਕਾ ਨਿਭਾਈ ਹੈ ਜੋ ਸਮਾਜ ਵਿਚਲੇ ਜਾਤ-ਪਾਤ, ਲਿੰਗ ਵਿਤਕਰੇ ਅਤੇ ਭਾਰਤੀ ਔਰਤ ਦੀ ਤਰਸਯੋਗ ਹਾਲਤ ਬਿਆਨਦੀ ਹੈ। ਭਗਵਾਨ ਰਾਮ ਦੀ ਪਤਨੀ ਸੀਤਾ ਨੂੰ ਮੈਥਿਲੀ ਵੀ ਕਿਹਾ ਜਾਂਦਾ ਸੀ। ਇਸ ਨਾਂ ਵਿਚ ਕੁਝ ਖ਼ਾਸ ਸੀ ਜੋ ਕਿਤੇ ਮੇਰੇ ਮਨ ਅੰਦਰ ਉਕਰਿਆ ਰਿਹਾ। ਹੁਣ ਜਦੋਂ ਮੈਂ ਆਪਣੇ ਲਈ ਅਜਿਹੇ ਨਵੇਂ ਨਾਂ ਦੀ ਤਲਾਸ਼ ਕਰ ਰਹੀ ਸੀ ਜੋ ਆਮ ਹੋਣ ਦੇ ਨਾਲ ਨਾਲ ਕਿਸੇ ਵੀ ਅਜਿਹੇ ਆਕੜਖੋਰੇ ਉਪਨਾਮ ਤੋਂ ਰਹਿਤ ਹੋਵੇ ਜਿਸ ਤੋਂ ਕਿਸੇ ਦੇ ਬ੍ਰਾਹਮਣ ਜਾਂ ਦਲਿਤ ਹੋਣ ਦੀ ਸ਼ਨਾਖਤ ਹੁੰਦੀ ਹੋਵੇ ਤਾਂ ਇਸ ਅਮਲ ਦੌਰਾਨ 'ਮੈਥਿਲੀ ਤਿਆਗੀ' ਦਾ ਜਨਮ ਹੋਇਆ। ਫਿਰ ਮੈਂ ਆਪਣਾ ਸ਼ਨਾਖਤੀ ਕਾਰਡ ਛਪਵਾਇਆ ਜਿਸ ਉਤੇ ਲਿਖਿਆ ਹੋਇਆ ਸੀ: 'ਮੈਥਿਲੀ ਤਿਆਗੀ, ਇੰਡੀਪੈਂਡੈਂਟ ਫ਼ਿਲਮਮੇਕਰ, ਅਮੈਰੀਕਨ ਫ਼ਿਲਮ ਇੰਸਟੀਚਿਊਟ ਕਨਜ਼ਰਵੇਟਰੀ।' ਹੁਣ ਮੁੜ ਗੁਜਰਾਤ ਜਾਣ ਤੋਂ ਪਹਿਲਾਂ ਮੈਨੂੰ ਕਾਬਲ ਸਹਿਯੋਗੀ ਦੀ ਲੋੜ ਸੀ ਜੋ ਛੇਤੀ ਹੀ ਮੈਨੂੰ ਮਿਲ ਗਿਆ ਅਤੇ ਜਿਸ ਦੀ ਮੌਜੂਦਗੀ ਦਾ ਮੇਰੀ ਜ਼ਿੰਦਗੀ 'ਤੇ ਬਹੁਤ ਪ੍ਰਭਾਵ ਪਿਆ। ਮਾਈਕ (ਬਦਲਿਆ ਹੋਇਆ ਨਾਂ) ਫਰਾਂਸ ਦਾ ਸਾਇੰਸ ਵਿਦਿਆਰਥੀ ਸੀ ਜੋ ਭਾਰਤ ਵਿਚ ਸਟੂਡੈਂਟ ਐਕਸਚੇਂਜ ਪ੍ਰੋਗਰਾਮ 'ਤੇ ਆਇਆ ਹੋਇਆ ਸੀ। ਮਾਈਕ ਭਾਰਤ ਵਿਚ ਪੱਤਰਕਾਰਾਂ ਨਾਲ ਕੰਮ ਕਰਨਾ ਚਾਹੁੰਦਾ ਸੀ। ਮੈਂ ਉਸ ਨੂੰ ਈਮੇਲ ਭੇਜੀ ਜਿਸ ਵਿਚ ਮੈਂ ਆਪਣੇ ਵੱਲੋਂ ਕੀਤੀ ਜਾਣ ਵਾਲੀ ਜਾਂਚ ਬਾਰੇ ਵੇਰਵੇ ਉਸ ਨਾਲ ਸਾਂਝੇ ਨਾ ਕਰਦਿਆਂ ਉਸ ਨੂੰ ਆਪਣੇ ਨਾਲ ਕੰਮ ਕਰਨ ਬਾਰੇ ਇਮਾਨਦਾਰ ਢੰਗ ਨਾਲ ਪੁੱਛਿਆ। ਮੈਂ ਉਸ ਨੂੰ ਦੱਸਿਆ ਕਿ ਮੈਨੂੰ ਆਪਣੇ ਨਾਲ ਕੰਮ ਕਰਨ ਲਈ ਗੈਰ-ਭਾਰਤੀ ਸਹਿਯੋਗੀ ਚਾਹੀਦਾ ਹੈ ਜੋ ਇਹ ਜਚਾ ਸਕੇ ਕਿ ਉਹ ਮੇਰੇ ਨਾਲ ਰਲ ਕੇ ਗੁਜਰਾਤ ਬਾਰੇ ਫ਼ਿਲਮ ਬਣਾ ਰਿਹਾ ਹੈ। ਮੈਂ ਉਸ ਨੂੰ ਦੱਸਿਆ ਕਿ ਇਹ ਸਾਰਾ ਕੁਝ ਵਿਆਪਕ ਤੇ ਬਹੁਤ ਸੰਵੇਦਨਸ਼ੀਲ ਜਾਂਚ ਦਾ ਹਿੱਸਾ ਹੈ। ਮੈਂ ਉਸ ਨੂੰ ਸਪਸ਼ਟ ਕੀਤਾ ਕਿ ਮੈਂ ਉਸ ਨੂੰ ਜਾਂਚ ਦੇ ਬਾਰੀਕ ਵੇਰਵਿਆਂ ਤੋਂ ਜਾਣੂ ਨਹੀਂ ਕਰਾਵਾਂਗੀ ਅਤੇ ਮੇਰੇ ਲਈ ਉਹ ਮਹਿਜ਼ 'ਗੋਰੇ' ਦਾ ਕੰਮ ਕਰੇਗਾ ਜਿਸ ਨਾਲ ਮੇਰੀ ਵਿਸ਼ਵਾਸਯੋਗਤਾ ਹੋਰ ਪਕੇਰੀ ਹੋਵੇਗੀ।

ਆਪਣੇ ਵਿਜ਼ਿਟਿੰਗ ਕਾਰਡਾਂ, ਸੁਰਮਈ ਲੈਨਜ਼ਾਂ ਦੇ ਇਕ ਜੋੜੇ, ਹੇਅਰ ਸਟਰੇਟਨਰ, ਗਲੇ ਵਿਚ ਪਾਉਣ ਅਤੇ ਸਿਰ 'ਤੇ ਬੰਨ੍ਹਣ ਵਾਲੇ ਰੰਗ-ਬਿਰੰਗੇ ਰੁਮਾਲਾਂ ਅਤੇ ਕੁਝ ਰਿਕਾਰਡਿੰਗ ਯੰਤਰਾਂ ਨਾਲ ਲੈਸ ਹੋ ਕੇ ਮੈਂ ਅਹਿਮਦਾਬਾਦ ਪੁੱਜ ਗਈ।

-0-

## ਸਾਹਸੀ ਪੱਤਰਕਾਰੀ ਦਾ ਦਸਤਾਵੇਜ਼

# ਗੁਜਰਾਤ ਫਾਈਲਜ਼


**ਨਵਜੀਤ ਸਿੰਘ ਜੌਹਲ**

ਜਾਣੀ-ਪਛਾਣੀ ਖੋਜੀ ਪੱਤਰਕਾਰ ਰਾਣਾ ਅਯੂਬ ਦੀ ਹੁਣੇ ਆਈ ਕਿਤਾਬ 'ਗੁਜਰਾਤ ਫਾਈਲਜ਼: ਅਨਾਟਮੀ ਆਫ ਏ ਕਵਰ ਅੱਪ' ਪੱਤਰਕਾਰੀ ਦੀ ਨੈਤਿਕਤਾ, ਸੱਚ ਦੀ ਖੋਜ ਅਤੇ ਇਸ ਖੋਜ ਦੀ ਸਾਰਥਕਤਾ ਅਤੇ ਪੁਖ਼ਤਗੀ ਲਈ ਲੋੜੀਂਦੇ ਢੰਗ ਤਰੀਕਿਆਂ ਦੀ ਗੱਲ ਬਹੁਤ ਲੁਕਵੇਂ, ਪਰ ਦਿਲਚਸਪ ਢੰਗ ਨਾਲ ਕਰਦੀ ਹੈ। ਫਿਰ, ਜਦੋਂ ਇਸ 'ਸੱਚ' ਨੂੰ 'ਛੁਪਾਉਣ' ਵਿਚ ਬਹੁਤ ਸ਼ਕਤੀਸ਼ਾਲੀ ਅਤੇ 'ਛਪਵਾਉਣ' ਵਿਚ ਸਾਧਾਰਨ ਲੋਕ ਸ਼ਾਮਲ ਹੋਣ ਤਾਂ ਬਿਰਤਾਂਤ ਹੋਰ ਵੀ ਦਿਲਚਸਪ ਹੋ ਜਾਂਦਾ ਹੈ।

ਪਿਛਲੇ ਡੇਢ ਕੁ ਦਹਾਕੇ ਦੌਰਾਨ ਗੁਜਰਾਤ ਖ਼ਬਰਾਂ ਵਿਚ ਰਿਹਾ ਹੈ। 2002 ਦੇ ਦੰਗੇ, ਫਰਜ਼ੀ ਪੁਲਿਸ ਮੁਕਾਬਲੇ ਅਤੇ ਰਾਜ ਦੇ ਸਾਬਕਾ ਗ੍ਰਹਿ ਮੰਤਰੀ ਹਿਰੇਨ ਪਾਂਡਿਆ ਦੇ ਕਤਲ ਨੇ ਗੁਜਰਾਤ ਨੂੰ ਮੀਡੀਆ ਦੀ ਖਿੱਚ ਦਾ ਕੇਂਦਰ ਬਣਾਈ ਰੱਖਿਆ ਹੈ। ਕਈ ਸਾਲ 'ਤਹਿਲਕਾ' ਵਿਚ ਤਹਿ-ਦਿਲੀ ਨਾਲ ਕੰਮ ਕਰਨ ਵਾਲੀ ਰਾਣਾ ਅਯੂਬ ਨੇ ਜਿਸ ਦਲੇਰੀ ਨਾਲ ਇਨ੍ਹਾਂ ਘਟਨਾਵਾਂ ਦੀ ਅਸਲੀਅਤ ਨੂੰ ਸਾਹਮਣੇ ਲਿਆਉਣ ਦਾ ਯਤਨ ਕੀਤਾ ਹੈ, ਉਹ ਬਹੁਤ ਘੱਟ ਪੱਤਰਕਾਰਾਂ ਦੇ ਹਿੱਸੇ ਆਉਂਦਾ ਹੈ।

ਕਿਤਾਬ ਦੇ ਮੁਖਬੰਦ ਵਿਚ ਹੀ ਰਾਣਾ ਸਪਸ਼ਟ ਕਰ ਦਿੰਦੀ ਹੈ ਕਿ ਸੰਵੇਦਨਸ਼ੀਲ ਪੱਤਰਕਾਰੀ ਨਾਲ ਉਸ ਦਾ ਰਿਸ਼ਤਾ ਉਸ ਦੇ ਪੇਸ਼ੇਵਰਾਨਾ ਕਰੀਅਰ ਦੇ ਮੁੱਢ ਤੋਂ ਹੀ ਹੈ। ਜ਼ਿੰਦਗੀ ਦੀਆਂ ਕੌੜੀਆਂ ਹਕੀਕਤਾਂ ਤੋਂ ਬੇਲਾਗ ਰਹਿਣ ਵਾਲੀ ਬੇਹਿੱਸ ਪੱਤਰਕਾਰੀ ਉਸ ਦੇ ਸੁਭਾਅ ਅਤੇ ਅਕੀਦਿਆਂ ਦਾ ਕਦੇ ਵੀ ਹਿੱਸਾ ਨਹੀਂ ਰਹੀ। 2007 ਵਿਚ ਜਦੋਂ ਉਹ ਟੀ.ਵੀ. ਚੈਨਲ ਲਈ ਕੰਮ ਕਰਨ ਲੱਗੀ ਤਾਂ ਉਸ ਨੇ ਤਿੰਨ ਸਾਲ ਦੀ ਉਸ ਬਾਲੜੀ ਉਪਰ ਸਟੋਰੀ ਕੀਤੀ ਜਿਸ ਦਾ ਬਲਾਤਕਾਰ ਕੀਤਾ ਗਿਆ ਸੀ। ਉਹ ਆਮ ਜਿਹੇ ਹਸਪਤਾਲ ਵਿਚ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੀ ਸੀ। ਉਸ ਦੇ ਨਸ਼ੇੜੀ ਮਾਪੇ ਵੀ ਉਸ ਦੇ ਨੇੜੇ ਨਹੀਂ ਸਨ ਢੁੱਕੇ। ਦੂਜੇ ਦਿਨ ਉਹ ਉਸ ਹਸਪਤਾਲ ਆਪਣੀ ਖ਼ਬਰ ਨੂੰ ਹੋਰ ਲੁਭਾਉਣੀ ਬਣਾਉਣ ਲਈ ਨਹੀਂ, ਸਗੋਂ ਉਹ ਬੱਚੀ ਦੀ ਖ਼ਬਰ ਲੈਣ ਲਈ ਗਈ ਤਾਂ ਉਸ ਦੇ ਜ਼ਖ਼ਮਾਂ ਉਤੇ ਮੱਖੀਆਂ ਭਿਣਕ ਰਹੀਆਂ ਸਨ, ਪਰ ਬਲਾਤਕਾਰੀ ਦਰਿੰਦਾ ਫੜਿਆ ਨਹੀਂ ਸੀ ਗਿਆ।

ਜਦੋਂ ਉਸ ਨੇ ਆਪਣੇ ਚੈਨਲ ਨੂੰ ਇਸ ਸਟੋਰੀ ਨੂੰ ਚੰਗੀ ਕਵਰੇਜ ਦੇਣ ਲਈ ਆਖਿਆ ਤਾਂ ਜੋ ਮੁਜਰਮ ਨੂੰ ਫੜਨ ਲਈ ਦਬਾਅ ਬਣੇ ਤਾਂ ਜੁਆਬ ਵਿਚ ਉਸ ਦੇ ਬੌਸ ਨੇ ਬਿਨਾ ਆਪਣੇ ਲੈਪਟਾਪ ਤੋਂ ਸਿਰ ਚੁੱਕਿਆਂ ਉਸ ਨੂੰ ਮੁਸਕਰਾ ਕੇ ਕਿਹਾ ਕਿ ਉਹ ਇਹ ਛੱਡੇ ਅਤੇ ਮੁੰਬਈ ਦੀ ਮੌਨਸੂਨ ਦੇ ਸੁਹਾਵਣੇ ਸ਼ਾਟਸ ਲਏ। ਰਾਣਾ ਨੂੰ ਇਹ ਮਨਜ਼ੂਰ ਨਹੀਂ ਸੀ। ਉਸ ਦੇ ਅੰਦਰ ਤਾਂ ਅਜਿਹਾ ਪੱਤਰਕਾਰ ਜਨਮ ਲੈ ਚੁੱਕਾ ਸੀ ਜਿਸ ਨੇ ਆਉਂਦੇ ਸਾਲਾਂ ਵਿਚ ਰਾਜ, ਰਾਜਸੀ ਸਾਜ਼ਿਸ਼ਾਂ, ਧਰਮ, ਫ਼ਿਰਕਾਪ੍ਰਸਤੀ, ਬਰਬਰੀਅਤ ਅਤੇ ਮੀਡੀਆ ਦੇ




ਆਪਸੀ ਰਿਸ਼ਤਿਆਂ ਦੀਆਂ ਪੇਚੀਦੀਗੀਆਂ ਦਾ ਬੜਾ ਬੇਬਾਕ ਚਿਤਰਨ ਕਰਨਾ ਸੀ।

ਰਾਜਸੀ ਰਿਪੋਰਟਰ ਵਜੋਂ ਰਾਣਾ ਨੇ ਜਦੋਂ ਆਪਣੇ ਕਰੀਅਰ ਦਾ ਆਗਾਜ਼ ਕੀਤਾ ਤਾਂ ਉਸ ਦੀ 'ਪਹਿਲੀ ਅਸਾਈਨਮੈਂਟ' ਗੁਜਰਾਤ ਦੀਆਂ ਚੋਣਾਂ ਸਨ। ਉਦੋਂ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਨੇ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਸੋਹਰਾਬੂਦੀਨ ਦਾ ਜ਼ਿਕਰ ਆਪਣੇ ਖ਼ਾਸ ਅੰਦਾਜ਼ ਵਿਚ ਕੀਤਾ। ਰੈਲੀ ਮਗਰੋਂ ਜਦ ਰਾਣਾ ਨੇ ਮੋਦੀ ਨੂੰ ਇਸ ਕੇਸ ਵਿਚ ਫੜੇ ਗਏ ਤਿੰਨ ਆਲ੍ਹਾ ਪੁਲਿਸ ਅਫ਼ਸਰਾਂ ਦੀ ਗ੍ਰਿਫ਼ਤਾਰੀ ਬਾਰੇ ਪੁੱਛਿਆ ਤਾਂ ਜੁਆਬ ਦੇਣ ਦੀ ਬਜਾਏ ਉਨ੍ਹਾਂ ਨੇ ਬਿਨਾ ਕੁਝ ਬੋਲਿਆਂ 10 ਸਕਿੰਟਾਂ ਤਕ ਉਸ ਵੱਲ ਤਿੱਖੀ ਤੇ ਤੁਰਸ਼ ਨਜ਼ਰ ਨਾਲ ਘੂਰ ਕੇ ਦੇਖਿਆ।

ਅਸਲ ਵਿਚ ਇਹ ਪੁਸਤਕ ਇਨ੍ਹਾਂ ਦਸ ਸਕਿੰਟਾਂ ਦਾ ਹੀ ਵਿਸਥਾਰ ਹੈ।

ਇਸ ਵਿਸਥਾਰ ਵਿਚ ਜਾਣ ਲਈ ਉਸ ਨੇ ਆਪਣੀ ਸਮੁੱਚੀ ਪਛਾਣ ਬਦਲੀ, ਰਾਣਾ ਅਯੂਬ ਤੋਂ ਮੈਥਿਲੀ ਤਿਆਗੀ ਬਣੀ, ਮੁਸਲਮਾਨ ਹੋ ਕੇ ਮੁਸਲਮਾਨ ਦੇ ਖਿਲਾਫ਼ ਬੋਲਣਾ ਸਿੱਖਿਆ, ਆਪਣੇ ਆਪ ਨੂੰ ਹਰ ਤਰ੍ਹਾਂ ਦੇ ਖੁਫ਼ੀਆ-ਤੰਤਰ ਨਾਲ ਲੈਸ ਕੀਤਾ। ਆਖ਼ਰਕਾਰ 26 ਵਰ੍ਹਿਆਂ ਦੀ ਇਸ ਕੁੜੀ ਨੇ ਗੁਜਰਾਤ ਦੰਗਿਆਂ ਅਤੇ ਉਨ੍ਹਾਂ ਤੋਂ ਬਾਅਦ ਵਾਪਰੀਆਂ ਘਟਨਾਵਾਂ ਦਾ ਸੱਚ ਉਨ੍ਹਾਂ ਉਚ ਅਫ਼ਸਰਾਂ ਤੋਂ ਉਗਲਵਾਉਣਾ ਸੀ ਜਿਹੜੇ ਕਦੇ ਰਾਅ ਅਤੇ ਇੰਟੈਲੀਜੈਂਸ ਬਿਊਰੋ ਜਿਹੀਆਂ ਸਰਕਾਰੀ ਖ਼ੁਫ਼ੀਆ ਏਜੰਸੀਆਂ ਵਿਚ ਕੰਮ ਕਰ ਚੁੱਕੇ ਸਨ। ਉਨ੍ਹਾਂ ਵਿਚ ਗੁਜਰਾਤ ਏ.ਟੀ.ਐਸ. ਦੇ ਇੰਚਾਰਜ ਜੀ.ਐਲ. ਸਿੰਘਲ, 2007 ਵਿਚ ਗੁਜਰਾਤ ਏ.ਟੀ.ਐਸ. ਦੇ ਡਾਇਰੈਕਟਰ ਜਨਰਲ ਰਹੇ ਰਾਜਨ ਪ੍ਰਿਆਦਰਸ਼ੀ, 2002 ਦੇ ਦੰਗਿਆਂ ਵੇਲੇ ਰਾਜ ਦੇ ਗ੍ਰਹਿ ਸਕੱਤਰ ਅਸ਼ੋਕ ਨਰਾਇਣ, ਪੁਲਿਸ ਦੇ ਡਾਇਰੈਕਟਰ ਜਨਰਲ ਕੇ. ਚੱਕਰਵਰਤੀ, ਮਾਇਆ ਕੋਡਨਾਨੀ ਜਿਹੀ ਘਾਗ ਸਿਆਸਤਦਾਨ, ਸੋਹਰਾਬੂਦੀਨ ਸ਼ੇਖ ਦੇ ਮੁਕਾਬਲੇ ਨੂੰ ਝੂਠਾ ਸਾਬਤ ਕਰਨ ਵਾਲੀ ਗੁਜਰਾਤ ਦੀ ਪਹਿਲੀ ਆਈ.ਪੀ.ਐਸ. ਅਫ਼ਸਰ ਗੀਤਾ ਜੌਹਰੀ ਅਤੇ ਹੋਰ ਕਈ ਆਲ੍ਹਾ ਅਫ਼ਸਰ ਸ਼ਾਮਲ ਸਨ। ਇਹ ਅਫ਼ਸਰ ਲਕੀਰ ਦੇ ਭਾਵੇਂ ਇਸ ਪਾਰ ਖੜ੍ਹੇ ਸਨ, ਜਾਂ ਉਸ ਪਾਰ; ਉਨ੍ਹਾਂ ਦੀ ਭੂਮਿਕਾ ਬਹੁਤ ਅਹਿਮ ਰਹੀ ਸੀ।

'ਤਹਿਲਕਾ' ਲਈ ਕੰਮ ਕਰਨ ਵਾਲੀ ਇਸ ਪੱਤਰਕਾਰ ਨੂੰ ਜਦੋਂ ਲੱਗਿਆ ਕਿ ਸੱਚ ਤਕ ਜਾਂਦੇ ਸਾਰੇ ਸਿੱਧੇ ਰਾਹ ਉਸ ਲਈ ਬੰਦ ਹੋ ਗਏ ਸਨ ਤਾਂ ਉਸ ਨੇ ਗੁਜਰਾਤ ਦੇ ਅਤਿ ਭਿਆਨਕ ਦੌਰ ਵਿਚ ਸ਼ਤਰੰਜੀ ਚਾਲਾਂ ਚੱਲਣ ਵਾਲੇ ਮੁੱਖ ਮੋਹਰਿਆਂ ਨਾਲ ਮੈਥਿਲੀ ਤਿਆਗੀ ਬਣ ਕੇ ਲੰਬੀਆਂ ਮੁਲਾਕਾਤਾਂ ਕਰਨ ਅਤੇ ਉਸ ਨੂੰ ਖੁਫ਼ੀਆ ਤੌਰ 'ਤੇ ਕੈਮਰਾਬੰਦ ਕਰਨ ਦੀ ਵਿਉਂਤ ਬਣਾਈ। ਇਹ ਬਹੁਤ ਜੋਖ਼ਮ ਭਰਿਆ ਕੰਮ ਸੀ ਜੋ ਉਸ ਨੇ ਅੱਠ ਮਹੀਨਿਆਂ ਦੀ ਸਖ਼ਤ ਮਿਹਨਤ ਨਾਲ ਸਿਰੇ ਚਾੜ੍ਹਿਆ। ਆਪਣੇ ਆਪ ਨੂੰ ਅਮਰੀਕੀ ਫ਼ਿਲਮਸਾਜ਼ ਜੋ ਗੁਜਰਾਤ ਉਪਰ ਫ਼ਿਲਮ ਬਣਾਉਣਾ ਚਾਹੁੰਦੀ ਸੀ, ਦੱਸ ਕੇ ਰਾਣਾ ਅਯੂਬ ਉਰਫ਼ ਮੈਥਿਲੀ ਤਿਆਗੀ ਨੇ ਉਹ ਸੱਚ ਸਾਹਮਣੇ ਲਿਆਂਦੇ ਜੋ ਉਂਜ ਛੁਪੇ ਹੀ ਰਹਿ ਜਾਣੇ ਸਨ। ਜੇ ਕਿਤੇ ਇਸ ਕਿਤਾਬ 'ਤੇ ਆਧਾਰਿਤ ਫ਼ਿਲਮ ਦੀ ਸਕ੍ਰਿਪਟ ਲਿਖਣੀ ਹੋਈ ਤਾਂ ਉਸ ਦੇ ਦੋ ਮੁੱਖ ਕਿਰਦਾਰ ਨਰੇਂਦਰ ਮੋਦੀ ਤੇ ਅਮਿਤ ਸ਼ਾਹ ਹੋਣਗੇ। ਰਾਣਾ ਅਯੂਬ ਨੇ ਇਹ ਕਿਤਾਬ ਖ਼ੁਦ ਛਾਪੀ ਹੈ। ਅਜਿਹੀ ਦਲੇਰ ਪੁਸਤਕ ਨੂੰ ਪ੍ਰਕਾਸ਼ਕ ਤਾਂ ਭਾਵੇਂ ਨਾ ਮਿਲੇ, ਪਾਠਕ ਜ਼ਰੂਰ ਮਿਲਦੇ ਹਨ। -0-

## ਸਾਡੀਆਂ ਰਸਮਾਂ ਸਾਡੇ ਗੀਤ

# ਜਨਮ ਵੇਲੇ ਦੇ ਲੋਕ ਗੀਤ ਅਤੇ ਰਸਮਾਂ

*ਨੀਲਮ ਸੈਣੀ ਦੀ ਕਾਨੀ ਨੇ ਪੰਜਾਬੀ ਸਭਿਆਚਾਰ ਨਾਲ ਗੜੂੰਦ 'ਸਾਡੀਆਂ ਰਸਮਾਂ ਸਾਡੇ ਗੀਤ' ਦੀ ਰਚਨਾ ਕੀਤੀ ਹੈ। ਇਸ ਵਿਚ ਪੰਜਾਬੀ ਸਭਿਆਚਾਰ ਠਾਠਾਂ ਮਾਰ ਰਿਹਾ ਹੈ। ਪੰਜਾਬੀ ਜੀਵਨ ਦਾ ਪਲ-ਪਲ ਲੋਕ ਗੀਤਾਂ ਵਿਚ ਪਰੋਇਆ ਮਿਲਦਾ ਹੈ ਅਤੇ ਰਸਮਾਂ-ਰਿਵਾਜ਼ਾਂ ਨੂੰ ਪ੍ਰਨਾਏ ਲੋਕ ਗੀਤ ਸਾਡੇ ਸਭਿਆਚਾਰ ਦਾ ਸਰਮਾਇਆ ਹਨ। ਲਿਖਾਰੀ ਨੇ ਇਨ੍ਹਾਂ ਰੀਤਾਂ ਦੇ ਪ੍ਰਸੰਗ ਵਿਚ ਲੋਕ ਗੀਤਾਂ ਬਾਰੇ ਸੱਦ ਲਾਈ ਹੈ ਜੋ ਅਸੀਂ ਗਾਹੇ-ਬਗਾਹੇ ਆਪਣੇ ਪਾਠਕਾਂ ਨਾਲ ਸਾਂਝੀ ਕਰਦੇ ਰਹਾਂਗੇ। ਐਤਕੀਂ ਉਨ੍ਹਾਂ ਜਨਮ ਵੇਲੇ ਦੇ ਲੋਕ ਗੀਤਾਂ ਬਾਰੇ ਗੱਲਾਂ ਛੋਹੀਆਂ ਹਨ। -ਸੰਪਾਦਕ*



**ਨੀਲਮ ਸੈਣੀ**
ਫੋਨ: 510-502-0551

ਪੰਜਾਬੀ ਸਭਿਆਚਾਰ ਵਿਚ ਜਦੋਂ ਵੀ ਕਿਸੇ ਘਰ ਪੁੱਤਰ ਜਨਮ ਲੈਂਦਾ ਹੈ ਤਾਂ ਜਸ਼ਨ ਮਨਾਏ ਜਾਂਦੇ ਹਨ। 'ਜੱਗ ਵਿਚ ਸੀਰ ਪਈ' ਆਮ ਆਖਿਆ ਜਾਂਦਾ ਹੈ। 'ਵੇਲ ਵਧੀ' ਮੰਨੀ ਜਾਂਦੀ ਹੈ। ਘਰ ਵਿਚ ਵਧਾਈਆਂ ਦੇਣ ਵਾਲਿਆਂ ਅਤੇ ਲਾਗੀਆਂ ਦਾ ਤਾਂਤਾ ਲੱਗਿਆ ਰਹਿੰਦਾ ਹੈ। ਪਹਿਲਾਂ-ਪਹਿਲ ਲਾਗੀ ਬੂਹੇ ਤੇ ਅੰਬ ਦੇ ਪੱਤੇ ਬੰਨ੍ਹਣ ਆਉਂਦੇ, ਨਵ-ਜਨਮੇ ਬੱਚੇ ਲਈ ਲੱਕੜੀ ਦਾ ਗਡੀਰਨਾ ਵਿਹੜੇ ਵਿਚ ਰੱਖਦੇ ਸਨ। 'ਵਧਾਈ ਹੋਵੇ' ਦੀ ਆਵਾਜ਼ ਕੰਨਾਂ ਵਿਚ ਪੈਂਦੀ ਸੀ। ਤੜਾਗੀ ਲੈ ਕੇ ਆਈਆਂ ਬਾਜ਼ੀਗਰਨੀਆਂ ਗਿੱਧੇ ਦਾ ਪਿੜ ਬੰਨ੍ਹ ਕੇ ਮੂੰਹ ਮੰਗੀ ਵਧਾਈ ਲੈ ਜਾਂਦੀਆਂ ਸਨ। ਖੁਸਰੇ ਆਪਣੇ ਨਿਵੇਕਲੇ ਅੰਦਾਜ਼ ਵਿਚ 'ਵਧਾਈਆਂ' ਦਿੰਦੇ ਅਤੇ ਮੂੰਹ ਮੰਗੀ ਵਧਾਈ ਲੈਂਦੇ ਸਨ।

ਅਜੋਕੇ ਸਮੇਂ ਵਿਚ ਵੀ ਪੁੱਤਰ ਜੰਮਣ ਦੀ ਖੁਸ਼ੀ ਵਿਚ ਸਾਰੇ ਰਿਸ਼ਤੇਦਾਰਾਂ ਦੇ ਘਰਾਂ ਵਿਚ ਲੱਡੂਆਂ ਦੇ ਡੱਬੇ ਵੰਡੇ ਜਾਂਦੇ ਹਨ। ਧੀਆਂ-ਭੈਣਾਂ ਨੂੰ ਵਧਾਈ ਦੇ ਰੂਪ ਵਿਚ ਤੋਹਫੇ ਦਿਤੇ ਜਾਂਦੇ ਹਨ। ਅਨੇਕਾਂ ਸ਼ਗਨ ਮਨਾਏ ਜਾਂਦੇ ਅਤੇ ਘੋੜੀਆਂ ਗਾਈਆਂ ਜਾਂਦੀਆਂ ਹਨ। ਪੰਜਾਬੀ ਦਾ ਅਖਾਣ 'ਪੁੱਤ ਜੰਮਦੇ ਹੀ ਲਾੜੇ ਹੁੰਦੇ ਨੇ' ਅਮਲ ਵਿਚ ਆ ਜਾਂਦਾ ਹੈ। ਪੁੱਤਰ ਦੇ ਜਨਮ ਵੇਲੇ ਦੇ ਗੀਤਾਂ ਨੂੰ 'ਬਿਆਈਆਂ' ਆਖਿਆ ਜਾਂਦਾ ਹੈ। ਬਿਆਈਆਂ ਤੋਂ ਪਹਿਲਾਂ ਪੰਜਾਬੀ ਮਾਂਵਾਂ ਨੇ 'ਲੋਰੀਆਂ' ਨੂੰ ਰਚਿਆ ਪ੍ਰਤੀਤ ਹੁੰਦਾ ਹੈ। ਇਸ ਲਈ ਪਹਿਲਾਂ ਲੋਰੀਆਂ ਦੀ ਗੱਲ ਕਰਨਾ ਜ਼ਰੂਰੀ ਹੈ।

**ਲੋਰੀਆਂ:** ਪਹਿਲਾਂ ਪਹਿਲ ਪੰਜਾਬੀਆਂ ਦਾ ਮੁੱਖ ਕਿੱਤਾ ਖੇਤੀ ਸੀ। ਮਰਦ ਸਾਰਾ ਦਿਨ ਘਰੋਂ ਬਾਹਰ ਖੇਤਾਂ ਵਿਚ ਕੰਮ ਕਰਦਾ ਸੀ। ਔਰਤ ਘਰ ਦਾ ਚੁੱਲ੍ਹਾ-ਚੌਂਕਾ ਸਾਂਭਣ ਵਿਚ ਮਸਰੂਫ ਹੁੰਦੀ ਸੀ। ਘਰ ਦੇ ਕੰਮ-ਕਾਰ ਵਿਚ ਰੁਝੀ ਮਾਂ ਰੋਂਦੇ ਹੋਏ ਬੱਚੇ ਨੂੰ ਤੱਕਦੇ ਹੀ ਹਥਲੇ ਕੰਮ ਛੱਡ ਦਿੰਦੀ ਸੀ। ਉਹ ਰੋਂਦੇ ਹੋਏ ਬੱਚੇ ਨੂੰ ਚੁੱਕ ਕੇ ਉਸ ਦਾ ਮੱਥਾ ਚੁੰਮਦੀ, ਵਰਾਉਂਦੀ ਅਤੇ ਥਾਪੜਦੀ ਲੋਰੀਆਂ ਦਿੰਦੀ ਸੀ। ਇਹ ਲੋਰੀਆਂ ਮਾਂ ਦੀ ਮਮਤਾ ਦਾ ਪ੍ਰਗਟਾਵਾ ਹੁੰਦੀਆਂ ਸਨ। ਲੋਰੀ ਦਾ ਉਚਾਰਨ ਅਤੇ ਸੁਰ ਇਲਾਕੇ ਦੇ ਸਭਿਆਚਾਰ ਅਤੇ ਬੋਲੀ ਤੋਂ ਪ੍ਰਭਾਵਿਤ ਹੁੰਦਾ ਸੀ। ਲੋਰੀਆਂ ਵਿਚ ਮਾਂ ਵਲੋਂ ਨਵ ਜਨਮੇ ਬੱਚੇ ਨਾਲ ਹਰ ਰਿਸ਼ਤੇ ਦੀ ਜਾਣ-ਪਛਾਣ ਕਰਵਾਉਣ ਦੀ ਕੋਸ਼ਿਸ ਹੁੰਦੀ ਸੀ। 'ਲੋਰ' ਤੋਂ ਭਾਵ ਦਿਲ ਵਿਚੋਂ ਉਠੀ ਤਰੰਗ ਅਤੇ ਚਾਅ ਹੈ। ਡਾ. ਕਰਨੈਲ ਸਿੰਘ ਥਿੰਦ ਨੇ ਲਿਖਿਆ ਹੈ ਕਿ ਲੋਰੀਆਂ ਪੰਜਾਬ ਦੇ ਅਜਿਹੇ ਲੋਕਗੀਤ ਹਨ, ਜਿਹੜੇ ਮਾਂ ਜਾਂ ਭੈਣ ਦੁਆਰਾ ਬੱਚੇ ਨੂੰ ਚੁੱਪ ਕਰਾਉਣ, ਜੀ ਪਰਚਾਉਣ ਤੇ ਸੁਲਾਉਣ ਲਈ ਗਾਏ ਜਾਂਦੇ ਸਨ। ਲੋਰੀ ਦਾ ਹਲਕੋਰੇ, ਅਥਵਾ ਪੰਘੂੜੇ 'ਤੇ ਝੂਟਿਆਂ ਨਾਲ ਡੂੰਘਾ ਸਬੰਧ ਸੀ। ਬਹੁਤੀ ਵਾਰੀ ਬੱਚੇ ਨੂੰ ਪੰਘੂੜੇ ਵਿਚ ਲਿਟਾ ਕੇ ਝੂਟਿਆਂ ਦੇ ਨਾਲ-ਨਾਲ ਲੋਰੀ ਦੀ ਧੁਨ ਵੀ ਅਲਾਪੀ ਜਾਂਦੀ ਸੀ।

ਦਾਗਿਸਤਾਨੀ ਲੇਖਕ ਰਸੂਲ ਹਮਜ਼ਾਤੋਵ ਆਪਣੀ ਮਾਂ ਦੀਆਂ ਲੋਰੀਆਂ ਨੂੰ ਬਖਸ਼ਿਸ਼ਾਂ ਮੰਨਦੇ ਹੋਏ ਲਿਖਦਾ ਹੈ, "ਮਾਂ ਦੀ ਲੋਰੀ ਤਾਂ ਚਸ਼ਮਾ ਹੈ, ਜਿਹੜਾ ਪਿਆਸ ਬੁਝਾਉਂਦਾ ਹੈ। ਇਹ ਉਹ ਚੁੱਲ੍ਹਾ ਹੈ, ਜਿਹੜਾ ਮੈਨੂੰ ਨਿੱਘ ਦਿੰਦਾ ਹੈ।"

ਇਨ੍ਹਾਂ ਲੋਰੀਆਂ ਵਿਚ ਹਰ ਰਿਸ਼ਤੇ ਦੇ ਜ਼ਿਕਰ ਅਤੇ ਅਹਿਮੀਅਤ ਦੀ ਝਲਕ ਮਨ ਮੋਹ ਲੈਂਦੀ ਸੀ। ਲੋਰੀਆਂ ਨਵ-ਜਨਮੇ ਰੋਂਦੇ ਬਾਲ ਨੂੰ ਚੁੱਪ ਕਰਾਉਣ ਅਤੇ ਵਰਾਉਣ ਲਈ ਹੀ ਨਹੀਂ, ਸਗੋਂ ਨੀਂਦ ਦੀ ਗੋਦ ਤੱਕ ਪਹੁੰਚਾਉਣ ਲਈ ਦਿਤੀਆਂ ਜਾਂਦੀਆਂ ਸਨ। ਇਸ ਤੋਂ ਵੀ ਵੱਧ ਇਹ ਮਾਂ ਦੀ ਮਮਤਾ ਅਤੇ ਅਸੀਸਾਂ ਨਾਲ ਬਣੀ ਹੋਈ ਮਾਖਿਓਂ ਮਿੱਠੀ ਚਾਸ਼ਣੀ ਸਨ। ਅਜੋਕੇ ਸਮਾਜ ਵਿਚ ਕੰਮ-ਕਾਜੀ ਮਾਂਵਾਂ ਕੋਲ ਲੋਰੀਆਂ ਦਾ ਵਕਤ ਨਹੀਂ ਰਿਹਾ। ਦਾਦੀਆਂ-ਨਾਨੀਆਂ ਬੱਚੇ ਨੂੰ ਚੁੱਕਦੇ ਵਕਤ ਲੋਰੀਆਂ ਜ਼ਰੂਰ ਦੇ ਰਹੀਆਂ ਹਨ।

ਅਮਰੀਕਾ ਵਿਚ ਆਮ ਕਰ ਕੇ ਬੱਚੇ ਨੂੰ ਜੰਮਦੇ ਹੀ ਕਰਿੱਬ ਵਿਚ ਪਾ ਦਿਤਾ ਜਾਂਦਾ ਹੈ। ਉਸ ਦੇ ਸੌਣ ਲਈ ਸੀ.ਡੀ. ਲਗਾ ਕੇ ਮਧੁਰ ਸੰਗੀਤਕ ਧੁਨਾਂ ਛੇੜ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਨੂੰ ਅੰਗਰੇਜ਼ੀ ਵਿਚ 'ਲਾਲਾ ਬਾਈ' ਕਿਹਾ ਜਾਂਦਾ ਹੈ।

*-0-*



## ਲੋਰੀਆਂ

ਅੱਲੜ ਬੱਲੜ ਬਾਵੇ ਦਾ,
ਬਾਵਾ ਕਣਕ ਲਿਆਵੇਗਾ।
ਬਾਵੀ ਬਹਿ ਕੇ ਛੱਟੇਗੀ,
ਖਰਾਸੋਂ ਕਣਕ ਪਿਹਾਮਾਂਗੇ।
ਆਟਾ ਘਰ ਲਿਆਮਾਂਗੇ,
ਬਾਵੀ ਮੰਨ ਪਕਾਵੇਗੀ।
ਬਾਵਾ ਬਹਿ ਕੇ ਖਾਵੇਗਾ,
ਛੇਤੀ ਵੱਡਾ ਹੋਵੇਗਾ।
ਖੇਡੇਗਾ ਤੇ ਮੱਲ੍ਹੇਗਾ,
ਸੁਹਣੀ ਵੌਟ੍ਹੀ ਲਿਆਵੇਗਾ।

ਅਲੱੜ ਬੱਲੜ ਬਾਵੇ ਦਾ,
ਬਾਵਾ ਰੂੰ ਲਿਆਵੇਗਾ।
ਬਾਵੀ ਪੂਣੀਆਂ ਵੱਟੇਗੀ,
ਬਹਿ ਕੇ ਸੂਤ ਉਣਾਂਮਣਗੇ।
ਸੁਹਣੇ ਕੱਪੜੇ ਪਾਮਣਗੇ,
ਨਾਨਕਿਆਂ ਦੇ ਜਾਮਣਗੇ।

ਸੌਂ ਜਾ ਅੱਬੂ ਸੌਂ ਜਾ,
ਲਾਲ ਪਲੰਘ 'ਤੇ ਸੌਂ ਜਾ।
ਸੁਹਣੇ ਕੱਪੜੇ ਪਾਮਾਂਗੇ,
ਨਾਨਕਿਆਂ ਦੇ ਜਾਮਾਂਗੇ।
ਖੀਰ ਪੂੜੇ ਖਾਮਾਂਗੇ,
ਮੋਟੇ ਹੋ ਕੇ ਆਮਾਂਗੇ।

ਸੌਂ ਜਾ ਕਾਕਾ ਤੂੰ,
ਤੇਰੇ ਬੋਦੇ ਲੜ ਗਈ ਜੂੰ।
ਕੱਢਣ ਵਾਲੀਆਂ ਮਾਸੀਆਂ,
ਕਢਾਉਣੇ ਵਾਲਾ ਤੂੰ।

ਕਾਕਾ ਆਇਆ ਖੇਲ੍ਹ ਕੇ,
ਰੋਟੀ ਦੇਈਏ ਵੇਲ ਕੇ।
ਕਾਕਾ ਆਇਆ ਦੂਰੋਂ,
ਮੰਨ ਪੱਕੇ ਤੰਦੂਰੋਂ।
ਕਾਕਾ ਆਇਆ ਵਾਂਢਿਓਂ,
ਗੁੜ ਕੱਢੀਏ ਕੋਰੇ ਭਾਂਡਿਓਂ।

ਰਾਜੇ ਬੇਟੇ ਸੌਂ ਜਾ,
ਲਾਲ ਪਲੰਘ 'ਤੇ ਸੌਂ ਜਾ।
ਮੰਮੀ ਡੈਡੀ ਆਉਣਗੇ,
ਕਈ ਖਿਡੌਣੇ ਲਿਆਉਣਗੇ।
ਇਕ ਖਿਡੌਣਾ ਟੁੱਟ ਗਿਆ,
ਰਾਜਾ ਬੇਟਾ ਰੁੱਸ ਗਿਆ,
ਇਕ ਖਿਡੌਣਾ ਹੋਰ ਲਿਆਓ,
ਰਾਜੇ ਬੇਟੇ ਦੌੜ ਕੇ ਆਓ।

ਆਮਾਂ ਵੇ ਆਮਾਂ!
ਦੂਰ ਕੁੱਤਿਆ ਵੇ ਦੂਰ ਕਾਮਾਂ।
ਤੈਨੂੰ ਘਿਓ ਦੀ ਚੂਰੀ ਪਾਮਾਂ,
ਤੇਰੀ ਸੋਨੇ ਚੁੰਝ ਮੜ੍ਹਾਮਾਂ।
ਅੱਬੂ ਦੀਆਂ ਦੂਰ ਬਲਾਮਾਂ,
ਅੱਬੂ ਮੇਰਾ ਸੌਂ ਜਾਵੇ।
ਰਾਜਾ ਬੇਟਾ ਸੌਂ ਜਾਵੇ।

ਝੂਟੇ ਮਾਈਆਂ ਦੇ,
ਕੰਨ ਖੜ੍ਹੇ ਭਰਾਈਆਂ ਦੇ।
ਮਾਈਏ ਬੁੱਢੀਏ!
ਕਾਲੀ ਨ੍ਹੇਰੀ ਆਈ ਆ।
ਚਰਖਾ ਪੂਣੀ ਚੁੱਕ ਲਾ,
ਕਾਕੇ ਨੂੰ ਵੀ ਚੁੱਕ ਲਾ।

ਲੈ ਲਾ ਲੋਰੀ!
ਲੋਰੀ ਮੈਂ ਲਾਲ ਨੂੰ ਦੇਮਾਂ।
ਨੀ ਤੂੰ ਲੈ ਲਾ ਭੂਆ,
ਤੈਨੂੰ ਤੇਵਰ ਸੂਹਾ।
ਲੋਰੀ ਮੈਂ ਲਾਲ ਨੂੰ ਦੇਮਾਂ।
ਨੀ ਤੂੰ ਲੈ ਲਾ ਮਾਸੀ,
ਤੈਨੂੰ ਖੜ੍ਹਨ ਮਰਾਸੀ।
ਲੋਰੀ ਮੈਂ ਲਾਲ ਨੂੰ ਦੇਮਾਂ...

ਲਲਾ ਲਲਾ ਲੋਰੀ,
ਦੂਧ ਕੀ ਕਟੋਰੀ।
ਦੂਧ ਮੇਂ ਪਤਾਸਾ,
ਮੁੰਨਾ ਕਰੇ ਤਮਾਸ਼ਾ।
ਆਲਿਓਂ ਕੱਢਾਂ ਘਿਓ।
ਚੁੱਕ ਬਣਾਈਆਂ ਪਿੰਨੀਆਂ,
ਖਾਏ ਮੁੰਡੇ ਦਾ ਪਿਓ।

ਝੀਮ ਝੀਮ ਤਾਰਿਆ।
ਨਾਲੇ ਤੇਰੀ ਬੋਦੀ ਪੁੱਟੀ,
ਨਾਲੇ ਤੈਨੂੰ ਮਾਰਿਆ।

ਚੰਦਾ ਮਾਮਾ ਦੂਰ ਕੇ,
ਵੜੇ ਪਕਾਏ ਬੂਰ ਕੇ।
ਆਪ ਖਾਏ ਥਾਲੀ ਮੇਂ,
ਮੁਝੇ ਦੇ ਪਿਆਲੀ ਮੇਂ।

ਸੌਂ ਜਾ ਮੁੰਨਾ ਰਾਜਾ,
ਹੇਠ ਘੋੜਾ ਤਾਜ਼ਾ।
ਸੋਨੇ ਦੀ ਪੌੜੀ,
ਚਾਂਦੀ ਦਾ ਦਰਵਾਜ਼ਾ।

ਸੌਂ ਜਾ ਕਾਕਾ ਬੱਲੀ,
ਤੇਰੀ ਮਾਂ ਵਜਾਵੇ ਟੱਲੀ।
ਤੇਰਾ ਪਿਓ ਵਜਾਵੇ ਛੈਣੇ,
ਤੇਰੀ ਭੂਆ ਪਾਵੇ ਗ੍ਹੈਣੇ।
ਝੂਟੇ ਮਾਟੇ, ਝੂਟੇ ਮਾਟੇ,
ਅੰਬ ਪੱਕੇ ਭਾਈਆਂ ਦੇ।
ਖੱਟੇ ਖੱਟੇ ਤੇਰੇ,
ਮਿੱਠੇ ਮਿੱਠੇ ਮੇਰੇ।

ਚੰਦਾ ਮਾਮਾ ਡੋਰੀਆ,
ਉਤੇ ਸ਼ੱਕਰ ਭੋਰੀਆ।
ਆਪ ਖਾਂਦਾ ਖੰਡ ਘਿਓ,
ਸਾਨੂੰ ਦਿੰਦਾ ਗੁੜ ਆ।

ਚੰਦਾ ਮਾਮਾ ਡੋਰੀਆ,
ਆਪ ਲੈਂਦਾ ਚਿੱਟੀ ਚਾਦਰ,
ਸਾਨੂੰ ਦਿੰਦਾ ਡੋਰੀਆ...
ਛੋਟਾ ਕਾਕਾ ਰਾਜਾ,
ਹੇਠ ਘੋੜਾ ਤਾਜਾ।
ਕੌਲੀ ਭਰੀ ਖੀਰ ਦੀ,
ਜੰਵ ਮੇਰੇ ਵੀਰ ਦੀ।

# ਸੱਚੀਆਂ ਕਹਾਣੀਆਂ ਦੇ ਝਰੋਖੇ 'ਚੋਂ ਹੋਮਿਓਪੈਥਿਕ ਚਮਤਕਾਰ


## ਪੁਸਤਕ ਰਿਵਿਊ

**ਲੇਖਕ: ਡਾ. ਗੋਬਿੰਦਰ ਸਿੰਘ ਸਮਰਾਓ**
**ਪੁਸਤਕ: ਸੋ ਦੁਖੁ ਕੈਸਾ ਪਾਵੈ**
**ਕੀਮਤ: 300 ਰੁਪਏ**
**ਗ੍ਰੇਸ਼ੀਅਸ ਬੁਕਸ ਪਬਲਿਸ਼ਰਜ਼**
**ਸ਼ਾਲੀਮਾਰ ਪਲਾਜ਼ਾ,**
**ਪਟਿਆਲਾ (ਪੰਜਾਬ)**

ਡਾ. ਗੋਬਿੰਦਰ ਸਿੰਘ ਸਮਰਾਓ ਦੀ ਨਿਰਗਲਪ ਕਹਾਣੀ ਸੰਗ੍ਰਿਹ 'ਸੋ ਦੁਖੁ ਕੈਸਾ ਪਾਵੈ' ਹੋਮੀਓਪੈਥੀ ਬਾਰੇ ਨਿਵੇਕਲੀ ਅਤੇ ਵਿਲੱਖਣ ਰਚਨਾ ਹੈ। ਹੋਮੀਓਪੈਥੀ ਕਲਾਤਮਿਕ, ਵਿਗਿਆਨਿਕ ਅਤੇ ਪ੍ਰਭਾਵਸ਼ਾਲੀ ਚਕਿਤਿਸਾ ਪ੍ਰਣਾਲੀ ਹੈ। ਇਸ ਨੂੰ ਆਮ ਬੰਦੇ ਨੂੰ ਸਮਝਣਾ ਅਤੇ ਸਮਝਾਉਣਾ ਬਹੁਤ ਮੁਸ਼ਕਿਲ ਹੈ। ਇਸ ਕਿਤਾਬ ਵਿਚ ਡਾ. ਸਮਰਾਓ ਨੇ ਆਮ ਬੰਦੇ ਨੂੰ ਹੋਮੀਓਪੈਥੀ ਦੀਆਂ ਰੋਗਾਂ ਤੋਂ ਛੁਟਕਾਰਾ ਪਾਉਣ ਦੀਆਂ ਕਮਾਲ ਸ਼ਕਤੀਆਂ ਦਾ ਨਿਵੇਕਲੇ ਢੰਗ 'ਕਹਾਣੀ ਕਲਾ' ਨਾਲ ਸਮਝਾਉਣ ਦਾ ਸੁਹਿਰਦ ਯਤਨ ਕੀਤਾ ਹੈ। ਉਨ੍ਹਾਂ 'ਹੋਮੀਓਪੈਥੀ ਵਿਚਾਰੀ-ਪਰਉਪਕਾਰੀ ਅਤੇ ਚਮਤਕਾਰੀ' ਦੇ ਵਾਕ ਨੂੰ ਪੂਰੀ ਤਰ੍ਹਾਂ ਸਿੱਧ ਕਰ ਦਿਖਾਇਆ ਹੈ। ਹੋਮੀਓਪੈਥੀ ਉਤੇ ਅੰਗਰੇਜ਼ੀ ਭਾਸ਼ਾ ਵਿਚ ਬਹੁਤ ਕੁਝ ਲਿਖਿਆ ਮਿਲਦਾ ਹੈ ਪਰ ਪੰਜਾਬੀ ਭਾਸ਼ਾ ਵਿਚ ਬਹੁਤ ਘੱਟ, ਖਾਸ ਕਰਕੇ ਪ੍ਰਭਾਵਸ਼ਾਲੀ ਤਰੀਕੇ ਨਾਲ ਸਮਝਾਉਣ ਦੇ ਮਾਮਲੇ ਵਿਚ।

ਭਾਵੇਂ ਲੇਖਕ ਇਤਿਹਾਸ, ਰਾਜਨੀਤੀ, ਵਿਗਿਆਨ, ਧਰਮ ਅਤੇ ਫਿਲਾਸਫੀ ਅਧਿਐਨ ਦਾ ਸਮਰਾਟ ਗਿਆਤਾ ਹੈ ਪਰ ਉਨ੍ਹਾਂ ਦੇ 45 ਸਾਲਾਂ ਤੋਂ ਵੱਧ ਰਜਿਸਟਰਡ ਹੋਮੀਓਪੈਥ ਹੋਣ ਦੇ ਨਾਤੇ ਅਤੇ ਤਜਰਬੇ ਦੇ ਨਤੀਜੇ ਵਜੋਂ ਸੱਚੀਆਂ ਕਹਾਣੀਆਂ 'ਤੇ ਆਧਾਰਤ ਇਹ ਪਲੇਠਾ ਕਹਾਣੀ ਸੰਗ੍ਰਿਹ ਹੈ। ਇਸ ਸੰਗ੍ਰਿਹ ਵਿਚ ਕੁਲ 16 ਕਹਾਣੀਆਂ ਦੇ ਸਿਰਲੇਖ ਬਾਬੇ ਨਾਨਕ ਦੀ ਸੱਚੀ ਬਾਣੀ ਦੀਆਂ ਤੁਕਾਂ ਉਤੇ ਆਧਾਰਤ ਹਨ। ਕਿਸੇ ਵੀ ਕਹਾਣੀ ਨੂੰ ਪੜ੍ਹਨਾ ਸ਼ੁਰੂ ਕਰੋ, ਅਖੀਰ ਤੱਕ ਜਗਿਆਸਾ ਬਣੀ ਰਹਿੰਦੀ ਹੈ। ਸਾਰੀਆਂ ਕਹਾਣੀਆਂ ਹੀ 'ਕਹਾਣੀ ਰਸ' ਨਾਲ ਭਰਪੂਰ ਹਨ। ਵਾਰ ਵਾਰ ਕਹਾਣੀਆਂ ਪੜ੍ਹਨ ਨੂੰ ਜੀਅ ਕਰਦਾ ਹੈ।

ਲੇਖਕ ਨੇ ਭਾਵੇਂ ਸੱਚੀਆਂ ਕਹਾਣੀਆਂ ਲਿਖੀਆਂ ਹਨ ਫਿਰ ਵੀ ਉਸ ਨੇ ਪਾਠਕਾਂ ਨੂੰ ਕਿਤਾਬ ਦੇ ਸ਼ੁਰੂ ਵਿਚ ਚਿਤਾਵਨੀ ਦਿਤੀ ਹੈ ਕਿ ਜਿੰਨਾ




ਮਰਜੀ ਕਿਸੇ ਦੀ ਬੀਮਾਰੀ ਕਹਾਣੀ ਵਿਚਲੇ ਮਰੀਜ ਨਾਲ ਮਿਲਦੀ ਹੋਵੇ, ਕਿਸੇ ਦਵਾਈ ਦਾ ਪ੍ਰਯੋਗ



*ਡਾ. ਗੋਬਿੰਦਰ ਸਿੰਘ ਸਮਰਾਓ*

ਆਪਣੇ ਆਪ ਨਹੀਂ ਕਰਨਾ। ਚੰਗੇ ਸਿਆਣੇ ਹੋਮੀਓਪੈਥ ਦੀ ਸਲਾਹ ਨਾਲ ਹੀ ਆਪਣੀ ਮਰਜ ਦਾ ਇਲਾਜ ਕਰਵਾਉਣ ਦਾ ਮਸ਼ਵਰਾ ਦਿੱਤਾ ਹੈ।

ਮਹਿੰਗੀਆਂ ਇਲਾਜ ਪ੍ਰਣਾਲੀਆਂ ਦੇ ਮੁਕਾਬਲੇ ਹੋਮੀਓਪੈਥੀ ਬਾਰੇ ਵਧੀਆ ਢੰਗ ਨਾਲ ਜਾਣਕਾਰੀ ਦਿਤੀ ਗਈ ਹੈ। ਬਹੁਤ ਘੱਟ ਖਰਚ ਨਾਲ ਅਤੇ ਸਮੇਂ ਸਿਰ ਇਲਾਜ ਕਰਵਾਉਣ ਨਾਲ ਕੀਮਤੀ ਜ਼ਿੰਦਗੀਆਂ ਬਚ ਸਕਦੀਆਂ ਹਨ ਜਾਂ ਬਹੁਤ ਦੁਖ ਭੋਗ ਰਹੇ ਲੋਕਾਂ ਦੇ ਦੁਖਾਂ ਨੂੰ ਘੱਟ ਕਰਨ ਵਿਚ ਸਹਾਈ ਹੋ ਸਕਦੀ ਹੈ। ਹੋਮੀਓਪੈਥੀ ਬਾਰੇ ਗਲਤ ਧਾਰਨਾਵਾਂ ਬਾਰੇ ਵੀ ਕਹਾਣੀਆਂ ਰਾਹੀਂ ਸਪਸ਼ਟੀਕਰਨ ਦਿਤੇ ਗਏ ਹਨ, ਜਿਵੇਂ ਹੋਮੀਓਪੈਥਿਕ ਇਲਾਜ ਬਹੁਤ ਹੌਲੀ ਹੌਲੀ ਹੁੰਦਾ ਹੈ ਜਾਂ ਲੰਮਾ ਸਮਾਂ ਚਲਦਾ ਹੈ ਜਾਂ ਹੋਮੀਓਪੈਥਿਕ ਦਵਾਈ ਬਹੁਤ ਦੇਰ ਨਾਲ ਅਸਰ ਕਰਦੀ ਹੈ। ਇਸ ਬਾਰੇ ਡਾ. ਸਮਰਾਓ ਸਪਸ਼ਟ ਕਰਦੇ ਹਨ ਕਿ ਹੋਮੀਓਪੈਥਿਕ ਦਵਾਈਆਂ ਬਿਜਲੀ ਦੀ ਤੇਜੀ ਵਾਂਗ ਅਸਰ ਕਰਦੀਆਂ ਹਨ ਅਤੇ ਇਨ੍ਹਾਂ ਦੇ ਦੁਰਪ੍ਰਭਾਵ ਬਿਲਕੁਲ ਵੀ ਨਹੀਂ ਹਨ।

ਕਹਾਣੀਆਂ ਵਿਚਲਾ ਵਾਰਤਾਲਾਪ ਹੋਮੀਓਪੈਥਿਕ ਦਵਾਈਆਂ ਵਿਚ ਛੁਪੀ ਸ਼ਕਤੀ ਨੂੰ ਜੱਗ-ਜ਼ਾਹਰ ਕਰਦਾ ਹੈ। ਹਰ ਕਹਾਣੀ ਵਿਚ ਦੁਖੀ, ਬੇ-ਜਾਨ ਅਤੇ ਗੁਮਰਾਹ ਹੋਇਆ ਮਰੀਜ ਸੁਲਝੇ ਹੋਏ ਡਾਕਟਰ ਤੋਂ ਇਲਾਜ ਕਰਵਾ ਕੇ ਤੰਦਰੁਸਤ ਮਹਿਸੂਸ ਕਰਦਾ ਜੀਵਨ ਭੋਗਦਾ ਹੈ। ਇਹ ਆਮ ਜਨਤਾ ਨੂੰ ਵਧੀਆ ਸੇਧ ਦੇਣ ਦਾ ਸ਼ਲਾਘਾਯੋਗ ਉਪਰਾਲਾ ਹੈ।

*-ਅਮਰਜੀਤ ਸਿੰਘ ਤੂਰ*
*ਫੋਨ: 91-98784-69639*

# ਸਿੱਖ ਰਾਜ ਦੀ ਪਹਿਲੀ ਰਾਜਧਾਨੀ ਗੁਰਦੁਆਰਾ ਲੋਹਗੜ੍ਹ

***ਬੰਦਾ ਬਹਾਦਰ ਉਰਫ ਬਾਬਾ ਬੰਦਾ ਸਿੰਘ ਬਹਾਦਰ ਉਰਫ ਲਛਮਣ ਦੇਵ ਉਰਫ ਮਾਧੋ ਦਾਸ (27 ਅਕਤੂਬਰ-9 ਜੂਨ 1916) ਬੇਮਿਸਾਲ ਯੋਧਾ ਸੀ। ਸਿੱਖ ਜਗਤ ਨੇ ਉਸ ਦੀ ਦੇਣ ਨੂੰ ਪਛਾੜ ਕੇ ਪਛਾਣਿਆ। ਦੇਸ-ਪਰਦੇਸ ਵਿਚ ਉਨ੍ਹਾਂ ਦੀ ਸ਼ਹਾਦਤ ਦੀ ਤੀਜੀ ਸ਼ਤਾਬਦੀ ਮਨਾਈ ਗਈ। 'ਪੰਜਾਬ ਟਾਈਮਜ਼' ਨਾਲ ਜੁੜੇ ਪ੍ਰੋ. ਹਰਪਾਲ ਸਿੰਘ ਨੇ ਬਾਬਾ ਬੰਦਾ ਬਹਾਦਰ ਵੱਲੋਂ ਸਥਾਪਿਤ ਸਿੱਖ ਰਾਜ ਦੀ ਪਹਿਲੀ ਰਾਜਧਾਨੀ ਲੋਹਗੜ੍ਹ (ਸਢੌਰਾ, ਹਰਿਆਣਾ) ਦੀ ਯਾਤਰਾ ਕੀਤੀ ਗਈ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਵਿਚ ਬਾਬਾ ਬੰਦਾ ਬਹਾਦਰ ਵੱਲੋਂ ਜ਼ੁਲਮਤ ਖਿਲਾਫ ਬੁਲੰਦ ਕੀਤੀ ਆਵਾਜ਼ ਸਾਫ ਸੁਣਾਈ ਦਿੰਦੀ ਹੈ। -ਸੰਪਾਦਕ***

ਜਿਹੜੀਆਂ ਕੌਮਾਂ ਆਪਣੇ ਇਤਿਹਾਸਕ ਵਿਰਸੇ ਤੋਂ ਸੱਖਣੀਆਂ ਹੋ ਜਾਂਦੀਆਂ ਹਨ, ਇਤਿਹਾਸਕ ਯਾਦਗਾਰਾਂ ਨੂੰ ਮਿਟਾਉਣ ਦੇ ਕੁਰਾਹੇ ਪੈ ਜਾਂਦੀਆਂ ਹਨ, ਜਾਂ ਨਵੀਨੀਕਰਨ ਦੀ ਅੰਨ੍ਹੀ ਦੌੜ ਵਿਚ ਭਟਕ ਜਾਂਦੀਆਂ ਹਨ, ਉਹ ਘੁੱਪ ਹਨੇਰੇ ਦੇ ਅਥਾਹ ਸਾਗਰ ਵਿਚ ਗਰਕ ਹੋ ਜਾਂਦੀਆਂ ਹਨ। ਸੰਸਾਰਕ ਵਪਾਰੀਕਰਨ ਦੀ ਸੋਚ ਨੇ ਸਿੱਖੀ ਮਾਨਸਿਕਤਾ ਦਾ ਵੀ ਵਪਾਰੀਕਰਨ ਕਰ ਦਿਤਾ ਹੈ। ਕਿਸੇ ਕੌਮ ਨੂੰ ਨਸ਼ਟ ਕਰਨ ਵਿਚ ਪਹਿਲਾ ਕਦਮ ਉਸ ਦੀ ਯਾਦਾਸ਼ਤ ਮੇਟਣਾ ਹੁੰਦਾ ਹੈ। ਇਸ ਦੀਆਂ ਕਿਤਾਬਾਂ, ਸਭਿਆਚਾਰ ਅਤੇ ਇਤਿਹਾਸ ਨੂੰ ਤਬਾਹ ਕਰ ਦਿਉ, ਫਿਰ ਕਿਸੇ ਕੋਲੋਂ ਨਵੀਆਂ ਪੁਸਤਕਾਂ ਲਿਖਾ ਲਉ, ਨਵਾਂ ਇਤਿਹਾਸ ਰਚ ਲਉ। ਕੁਝ ਚਿਰ ਬਾਅਦ ਉਹ ਕੌਮ ਆਪੇ ਹੀ ਇਹ ਗੱਲ ਭੁੱਲ ਜਾਵੇਗੀ ਕਿ ਉਹ ਕੀ ਹੈ ਤੇ ਕੀ ਸੀ? (ਮਿਲਾਨ ਕੁੰਦਰਾ)



**ਪ੍ਰੋ. ਹਰਪਾਲ ਸਿੰਘ**
**ਫੋਨ: 916-478-1640**

ਵਪਾਰਕ ਅਤੇ ਆਧੁਨਿਕ ਸੋਚ ਅਧੀਨ ਆਪਣੇ ਇਤਿਹਾਸਕ ਵਿਰਸੇ ਤੋਂ ਮੂੰਹ ਮੋੜਨਾ, ਗੁਰੂਆਂ, ਪੀਰਾਂ, ਯੋਧਿਆਂ ਅਤੇ ਆਪਣੇ ਸੂਰਬੀਰਾਂ ਨੂੰ ਭੁੱਲ ਜਾਣਾ ਅੱਜ ਸਿੱਖ ਜਗਤ ਦੀ ਵੱਡੀ ਤ੍ਰਾਸਦੀ ਹੈ। ਪੀਰੀ ਨੂੰ ਵਿਸਾਰ ਕੇ ਮੀਰੀ ਦਾ ਪੱਲਾ ਫੜ ਲੈਣਾ ਬੱਜਰ ਭੁੱਲ ਹੈ। ਇਹ ਵਰਤਾਰਾ ਸਿੱਖ ਜਗਤ ਵਿਚ ਹਰ ਪਲ, ਹਰ ਘੜੀ ਅਤੇ ਹਰ ਰੋਜ਼ ਹੋ ਰਿਹਾ ਹੈ। ਹੋਰ ਵਰਗਾਂ ਵਾਂਗ ਸਿੱਖ ਜਗਤ ਵੀ ਦੌਲਤ, ਸ਼ੋਹਰਤ, ਵਡਿਆਈ, ਰੁਤਬੇ ਤੇ ਚੌਧਰ ਦਾ ਸ਼ਿਕਾਰ ਹੋ ਗਿਆ ਹੈ ਅਤੇ ਅੱਜ ਇਹ ਤਮਾਸ਼ਾ ਦੇਖ ਰਿਹਾ ਹੈ। ਗੂੰਗੇ ਤੇ ਬਹਿਰੇ ਲੋਕਾਂ ਤੋਂ ਭਲਾ ਕੀ ਆਸ ਕੀਤੀ ਜਾ ਸਕਦੀ ਹੈ? ਜੇ ਕੋਈ ਸਿਰ ਫਿਰਿਆ ਯਤਨ ਕਰਨ ਦੀ ਕੋਸ਼ਿਸ਼ ਕਰਦਾ ਵੀ ਹੈ ਤਾਂ ਉਸ ਉਪਰ ਗੱਦਾਰ ਹੋਣ ਦਾ ਲੇਬਲ ਚਿਪਕਾ ਦਿਤਾ ਜਾਂਦਾ ਹੈ; ਜਾਂ ਇੰਜ ਕਹਿ ਲਵੋ ਕਿ ਉਸ ਦਾ ਮੱਕੂ ਠੱਪ ਦਿਤਾ ਜਾਂਦਾ ਹੈ।

ਰੀਝ ਸੀ ਕਿ ਸਿੱਖ ਜਗਤ ਦੀਆਂ ਬਾਕੀ ਬਚੀਆਂ ਯਾਦਗਾਰਾਂ ਸੰਭਾਲਣ ਦਾ ਯਤਨ ਕਰਾਂ। ਕੁਝ ਆਪਣੀਆਂ ਮਜਬੂਰੀਆਂ, ਕੁਝ ਸਮੇਂ ਦੀ ਬੇਵਫਾਈ ਕਾਰਨ ਗੱਲ ਲੰਬੀ ਹੁੰਦੀ ਗਈ। ਫਿਰ 14 ਮਾਰਚ ਨੂੰ ਸਿੱਖ ਰਾਜ ਦੀ ਪਹਿਲੀ ਰਾਜਧਾਨੀ ਲੋਹਗੜ੍ਹ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ।

ਚੰਡੀਗੜ੍ਹ ਤੋਂ ਨਰਾਇਣਗੜ੍ਹ (ਹਰਿਆਣਾ) ਜਾਣ ਲਈ ਬੱਸ ਮਿਲਦੀ ਹੈ ਅਤੇ ਇਹ ਸਫਰ ਲਗਭਗ ਦੋ ਘੰਟੇ ਦਾ ਹੈ। ਨਰਾਇਣਗੜ੍ਹ ਤੋਂ ਬਿਲਾਸਪੁਰ ਬੱਸਾਂ ਚਲਦੀਆਂ ਹਨ, ਪਰ ਰਸਤੇ ਵਿਚ ਉਸ ਮਹਾਨ ਸਥਾਨ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਹੈ ਜਿਸ ਨੂੰ ਗੁਰੂ ਗੋਬਿੰਦ ਸਿੰਘ, ਪੀਰ ਬੁੱਧੂ ਸ਼ਾਹ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਚਰਨਾਂ ਦੀ ਛੋਹ ਪ੍ਰਾਪਤ ਹੈ। ਇਸ ਸਥਾਨ ਦਾ ਨਾਂ ਹੈ-ਸਢੌਰਾ। ਨਰਾਇਣਗੜ੍ਹ ਤੋਂ ਸਢੌਰੇ ਦਾ ਰਾਹ ਅੱਧੇ ਘੰਟੇ ਦਾ ਹੈ। ਇਤਿਹਾਸ ਵਿਚ ਇਸ ਦਾ ਨਾਂ ਸਾਧੂਵਾੜਾ ਵੀ ਆਉਂਦਾ ਹੈ। ਇਹ ਕਿਸੇ ਸਮੇਂ ਬੁੱਧ ਮਤ ਦਾ ਮਸ਼ਹੂਰ ਕੇਂਦਰ ਸੀ, ਪਰ ਸ਼ੰਕਰਾਚਾਰੀਆ ਅਤੇ ਉਸ ਦੇ ਚੇਲਿਆਂ ਨੇ ਇਸ ਨੂੰ ਹਿੰਦੂ ਮੱਠ ਵਿਚ ਤਬਦੀਲ ਕਰ ਦਿਤਾ। ਸਢੌਰਾ ਪ੍ਰਾਚੀਨ ਤੇ ਵੱਡਾ ਸ਼ਹਿਰ ਸੀ ਅਤੇ ਇਥੋਂ ਦਾ ਕਿਲ੍ਹਾ ਵੀ ਬਹੁਤ ਵੱਡਾ ਤੇ ਮਜ਼ਬੂਤ ਸੀ। ਸ਼ਹਿਰ ਦਾ ਹਾਕਮ ਉਸਮਾਨ ਖਾਨ ਸੀ। ਉਸਮਾਨ ਖਾਨ ਨੇ ਗੁਰੂ ਗੋਬਿੰਦ ਸਿੰਘ ਦੇ ਸਿੱਖ, ਸਈਅਦ ਬਦਰ-ਉਦ-ਦੀਨ (ਪੀਰ ਬੁੱਧੂ ਸ਼ਾਹ) ਅਤੇ ਉਸ ਦੇ ਪਰਿਵਾਰ ਉਤੇ ਬੜੇ ਜ਼ੁਲਮ ਢਾਹੇ ਸਨ ਤੇ ਉਨ੍ਹਾਂ ਨੂੰ ਸ਼ਹੀਦ ਕਰ ਦਿਤਾ ਸੀ। ਉਸਮਾਨ ਖਾਨ ਹਿੰਦੂਆਂ ਦੀਆਂ ਧੀਆਂ-ਭੈਣਾਂ ਦੀ ਇੱਜਤ ਲੁੱਟਣ ਦਾ ਕੋਈ ਮੌਕਾ ਹੱਥੋਂ ਨਹੀਂ ਸੀ ਜਾਣ ਦਿੰਦਾ। ਇਸੇ ਕਰ ਕੇ ਹੀ ਕਪੂਰੀ ਦੀ ਜਿੱਤ ਤੋਂ ਬਾਅਦ ਬੰਦਾ ਬਹਾਦਰ ਨੇ ਸਢੌਰੇ ਵੱਲ ਕੂਚ ਕੀਤਾ। ਇਤਿਹਾਸਕਾਰਾਂ ਅਨੁਸਾਰ, ਬੰਦਾ ਬਹਾਦਰ ਦੀ ਫੌਜ ਦੀ ਗਿਣਤੀ 35 ਤੋਂ 40 ਹਜ਼ਾਰ ਤੱਕ ਹੋ ਚੁੱਕੀ ਸੀ। ਜੈਪੁਰ ਰਿਆਸਤ ਦੇ ਸ਼ਾਹੀ ਰਿਕਾਰਡ ਵਿਚ ਇਹ ਗਿਣਤੀ 70 ਹਜ਼ਾਰ ਦੇ ਕਰੀਬ ਦੱਸੀ ਗਈ ਹੈ।

ਲੋਕਾਂ ਦੀ ਫਰਿਆਦ ਸੁਣ ਕੇ ਬਾਬਾ ਬੰਦਾ ਬਹਾਦਰ ਨੇ ਸਢੌਰੇ 'ਤੇ ਹਮਲਾ ਕੀਤਾ ਅਤੇ ਇਸ ਨੂੰ ਫਤਿਹ ਕੀਤਾ। ਨਾਲ ਹੀ ਕਿਲ੍ਹੇ ਨੂੰ ਮੁੜ ਮਜ਼ਬੂਤ ਕੀਤਾ ਗਿਆ ਜਿਸ ਵਿਚ ਖਾਲਸਾ ਫੌਜ ਹਰ ਸਮੇਂ ਤਿਆਰ ਬਰ-ਤਿਆਰ ਰਹਿੰਦੀ ਸੀ। ਬਾਬਾ ਬੰਦਾ ਬਹਾਦਰ ਨੇ ਕਿਲ੍ਹੇ ਦੇ ਸਾਹਮਣੇ ਮੈਦਾਨ ਵਿਚ ਆਪਣੇ ਹੱਥਾਂ ਨਾਲ ਲੱਕੜ ਦੇ ਨਿਸ਼ਾਨ ਸਾਹਿਬ ਦੀ ਸਥਾਪਤੀ ਕੀਤੀ ਜੋ ਅੱਜ ਵੀ ਕਿਲ੍ਹੇ ਦੀ ਖੱਬੀ ਬਾਹੀ ਵੱਲ ਸਥਿਤ ਹੈ। ਇਕ ਪੁਰਾਤਨ ਖੂਹ ਵੀ ਨਿਸ਼ਾਨ ਸਾਹਿਬ ਵਾਲੇ ਪਾਸੇ ਨਜ਼ਰ ਆਉਂਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਬਾਬਾ ਬੰਦਾ ਬਹਾਦਰ ਲੱਕੜ ਦਾ ਇਹ ਨਿਸ਼ਾਨ ਸਾਹਿਬ ਲੋਹਗੜ੍ਹ ਤੋਂ ਆਪਣੇ ਮੋਢੇ ਉਪਰ ਉਠਾ ਕੇ ਲਿਆਏ ਸਨ। ਨਿਸ਼ਾਨ ਸਾਹਿਬ ਦੇ ਸਾਹਮਣੇ ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਹੈ ਜਿਥੇ ਕਿਸੇ ਸਮੇਂ ਉਹ ਠਹਿਰਦੇ ਸਨ। ਸਢੌਰੇ ਵਿਚ ਹੀ ਉਨ੍ਹਾਂ ਦਾ ਵਿਸ਼ਾਲ ਕਿਲ੍ਹਾ ਸੀ ਜੋ ਸਮੇਂ ਨਾਲ ਬਰਬਾਦ ਹੋ ਗਿਆ। ਲੋਕਾਂ ਨੇ ਕਿਲ੍ਹੇ ਦੀ ਚਾਰਦੀਵਾਰੀ ਢਾਹ ਕੇ ਆਪਣੇ ਮਕਾਨ ਬਣਾ ਲਏ ਹਨ। ਕਿਲ੍ਹੇ ਦੀ ਇਕ ਬਾਹੀ ਹੀ ਬਚੀ ਹੈ। ਪੁਰਾਤਨ ਸਮੇਂ ਦੀਆਂ ਤੰਗ ਗਲੀਆਂ ਦੀ ਦਿਖ ਅੱਜ ਵੀ ਨਜ਼ਰ ਆਉਂਦੀ ਹੈ।

ਸਢੌਰੇ ਵਿਚ ਪੀਰ ਬੁੱਧੂ ਸ਼ਾਹ ਦੀ ਯਾਦ ਵਿਚ ਗੁਰਦੁਆਰਾ ਸਥਾਪਤ ਹੈ। ਇਥੇ ਉਨ੍ਹਾਂ ਦਾ ਜਨਮ ਸਥਾਨ ਹੈ। ਪੀਰ ਨੂੰ ਭੇਟ ਕੀਤਾ ਕੰਘਾ ਅਤੇ ਸਿਰ ਦੇ ਕੁਝ ਵਾਲ ਇਥੇ ਗੁਰਦੁਆਰੇ ਵਿਚ ਮੌਜੂਦ ਹਨ। ਸਢੌਰੇ ਦੇ ਤੰਗ ਬਾਜ਼ਾਰਾਂ ਵਿਚ ਅੱਜ ਵੀ ਪੁਰਾਣੀਆਂ ਢਹਿ-ਢੇਰੀ ਹੋਈਆਂ ਹਵੇਲੀਆਂ ਦੇਖਣ ਨੂੰ ਮਿਲਦੀਆਂ ਹਨ। ਜਿਸ ਜਗ੍ਹਾ 'ਤੇ ਮੁਗਲ ਰਾਏਜ਼ਾਦਿਆਂ ਅਤੇ ਉਨ੍ਹਾਂ ਦੇ ਪੈਰੋਕਾਰਾਂ ਦਾ ਕਤਲ ਕੀਤਾ ਗਿਆ ਸੀ, ਉਸ ਨੂੰ ਕਤਲਗੜ੍ਹ ਕਿਹਾ ਜਾਂਦਾ ਹੈ। ਉਥੇ ਹੁਣ ਜੈਨੀਆਂ ਦਾ ਹਾਈ ਸਕੂਲ ਹੈ।

ਸਢੌਰੇ ਤੋਂ ਅਗਲਾ ਸ਼ਹਿਰ ਬਿਲਾਸਪੁਰ ਹੈ। ਲਗਭਗ 16 ਕਿਲੋਮੀਟਰ ਦੇ ਸਫਰ ਲਈ ਅੱਧਾ ਘੰਟਾ ਲੱਗ ਜਾਂਦਾ ਹੈ। ਤਿੰਨ-ਚਾਰ ਮੀਲ 'ਤੇ ਹਿੰਦੂਆਂ ਦਾ ਤੀਰਥ ਕਪਾਲ ਮੋਚਨ ਹੈ। ਇਸ ਵਿਚ ਤਿੰਨ ਮਸ਼ਹੂਰ ਮੰਦਰ-ਸੂਰਜ ਮੰਦਰ, ਕਪਾਲ ਮੋਚਨ ਅਤੇ ਰਿਣ ਮੰਦਰ ਹਨ। ਹਰ ਸਾਲ ਲੱਖਾਂ ਸ਼ਰਧਾਲੂ ਇਨ੍ਹਾਂ ਤੀਰਥ ਦੀ ਯਾਤਰਾ ਕਰਦੇ ਹਨ। ਕਪਾਲ ਮੋਚਨ ਵਿਚ ਹੀ ਸਿੱਖਾਂ ਦੇ ਪਹਿਲੇ ਗੁਰੂ, ਬਾਬੇ ਨਾਨਕ ਦਾ ਗੁਰਦੁਆਰਾ ਹੈ। ਕਿਹਾ ਜਾਂਦਾ ਹੈ ਕਿ ਸੂਤਕ ਸ਼ਬਦ ਦੀ ਰਚਨਾ ਗੁਰੂ ਜੀ ਨੇ ਇਸ ਸਥਾਨ 'ਤੇ ਹੀ ਕੀਤੀ ਸੀ। ਗੁਰੂ ਗੋਬਿੰਦ ਸਿੰਘ ਦਾ ਵੀ ਗੁਰਦੁਆਰਾ ਹੈ। ਗੁਰਦੁਆਰੇ ਦੇ ਸਾਹਮਣੇ ਅਤੇ ਕਪਾਲ ਮੋਚਨ ਦੀ ਸੱਜੀ ਬਾਹੀ ਨਾਲ ਇਕ ਹੋਰ ਗੁਰਦੁਆਰਾ ਹੈ ਜਿਸ ਨੂੰ ਤੰਬੂ ਸਾਹਿਬ ਕਿਹਾ ਜਾਂਦਾ ਹੈ। ਆਮ ਵਿਚਾਰ ਇਹ ਹੈ ਕਿ ਜਦੋਂ ਗੁਰੂ ਜੀ ਕਪਾਲ ਮੋਚਨ ਆਏ ਸਨ ਤਾਂ ਉਨ੍ਹਾਂ ਦੀ ਫੌਜ ਤੰਬੂ ਸਾਹਿਬ ਦੇ ਸਥਾਨ 'ਤੇ ਠਹਿਰੀ ਸੀ।

ਕਪਾਲ ਮੋਚਨ ਦੇ ਮੰਦਰ ਵਿਚ ਦੋ ਹੁਕਮਨਾਮੇ ਹਨ-ਇਕ ਗੁਰੂ ਨਾਨਕ ਤੇ ਦੂਜਾ ਗੁਰੂ ਗੋਬਿੰਦ ਸਿੰਘ ਦਾ। ਦੋਨਾਂ ਦੀ ਹਾਲਤ ਬਹੁਤ ਖਸਤਾ ਹੈ। ਬ੍ਰਾਹਮਣੀ ਸੋਚ ਅਨੁਸਾਰ ਜਦੋਂ ਗੁਰੂ ਗੋਬਿੰਦ ਸਿੰਘ ਕਪਾਲ ਮੋਚਨ ਦੇ ਦਰਸ਼ਨ ਕਰਨ ਆਏ ਸਨ ਤਾਂ ਉਨ੍ਹਾਂ ਨੇ ਪੰਡਿਤ ਰਾਮ ਨਾਥ ਤੋਂ ਚੰਡੀ ਦਾ ਪਾਠ ਕਰਵਾਇਆ ਸੀ। ਭਵਨ ਕੁੰਡ ਤੋਂ ਦਰਗਾ ਦੇਵੀ ਪ੍ਰਗਟ ਹੋਈ ਤੇ ਉਸ ਨੇ ਗੁਰੂ ਜੀ ਨੂੰ ਤਲਵਾਰ ਭੇਟ ਕੀਤੀ। ਗੁਰੂ ਜੀ ਨੇ ਪੰਡਿਤ ਨੂੰ ਆਪਣਾ ਪ੍ਰੋਹਿਤ ਮੰਨਿਆ ਅਤੇ ਸਿੱਖਾਂ ਦੇ ਨਾਮ ਇਹ ਹੁਕਮਨਾਮਾ ਜਾਰੀ ਕੀਤਾ ਕਿ ਜੋ ਵੀ ਪੰਡਿਤਾਂ ਦੀ ਪੂਜਾ ਕਰੇਗਾ, ਉਹ ਉਸ 'ਤੇ ਪ੍ਰਸੰਨ ਹੋਣਗੇ। ਇਹ ਹੁਕਮਨਾਮਾ ਪੰਡਿਤ ਦੇ ਪਰਿਵਾਰ ਕੋਲ ਅੱਜ ਵੀ ਹੈ, ਪਰ ਇਸ ਨੂੰ ਸਪਸ਼ਟ ਰੂਪ ਵਿਚ ਪੜ੍ਹਿਆ ਨਹੀਂ ਜਾ ਸਕਦਾ।

ਬਿਲਾਸਪੁਰ ਤੋਂ 15 ਕਿਲੋਮੀਟਰ ਦੀ ਦੂਰੀ 'ਤੇ ਛੋਟਾ ਜਿਹਾ ਕਸਬਾ ਰਣਜੀਤਪੁਰਾ ਹੈ। ਲੋਹਗੜ੍ਹ ਨੂੰ ਜਾਣ ਲਈ ਬੱਸ ਦਾ ਸਫਰ ਇਥੇ ਆ ਕੇ ਖਤਮ ਹੋ ਜਾਂਦਾ ਹੈ। ਇਸ ਤੋਂ ਬਾਅਦ ਦਾ ਸਫਰ 6 ਕਿਲੋਮੀਟਰ ਦਾ ਹੈ। ਕੋਈ ਬੱਸ ਜਾਂ ਟੈਂਪੂ ਨਹੀਂ ਜਾਂਦਾ। ਰਣਜੀਤਪੁਰਾ ਤੋਂ ਅੱਗੇ ਪਿੰਡ ਭਗਵਾਨਪੁਰ ਹੈ। ਕੱਚੀ ਸੜਕ ਇਥੇ ਆ ਕੇ ਖਤਮ ਹੋ ਜਾਂਦੀ ਹੈ। ਭਗਵਾਨਪੁਰ ਚੋਅ ਦੇ ਕੰਢੇ ਉਤੇ ਹੈ। ਅੱਗੇ ਪਹਾੜ, ਜੰਗਲ ਅਤੇ ਨਦੀ ਦਾ ਰਾਹ ਸ਼ੁਰੂ ਹੋ ਜਾਂਦਾ ਹੈ। ਅੱਗੇ ਤਿੰਨ-ਚਾਰ ਕਿਲੋਮੀਟਰ ਵਾਟ ਹੈ। ਨਦੀ ਉਪਰ ਕੋਈ ਪੁਲ ਨਹੀਂ। ਇਹ ਨਦੀ ਲੋਹਗੜ੍ਹ ਵੱਲੋਂ ਹੋ ਕੇ ਆਉਂਦੀ ਹੈ। ਬਰਸਾਤਾਂ ਵਿਚ ਸਫਰ ਕਰਨਾ ਔਖਾ ਹੈ, ਕਿਉਂਕਿ ਪਤਾ ਨਹੀਂ ਕਦੋਂ ਨਦੀ 'ਚ ਪਾਣੀ ਦਾ ਉਛਾਲ ਆ ਜਾਂਦਾ ਹੈ। ਸਤੰਬਰ ਤੋਂ ਲੈ ਕੇ ਮਾਰਚ ਤੱਕ ਦਾ ਸਫਰ ਅਨੰਦਦਾਇਕ ਹੁੰਦਾ ਹੈ। ਚੋਅ 'ਚ ਹੀ ਨਦੀ ਵਗਦੀ ਹੈ। ਨਦੀ ਪਾਰ ਕਰ ਕੇ ਉਚਾ ਮੈਦਾਨ ਨਜ਼ਰ ਆਉਂਦਾ ਹੈ ਜਿਸ ਵਿਚ ਨਿਸ਼ਾਨ ਸਾਹਿਬ ਸੁਸ਼ੋਭਿਤ ਹੈ। ਛੋਟਾ ਜਿਹਾ ਗੁਰਦੁਆਰਾ ਹੈ ਜਿਸ ਨੂੰ ਲੋਹਗੜ੍ਹ ਕਿਹਾ ਜਾਂਦਾ ਹੈ। ਇਹ ਸਿੱਖ ਰਾਜ ਦੀ ਪਹਿਲੀ ਰਾਜਧਾਨੀ ਹੈ ਜਿਸ ਦੀ ਸਥਾਪਨਾ ਬਾਬਾ ਬੰਦਾ ਸਿੰਘ ਬਹਾਦਰ ਨੇ ਲੋਹਗੜ੍ਹ ਰਹਿੰਦਿਆਂ ਕੀਤੀ ਸੀ।

ਲੋਹਗੜ੍ਹ ਦਾ ਅਸਲ ਨਾਂ ਸ਼ਾਹ ਜਹਾਨ ਦੇ ਨਜ਼ਦੀਕੀ ਅਤੇ ਭਰੋਸੇਯੋਗ ਜਰਨੈਲ ਮੁਖਲਿਸ ਖਾਂ ਨਾਲ ਸਬੰਧਤ ਹੈ। ਪਹਾੜੀ ਰਾਜਿਆਂ, ਖਾਸ ਕਰ ਕੇ ਨਾਹਨ ਦੇ ਰਾਜੇ ਦੀਆਂ ਗਤੀਵਿਧੀਆਂ ਦੀ ਦੇਖ-ਰੇਖ ਕਰਨ ਵਾਸਤੇ ਇਸ ਕਿਲ੍ਹੇ ਦੀ ਉਸਾਰੀ ਕੀਤੀ ਗਈ ਸੀ। ਜਦੋਂ ਬਾਬਾ ਬੰਦਾ ਬਹਾਦਰ ਨੇ ਸਰਹਿੰਦ ਤੋਂ ਬਾਅਦ ਇਸ ਕਿਲ੍ਹੇ ਨੂੰ ਫਤਿਹ ਕੀਤਾ ਤਾਂ ਇਸ ਦਾ ਨਾਮ ਕਿਲ੍ਹਾ ਲੋਹਗੜ੍ਹ ਰੱਖ ਦਿੱਤਾ ਗਿਆ ਅਤੇ ਇਸ ਨੂੰ ਸਿੱਖ ਰਾਜ ਦੀ ਪਹਿਲੀ ਰਾਜਧਾਨੀ ਕਿਹਾ। ਇਥੋਂ ਹੀ ਬੰਦਾ ਸਿੰਘ ਨੇ ਗੁਰੂਆਂ ਦੇ ਨਾਂ 'ਤੇ ਖਾਲਸਈ ਸਿੱਕਾ ਤੇ ਮੋਹਰਾਂ ਜਾਰੀ ਕੀਤੀਆਂ ਸਨ।

ਪਹਾੜਾਂ ਵਿਚ ਤਿੰਨ ਪਾਸਿਆਂ ਤੋਂ ਘਿਰਿਆ ਕੋਈ ਡੇਢ ਤੋਂ ਦੋ ਏਕੜ ਵਿਚ ਫੈਲਿਆ ਹੋਇਆ, ਉਚੀ ਥਾਂ ਵਾਲਾ ਇਹ ਸਥਾਨ ਫੌਜੀ ਯੁੱਧਨੀਤੀ ਤੋਂ ਅਨੁਕੂਲ ਸੀ। ਦੁਸ਼ਮਣ ਦਾ ਇਥੇ ਪੁੱਜਣਾ ਬਹੁਤ ਔਖਾ ਸੀ। ਦੁਸ਼ਮਣ ਦੇ ਘੇਰੇ ਵਿਚ ਆ ਜਾਣ 'ਤੇ ਇਥੋਂ ਬਚ ਕੇ ਨਿਕਲਣਾ ਵੀ ਬੜਾ ਆਸਾਨ ਸੀ। ਪੱਛਮ ਵਾਲੇ ਪਾਸੇ ਤਾਂ ਪਹਾੜ ਬਿਲਕੁਲ ਰਾਹ 'ਤੇ ਸਿੱਧਾ, ਕਾਫੀ ਉਚਾ ਹੈ ਅਤੇ ਪਹਾੜ ਦੇ ਉਪਰ ਤੱਕ ਪੁੱਜਣਾ ਬਹੁਤ ਮੁਸ਼ਕਿਲ ਹੈ। ਖੱਬੀ ਬਾਹੀ ਵੱਲ ਦੋ ਪਹਾੜੀਆਂ ਹਨ। ਨੀਵੀਂ ਪਹਾੜੀ 'ਤੇ ਸਿੰਘਾਂ ਨੇ ਕਿਲ੍ਹੇਬੰਦੀ ਕੀਤੀ ਹੋਈ ਸੀ। ਮੁਗਲ ਫੌਜਾਂ ਨਾਲ ਪਹਿਲੀ ਲੜਾਈ ਇਸ ਪਹਾੜੀ 'ਤੇ ਹੀ ਹੋਈ ਸੀ। ਅੱਜ ਵੀ ਇਸ ਦੇ ਕੁਝ ਕੁ ਨਿਸ਼ਾਨ ਮਿਲਦੇ ਹਨ ਜਿਨ੍ਹਾਂ ਵਿਚ ਲੰਬਾ-ਚੌੜਾ ਚਬੂਤਰਾ ਨੁਮਾ ਸਥਾਨ ਹੈ। ਸ਼ਾਇਦ ਸਿੰਘ ਇਥੇ ਲੰਗਰ ਪਕਾਉਂਦੇ ਸਨ। ਇਥੇ ਨਿਸ਼ਾਨ ਸਾਹਿਬ ਸੁਸ਼ੋਭਿਤ ਹੈ। ਜਦੋਂ ਮੁਗਲ ਸੈਨਾ ਨੇ ਇਸ ਪਹਾੜੀ 'ਤੇ ਕਬਜ਼ਾ ਕਰ ਲਿਆ ਤਾਂ ਬਾਬਾ ਬੰਦਾ ਬਹਾਦਰ ਅਤੇ ਬਚੇ ਹੋਏ ਸਿੰਘਾਂ ਨੇ ਦੂਸਰੀ ਉਚੀ ਪਹਾੜੀ 'ਤੇ ਪਨਾਹ ਲੈ ਲਈ, ਪਰ ਉਥੇ ਵੀ ਉਹ ਜ਼ਿਆਦਾ ਦੇਰ ਟਿਕ ਨਹੀਂ ਸਕੇ ਅਤੇ ਰਾਤ ਦੇ ਹਨੇਰੇ ਵਿਚ ਸਾਰੇ ਨਾਹਨ ਦੀਆਂ ਪਹਾੜੀਆਂ ਜੋ ਪਿਛਲੇ ਪਾਸੇ ਸਨ, ਵੱਲ ਨਿਕਲ ਗਏ। ਮੁਗਲ ਸੈਨਾ ਨੇ ਕਿਲ੍ਹੇ ਨੂੰ ਪੂਰੀ ਤਰ੍ਹਾਂ ਬਰਬਾਦ ਕਰ ਦਿਤਾ, ਕਿਉਂਕਿ ਇਕ ਅਫਵਾਹ ਇਹ ਵੀ ਸੀ ਕਿ ਬਾਬਾ ਬੰਦਾ ਬਹਾਦਰ ਨੇ ਸਰਹਿੰਦ ਤੋਂ ਲੁੱਟਿਆ ਖਜ਼ਾਨਾ ਲੋਹਗੜ੍ਹ ਦੇ ਕਿਲ੍ਹੇ ਵਿਚ ਛੁਪਾਇਆ ਹੋਇਆ ਸੀ। ਜੰਗਲ ਨੂੰ ਅੱਗ ਲਾ ਦਿੱਤੀ ਗਈ। ਇਤਿਹਾਸ ਦੇ ਪਤਰੇ ਜਲ ਦੇ ਸੁਆਹ ਹੋ ਗਏ। ਅੱਜ ਵੀ ਕਦੀ ਕਦੀ ਭੇਡਾਂ-ਬੱਕਰੀਆਂ ਚਾਰਨ ਵਾਲਿਆਂ ਨੂੰ ਉਸ ਸਮੇਂ ਦੇ ਸਿੱਕੇ ਮਿਲ ਜਾਂਦੇ ਹਨ।



*ਸਢੌਰਾ (ਹਰਿਆਣਾ) ਵਿਚ ਬਾਬਾ ਬੰਦਾ ਸਿੰਘ ਗੁਰਦੁਆਰੇ ਦੀ ਝਲਕ।*

ਸਤੰਬਰ 2003 ਦੇ ਸਮੇਂ ਲਿਖਾਰੀ ਬਲਵੰਤ ਸਿੰਘ ਬਰੋੜ੍ਹ ਨੂੰ ਕਿਲ੍ਹਾ ਲੋਹਗੜ੍ਹ ਦੇਖਣ ਦਾ ਅਵਸਰ ਪ੍ਰਾਪਤ ਹੋਇਆ ਸੀ। ਉਨ੍ਹਾਂ ਦੇ ਸ਼ਬਦਾਂ ਅਨੁਸਾਰ- ਗੁਰਦੁਆਰੇ ਵਿਖੇ ਮੌਜੂਦ ਸਿੰਘ ਨੂੰ ਆਪਣੇ ਨਾਲ ਲੈ ਕੇ ਅਸੀਂ ਕੱਚੇ ਤੰਗ ਰਸਤੇ ਰਾਹੀਂ ਝਾੜੀਆਂ ਵਿਚ ਲੁਕੇ, ਢੱਠੇ ਹੋਏ ਕਿਲ੍ਹੇ ਕੋਲ ਪੁੱਜੇ ਜਿਥੇ ਖਾਲਸੇ ਨੇ ਆਪਣੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਗੁਰੂ ਆਸ਼ੇ ਅਨੁਸਾਰ ਸਿੱਖ ਰਾਜ ਸਥਾਪਤ ਕੀਤਾ ਸੀ। ਕਿਲ੍ਹੇ ਨੂੰ ਜਾਂਦੇ ਮੁੱਖ ਦਰਵਾਜ਼ੇ ਨੇੜੇ ਪੱਥਰਾਂ ਨਾਲ ਬਣਿਆ ਤਕਰੀਬਨ 5-6 ਫੁੱਟ ਰਾਹ (ਬੰਦਾ ਸਿੰਘ ਦੇ ਵੇਲੇ ਦਾ ਬਣਿਆ) ਵੀ ਮੌਜੂਦ ਸੀ। ਕਿਲ੍ਹੇ ਦੇ ਉਤਰ ਵਾਲੀ ਬਾਹੀ ਪੱਥਰਾਂ ਨਾਲ ਬਣੀ ਕਿਲ੍ਹੇ ਦੀ ਕੰਧ ਦਾ ਕੁਝ ਹਿੱਸਾ ਬਚਿਆ ਹੋਇਆ ਸੀ। ਕਿਲ੍ਹੇ ਵਿਚ ਕੰਧਾਂ ਨਾਲ ਪਹਿਰੇਦਾਰਾਂ ਲਈ ਬਣੀਆਂ ਫੌਜੀ ਚੌਕੀਆਂ 'ਤੇ ਪੱਥਰਾਂ ਨਾਲ ਬਣੇ ਫਾਰਸੀ ਨਿਸ਼ਾਨ ਵੀ ਮੌਜੂਦ ਸਨ। ਕਿਲ੍ਹੇ ਵਿਚ ਕਈ ਥਾਂਵਾਂ 'ਤੇ ਡੂੰਘੇ ਟੋਏ ਵੀ ਪੁੱਟੇ ਹੋਏ ਸਨ ਤੇ ਉਥੇ ਪੁਰਾਣੇ ਸਮੇਂ ਦੀਆਂ ਇੱਟਾਂ ਵੀ ਮੌਜੂਦ ਸਨ। ਇਹ ਟੋਏ ਤੇ ਇੱਟਾਂ ਦੱਸਦੇ ਹਨ ਕਿ ਬਾਬਾ ਬੰਦਾ ਬਹਾਦਰ ਦੇ ਕਿਲ੍ਹੇ ਦੇ ਘੇਰੇ ਵਿਚੋਂ ਬਚ ਕੇ ਨਿਕਲ ਜਾਣ ਪਿਛੋਂ ਮੁਗਲਾਂ ਨੇ ਉਸ ਦੇ ਧਨ ਤੇ ਹਥਿਆਰਾਂ ਦੀ ਖੋਜ ਲਈ ਹੀ ਇਹ ਟੋਏ ਪੁੱਟੇ ਸਨ।

ਅੱਜ ਕੱਲ੍ਹ ਲੋਹਗੜ੍ਹ ਸਥਾਨ ਦੀ ਦੇਖ-ਰੇਖ ਨਿਰੰਗ ਸਿੰਘਾਂ ਦੁਆਰਾ ਕੀਤੀ ਜਾਂਦੀ ਹੈ। 70-80 ਸਾਲ ਦੇ ਦੋ ਬਜ਼ੁਰਗ ਹੀ ਸੇਵਾ ਕਰ ਰਹੇ ਹਨ। ਲੋਕ ਕੇਵਲ ਐਤਵਾਰ ਨੂੰ ਹੀ ਆਉਂਦੇ ਹਨ ਅਤੇ ਗਿਣਤੀ ਨਾਂਹ ਦੇ ਬਰਾਬਰ ਹੁੰਦੀ ਹੈ। ਰਾਹ ਬਹੁਤ ਕਠਿਨ ਅਤੇ ਉਘੜ-ਦੁਘੜ ਹੈ। ਆਈਆਂ ਸੰਗਤਾਂ ਦਾ ਬਹੁਤ ਸਤਿਕਾਰ ਕੀਤਾ ਜਾਂਦਾ ਹੈ। ਲੰਗਰ ਦਾ ਪ੍ਰਬੰਧ ਵੀ ਹੈ। ਜੇ ਕੋਈ ਯਾਤਰੀ ਰਾਤ ਠਹਿਰਨਾ ਚਾਹੁੰਦਾ ਹੈ ਤਾਂ ਉਸ ਲਈ ਮੰਜਾ-ਬਿਸਤਰਾ ਤੇ ਕਮਰਾ ਮਿਲ ਜਾਂਦਾ ਹੈ। ਗੁਰਦੁਆਰੇ ਦੀ ਸੱਜੀ ਬਾਹੀ ਨਾਲ ਬਾਬਾ ਬੰਦਾ ਬਹਾਦਰ ਦੀ ਵਿਸ਼ਾਲ ਮੂਰਤੀ ਦੀ ਸਥਾਪਨਾ ਕੈਨੇਡਾ ਦੇ ਕਿਸੇ ਸਿੰਘ ਦੁਆਰਾ ਕੀਤੀ ਗਈ ਹੈ। ਚਾਰੇ ਪਾਸੇ ਪਹਾੜੀਆਂ ਹਨ। ਨਦੀ ਗੁਰਦੁਆਰੇ ਦੀ ਬਾਹੀ ਨਾਲ ਖਹਿ ਕੇ ਲੰਘਦੀ ਹੈ। ਇਸ ਸਥਾਨ ਦੀ ਪੁਰਾਤਨ ਦਿਖ ਦੇ ਨਿਸ਼ਾਨ ਅਜੇ ਬਾਕੀ ਹਨ। ਲੋੜ ਹੈ, ਇਸ ਪੁਰਾਤਨ ਦਿਖ ਦੀ ਸੰਭਾਲ ਕੀਤੀ ਜਾਵੇ। ਇਹ ਕੋਈ ਸਾਧਾਰਨ ਜਗ੍ਹਾ ਨਹੀਂ, ਇਹ ਸਿੱਖ ਰਾਜ ਦੀ ਪਹਿਲੀ ਰਾਜਧਾਨੀ ਹੈ ਜਿਸ ਦੀ ਸਥਾਪਨਾ ਸਿੰਘਾਂ ਨੇ ਲਹੂ ਡੋਲ੍ਹ ਕੇ ਕੀਤੀ ਸੀ।

## ਮਿਹਰਵਾਨੁ ਸਾਹਿਬੁ ਮਿਹਰਵਾਨੁ॥

ੴ ਸਤਿਗੁਰ ਪ੍ਰਸਾਦਿ॥
ਤਿਲੰਗ ਮਹਲਾ ੫ ਘਰੁ ੩
ਮਿਹਰਵਾਨੁ ਸਾਹਿਬੁ ਮਿਹਰਵਾਨੁ॥
ਸਾਹਿਬੁ ਮੇਰਾ ਮਿਹਰਵਾਨੁ॥
ਜੀਅ ਸਗਲ ਕਉ ਦੇਇ ਦਾਨੁ॥ਰਹਾਉ॥
ਤੂ ਕਾਹੇ ਡੋਲਹਿ ਪ੍ਰਾਣੀਆ
ਤੁਧੁ ਰਾਖੈਗਾ ਸਿਰਜਣਹਾਰੁ॥
ਜਿਨਿ ਪੈਦਾਇਸਿ ਤੂ ਕੀਆ
ਸੋਈ ਦੇਇ ਆਧਾਰੁ॥
ਜਿਨਿ ਉਪਾਈ ਮੇਦਨੀ
ਸੋਈ ਕਰਦਾ ਸਾਰ॥
ਘਟਿ ਘਟਿ ਮਾਲਕੁ ਦਿਲਾ ਕਾ
ਸਚਾ ਪਰਵਦਗਾਰੁ॥
ਕੁਦਰਤਿ ਕੀਮ ਨ ਜਾਣੀਐ
ਵਡਾ ਵੇਪਰਵਾਹੁ॥
ਕਰ ਬੰਦੇ ਤੂ ਬੰਦਗੀ
ਜਿਚਰੁ ਘਟ ਮਹਿ ਸਾਹੁ॥
ਤੂ ਸਮਰਥੁ ਅਕਥੁ ਅਗੋਚਰੁ
ਜੀਉ ਪਿੰਡੁ ਤੇਰੀ ਰਾਸਿ॥
ਰਹਮ ਤੇਰੀ ਸੁਖੁ ਪਾਇਆ
ਸਦਾ ਨਾਨਕ ਕੀ ਅਰਦਾਸਿ॥

ਪੰਜਵੀਂ ਪਾਤਸ਼ਾਹੀ ਇਸ ਪਾਵਨ ਸ਼ਬਦ ਰਾਹੀਂ ਸੰਸਾਰ ਨੂੰ ਉਪਦੇਸ਼ ਕਰਦੇ ਹਨ ਕਿ ਹੇ ਭਾਈ! ਉਹ ਪ੍ਰਮੇਸ਼ਰ ਪਿਤਾ ਤਾਂ ਸਦਾ ਹੀ ਮਿਹਰਵਾਨ ਹੈ, ਦਇਆ ਦਾ ਸਾਗਰ ਹੈ ਅਤੇ ਜੀਵਾਂ ਨੂੰ ਸਾਰੇ ਪਦਾਰਥਾਂ ਦਾ ਦਾਨ ਭੀ ਉਹ ਦਿੰਦਾ ਹੈ।

ਹੇ ਪ੍ਰਾਣੀ! ਤੂੰ ਡੋਲਦਾ ਕਿਉਂ ਹੈਂ? ਤੂੰ ਫਿਕਰ ਕਿਉਂ ਕਰਦਾ ਹੈਂ? ਉਹ ਸੰਸਾਰ ਦਾ ਮਾਲਕ ਪ੍ਰਭੂ ਆਪ ਹੀ ਤੇਰੀ ਰੱਖਿਆ ਕਰੇਗਾ। ਹੇ ਭਾਈ! ਜਿਸ ਪ੍ਰਭੂ ਪਿਤਾ ਨੇ ਤੈਨੂੰ ਇਹ ਜੀਵਨ ਦਿਤਾ ਹੈ, ਉਹ ਮਿਹਰਵਾਨ ਪ੍ਰਭੂ ਆਪ ਹੀ ਤੇਰਾ ਆਧਾਰ, ਭਾਵ ਤੇਰਾ ਸਹਾਰਾ ਭੀ ਬਣੇਗਾ। ਬੱਸ, ਹੇ ਜੀਵ! ਤੂੰ ਉਸ ਪ੍ਰਭੂ ਦਾ ਹਰ ਵੇਲੇ ਹੀ ਸਿਮਰਨ ਕਰੀ ਜਾਹ।

ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰੁ॥
ਘਟਿ ਘਟਿ ਮਾਲਕੁ ਦਿਲਾ ਕਾ
ਸਚਾ ਪਰਵਦਗਾਰੁ॥

ਹੇ ਭਾਈ! ਜਿਸ ਅਕਾਲ ਪੁਰਖ ਪਿਤਾ ਨੇ ਇਹ ਸ੍ਰਿਸ਼ਟੀ, ਭਾਵ ਜਗਤ ਦੀ ਰਚਨਾ ਕੀਤੀ ਹੈ, ਉਹ ਇਸ ਦੀ ਸਾਂਭ-ਸੰਭਾਲ ਭੀ ਆਪ ਹੀ ਕਰਦਾ ਹੈ ਅਤੇ ਉਹ ਘਟਿ ਘਟਿ ਭਾਵ ਹਰ ਸਰੀਰ ਦੇ ਅੰਦਰ ਵਸਣ ਵਾਲਾ ਪਰਵਦਗਾਰ ਪ੍ਰਭੂ ਆਪਣੇ ਪੈਦਾ ਕੀਤੇ ਹੋਏ ਜੀਵਾਂ ਦੀ ਪ੍ਰਤਿਪਾਲਣਾ ਭੀ ਆਪ ਹੀ ਕਰਦਾ ਹੈ। ਉਹ ਪਰਮੇਸ਼ਵਰ ਤਾਂ ਸਦਾ ਹੀ ਰਹਿਣ ਵਾਲਾ ਹੈ ਅਤੇ ਸਭ ਜੀਵਾਂ ਦਾ ਰਖਵਾਲਾ ਭੀ ਹੈ।

ਕੁਦਰਤਿ ਕੀਮ ਨ ਜਾਣੀਐ
ਵਡਾ ਵੇਪਰਵਾਹੁ॥
ਕਰ ਬੰਦੇ ਤੂ ਬੰਦਗੀ
ਜਿਚਰੁ ਘਟ ਮਹਿ ਸਾਹੁ॥

### ਗੁਰਬਾਣੀ ਗਿਆਨ

ਹੇ ਭਾਈ! ਉਸ ਪਰਮ ਪਿਤਾ ਦੀ ਕੁਦਰਤ ਦਾ ਮੁੱਲ ਤਾਂ ਕੋਈ ਜਾਣ ਹੀ ਨਹੀਂ ਸਕਦਾ ਕਿਉਂਕਿ ਉਹ ਸਭ ਤੋਂ ਵੱਡਾ ਹੈ ਅਤੇ ਸਦਾ ਹੀ ਰਹਿਣ ਵਾਲਾ ਹੈ ਅਤੇ ਫਿਰ ਉਹ ਬੇਪ੍ਰਵਾਹ ਭੀ ਹੈ। ਉਸ ਨੂੰ ਕਦੀ ਕਿਸੇ ਦੀ ਮੁਥਾਜੀ ਵੀ ਨਹੀਂ ਹੋ ਸਕਦੀ। ਉਹ ਆਪਣੇ ਜੈਸਾ ਬੱਸ ਆਪ ਹੀ ਹੈ। ਸੋ, ਹੇ ਬੰਦੇ! ਜਿੰਨਾ ਚਿਰ ਤੇਰੇ ਸਰੀਰ ਵਿਚ ਸਵਾਸ ਚੱਲ ਰਹੇ ਹਨ, ਤੂੰ ਸਵਾਸ ਸਵਾਸ ਉਸ ਪ੍ਰਭੂ ਦਾ ਸਿਮਰਨ ਕਰਦਾ ਰਹਿ।


ਤੂ ਸਮਰਥੁ ਅਕਥੁ ਅਗੋਚਰੁ
ਜੀਉ ਪਿੰਡੁ ਤੇਰੀ ਰਾਸਿ॥
ਰਹਮ ਤੇਰੀ ਸੁਖੁ ਪਾਇਆ
ਸਦਾ ਨਾਨਕ ਕੀ ਅਰਦਾਸਿ॥

ਹੇ ਮੇਰੇ ਪ੍ਰਭੂ ਜੀਉ! ਤੂੰ ਸਮਰੱਥ ਹੈਂ, ਸਭ ਸ਼ਕਤੀਆਂ ਦਾ ਮਾਲਕ ਹੈਂ, ਤੂੰ ਅੱਥ ਹੈਂ, ਭਾਵ ਤੇਰੀ ਸਿਫਤ ਤਾਂ ਕੀਤੀ ਹੀ ਨਹੀਂ ਜਾ ਸਕਦੀ, ਅਗੋਚਰ ਹੈਂ ਕਿਉਂਕਿ ਦੁਨਿਆਵੀ ਗਿਆਨ ਨਾਲ ਤੇਰੇ ਤੱਕ ਪਹੁੰਚ ਭੀ ਨਹੀਂ ਹੋ ਸਕਦੀ। ਇਹ ਸਾਡੀ ਜਾਨ ਅਤੇ ਸਰੀਰ ਦੀ ਪੂੰਜੀ ਭੀ ਤੇਰੀ ਹੀ ਦਿੱਤੀ ਹੋਈ ਹੈ ਅਤੇ ਇਹ ਨਾਨਕ ਭੀ ਅਰਦਾਸ ਕਰਦਾ ਹੈ ਕਿ ਤੇਰੀ ਰਹਿਮਤ, ਤੇਰੀ ਮਿਹਰ ਸਦਕਾ ਮੈਨੂੰ ਭੀ ਸਿਮਰਨ ਦਾ ਸੁੱਖ ਪ੍ਰਾਪਤ ਹੋਵੇ।

***-ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ***
***ਫੋਨ:916-687-3536***

# ਮੁਹਾਵਰਿਆਂ ਨਾਲ ਖਿਲਵਾੜ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਮੁਹਾਵਰੇ, ਅਖਾਣ ਅਤੇ ਵਡਿਆਂ ਦੀਆਂ ਆਖੀਆਂ ਬੜੀ ਪਹੁੰਚੀ ਹੋਈ ਚੀਜ਼ ਹਨ। ਭਾਵੇਂ ਇਹ ਇਕੋ ਥੈਲੀ ਦੇ ਚੱਟੇ ਵੱਟੇ ਹਨ ਪਰ ਫਿਰ ਵੀ ਮੈਂ ਮੁਹਾਵਰੇ ਨੂੰ ਇਕ ਹਾਥੀ ਦੀ ਨਿਆਈਂ ਸਮਝਦਾ ਹਾਂ ਜਿਸ ਦੇ ਪੈਰ ਵਿਚ ਇਨ੍ਹਾਂ ਸਭਨਾਂ ਦੇ ਪੈਰ ਆ ਜਾਂਦੇ ਹਨ। ਇਨ੍ਹਾਂ ਵਿਚ ਸਦੀਆਂ ਦੀ ਸਿਆਣਪ ਸਮੋਈ ਹੁੰਦੀ ਹੈ। ਕਹਿੰਦੇ ਹਨ ਕਿ ਜੇ ਅਖਾਣ ਝੂਠਾ ਹੋ ਗਿਆ ਤਾਂ ਸਮਝੋ ਚੁਆਵਾਂ ਦੁਧ ਵੀ ਖੱਟਾ ਹੋ ਗਿਆ। ਮਹਾਂਪੁਰਸ਼ ਇਨ੍ਹਾਂ ਵਿਚ ਕਿਸੇ ਕੌਮ ਦੇ ਸਮੂਹਕ ਅਨੁਭਵ, ਸੂਝ ਤੇ ਰੂਹ ਦੇ ਸਾਖਿਆਤ ਦਰਸ਼ਨ ਕਰਦੇ ਹਨ। ਇਹ ਪੀੜ੍ਹੀ-ਦਰ-ਪੀੜ੍ਹੀ ਗ੍ਰਹਿਣੀਆਂ ਤੇ ਪਰਖੀਆਂ ਜ਼ਿੰਦਗੀ ਦੀਆਂ ਅਟੱਲ ਸੱਚਾਈਆਂ ਨੂੰ ਇਕ ਸੂਤਰ ਰੂਪ ਵਿਚ ਪੇਸ਼ ਕਰਦੇ ਹਨ। ਇਸ ਨਜ਼ਰੀਏ ਤੋਂ ਮੁਹਾਵਰੇ ਦੀ ਮੁਹਾਵਰੇ ਨਾਲ ਹੀ ਪਰਿਭਾਸ਼ਾ ਕਰਨੀ ਹੋਵੇ ਤਾਂ ਕਹਿ ਸਕਦੇ ਹਾਂ ਕਿ ਇਹ ਕੁੱਜੇ ਵਿਚ ਬੰਦ ਕੀਤਾ ਸਮੁੰਦਰ ਹੁੰਦੇ ਹਨ। ਸੰਜਮ ਇਨ੍ਹਾਂ ਦਾ ਮੀਰੀ ਗੁਣ ਹੈ।

ਇਤਿਹਾਸ ਦੀ ਕਸਵੱਟੀ 'ਤੇ ਇਹ ਖਰੇ ਉਤਰਦੇ ਹੋਏ ਚਿਰਜੀਵੀ ਬਣ ਗਏ ਤੇ ਅਜੇ ਤਕ ਹੱਟੇ ਕੱਟੇ ਪਏ ਹਨ। ਬਾਤ ਦਾ ਬਤੰਗੜ ਬਣਾਉਣ ਨਾਲ ਕਈ ਵਾਰੀ ਤੁਸੀਂ ਕਿਸੇ ਨੂੰ ਏਨਾ ਪ੍ਰਭਾਵਤ ਨਹੀਂ ਕਰ ਸਕਦੇ ਜਿੰਨਾ ਇਕ ਮੁਹਾਵਰੇ ਦਾ ਜਾਦੂ ਸਿਰ ਚੜ੍ਹ ਬੋਲਦਾ ਹੈ। ਇਹ ਤਾਂ ਡੰਕੇ ਦੀ ਚੋਟ ਵਾਂਗ ਵੱਜਦੇ ਹਨ, ਠਾਹ ਸੋਟਾ ਮਾਰਦੇ ਹਨ ਤੇ ਇਨ੍ਹਾਂ ਦੀ ਚੋਟ-ਖਾਧਾ ਹੱਥ ਲਾ ਲਾ ਦੇਖਦਾ ਰਹਿ ਜਾਂਦਾ ਹੈ। ਅਸਲ ਵਿਚ ਹਰ ਬੁਲਾਰਾ ਹੀ ਕੋਈ ਅਜਿਹੀ ਪਤੇ ਦੀ ਗੱਲ ਕਰਨ ਦੀ ਤਾਕ ਵਿਚ ਰਹਿੰਦਾ ਹੈ ਜਿਸ ਦੇ ਸ਼ਬਦ ਪੱਥਰ 'ਤੇ ਲੀਕ ਹੋਣ। ਕੁਸ਼ਲ ਸਾਹਿਤਕਾਰ ਤੇ ਬੁਲਾਰੇ ਇਨ੍ਹਾਂ ਨੂੰ ਆਪਣੀ ਰਚਨਾ ਵਿਚ ਨਗ ਵਾਂਗ ਪਰੋ ਕੇ ਇਨ੍ਹਾਂ ਦੀ ਪ੍ਰਭਾਵ ਸ਼ਕਤੀ ਦਾ ਲਾਭ ਉਠਾ ਕੇ ਸੋਨੇ ਤੇ ਸੁਹਾਗਾ ਫੇਰ ਲੈਂਦੇ ਹਨ। ਇਸ ਤਰ੍ਹਾਂ ਉਨ੍ਹਾਂ ਦੀ ਗੱਲ ਦਾ ਜਾਦੂ ਸਿਰ ਚੜ੍ਹ ਬੋਲਦਾ ਹੈ ਪਰ ਮੁਹਾਵਰਿਆਂ ਦੀ ਸੰਰਚਨਾ, ਪ੍ਰਕਾਰਜ ਅਤੇ ਪ੍ਰਭਾਵ ਇਨ੍ਹਾਂ ਨੂੰ ਸੁਤੰਤਰ ਤੌਰ 'ਤੇ ਸਾਹਿਤ ਦੀ ਕੋਟੀ ਵਿਚ ਰੱਖੇ ਜਾਣ ਦੀ ਸਮਰਥਾ ਦਰਸਾਉਂਦੇ ਹਨ। ਇਸ ਤਰ੍ਹਾਂ ਇਹ ਸਾਹਿਤ ਦੀ ਇਕ ਸੁਤੰਤਰ ਤੇ ਮੁਕੰਮਲ ਵਿਧਾ ਵਜੋਂ ਵੀ ਮਾਣੇ ਜਾ ਸਕਦੇ ਹਨ।

ਸਾਹਿਤ ਦੇ ਇਸ ਲਘੂਤਮ ਰੂਪ ਵਿਚ ਅਨੇਕਾਂ ਰੂਪ, ਸ਼ੈਲੀਆਂ ਤੇ ਦ੍ਰਿਸ਼ਟੀਆਂ ਮੌਜੂਦ ਹਨ। ਮਨੁਖ ਜਾਤੀ ਦਾ ਜਿੰਨਾ ਅਨੁਭਵ ਵਿਸ਼ਾਲ ਹੈ ਓਨੇ ਹੀ ਇਹ ਮੁਹਾਵਰੇ ਵਿਸ਼ਾਲ ਹਨ। ਮੁਹਾਵਰਿਆਂ ਨੂੰ ਨਿਰੇ ਪੁਰੇ ਗਿਆਨ ਦੀਆ ਪੁੜੀਆਂ ਜਾਂ ਇਕ ਪ੍ਰਕਾਰ ਪਥਰਾਏ ਫਾਰਮੂਲੇ ਦੇ ਨਿਆਈਂ ਸਮਝਣਾ ਨਿਸਚੇ ਹੀ ਇਨ੍ਹਾਂ ਨਾਲ ਘੋਰ ਅਨਿਆਂ ਹੈ। ਅਨੁਭਵ ਆਧਾਰਤ ਇਨ੍ਹਾਂ ਪ੍ਰਵਚਨਾਂ ਦੀ ਥਾਂ ਹੁਣ ਪ੍ਰਮਾਣ ਆਧਾਰਤ ਗਿਆਨ ਨੇ ਲੈ ਲਈ ਹੈ। ਇਹ ਠੀਕ ਹੈ ਕਿ ਮਨੁਖ ਮਾਤਰ ਵਾਰ ਵਾਰ ਉਨ੍ਹਾਂ ਹੀ ਸਥਿਤੀਆਂ ਨੂੰ ਦਰਪੇਸ਼ ਹੁੰਦਾ ਹੈ ਤੇ ਅਜਿਹੀਆਂ ਸਥਿਤੀਆਂ ਵਿਚ ਘਿਰੇ ਮਨੁਖ ਦੇ ਸਾਹਮਣੇ ਇਹ ਮੁਹਾਵਰੇ ਕਈ ਵਾਰੀ ਇਕ ਸੱਚਾਈ ਦੇ ਸਰਟੀਫਿਕੇਟ ਵਜੋਂ ਪੇਸ਼ ਕੀਤੇ ਜਾਂਦੇ ਹਨ ਪਰ ਆਪਣੇ ਪ੍ਰਕਾਰਜ ਵਿਚ ਇਹ ਮੁਹਾਵਰੇ ਇਕ ਸੰਕੇਤ ਹੀ ਦਿੰਦੇ ਹਨ, ਸ਼ੁਧ ਵਿਚਾਰ ਜਾਂ ਅੰਤਮ ਸੱਚਾਈ ਦੇ ਸੂਚਕ ਨਹੀਂ ਕਹੇ ਜਾ ਸਕਦੇ। ਇਹ ਅਤਿ ਦੇ ਸੂਖਮ ਤੇ ਸੁਝਾਊ, ਮੋਟੇ-ਠੁਲੇ ਤੇ ਸਪਾਟ, ਵਿਡੰਬਨਾ ਤੇ ਹਾਸਰਸ ਭਰੇ, ਵਿਅੰਗਮਈ ਤੇ ਨਾਟਕੀ, ਇਥੋਂ ਤਕ ਕਿ ਅਮੂਰਤ, ਜਟਿਲ ਤੇ ਵਿਰੋਧਾਭਾਸੀ ਵੀ ਦਿਸ ਆਉਂਦੇ ਹਨ।

ਆਓ ਜ਼ਰਾ ਮੁਹਾਵਰਿਆਂ ਦੀਆਂ ਇਨ੍ਹਾਂ ਸਿਫਤਾਂ ਦੇ ਦਰਸ਼ਨ ਕਰੀਏ:

ਇਨ੍ਹਾਂ ਦੀ ਸੂਖਮਤਾ ਤੇ ਸੰਜਮ ਦਾ ਨਜ਼ਾਰਾ ਦੇਖੋ: ਮੂੰਹ 'ਤੇ ਨੱਕ ਨਾ ਹੋਣਾ; ਦੱਸੋ ਕਹਿੰਦੇ ਹਨ ਅੱਜ ਕੱਲ੍ਹ ਦੀ ਕਵਿਤਾ ਸਮਝ ਨਹੀਂ ਪੈਂਦੀ। ਹਰਿਭਜਨ ਸਿੰਘ ਦੀ ਇਕ ਕਵਿਤਾ ਦੀ ਸਤਰ ਹੈ 'ਮੇਰੇ ਅਖਵਾਨਿਆਂ ਵਿਚ ਅੱਖ ਨਹੀਂ ਸੀ।' ਸਦੀਆਂ ਪਹਿਲਾਂ ਮੁਹਾਵਰੇ ਦੇ ਰੂਪ ਵਿਚ ਅਜਿਹੀ ਜੁਗਤ ਦੀ ਨੀਂਹ ਰਖੀ ਗਈ ਸੀ। ਚੋਖੀ ਸਾਹਿਤਕ ਸਾਧਨਾ ਕੀਤੀ ਹੋਵੇ ਤਾਂ ਸਮਝ ਆਏਗੀ ਕਿ ਨੱਕ ਸ਼ਰਮ ਦਾ ਪ੍ਰਤੀਕ ਹੈ ਤੇ ਇਸ ਮੁਹਾਵਰੇ ਦਾ ਅਰਥ ਬੇਸ਼ਰਮ ਹੋਣਾ ਹੈ। ਮੁਹਾਵਰਿਆਂ ਦੀ ਦੁਨੀਆਂ ਵਿਚ 'ਕੰਧਾਂ ਦੇ ਕੰਨ ਹੁੰਦੇ ਹਨ' ਐਪਰ ਛੜਿਆਂ ਦੇ ਨਹੀਂ: 'ਨਾ ਰੰਨ, ਨਾ ਕੰਨ।' ਇਹ ਤਾਂ ਮੰਨਿਆ ਕਿ ਰੰਨਹੀਣ ਮਨੁਖ ਯਾਨਿ ਛੜਾ ਲਾਪਰਵਾਹ, ਗੈਰਜ਼ਿੰਮੇਵਾਰ ਅਤੇ ਮਨਮੌਜੀ ਹੁੰਦਾ ਹੈ, ਨਾ ਉਸ ਨੂੰ ਚੜ੍ਹੀ ਦੀ ਹੁੰਦੀ ਹੈ ਨਾ ਲੱਥੀ ਦੀ ਪਰ ਇਥੇ ਕੰਨ ਦਾ ਕੀ ਕੰਮ ਹੈ? ਲਓ ਸੁਣੋ। ਰੰਨਹੀਣ ਮਨੁਖ ਨੂੰ ਪਤਨੀ ਦੀ ਕੋਈ ਨੋਕ-ਝੋਕ, ਗੁੱਸਾ-ਗਿਲਾ ਨਹੀਂ ਸੁਣਨਾ ਪੈਂਦਾ। ਸੋ ਉਸ ਵਿਅਕਤੀ ਦੇ ਕੰਨ ਨਾ ਹੋਇਆਂ ਨਾਲ ਦੇ ਹਨ। ਵਿਆਹਿਆਂ ਦੇ ਕੰਨ ਘਰ ਵਾਲੀ ਨਾਲੇ ਖਾਂਦੀ ਹੈ, ਨਾਲੇ ਖਿਚਦੀ ਹੈ। ਪਰ ਇਹ ਖਿਚ ਕੇ ਕੱਢਿਆ ਅਰਥ ਹੈ। ਵਰਨਾ ਵਾਧੂ ਲਾਇਆ ਕੰਨ ਕਾਫੀਏ ਦਾ ਕੰਮ ਹੀ ਸਾਰਦਾ ਹੈ। ਵੈਸੇ ਵੀ ਕਹਿੰਦੇ ਹਨ ਕਿ ਬਾਹਰੀ ਕੰਨ ਸਿਰਫ ਐਨਕਾਂ ਰੱਖਣ ਲਈ ਟੇਕ ਹੀ ਹੁੰਦੇ ਹਨ ਜਾਂ ਫਿਰ ਖਿਚਣ ਵਾਸਤੇ ਕਿਉਂਕਿ ਕੰਨ ਵਿਚਾਰੇ ਹੱਥਾਂ ਦੀ ਤਰ੍ਹਾਂ ਆਪਣੇ ਬਚਾਅ ਲਈ ਹਿਲ ਜੁਲ ਨਹੀਂ ਕਰ ਸਕਦੇ! ਹਾਂ, ਹਾਥੀ ਦੇ ਕੰਨਾਂ ਦੀ ਗੱਲ ਵੱਖਰੀ ਹੈ।

ਕੁਝ ਨਾ ਪੁਛੋ, ਕੁੱਤੇ ਦੀ ਪੂਛ ਹਨ ਇਹ ਮੁਹਾਵਰੇ, ਉਘ ਦੀਆਂ ਪਤਾਲ ਮਾਰਦੇ ਰਹਿੰਦੇ ਹਨ, ਅਖੇ, 'ਏਹੋ ਜਿਹਾਂ ਦੇ ਗਲ ਏਹੋ ਜਿਹੇ ਹੁੰਦੇ ਹਨ।' ਕੀ ਕੋਈ ਮੂੰਹ ਸਿਰ ਦਿਸਦਾ ਹੈ, ਇਸ ਮੁਹਾਵਰੇ ਦਾ? ਇਹ ਤਾਂ ਮੇਰੇ ਵਰਗੇ ਖੋਜੀਆਂ ਨੇ ਹੱਥ ਪੈਰ ਮਾਰ ਕੇ ਕੁਝ ਪਿੜ ਪੱਲੇ ਪਾਇਆ ਹੈ: ਆਪਣਾ ਅਗਿਆਨ ਲੁਕੋਣ ਲਈ ਜਦ ਕੋਈ ਚਲਾਕੀ ਦੀ ਗੱਲ ਕਰੇ ਤਾਂ ਉਦੋਂ ਕਹਿੰਦੇ ਹਨ। ਕਿਸੇ ਨੇ ਪਹਿਲੀ ਵਾਰ ਊਠ ਦੇਖਿਆ ਜਿਸ ਦੇ ਗਲ ਵਿਚ ਟੱਲੀ ਪਾਈ ਹੋਈ ਸੀ। ਉਸ ਨੇ ਕਿਸੇ ਕੋਲੋਂ ਪੁਛਿਆ ਕਿ ਇਹ ਕੀ ਹੈ ਤੇ ਇਸ ਨੇ ਕੀ ਪਾਇਆ ਹੈ? ਅਗੋਂ ਸੱਜਣ ਵੀ ਹਮਾਤੜ ਅਣਜਾਣ ਹੀ ਸੀ ਜਿਸ ਨੇ ਨਾ ਕਦੇ ਊਠ ਦੇਖਿਆ ਸੀ ਤੇ ਨਾ ਕਦੇ ਟੱਲੀ ਪਰ ਸੀ ਚਲਾਕ। ਸੋ ਉਸ ਨੇ ਆਪਣਾ ਅਗਿਆਨ ਦਰਸਾਉਣ ਲਈ ਕਿਹਾ ਕਿ ਜੀ ਏਹੋ ਜਿਹਾਂ ਦੇ ਗਲ ਏਹੋ ਜਿਹੇ ਹੀ ਹੁੰਦੇ ਹਨ। ਹੋ ਗਿਆ ਨਾ ਚਾਨਣ? ਜੇ ਮੈਂ ਇਸ ਦਾ ਮਤਲਬ ਕੱਢ ਕੇ ਨਾ ਦਸਦਾ ਤਾਂ ਤੁਸੀਂ ਤਾਂ ਹੋ ਜਾਣਾ ਸੀ ਸੁਣ ਕੇ ਆਊਂ ਬਤਾਊਂ! 'ਨੌਤੀ ਸੌ' ਜਿਹੀ ਅਤਾਰਕਿਕ ਸੰਖਿਆ ਵੀ ਮੁਹਾਵਰਿਆਂ ਵਿਚ ਹੀ ਸੰਭਵ ਹੈ ਤੇ 'ਢਾਈ ਟੋਟਰੂ' ਜਿਹੇ ਮਰਜੀਵੜੇ ਵੀ। ਅਸਲ ਵਿਚ ਇਹ ਆਪਣਾ ਉਲੂ ਸਿਧਾ ਰਖਦੇ ਹਨ ਤੇ ਬੰਦੇ ਨੂੰ ਉਲੂ ਬਣਾਉਂਦੇ ਹਨ।

ਹਾਸਾ, ਵਿਡੰਬਨਾ, ਅਤਿਕਥਨੀ- ਇਹ ਚੀਜ਼ਾਂ ਤਾਂ ਮੁਹਾਵਰੇ ਦੀ ਜਿੰਦ ਜਾਨ ਹਨ, ਕਿੰਨਿਆਂ ਦੀ ਗੱਲ ਕਰੀਏ? ਇਸ ਗੱਲੋਂ ਤਾਂ ਲਗਦਾ ਸਾਰੇ ਇਕੋ ਰੱਸੀ ਨਾਲ ਬੰਨ੍ਹੇ ਜਾਣ ਵਾਲੇ ਹਨ: ਮੂੰਹ ਨਾ ਮੱਥਾ ਜਿੰਨ ਪਹਾੜੋਂ ਲੱਥਾ; ਨੱਚ ਨਾ ਜਾਣੇ ਆਂਗਨ ਟੇਢਾ; ਡਿਗੀ ਖੋਤੇ ਤੋਂ ਗੁੱਸਾ ਘੁਮਿਆਰ 'ਤੇ, ਜਾਂਦੇ ਚੋਰ ਦੀ ਤੜਾਗੀ ਹੀ ਸਹੀ; ਉਠ ਨਾ ਹੋਵੇ ਫਿਟੇ ਮੂੰਹ ਗੋਡਿਆਂ ਦੇ; ਨਾਨੀ ਕੁਆਰੀ ਰਹਿ ਗਈ, ਦੋਹਤੀ ਦੇ ਨੌਂ ਸੌ ਵਿਆਹ; ਨਹੀਂ ਰੀਸਾਂ ਝਨਾਂ ਦੀਆਂ, ਭਾਵੇਂ ਸੁੱਕਾ ਹੀ ਵਗੇ, ਅੱਠ ਪੁੱਤ ਅਠਾਰਾਂ ਪੋਤੇ, ਅਜੇ ਬਾਬਾ ਘਾਹ ਖੋਤੇ, ਕੁੜੀ ਪੇਟ ਕਣਕ ਖੇਤ ਆ ਜਵਾਈਆ ਮੰਡੇ ਖਾਹ, ਨਾ ਨੌਂ ਮਣ ਤੇਲ ਹੋਵੇ ਨਾ ਰਾਧਾ ਨੱਚੇ, ਉਜੜੇ ਬਾਗਾਂ ਦੇ ਗਾਲੜ੍ਹ ਪਟਵਾਰੀ, ਮੂਰਖਾਂ ਦੇ ਸਿੰਗ ਨਹੀਂ ਹੁੰਦੇ। ਇਹ ਤੇ ਇੰਨੇ ਹਨ ਕਿ ਭਾਵੇਂ ਖੰਭਾਂ ਦੀਆਂ ਡਾਰਾਂ ਬਣਾ ਲਓ।

ਮੁਹਾਵਰਿਆਂ ਵਿਚ ਆਪਾ ਵਿਰੋਧ ਤੇ ਵਿਰੋਧਾਭਾਸ ਵੀ ਜ਼ਿੰਦਗੀ ਜਿੰਨਾ ਹੀ ਵਿਆਪਕ ਹੈ। ਸਾਨੂੰ ਮੁਹਾਵਰੇ ਦੇਣ ਵਾਲੇ ਸਾਡੇ ਵਡੇਰੇ ਕਿਹੜਾ ਘਟ ਭੰਬਲਭੂਸੇ ਵਿਚ ਰਹਿੰਦੇ ਸਨ। ਇਕ ਨੇ ਜੇ ਇਕ ਗੱਲ ਕਹੀ ਤਾਂ ਦੂਸਰੇ ਨੇ ਉਸ ਤੋਂ ਉਲਟ: 'ਜਾਕੋ ਰਾਖੇ ਸਾਈਆਂ ਮਾਰ ਸਕੇ ਨਾ ਕੋਈ', ਤੇ ਦੂਜੇ ਬੰਨੇ 'ਮੌਤ ਦੀ ਕੋਈ ਦਵਾ ਨਹੀਂ' ਜਾਂ ਫਿਰ ਕਹਿਣਗੇ ਜਿਹਦੀ ਆ ਲੱਗੀ ਉਹਨੂੰ ਕੌਣ ਬਚਾਵੇ। ਇਕ ਪਾਸੇ ਖਾਣਸੂਰੀ ਔਰਤ ਨੂੰ ਵਡਿਆ ਦਿੰਦੇ ਹਨ, ਦੂਜੇ ਪਾਸੇ ਲਾਹ-ਪਾਹ ਕਰਨ ਲੱਗੇ ਵੀ ਢਿੱਲ ਨਹੀਂ ਕਰਦੇ: 'ਨੂੰਹ ਦਾ ਖਾਣ, ਕੱਟੀ ਦਾ ਲੇਹਾ, ਅਜਾਈਂ ਨਹੀਂ ਜਾਂਦਾ' ਦੇ ਟਾਕਰੇ 'ਤੇ 'ਤਿੱਤਰ ਖੰਭੀ ਬੱਦਲੀ ਰੰਨ ਮਲਾਈ ਖਾਹ, ਉਹ ਵਸੇ ਉਹ ਉਜੜੇ ਕਦੇ ਨਾ ਖਾਲ੍ਹੀ ਜਾਂਹ।'

> **ਕੁਝ ਨਾ ਪੁਛੋ, ਕੁੱਤੇ ਦੀ ਪੂਛ ਹਨ ਇਹ ਮੁਹਾਵਰੇ, ਉਘ ਦੀਆਂ ਪਤਾਲ ਮਾਰਦੇ ਰਹਿੰਦੇ ਹਨ, ਅਖੇ, 'ਏਹੋ ਜਿਹਾਂ ਦੇ ਗਲ ਏਹੋ ਜਿਹੇ ਹੁੰਦੇ ਹਨ।' ਕੀ ਕੋਈ ਮੂੰਹ ਸਿਰ ਦਿਸਦਾ ਹੈ ਇਸ ਮੁਹਾਵਰੇ ਦਾ? ਇਹ ਤਾਂ ਮੇਰੇ ਵਰਗੇ ਖੋਜੀਆਂ ਨੇ ਹੱਥ ਪੈਰ ਮਾਰ ਕੇ ਕੁਝ ਪਿੜ ਪੱਲੇ ਪਾਇਆ ਹੈ: ਆਪਣਾ ਅਗਿਆਨ ਲੁਕੋਣ ਲਈ ਜਦ ਕੋਈ ਚਲਾਕੀ ਦੀ ਗੱਲ ਕਰੇ ਤਾਂ ਉਦੋਂ ਕਹਿੰਦੇ ਹਨ।**

ਆਮ ਤੌਰ 'ਤੇ ਮੁਹਾਵਰੇ ਔਰਤਾਂ ਅਤੇ ਮੱਝਾਂ ਦੇ ਬਹੁਤ ਪਿਛੇ ਪਏ ਰਹਿੰਦੇ ਹਨ। ਅੱਵਲ ਤਾਂ ਔਰਤ ਦੀ ਮੱਤ ਮੰਨਦੇ ਹੀ ਨਹੀਂ ਜੇ ਮੰਨਣੀ ਵੀ ਪਵੇ ਤਾਂ ਗੁੱਤ ਦੇ ਪਿੱਛੇ ਧੱਕ ਦਿੰਦੇ ਹਨ। ਮੱਝਾਂ ਵਿਚਾਰੀਆਂ ਆਪਣਾ ਕੱਟੜੂ ਪਰੇ ਹਟਾ ਕੇ ਮਾਲਕ ਦਾ ਘਰ ਭਰਦੀਆਂ ਹਨ, ਫਿਰ ਵੀ ਖਾਹ-ਮਖਾਹ ਨਿੰਦਿਆ ਦਾ ਪਾਤਰ ਬਣੀਆਂ ਰਹਿੰਦੀਆਂ ਹਨ: ਮੱਝ ਅੱਗੇ ਬੀਨ ਵਜਾਉਣਾ; ਅਕਲ ਵੱਡੀ ਕਿ ਮੱਝ; ਮੋਟੀ ਮੱਝ-ਕਿੰਨਾ ਕਹਿਰ ਢਾਹਿਆ ਬੇਜ਼ੁਬਾਨ 'ਤੇ। ਫਿਰ ਸੂਮਪੁਣੇ ਦਾ ਬੜਾ ਪ੍ਰਚਾਰ ਕਰਦੇ ਹਨ, ਮੂਤ 'ਚੋਂ ਮੱਛੀਆਂ ਭਾਲਦੇ ਹਨ, ਥੁੱਕੀਂ ਵੜੇ ਪਕਾਉਂਦੇ ਹਨ, ਸਖੀ ਨਾਲੋਂ ਸੂਮ ਚੰਗਾ ਜਿਹੜਾ ਤੁਰਤ ਦੇਵੇ ਜਵਾਬ, ਨਾਲੇ ਹੁਸ਼ਨਾਕ ਬਾਹਮਣੀ ਸੀਂਢ ਦਾ ਤੁੜਕਾ। ਇਕੱਲੇ ਜਣੇ ਨੂੰ ਛੁਟਿਆਉਂਦੇ 'ਇਕ ਨਾਲੋਂ ਦੋ ਭਲੇ' ਜਾਂ 'ਇਕ ਇਕ ਤੇ ਗਿਆਰਾਂ' ਦੇ ਮੁਕਾਬਲੇ ਵਿਚ ਇਕ ਨੂੰ ਹੀ 'ਸਵਾ ਲੱਖ' ਕਹੀ ਜਾਂਦੇ ਹਨ ਤੇ 'ਏਕੇ 'ਚ ਬਰਕਤ' ਵੀ ਦੱਸੀ ਜਾਂਦੇ ਹਨ। ਪਰ ਇਹ ਮੁਹਾਵਰੇ ਦਾ ਵਿਰੋਧਾਭਾਸ ਕਹੀਏ ਜਾਂ ਖੂਬਸੂਰਤੀ ਕਿ 'ਚੋਰ ਤੇ ਲਾਠੀ ਦੋ ਜਣੇ, ਮੈਂ ਤੇ ਬਾਪੂ ਕੱਲੇ' ਵਿਚ ਦੋ ਨੂੰ ਇਕ ਤੇ ਇਕ ਨੂੰ ਦੋ ਬਣਾ ਦਿੱਤਾ ਗਿਆ ਹੈ। 'ਬੇਈਮਾਨੀਏ ਤੇਰਾ ਆਸਰਾ' ਦੇ ਟਾਕਰੇ 'ਨੀਯਤ ਸਾਫ ਤੇ ਕੰਮ ਰਾਸ ਹੈ।' ਨਾਲੇ 'ਚੋਰੀ ਦਾ ਗੁੜ ਮਿੱਠਾ' ਦੱਸ ਕੇ ਚੋਰੀ ਕਰਨ ਲਈ ਉਕਸਾਈ ਜਾਂਦੇ ਹਨ ਨਾਲੇ ਕਹਿੰਦੇ ਹਨ ਸੌ ਦਿਨ ਚੋਰ ਦਾ ਤੇ ਇਕ ਦਿਨ ਸਾਧ ਦਾ। ਆਪਣੀ ਆਈ ਤੇ ਆਏ ਮੁਹਾਵਰੇ ਆਨੇ ਪਾਈਆਂ ਦਾ ਖਿਆਲ ਰਖਦੇ ਹਨ, ਵਾਲ ਦੀ ਖੱਲ ਵੀ ਲਾਹੁਣ ਤੱਕ ਜਾਂਦੇ ਹਨ ਨਹੀਂ ਤਾਂ ਉਨੀ ਵੀਹ ਦਾ ਤਾਂ ਕੀ ਉਨੀ ਇਕੀ ਦਾ ਫਰਕ ਵੀ ਨਹੀਂ ਦੇਖਦੇ। ਜੱਟ ਨੇ ਆਪਣਾ ਨੁਕਸਾਨ ਦੁੱਗਣਾ ਬਿਆਨਣਾ ਹੋਵੇ ਤਾਂ ਕਹਿ ਦਿੰਦਾ ਹੈ- ਦੋ ਹਜ਼ਾਰ ਦਾ ਨੁਕਸਾਨ ਹੋ ਗਿਆ: ਹਜ਼ਾਰ ਦਾ ਬੌਲਦ ਮਰ ਗਿਆ, ਹਜ਼ਾਰ ਦਾ ਨਵਾਂ ਖਰੀਦਣਾ ਪਿਆ। ਇਸ ਨੂੰ ਕਹਿੰਦੇ ਹਨ ਜੱਟ ਬੁਧੀ! ਵੈਸੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਜੱਟਾਂ ਤੋਂ ਮੁਹਾਵਰੇ ਥੋੜਾ ਡਰਦੇ ਹਨ ਕਿਉਂਕਿ ਇਹ ਸਿਰ 'ਤੇ ਕੋਹਲੂ ਮਾਰ ਦਿੰਦੇ ਹਨ ਤੇ ਮਰੇ ਹੋਏ ਦਾ ਵੀ ਤੇਰਵ੍ਹੀਂ ਹੋਣ 'ਤੇ ਹੀ ਯਕੀਨ ਬਝਦਾ ਹੈ। ਜੱਟ ਮਚਲਾ ਖੁਦਾ ਨੂੰ ਲੈ ਗਏ ਚੋਰ।

ਮੁਹਾਵਰਾ-ਸੰਸਾਰ ਐਸਾ ਗੰਧਲਾ ਹੈ ਕਿ ਇਥੇ 'ਚਾਰ ਪੈਸੇ' ਵਾਲਾ ਬੰਦਾ ਅਮੀਰ ਹੋ ਜਾਂਦਾ ਹੈ ਪਰ 'ਲੱਖ ਤੋਂ ਕੱਖ' ਹੋਣ ਨੂੰ ਵੀ ਚਿਰ ਨਹੀਂ ਲਗਦਾ। ਨਾਲੇ ਖੂਹ ਦੀ ਮਿੱਟੀ ਵੀ ਖੂਹ ਨੂੰ ਲੁਆ ਦਿੰਦੇ ਹਨ ਪਰ ਅਕਲਾਂ ਬਿਨਾ ਖੂਹ ਫਿਰ ਖਾਲੀ ਦਾ ਖਾਲੀ ਰਹਿ ਜਾਂਦਾ ਹੈ। ਇਕ ਪਾਸੇ 'ਅੰਨ੍ਹੀ ਪੀਹਵੇ ਕੁੱਤਾ ਚੱਟੇ' ਕਹਿ ਕੇ ਵਿਚਾਰੇ ਨੇਤਰਹੀਣ ਦੀ ਲਾਚਾਰੀ ਪ੍ਰਗਟ ਕਰ ਦਿੰਦੇ ਹਨ, ਦੂਜੇ ਪਾਸੇ ਅੰਨਿਆਂ ਤੋਂ ਸ਼ੀਰਨੀਆਂ ਵੰਡਾ ਕੇ ਤੇ ਮੁੜ ਮੁੜ ਆਪਣਿਆਂ ਨੂੰ ਦੁਆ ਕੇ ਨੇਤਰਹੀਣ ਹੋਣ ਦੇ ਲਾਭ ਦਰਸਾ ਦਿੰਦੇ ਹਨ। ਪਰ ਫਿਰ ਵੀ ਦੇਖਿਆ ਗਿਆ ਹੈ ਕਿ ਅੱਖਾਂ 'ਤੇ ਮੁਹਾਵਰੇ ਵਿਸ਼ੇਸ਼ ਤੌਰ 'ਤੇ ਦਿਆਲੂ ਹਨ, ਹਰ ਬੋਲੀ ਵਿਚ ਅੱਖਾਂ ਦੇ ਮੁਹਾਵਰੇ ਕੁਰਬਲ ਕੁਰਬਲ ਕਰਦੇ ਹਨ।

ਮੇਰੀ ਜਾਚੇ ਮੁਹਾਵਰੇ ਬੜੀ ਟੇਢੀ ਖੀਰ ਹੁੰਦੇ ਹਨ। ਅਕਸਰ ਇਹ ਤੁਹਾਨੂੰ ਪਟਕਾ ਮਾਰਦੇ ਹਨ। ਜੇ ਤੁਸੀਂ ਇਨ੍ਹਾਂ ਨਾਲ ਠੀਕ ਵਰਤਾਉ ਨਾ ਕਰੋ ਤਾਂ ਇਹ ਦੋਧਾਰੀ ਤਲਵਾਰ ਬਣ ਕੇ ਉਲਟਾ ਤੁਹਾਡੇ 'ਤੇ ਵੀ ਵਾਰ ਕਰ ਸਕਦੇ ਹਨ। ਮੁਹਾਵਰਿਆਂ ਕਾਰਨ ਮੈਂ ਕਈ ਵਾਰ ਬੜੀ ਯਭ ਵਾਲੀ ਸਥਿਤੀ ਵਿਚ ਫਸਿਆ ਰਹਿੰਦਾ ਹਾਂ। ਇਸ ਲਈ ਮੈਂ ਆਪਣੇ ਪਾਠਕਾਂ ਦੇ ਕੰਨ ਕਰ ਦੇਣਾ ਚਾਹੁੰਦਾ ਹਾਂ: ਇਨ੍ਹਾਂ ਦੇ ਦੋਗਲੇ ਚਰਿੱਤਰ ਤੋਂ ਬਚੋ, ਹਾਲਾਂਕਿ ਮੈਂ ਆਪ ਵੱਡਿਆਂ ਦੀ ਦੱਸੀ ਇਸ ਗੱਲ ਉਤੇ ਕੰਨ ਨਹੀਂ ਧਰਿਆ। ਸਾਡੇ ਨਾਲ ਹੋਈਆਂ ਹਨ, ਐਵੇਂ ਨਹੀਂ ਮੂੰਹ 'ਚੋਂ ਗੱਲ ਕੱਢਦੇ।

ਸਾਡੇ ਵਾਕਿਫਕਾਰ ਟਰੱਕਾਂ ਵਾਲੇ ਸੋਹਣ ਸਿੰਘ ਦੀ ਦੇਸ ਰਹਿ ਗਈ ਆਖਰੀ ਨੂੰਹ ਹਜ਼ਾਰ ਹੇਠ-ਉਤੇ ਅਤੇ ਲੱਖ ਹੇਰ-ਫੇਰ ਕਰਕੇ ਆਖਿਰ ਇੰਡੀਆ ਤੋਂ ਆ ਗਈ ਤਾਂ ਉਨ੍ਹਾਂ ਹਜ਼ਾਰ ਹਜ਼ਾਰ ਸ਼ੁਕਰ ਕੀਤੇ ਤੇ ਲੱਖ ਵੱਟਿਆ। ਹੁਣ ਇੰਡੀਆ ਵੱਲ ਉਨ੍ਹਾਂ ਦੀ ਕੋਈ ਝਾਕ ਨਹੀਂ ਸੀ ਰਹਿ ਗਈ, ਜਿਹੜੇ ਦੇਸ਼ ਨਹੀਂ ਜਾਣਾ, ਉਹਦਾ ਰਾਹ ਕਿਉਂ ਪੁੱਛਣਾ। ਅਸਾਂ ਸੋਚਿਆ, ਤੇ ਸਾਡਾ ਬਣਦਾ ਵੀ ਸੀ ਕਿ ਉਨ੍ਹਾਂ ਦੀਆਂ ਖੁਸ਼ੀਆਂ ਵਿਚ ਵਾਧਾ ਕਰਨ ਲਈ ਵਧਾਈ ਦਿਤੀ ਜਾਵੇ। ਇਕ ਦਿਨ ਸ਼ਾਮ ਦੇ ਘੁਸਮੁਸੇ ਵਿਚ ਜਦੋਂ ਵਾਜਿਬ ਟਾਈਮ ਹੁੰਦਾ ਹੈ, ਅਸੀਂ ਸਾਰਾ ਪਰਿਵਾਰ ਤਸ਼ਰੀਫ ਦੇ ਟੋਕਰੇ ਚੁੱਕੀ ਤੁਰ ਪਏ। ਅਜਿਹੇ ਕੰਮ ਲਈ ਮੈਂ ਸਾਰੇ ਟੱਬਰ ਨੂੰ ਹਮੇਸ਼ਾ ਖਾਓ-ਪੀਏ ਹੀ ਲਿਜਾਂਦਾ ਹਾਂ, ਉਂਜ ਮੇਰੀ ਮਾਂ ਨੇ ਲੱਖ ਵਾਰੀ ਸਮਝਾਇਆ ਹੈ-ਘਰੋਂ ਜਾਈਏ ਖਾ ਕੇ ਅੱਗੋਂ ਮਿਲੇ ਪਕਾ ਕੇ।

ਮੇਰੇ ਘਰ ਵਾਲੀ ਨੂੰ ਵਧਾਈ ਬਹੁਤੀ ਹੀ ਚੜ੍ਹੀ ਹੋਈ ਸੀ। ਉਹ ਸੋਫੇ 'ਤੇ ਬੈਠਣ ਲੱਗੀ ਕਿ ਨਵੀਂ ਨਵੀਂ ਨੂੰਹ ਆ ਕੇ ਮੱਥਾ ਟੇਕਣ ਲੱਗ ਪਈ। ਉਹ ਬਹਿੰਦੀ-ਬਹਿੰਦੀ ਉਠ ਖੜੀ ਹੋਈ ਤੇ ਮੱਥਾ ਟੇਕਣ ਦਾ ਜਵਾਬ ਸਿਰ ਪਿਆਰ ਭੁਗਤਾ ਕੇ ਮੂੰਹ ਵਿਚੋਂ ਕਿਰਨਮ ਕਿਰਨੀ ਹੁੰਦੇ ਵਧਾਈ ਦੇ ਸ਼ਬਦ ਉਗਲਛਣ ਲੱਗ ਪਈ, "ਆਹ ਤਾਂ ਬਹੁਤ ਵਧੀਆ ਹੋਇਆ ਜੀ, ਤੁਹਾਡੀ ਆਖਰੀ ਖਾਹਿਸ਼ ਪੂਰੀ ਹੋ ਗਈ ਤੁਹਾਡੀ ਨੂੰਹ ਰਾਣੀ ਆ ਗਈ। ਤੁਹਾਡਾ ਤਾਂ ਹੁਣ ਟੱਬਰ ਪੂਰਾ ਹੋ ਗਿਆ।"

ਕਹਿੰਦੇ ਹਨ ਮੁਰਦਾ ਬੋਲੂ ਖੱਫਣ ਪਾੜੂ। ਮੈਂ ਮੱਥੇ 'ਤੇ ਹੱਥ ਮਾਰਿਆ। ਇਹ ਮੇਰੀ ਘਰ ਵਾਲੀ ਨੇ ਕੀ ਉਚਾਰ ਦਿੱਤਾ। 'ਆਖਰੀ ਖਾਹਿਸ਼' ਤੇ ਫਿਰ 'ਟੱਬਰ ਪੂਰਾ ਹੋ ਗਿਆ।' ਉਨ੍ਹਾਂ ਲਈ ਤਾਂ ਇਹ ਬਖਤਾਵਰ ਦਿਨ ਹਨ। ਮੈਂ ਕਦੇ 'ਤਾਂਹ ਦੇਖਾਂ ਕਦੇ ਠਾਂਹ'। ਮੱਥੇ 'ਤੇ ਤਰੇਲੀਆਂ ਛੁੱਟਣ ਲੱਗੀਆਂ। ਤਕਾਲ-ਸੰਧਿਆ ਦਾ ਵੇਲਾ, ਘਰ ਨਵੀਂ ਨਵੀਂ ਨੂੰਹ ਤੇ ਇਹ ਸੁਜਾਨ ਕੌਰ ਉਨ੍ਹਾਂ ਦੀ ਆਖਰੀ ਖਾਹਿਸ਼ ਦੱਸ ਕੇ ਟੱਬਰ ਹੀ ਪੂਰਾ ਕਰ ਰਹੀ ਹੈ। ਘਰ 'ਚ ਸੁੰਨ ਵਰਤ ਗਈ। ਮੈਨੂੰ ਧਰਤੀ ਗਰਕਣ ਨੂੰ ਵਿਹਲ ਨਹੀਂ ਸੀ ਦੇ ਰਹੀ। ਕਮਲਿਆਂ ਦਾ ਟੱਬਰ ਸਾਡਾ, ਕੀ ਕਰੀਏ। ਹੁਣ ਤਕ ਘਰ ਵਾਲੀ ਨੂੰ ਵੀ ਦਾਲ ਵਿਚ ਕੁਝ ਕਾਲਾ ਕਾਲਾ ਤਾਂ ਦਿਸਣ ਲੱਗ ਪਿਆ ਪਰ ਇਹ ਕੀ ਸੀ, ਉਹਦੇ ਖਾਨੇ ਨਾ ਪਿਆ।

ਪਰ ਆਪਣੇ ਯਾਰ ਸੋਹਣ ਸਿੰਘ ਨੇ ਸਥਿਤੀ ਸੰਭਾਲ ਲਈ। ਆਖਿਰ ਕਿਸ ਦੀ ਜ਼ਬਾਨ ਗੋਤਾ ਨਹੀਂ ਖਾ ਜਾਂਦੀ, ਕੋਈ ਅਸਮਾਨ ਤਾਂ ਨਹੀਂ ਸੀ ਢਹਿ ਪਿਆ। ਸਾਡੀ ਇਜ਼ਤ ਦਾ ਧਿਆਨ ਰਖਦਿਆਂ ਉਸ ਨੇ ਸਿਰਫ 'ਹੀ...ਹੀ...ਹੀ' ਹੀ ਉਚਾਰ ਕੇ ਗੱਲ ਹੋਊ ਪਰ੍ਹੇ ਕਰਨ ਦੀ ਕੀਤੀ। ਮੁਰਦੇਹਾਣਾ ਮਾਹੌਲ ਚਾਹ ਦੇ ਪਿਆਲਿਆਂ ਤੇ ਲੱਡੂਆਂ ਨਾਲ ਜੀਵਿਤ ਹੋਣ ਲੱਗਾ ਤਾਂ ਮੈਂ ਉਲਝੀ ਤਾਣੀ ਸੁਲਝਾਉਣ ਦੀ ਠਾਣੀ। ਗਲਾ ਸਾਫ ਕਰਦਿਆਂ ਮੈਂ ਗਲਤੀ ਸੁਧਾਰਨ ਲਈ ਕਿਹਾ, "ਅਸਲ 'ਚ ਜੀ ਮੇਰੀ ਘਰ ਦੀ ਦਾ ਮਤਲਬ ਸੀ ਕਿ ਹੁਣ ਤੁਹਾਡੇ ਟੱਬਰ ਦਾ 'ਕੱਠ ਹੋ ਗਿਆ।" ਮੇਰੇ ਮੂੰਹ 'ਚੋਂ ਇਹ ਵਾਕ ਨਿਕਲੇ ਹੀ ਸਨ ਕਿ ਮੈਂ ਮਹਿਸੂਸ ਕਰ ਲਿਆ ਮੈਂ ਤਾਂ ਬਲਦੀ 'ਚ ਤੇਲ ਪਾ ਦਿੱਤਾ ਸੀ। ਪਰ ਤੀਰ ਚੱਲ ਚੁਕਾ ਸੀ। ਪਤਾ ਨਹੀਂ ਅੱਜ ਕੌਣ ਮੱਥੇ ਲੱਗਾ ਕਿ ਜ਼ਬਾਨ ਟਪਲੇ ਹੀ ਖਾਈ ਜਾਂਦੀ ਹੈ। ਹੱਥ ਕੰਗਣ ਨੂੰ ਆਰਸੀ ਕੀ, ਪੜ੍ਹੇ ਲਿਖੇ ਨੂੰ ਫਾਰਸੀ ਕੀ, ਪਰਤੱਖ ਸੀ ਸਾਡਾ ਸਾਰਾ ਆਵਾ ਹੀ ਊਤ ਗਿਆ ਸੀ। ਟੱਬਰ ਤਾਂ ਘਰ ਵਾਲੀ ਨੇ ਚੁੱਕ 'ਤਾ ਸੀ ਮੈਂ ਤਾਂ ਉਨ੍ਹਾਂ ਦਾ ਭੋਗ ਪਾ ਕੇ 'ਕੱਠ ਵੀ ਕਰ ਦਿੱਤਾ ਸੀ। ਮੇਜ਼ ਦੁਆਲੇ ਬੈਠੇ ਸਾਰੇ ਜੀਆਂ ਦੇ ਚਾਹ ਦੇ ਕੱਪ ਛਲਕ ਗਏ। ਫਸੀ ਨੂੰ ਫਟਕਣ ਕੀ, ਸੌ ਘੜੇ ਪਾਣੀ ਪਿਆ ਸਿਰ ਮੈਂ ਅੱਗੇ ਧਰ ਕੇ ਜ਼ਿਬਾਹ ਹੋਣ ਲਈ ਵੀ ਤਿਆਰ ਸੀ ਪਰ ਪਿੱਛੇ ਕਿਧਰੇ ਥਾਂ ਸਿਰ ਟਿਕਿਆ ਪਿਆ ਘਰ ਦਾ ਬੁੜਾ ਜੋ ਹਨੇਰੇ ਜਿਹੇ ਵਿਚ ਦਿਖਾਈ ਨਹੀਂ ਸੀ ਦੇ ਰਿਹਾ, ਪ੍ਰਗਟ ਹੋ ਗਿਆ। ਤਾਂ ਹੀ ਪਤਾ ਲੱਗਾ ਜਦ ਉਸ ਨੇ ਸੋਟਾ ਖੜਕਾਇਆ ਤੇ ਮੂੰਹ 'ਚੋਂ ਕੜਕਿਆ, "ਚੰਗਾ ਹੈ ਸਰਦਾਰ ਜੀ ਹੁਣ ਤੁਸੀਂ ਸਾਡੇ ਘਰੋਂ ਚਲਾਣਾ ਕਰੋ, ਨਹੀਂ ਤੁਹਾਨੂੰ ਪਾਰ ਬੁਲਾਉਣਾ ਪਊ।"

ਸੌ ਹੱਥ ਰੱਸਾ ਸਿਰੇ 'ਤੇ ਗੰਢ, ਮੁਹਾਵਰਿਆਂ ਨਾਲ ਕਦੇ ਪੰਗਾ ਨਾ ਲਓ।

## ਲਤੀਫੇ

ਇਕ ਲੋਕਲ ਬੱਸ, ਕਿਸੇ ਅੱਡੇ 'ਤੇ ਰੁਕੀ ਤਾਂ ਕੰਡਕਟਰ ਨੇ ਪੰਜ-ਛੇ ਜਨਾਨੀਆਂ ਨੂੰ ਚੜ੍ਹ ਲੈਣ ਦਿੱਤਾ। ਇਕ ਬੁੱਢਾ ਚੜ੍ਹਨ ਲੱਗਾ ਤਾਂ ਕੰਡਕਟਰ ਨੇ ਕਿਹਾ 'No More' ਤੇ ਸੀਟੀ ਮਾਰ ਦਿੱਤੀ। ਬੁੱਢਾ ਬੋਲਿਆ, "ਮੋਰਨੀਆਂ ਤਾਂ ਚੜ੍ਹਾ ਲਈਆਂ, ਜਦ ਮੋਰ ਦੀ ਵਾਰੀ ਆਈ ਆਂਹਦਾ-ਨੋ ਮੋਰ।"

---

ਜਾਟ ਲੋਕ ਬੜੇ ਸਿੱਧੇ ਸੁਭਾਅ ਦੇ ਹੁੰਦੇ ਹਨ। ਜਿਨ੍ਹੀਂ ਦਿਨੀਂ ਇੰਦਰਾ ਗਾਂਧੀ ਤੋਂ ਬਾਅਦ ਚੌਧਰੀ ਚਰਨ ਸਿੰਘ ਪ੍ਰਧਾਨ ਮੰਤਰੀ ਬਣੇ ਤਾਂ ਮੇਰਠ ਦੇ ਇਲਾਕੇ ਦੇ ਜਾਟ ਜੁੜ ਦੇ ਗੱਡੇ ਭਰ ਕੇ ਕਨਾਟ ਪਲੇਸ ਲਿਜਾ ਕੇ ਲੱਗੇ ਲੋਕਾਂ ਨੂੰ ਵੰਡਣ। ਇਕ ਪੱਤਰਕਾਰ ਇਕ ਜਾਟ ਨੂੰ ਪੁੱਛਣ ਲੱਗਾ, "ਚੌਧਰੀ ਸਾਹਿਬ, ਯਹ ਕਿਸ ਖੁਸ਼ੀ ਮੇ ਗੁੜ ਬਾਂਟ ਰਹੇ ਹੋ?"

ਜਾਟ ਬੋਲਿਆ, "ਅਰੇ ਬਾਬੂ, ਥਾਰੇ ਕੋ ਪਤਾ ਨਹੀਂ! ਹਮਾਰਾ ਚੌਧਰੀ ਚਰਨ ਸਿੰਘ ਇੰਧਰਾ ਗਾਂਧੀ ਬਣ ਗਿਆ ਸੈ।"

---

ਇਕ ਬੱਸ ਕੰਡਕਟਰ ਆਪਣੀ ਸੁਹਾਗ ਰਾਤ ਵਾਲੇ ਦਿਨ ਜਦੋਂ ਬੈਡਰੂਮ ਵਿਚ ਗਿਆ ਤਾਂ ਉਸ ਨੇ ਦੇਖਿਆ ਕਿ ਉਸ ਦੀ ਵਹੁਟੀ ਲਿਟੀ ਹੋਈ ਸੀ। ਉਹ ਬੋਲਿਆ, "ਲੱਤਾਂ 'ਕੱਠੀਆਂ ਕਰ ਬੀਬੀ, ਇਥੇ ਇਕ ਸਵਾਰੀ ਹੋਰ ਬੈਠਣੀ ਆ।"

---

ਪੰਜਾਬ ਦੇ ਜੱਟਾਂ ਦੀ ਮਹਿਮਾਨ ਨਿਵਾਜ਼ੀ ਦਾ ਸੁਣ ਕੇ ਯਮਰਾਜ ਇਕ ਵਾਰ ਖੁਦ ਧਰਤੀ 'ਤੇ ਆਇਆ। ਉਸ ਕੋਲ ਦਸ ਕੁ ਬੰਦਿਆਂ ਦੀ ਲਿਸਟ ਸੀ ਜਿਨ੍ਹਾਂ ਨੂੰ ਉਪਰ ਲੈ ਜਾਣਾ ਸੀ। ਇਕ ਬਜ਼ੁਰਗ ਜੱਟ ਨੂੰ ਉਸ ਨੇ ਲੈ ਜਾਣਾ ਸੀ। ਜਦ ਯਮਰਾਜ ਪਹੁੰਚਿਆ ਤਾਂ ਜੱਟ ਘਰ ਦੀ ਕੱਢੀ ਸ਼ਰਾਬ ਪੀ ਰਿਹਾ ਸੀ। ਯਮਰਾਜ ਨੇ ਆਪਣੇ ਆਉਣ ਦਾ ਕਾਰਨ ਦੱਸਿਆ ਤਾਂ ਜੱਟ ਬੋਲਿਆ, "ਯਮਰਾਜ ਜੀ, ਜੀ ਆਇਆਂ ਨੂੰ। ਆਪਾਂ ਸਭ ਕਬੀਲਦਾਰੀ ਨਜਿੱਠ ਲਈ ਆ, ਕੋਈ ਫਿਕਰ ਨਹੀਂ, ਚਲਦੇ ਹਾਂ ਪਰ ਤੂੰ ਕਿਹੜਾ ਸਾਡੇ ਪਹਿਲਾਂ ਕਦੇ ਆਇਆ ਏਂ, ਲੈ ਫੜ੍ਹ ਗਲਾਸ ਤੇ ਥਕੇਵਾਂ ਲਾਹ ਪਹਿਲਾਂ। ਜੱਟ ਨੇ ਬਦੋਬਦੀ ਧਰਮ ਰਾਜ ਨੂੰ ਠੋਕਵੇਂ ਪੈਗ ਪਿਲਾ ਦਿੱਤੇ ਤੇ ਖਾਣ ਨੂੰ ਕੁੱਕੜ। ਖਾ-ਪੀ ਕੇ ਯਮਰਾਜ ਕੋਲ ਪਈ ਮੁੰਜ ਦੀ ਮੰਜੀ 'ਤੇ ਸਵਰਗ ਦੇ ਸੁਪਨੇ ਲੈਂਦਾ ਸੌਂ ਗਿਆ। ਜੱਟ ਨੇ ਸੁੱਤੇ ਪਏ ਯਮਰਾਜ ਦੀ ਜੇਬ 'ਚੋਂ ਉਹ ਲਿਸਟ ਕੱਢੀ, ਜਿਸ 'ਤੇ ਲੈ ਜਾਣ ਵਾਲਿਆਂ ਦੇ ਨਾਂ ਸਨ। ਜੱਟ ਦਾ ਨਾਂ ਸਭ ਤੋਂ ਉਪਰ ਸੀ। ਜੱਟ ਨੇ ਆਪਣਾ ਨਾਂ ਉਪਰੋਂ ਕੱਟ ਕੇ ਸਭ ਤੋਂ ਹੇਠਾਂ ਲਿਖ ਦਿੱਤਾ।

ਸਵੇਰੇ ਉਠ ਕੇ ਯਮਰਾਜ ਕਹਿਣ ਲੱਗਾ, "ਭਾਈ ਜੱਟਾ, ਤੂੰ ਮੇਰੀ ਸੇਵਾ ਤਾਂ ਐਂ ਕੀਤੀ ਐ ਜਿਵੇਂ ਮੈਂ ਪੰਜਾਬ ਪੁਲਿਸ ਦਾ ਥਾਣੇਦਾਰ ਹੋਵਾਂ। ਮੈਂ ਤੇਰੀ ਸੇਵਾ ਤੋਂ ਬਹੁਤ ਖੁਸ਼ ਹਾਂ, ਇਸ ਲਈ ਮੈਂ ਉਪਰ ਲੈ ਜਾਣ ਵਾਲਿਆਂ ਦੀ ਵਾਰੀ ਉਲਟੀ ਕਰ ਰਿਹਾ ਹਾਂ ਤੇ ਜਿਸ ਦਾ ਨਾਂ ਸਭ ਤੋਂ ਹੇਠਾਂ ਹੈ, ਉਸ ਨੂੰ ਸਭ ਤੋਂ ਪਹਿਲਾਂ ਲੈ ਜਾਵਾਂਗਾ।

---

ਇਕ ਵਕੀਲ ਦਾ ਮੁਣਸ਼ੀ ਗੁਜ਼ਾਰੇ ਜੋਗੀ ਹੀ ਅੰਗਰੇਜ਼ੀ ਪੜ੍ਹਿਆ ਹੋਇਆ ਸੀ। ਇਕ ਵਾਰ ਛੁੱਟੀ 'ਤੇ ਜਾਣ ਲੱਗਿਆਂ ਵਕੀਲ ਆਪਣੇ ਮੁਣਸ਼ੀ ਨੂੰ ਆਖ ਗਿਆ ਕਿ ਸਾਡੇ ਮੁਵੱਕਲ ਲੱਖਾ ਸਿੰਘ ਦੇ ਕੇਸ ਦਾ ਫੈਸਲਾ ਜੱਜ ਸਾਹਿਬ ਨੇ ਰਾਖਵਾਂ ਰੱਖਿਆ ਹੋਇਆ ਹੈ। ਜੇਕਰ ਮੇਰੇ ਛੁੱਟੀ ਦੇ ਦਿਨਾਂ ਵਿਚ ਜੱਜ ਸਾਹਿਬ ਫੈਸਲਾ ਸੁਣਾ ਦੇਣ ਤਾਂ ਮੈਨੂੰ ਤਾਰ ਰਾਹੀਂ ਖਬਰ ਕਰ ਦੇਵੀਂ।


ਟੈਲੀਫੋਨਾਂ ਤੋਂ ਪਹਿਲਾਂ ਕਿਸੇ ਨੂੰ ਤੁਰੰਤ ਸੂਚਨਾ ਦੇਣੀ ਹੁੰਦੀ ਤਾਂ ਅੰਗਰੇਜ਼ੀ ਦੇ ਘੱਟ ਤੋਂ ਘੱਟ ਅੱਖਰ ਲਿਖੇ ਜਾਂਦੇ ਸਨ, ਕਿਉਂਕਿ ਤਾਰ ਦੇ ਪੈਸੇ ਸ਼ਬਦਾਂ ਦੀ ਗਿਣਤੀ ਅਨੁਸਾਰ ਲੱਗਦੇ ਸਨ। ਜੱਜ ਸਾਹਿਬ ਦੇ ਫੈਸਲਾ ਸੁਣਾਉਣ 'ਤੇ ਮੁਣਸ਼ੀ ਨੇ ਟੈਲੀਗਰਾਮ ਭਾਵ ਤਾਰ ਭੇਜੀ ਜਿਸ ਵਿਚ ਲਿਖਿਆ 'Lakha Singh Burried.' ਮੁਣਸ਼ੀ ਦਾ ਭਾਵ ਸੀ ਕਿ ਲੱਖਾ ਸਿੰਘ ਨੂੰ ਜੱਜ ਨੇ ਬਰੀ ਕਰ ਦਿੱਤਾ ਹੈ।

-ਵਾਸਦੇਵ ਸਿੰਘ ਪਰਹਾਰ
ਫੋਨ: 206-434-1155

# ਜੰਗਲਨਾਮਾ-10

## ਬਸਤਰ ਦੇ ਜੰਗਲਾਂ ਵਿਚ

ਸਤਨਾਮ



### ਤੁਸੀਂ ਪੜ੍ਹ ਚੁੱਕੇ ਹੋ...

*ਗਾਈਡ ਦੀ ਮਦਦ ਨਾਲ ਲੇਖਕ ਤੇ ਉਸ ਦੇ ਸਾਥੀ ਜੰਗਲ ਵੱਲ ਵਧਣਾ ਆਰੰਭ ਕਰਦੇ ਹਨ। ਸਫਰ ਰਾਤ ਦਾ ਹੈ, ਗੁਆਚਣ ਦਾ ਖਦਸ਼ਾ ਵੀ ਹੈ, ਪਰ ਉਹ ਸਾਰੀ ਰਾਤ ਪੈਰਾਂ ਥਾਣੀਂ ਲੰਘਾ ਕੇ ਪਹਿਲੇ ਪੜਾਅ 'ਤੇ ਅੱਪੜ ਜਾਂਦੇ ਹਨ। ਐਤਕੀਂ ਕੈਂਪ ਦੇ ਅੰਦਰ ਦਾ ਬਿਰਤਾਂਤ ਖਿੱਚਣ ਦੌਰਾਨ, ਗੁਰੀਲਾ ਜੀਵਨ ਬਾਰੇ ਭਰਪੂਰ ਚਰਚਾ ਕੀਤੀ ਗਈ ਹੈ।...*

# ਰੈੱਡ ਐਂਡ ਐਕਸਪਰਟ ਵਾਲਾ ਰਾਹ

*'ਜੰਗਲਨਾਮਾ' ਉਨ੍ਹਾਂ ਜੰਗਲਾਂ ਦਾ ਬਿਰਤਾਂਤ ਦੱਸਦਾ ਹੈ ਜਿਥੇ ਮਾਓਵਾਦੀ ਆਪਣਾ ਸਿੱਕਾ ਚਲਾ ਰਹੇ ਹਨ। ਸਤਨਾਮ (ਅਸਲ ਨਾਂ ਗੁਰਮੀਤ) ਨੇ ਇਸ ਯਾਤਰਾ ਰਾਹੀਂ ਉਨ੍ਹਾਂ ਲੋਕਾਂ, ਉਨ੍ਹਾਂ ਦੇ ਫਿਕਰਾਂ ਅਤੇ ਉਨ੍ਹਾਂ ਦੇ ਜੁਝਾਰੂ ਜੀਵਨ ਬਾਰੇ ਲੰਮੀ ਬਾਤ ਸੁਣਾਈ ਹੈ। ਇਹ ਬਾਤ ਇਸ ਕਰ ਕੇ ਵਧੇਰੇ ਦਿਲਚਸਪ ਹੋ ਨਿਬੜੀ ਹੈ ਕਿਉਂਕਿ ਪਾਠਕ ਨੂੰ ਇਸ ਵਿਚੋਂ ਵਾਰ-ਵਾਰ ਆਪਣੇ ਹੀ ਜੀਵਨ ਦੇ ਝਲਕਾਰੇ ਦਿਸਦੇ ਹਨ। ਇਹ ਬਾਤ ਸੁਣਾਉਂਦਿਆਂ ਸਤਨਾਮ ਦੀ ਬਿਰਤਾਂਤ-ਜੁਗਤ ਕਮਾਲ ਦੀ ਹੈ। ਇਸ ਬਿਰਤਾਂਤ ਵਿਚੋਂ ਮਾਓਵਾਦੀਆਂ ਦੇ ਘੋਲ ਦੀ ਝਲਕ ਤਾਂ ਮਿਲਦੀ ਹੀ ਹੈ, ਸਾਹਿਤਕ ਪੱਖ ਤੋਂ ਬਹੁਤ ਥਾਂਈਂ ਰੂਸੀ ਕਲਾਸਿਕ ਰਚਨਾਵਾਂ ਦੇ ਝਉਲੇ ਵੀ ਪੈਂਦੇ ਹਨ। ਪੰਜਾਬੀ ਵਿਚ ਅਜਿਹੀ ਅਨੂਠੀ ਰਚਨਾ ਘੱਟ ਹੀ ਨਜ਼ਰੀਂ ਪੈਂਦੀ ਹੈ। -ਸੰਪਾਦਕ*

ਨਾਸ਼ਤੇ ਦਾ ਵਕਤ ਹੈ। ਤੇਲ ਵਿਚ ਤੜਕੇ ਹੋਏ ਚਿੜਵੇ ਤੇ ਮੂੰਗਫਲੀ ਦੀਆਂ ਗਿਰੀਆਂ ਹਰ ਕਿਸੇ ਦੀ ਪਲੇਟ ਵਿਚ ਹਨ। ਚਾਹ ਦਾ ਰੰਗ ਅੱਜ ਹੋਰ ਵੀ ਤੇਜ਼ ਹੈ।

"ਪੱਤੀ ਤੇਜ਼ ਹੈ ਜਾਂ ਪਾਣੀ ਲਾਲ ਹੈ?" ਮੈਂ ਹੱਸਦੇ ਹੋਏ ਪੁੱਛਦਾ ਹਾਂ।

"ਤੇਜ਼ ਪੱਤੀ।" ਚਾਹ ਵਰਤਾਉਣ ਵਾਲੇ ਨੇ ਮੁਸਕਰਾ ਕੇ ਜਵਾਬ ਦਿੱਤਾ। ਰਾਤ ਮੀਂਹ ਪੈਣ ਤੋਂ ਪਹਿਲਾਂ ਉਨ੍ਹਾਂ ਨੇ ਪਾਣੀ ਦੇ ਡਰੱਮ ਭਰ ਲਏ ਸਨ।

ਨਾਸ਼ਤੇ ਦਾ ਸਮਾਂ ਰੋਜ਼ ਵਾਂਗ ਅੱਜ ਵੀ ਸਿਆਸੀ ਟਿਪਣੀਆਂ ਤੇ ਵਿਚਾਰ-ਚਰਚਾ ਦਾ ਸਮਾਂ ਹੈ, "ਮੁਸ਼ੱਰਫ਼ ਬੁਰਾ ਫਸਿਆ ਪਿਐ। ਅਮਰੀਕਾ ਨਾਲ ਯਾਰੀ ਦਾ ਪਹਿਲਾਂ ਵਾਲਾ ਦੌਰ ਨਹੀਂ ਰਿਹਾ।"

ਰਾਤ ਦੀਆਂ ਖਬਰਾਂ ਉਪਰ ਕੋਈ ਜਣਾ ਤਬਸਰਾ ਕਰਦਾ ਹੈ। ਖ਼ਬਰ ਸੀ ਕਿ ਅਮਰੀਕਾ ਪਾਕਿਸਤਾਨ ਦੇ ਪਰਮਾਣੂ ਹਥਿਆਰ ਆਪਣੇ ਕਬਜ਼ੇ ਵਿਚ ਲੈ ਸਕਦਾ ਹੈ।

"ਅਮਰੀਕਨ ਸਟੇਟ ਦੇ ਸਿਰਫ਼ ਹਿਤ ਹਨ, ਦੋਸਤੀਆਂ ਨਹੀਂ। ਰੂਸ ਦੇ ਢਹਿਣ ਦੋਂ ਬਾਅਦ ਬਹੁਤ ਕੁਝ ਬਦਲ ਗਿਐ। ਨਵਾਂ ਸੰਸਾਰ ਪ੍ਰਬੰਧ ਧਮਕੀਆਂ ਤੇ ਹਮਲਿਆਂ ਨਾਲ ਹੀ ਠੋਸਿਆ ਜਾ ਸਕਦੈ।" ਦੂਸਰਾ ਜਣਾ ਕਹਿੰਦਾ ਹੈ।

"ਕੋਈ ਵੀ ਦੇਸ਼ ਅਮਰੀਕਾ ਸਾਹਮਣੇ ਖੜ੍ਹਾ ਹੋਣ ਦੀ ਹਾਲਤ ਵਿਚ ਨਹੀਂ, ਮੁਸ਼ੱਰਫ਼ ਕੀ ਚੀਜ਼ ਹੈ।" ਤੀਸਰਾ ਬੋਲਦਾ ਹੈ।

"ਮੁਸ਼ੱਰਫ਼ ਦੇ ਇਹ ਕਹਿਣ ਉਪਰ ਕਿ ਉਸ ਨੇ ਅਮਰੀਕਾ ਦਾ ਸਾਥ ਪਾਕਿਸਤਾਨ ਦੇ 'ਕੌਮੀ ਹਿਤ' ਨੂੰ ਧਿਆਨ ਵਿਚ ਰੱਖ ਕੇ ਦਿਤਾ ਹੈ, ਸਿਰਫ਼ ਹੱਸਿਆ ਹੀ ਜਾ ਸਕਦੈ।" ਇਕ ਹੋਰ ਕਹਿੰਦਾ ਹੈ।

"ਦੇਸ਼ ਦਾ ਸਦਰ (ਪ੍ਰਧਾਨ) ਹੈ। ਇਹ ਤਾਂ ਕਹਿ ਨਹੀਂ ਸਕਦਾ ਕਿ ਮੈਂ ਇਹ ਬਿਆਨ ਅਮਰੀਕੀ ਬੰਦੂਕ ਦੀ ਨਾਲ ਸਾਹਮਣੇ ਬੈਠ ਕੇ ਦੇ ਰਿਹਾ ਹਾਂ।" ਇਸ ਟਿਪਣੀ ਉਤੇ ਹਾਸਾ ਪੈ ਜਾਂਦਾ ਹੈ।

"ਭਾਰਤ ਦੇ ਕੌਮੀ ਹਿਤ ਅਮਰੀਕਾ ਨਾਲ ਮੇਲ ਖਾਂਦੇ ਹਨ। ਪਾਕਿਸਤਾਨ ਦੇ ਕੌਮੀ ਹਿਤ ਅਮਰੀਕਾ ਨਾਲ ਮੇਲ ਖਾਂਦੇ ਹਨ। ਸਿੱਧ ਕਰੋ ਕਿ ਭਾਰਤ ਤੇ ਪਾਕਿਸਤਾਨ, ਦੋਵਾਂ ਦੇ ਕੌਮੀ ਹਿਤ ਆਪਸ ਵਿਚ ਮੇਲ ਖਾਂਦੇ ਹਨ। ਇਹ ਅਲਜਬਰੇ ਦਾ ਅੱਜ ਸਭ ਤੋਂ ਔਖਾ ਸਵਾਲ ਹੈ।"

"ਕਸ਼ਮੀਰ ਦੀ ਸਲੇਟ 'ਤੇ ਆ ਕੇ ਇਹ ਇੰਜ ਅੜਦਾ ਹੈ ਕਿ ਹੱਲ ਹੋਣ ਦਾ ਨਾਂ ਨਹੀਂ ਲੈਂਦਾ।"

"ਕਸ਼ਮੀਰ ਵਿਚ ਤੇਲ ਹੁੰਦਾ ਤਾਂ ਹੁਣ ਤੱਕ ਬਾਂਦਰ ਨੇ ਬਿੱਲੀਆਂ ਦੀ ਸਾਰੀ ਰੋਟੀ ਹੜੱਪ ਲਈ ਹੁੰਦੀ।"

ਨਾਸ਼ਤਾ ਚੱਲਦਾ ਰਿਹਾ ਤੇ ਖ਼ਿੱਤੇ ਦੇ ਸਿਆਸੀ ਦ੍ਰਿਸ਼ ਉਤੇ ਟਿਪਣੀਆਂ ਹੁੰਦੀਆਂ ਰਹੀਆਂ।

---

"ਕੱਲ ਨੂੰ ਅਸੀਂ ਵਿਛੜ ਰਹੇ ਹਾਂ।" ਸ਼੍ਰੀ ਕਾਂਤ ਨੇ ਹਲਕੀ ਜਿਹੀ ਮੁਸਕਰਾਹਟ ਨਾਲ ਕਿਹਾ।

"ਹਾਂ। ਅੱਜ ਕਿਸੇ ਵਕਤ ਮਿਲਾਂਗੇ।"

ਪਲ ਦੀ ਪਲ ਉਸ ਨੇ ਸੋਚਿਆ ਤੇ ਕਿਹਾ, "ਅੱਜ ਨਹੀਂ, ਕੱਲ੍ਹ ਨਾਸ਼ਤੇ ਤੋਂ ਬਾਅਦ।"

"ਠੀਕ ਹੈ।"

ਉਸ ਪਿਛੋਂ ਅਸੀਂ ਦੋਵੇਂ ਤੰਬੂਆਂ ਵੱਲ ਜਾਂਦੇ ਰਾਹ ਦੀ ਚੜ੍ਹਾਈ ਚੜ੍ਹਨ ਲੱਗੇ। ਕੱਲ੍ਹ ਨੂੰ ਗਰਮ ਕੱਪੜੇ, ਕੰਬਲ, ਟੋਪੀਆਂ, ਬੂਟ ਵਗੈਰਾ ਸਭ ਕੁਝ ਆ ਜਾਣਾ ਸੀ। ਉਸ ਨੇ ਕਿਹਾ ਕਿ ਜੋ ਚਾਹੀਦਾ ਹੈ, ਲੈ ਲਵਾਂ। ਮੰਕੀ ਕੈਪ ਤੇ ਮਫਲਰ ਦੀ ਮੈਨੂੰ ਲੋੜ ਨਹੀਂ ਸੀ। ਬੂਟ ਪਹਿਲਾਂ ਹੀ ਪੈਰਾਂ ਵਿਚ ਮੌਜੂਦ ਸਨ ਜਿਨ੍ਹਾਂ ਨਾਲ ਮੈਂ ਹਿਮਾਲਾ ਦਾ ਚੱਕਰ ਪੂਰਾ ਕਰ ਸਕਦਾ ਸਾਂ। ਸੋ, ਮੈਨੂੰ ਕੁਝ ਨਹੀਂ ਸੀ ਚਾਹੀਦਾ।

"ਸਵੇਰੇ!"

"ਜ਼ਰੂਰ।"

ਤੇ ਅਸੀਂ ਆਪੋ ਆਪਣੇ ਰਸਤੇ ਪੈ ਗਏ।

---

ਰਸੋਈ ਤੋਂ ਜਿਹੜਾ ਵੀ ਵਾਪਸ ਮੁੜਦਾ ਆਪਣਾ ਹਥਿਆਰ ਮੋਢੇ ਤੋਂ ਲਾਹੁੰਦਾ, ਪੁਰਜ਼ਾ ਪੁਰਜ਼ਾ ਖੋਲ੍ਹ ਕੇ ਸਾਫ਼ ਕਰਦਾ ਤੇ ਫਿਰ ਫਿੱਟ ਕਰ ਲੈਂਦਾ। ਹਥਿਆਰ ਨੂੰ ਸਾਫ਼ ਕਰਨਾ ਰੋਜ਼ ਦਾ ਨੇਮ ਹੈ, ਜਦੋਂ ਕਿਸੇ ਨੂੰ ਵਕਤ ਮਿਲਿਆ ਕਰ ਲਿਆ।

"ਕੀ ਰੁਝੇਵੇਂ ਨੇ ਅੱਜ ਦੇ?" ਐਤੂ ਆਪਣੀਆਂ ਫਾਈਲਾਂ ਚੁੱਕੀ ਮੇਰੇ ਕੋਲ ਆ ਕੇ ਬੋਲਿਆ।

"ਜਿਸ ਕਿਸੇ ਨੇ ਸੱਦਿਆ, ਤੁਰ ਜਾਵਾਂਗਾ।" ਕਹਿ ਕੇ ਮੈਂ ਹੱਸ ਪਿਆ, "ਤੇ ਤੁਹਾਡੇ?"

"ਮੇਰੇ ਵੀ ਕੋਈ ਨਹੀਂ। ਉਨ੍ਹਾਂ ਅੱਜ ਗੁਰੀਲਾ ਯੁੱਧ ਬਾਰੇ ਵਿਚਾਰਾਂ ਕਰਨੀਆਂ ਤੇ ਮੈਂ ਵਿਹਲਾ ਹਾਂ।"

"ਜੰਗ 'ਚ ਕੋਈ ਦਿਲਚਸਪੀ ਨਹੀਂ?"

"ਦਿਲਚਸਪੀ ਹੈ, ਪਰ ਜ਼ਿੰਮੇਦਾਰੀ ਨਹੀਂ।"

"ਵਿਗਿਆਨੀ ਹੋ... ਇਸ ਲਈ?"

"ਸਿਰਫ ਵਿਗਿਆਨੀ ਨਹੀਂ, ਲਾਲ ਵਿਗਿਆਨੀ।" ਐਤੂ ਦੇ ਜਵਾਬ 'ਤੇ ਅਸੀਂ ਦੋਵੇਂ ਹੱਸ ਪਏ।

ਰੈੱਡ ਐਂਡ ਐਕਸਪਰਟ। ਕਮਿਊਨਿਸਟ ਵੀ ਤੇ ਮਾਹਰ ਵੀ। ਚੀਨ ਦੇ ਸਭਿਅਚਾਰਕ ਇਨਕਲਾਬ ਦੌਰਾਨ ਇਹ ਦੋਵੇਂ ਸ਼ਬਦ ਬਹੁਤ ਮਸ਼ਹੂਰ ਹੋਏ ਸਨ। ਇਸ ਕਰਾਂਤੀ ਦੇ ਦੌਰ ਨੇ ਪੜ੍ਹੀ-ਲਿਖੀ ਪੀੜ੍ਹੀ ਨੂੰ ਬਹੁਤ ਪ੍ਰਭਾਵਤ ਕੀਤਾ ਸੀ। ਸਭਿਆਚਾਰਕ ਇਨਕਲਾਬ ਵਿਚ ਹੋਈ ਵੱਡੀ ਉਥਲ-ਪੁਥਲ ਨੇ ਇਹ ਸ਼ਬਦ ਦੁਨੀਆਂ ਦੇ ਕੋਨੇ ਕੋਨੇ ਵਿਚ ਪਹੁੰਚਾ ਦਿਤੇ ਸਨ। ਲਹਿਰ ਦਾ ਤਾਣ ਟੁੱਟਿਆ ਤਾਂ ਇਹ ਸ਼ਬਦ ਵੀ ਹੌਲੀ-ਹੌਲੀ ਮੱਧਮ ਪੈਂਦੇ ਗਏ। "ਮਾਹਰ" ਤਗੜਾ ਹੁੰਦਾ ਗਿਆ ਤੇ "ਲਾਲ" ਨੂੰ ਨੱਪਦਾ ਗਿਆ। ਅੰਤ ਨੂੰ ਸਿਰਫ਼ ਮਾਹਰ ਹੀ ਰਹਿ ਗਿਆ ਤੇ ਕਮਿਊਨਿਸਟ ਖ਼ਤਮ ਹੋ ਗਿਆ। ਮਾਹਰ ਦੀ ਆਪਣੇ ਕਸਬ ਵਿਚ ਮੁਹਾਰਤ ਹੁੰਦੀ ਹੈ। ਉਹ ਪ੍ਰਬੰਧ ਨੂੰ ਚਲਾਉਣ ਲਈ ਕਾਰਗਰ ਸਾਧਨ ਹੁੰਦਾ ਹੈ। ਉਹ ਕਮਿਊਨਿਸਟ ਵੀ ਹੈ, ਤਾਂ ਪੁਰਾਣੇ ਦਕੀਆਨੂਸੀ ਪ੍ਰਬੰਧ ਨੂੰ ਬਦਲਣ ਵਿਚ ਵੱਡੀ ਭੂਮਿਕਾ ਨਿਭਾ ਸਕਦਾ ਹੈ, ਨਹੀਂ ਤਾਂ ਪੁਰਾਣੇ ਪ੍ਰਬੰਧ ਵਾਸਤੇ ਉਹ ਚੰਗਾ ਸੇਵਾਦਾਰ ਹੋ ਨਿੱਬੜਦਾ ਹੈ। ਚੀਨ ਵਿਚ ਉਲਟ-ਇਨਕਲਾਬ ਪਿਛੋਂ ਨਾ ਸਿਰਫ ਉਥੇ ਹੀ ਮਾਹਰਾਂ ਦੇ ਕਮਿਊਨਿਸਟ ਬਣਨ ਦਾ ਅਮਲ ਰੁਕ ਗਿਆ, ਸਗੋਂ ਦੁਨੀਆਂ ਭਰ ਵਿਚ ਪ੍ਰਭਾਵਿਤ ਹੋਏ ਬੁੱਧੀਜੀਵੀ ਵਰਗ ਦੇ ਵੱਡੇ ਹਿੱਸੇ ਦਾ ਵੀ ਇਹੀ ਹਸ਼ਰ ਹੋਇਆ। ਪਿਛੇ ਹਟਦੇ ਹਟਦੇ ਅੰਤ ਨੂੰ ਉਹ ਸਿਰਫ਼ ਮਾਹਰ ਰਹਿ ਗਏ। ਐਤੂ ਤੇ ਪਵਨ ਦੋਨੋਂ ਹੀ ਇਨਕਲਾਬ ਦੀ ਚੜ੍ਹਾਈ ਦੇ ਉਸ ਦੌਰ ਦੀ ਪੈਦਾਵਾਰ ਹਨ। ਉਹ ਭਾਵੇਂ ਦੋਨੋਂ ਹੀ ਅੱਧੀ ਉਮਰ ਲੰਘਾ ਚੁੱਕੇ ਹਨ, ਪਰ ਉਨ੍ਹਾਂ ਨੇ ਰੈੱਡ ਐਂਡ ਐਕਸਪਰਟ ਵਿਚਲੀ ਰੂਹ ਨੂੰ ਆਪਣੇ ਅੰਦਰੋਂ ਮਰਨ ਨਹੀਂ ਦਿਤਾ; ਉਨ੍ਹਾਂ ਸਗੋਂ ਇਸ ਨੂੰ ਜ਼ਰਬ ਹੀ ਦਿਤੀ ਹੈ। ਕਾਰਨ ਇਹੀ ਹੈ ਕਿ ਉਨ੍ਹਾਂ ਨੇ ਲਹਿਰ ਨਾਲ ਆਪਣੇ ਕਰੀਬੀ ਰਿਸ਼ਤੇ ਨੂੰ ਆਂਚ ਨਹੀਂ ਆਉਣ ਦਿੱਤੀ। ਉਹ ਉਥੇ ਰਹੇ ਹਨ, ਜਿਥੇ ਜੱਦੋਜਹਿਦ ਹੈ। ਜਿਥੇ ਜੱਦੋਜਹਿਦ ਨਹੀਂ, ਹਰਕਤ ਨਹੀਂ; ਉਥੇ ਗਿਰਾਵਟ ਹਰ ਕਿਸੇ ਨੂੰ ਤੇਜ਼ੀ ਨਾਲ ਦਬੋਚ ਲੈਂਦੀ ਹੈ। ਇਨਕਲਾਬ ਡਰਾਇੰਗ ਰੂਮ ਵਿਚ ਕਾਫੀ ਦੇ ਕੱਪ ਤੱਕ ਸੀਮਤ ਹੋ ਜਾਂਦਾ ਹੈ ਤੇ ਅੰਤ ਉਨ੍ਹਾਂ ਅੰਦਰ ਇਸ ਦੀ ਰੂਹ ਮਰ ਜਾਂਦੀ ਹੈ। ਮਾਹਰ ਤਾਂ ਕਿਸੇ ਸਿਸਟਮ ਵਿਚ ਢੇਰਾਂ ਦੇ ਢੇਰ ਪੈਦਾ ਹੁੰਦੇ ਹਨ, ਪਰ ਤਬਦੀਲੀ ਦਾ ਸਾਧਨ ਉਹ ਉਦੋਂ ਹੀ ਬਣਦੇ ਹਨ, ਜਦ ਲਹਿਰ ਨਾਲ ਕਰੀਬੀ ਰਿਸ਼ਤੇ ਵਿਚ ਬੱਝਦੇ ਹਨ। ਸੱਤਰਵਿਆਂ ਵਿਚ ਲਾਲ ਬਣ ਰਹੇ ਮਾਹਰਾਂ ਦੀ ਜ਼ੰਜੀਰ ਲੰਬੀ ਹੋਇਆ ਕਰਦੀ ਸੀ। ਹੌਲੀ ਹੌਲੀ ਇਸ ਨੂੰ ਜੰਗਾਲ ਖਾਣ ਲੱਗਾ ਤੇ ਇਕ ਇਕ ਕਰਕੇ ਕੜੀਆਂ ਝੜਨ ਨਾਲ ਇਹ ਛੋਟੀ ਹੁੰਦੀ ਗਈ। ਬਿਨਾ ਸ਼ੱਕ, ਇਹ ਅਜੇ ਵੀ ਕਾਇਮ ਹੈ ਅਤੇ ਜੱਦੋਜਹਿਦ ਵਿਚ ਹੈ।

"ਪਵਨ ਕੀ ਕਰ ਰਿਹਾ ਹੋਵੇਗਾ?" ਮੈਂ ਐਤੂ ਨੂੰ ਪੁੱਛਦਾ ਹਾਂ।

"ਉਹ ਮੈਡੀਕਲ ਦੀ ਕਲਾਸ ਲੈ ਰਿਹਾ ਹੋਵੇਗਾ। ਆਓ ਦੇਖੀਏ!" ਐਤੂ ਤੇ ਮੈਂ ਪਵਨ ਦੇ ਦਵਾਖ਼ਾਨੇ ਦੇ ਬਾਹਰ ਲੱਗਦੇ ਖੁੱਲ੍ਹੀ ਹਵਾ ਦੇ 'ਕਲਾਸ ਰੂਮ' ਵੱਲ ਤੁਰ ਪਏ।

"ਅੱਧਾ ਘੰਟਾ ਹੋਰ ਇੰਤਜ਼ਾਰ ਕਰੋ, ਤਦ ਤਕ ਕਲਾਸ ਖ਼ਤਮ ਹੋ ਜਾਵੇਗੀ।" ਪਵਨ ਐਤੂ ਦੇ ਪੁੱਛਣ 'ਤੇ ਬੋਲਿਆ।

ਐਤੂ ਭਾਈ ਘੁੰਮਣ ਨਿਕਲਣ ਦਾ ਪ੍ਰੋਗਰਾਮ ਬਣਾਈ ਬੈਠਾ ਸੀ। ਅਸੀਂ ਐਤੂ ਦੇ ਤੰਬੂ ਵਿਚੋਂ ਥਰਮਸ ਲਈ ਅਤੇ ਰਸੋਈ ਵਿਚ ਚਾਹ ਬਣਾਉਣ ਚਲੇ ਗਏ।

ਡਬਲ ਪੱਤੀ ਪਾ ਕੇ ਜ਼ੋਰਦਾਰ ਚਾਹ ਤਿਆਰ ਕੀਤੀ ਗਈ। ਐਤੂ ਨੇ ਧੂੰਏਂ ਨਾਲ ਅੱਖਾਂ 'ਚੋਂ ਵਗਦੇ ਪਾਣੀ ਨੂੰ ਰੁਮਾਲ ਨਾਲ ਪੂੰਝਿਆ, ਚਸ਼ਮਾ ਸਾਫ਼ ਕੀਤਾ, ਤੇ 'ਆਓ' ਕਹਿ ਕੇ ਵਾਪਸ ਪਵਨ ਦੇ ਕਲਾਸ ਰੂਮ ਵੱਲ ਤੁਰ ਪਿਆ।

---

ਕੋਸਾ ਸਾਡੇ ਚਾਰਾਂ 'ਚੋਂ ਅੱਗੇ ਅੱਗੇ ਤੁਰਿਆ। ਪਹਾੜੀ ਦੀ ਟੀਸੀ ਉਤੇ ਪਹੁੰਚ ਕੇ ਉਸ ਨੇ ਚਾਰੇ ਪਾਸੇ ਨਜ਼ਰ ਘੁਮਾਈ, ਸਾਹਮਣੇ ਵਾਲੀ ਪਗਡੰਡੀ ਉਤੇ ਦੂਰ ਤੱਕ ਦੇਖਿਆ, ਲੱਕ-ਪੇਟੀ ਨੂੰ ਰੁਖ਼ ਸਿਰ ਕੀਤਾ ਤੇ ਪਾਰ ਉਤਰਨਾ ਸ਼ੁਰੂ ਕਰ ਦਿਤਾ।

"ਕੋਸਾ ਤਾਂ ਇਉਂ ਕਰ ਰਿਹੈ, ਜਿਵੇਂ ਮੁਹਿੰਮ ਉਤੇ ਚੱਲੇ ਹੋਈਏ।" ਕੋਸਾ ਦੀ ਚੌਕਸੀ ਨੂੰ ਦੇਖਦੇ ਹੋਏ ਮੈਂ ਕਿਹਾ।

ਕੋਸਾ ਚੁੱਪ ਰਿਹਾ, ਪਰ ਐਤੂ ਨੇ ਕਿਹਾ ਕਿ ਇਹ ਮੁਹਿੰਮ ਵਾਂਗ ਹੀ ਹੈ। ਅਸੀਂ ਖ਼ੇਮੇ ਤੋਂ ਬਾਹਰ ਵੱਡੀ ਨਦੀ ਉਤੇ ਜਾ ਰਹੇ ਸਾਂ। ਕੋਈ ਪੰਦਰਾਂ ਮਿੰਟ ਅਸੀਂ ਚੁੱਪ-ਚਾਪ ਤੁਰਦੇ ਗਏ। ਰਸਤਾ ਕਾਫ਼ੀ ਮੁਸ਼ਕਿਲ ਸੀ। ਪੈਰ-ਪੈਰ 'ਤੇ ਸਾਨੂੰ ਕੰਡਿਆਲੀਆਂ ਝਾੜੀਆਂ ਤੋਂ ਬਚਣਾ ਪੈ ਰਿਹਾ ਸੀ। ਪੈਰ ਫ਼ਿਸਲਣ ਦੀ ਹਰ ਗੁੰਜਾਇਸ਼ ਰੱਦ ਕਰਨਾ ਜ਼ਰੂਰੀ ਸੀ, ਨਹੀਂ ਤਾਂ ਆਦਮੀ ਲੁੜਕੇਗਾ ਅਤੇ ਝਾੜੀਆਂ ਵਿਚ ਬੁਰੀ ਤਰ੍ਹਾਂ ਉਲਝ ਜਾਵੇਗਾ। ਮੁਕਾਬਲਤਨ ਸਮਤਲ ਸਥਾਨ ਉਤੇ ਪਹੁੰਚ ਕੇ ਅਸੀਂ ਰੁਕੇ। ਅਗਾਂਹ ਝਾੜ-ਝਖਾੜ ਨਾਲ ਭਰੀ ਹੋਈ ਡੂੰਘੀ ਖੱਡ ਸੀ ਜਿਸ ਵਿਚ ਉਹ ਨਦੀ ਵਹਿ ਰਹੀ ਸੀ ਜਿਸ 'ਤੇ ਅਸੀਂ ਪਹੁੰਚਣਾ ਸੀ।

"ਇਥੋਂ ਦੀ ਬਨਸਪਤੀ ਬਹੁਤ ਸੰਘਣੀ ਤੇ ਅਮੀਰ ਹੈ।" ਐਤੂ ਨੇ ਸਾਰੇ ਪਾਸੇ ਬਾਂਹ ਘੁਮਾਉਂਦੇ ਹੋਏ ਕਿਹਾ।

"ਅਨੇਕਾਂ ਤਰ੍ਹਾਂ ਦੀਆਂ ਬੂਟੀਆਂ ਦਾ ਵਿਸ਼ਾਲ ਭੰਡਾਰ ਹੈ ਜਿਨ੍ਹਾਂ ਤੋਂ ਕਈ ਕਿਸਮ ਦੀਆਂ ਦਵਾਈਆਂ ਬਣਦੀਆਂ ਹਨ।" ਉਸ ਨੇ ਅਨੇਕਾਂ ਤਰ੍ਹਾਂ ਦੇ ਪੌਦੇ ਦਿਖਾਏ ਤੇ ਉਨ੍ਹਾਂ ਦੇ ਬਾਟਨੀਕਲ ਨਾਮ ਗਿਣਾਏ। ਕਿਸੇ-ਕਿਸੇ ਪਿੰਡ ਦਾ "ਵੱਡਾ" ਇਨ੍ਹਾਂ ਬਾਰੇ ਜਾਣਕਾਰੀ ਰੱਖਦਾ ਹੈ ਪਰ ਜ਼ਿਆਦਾ ਟੂਣੇ ਕਰਨ ਵਾਲੇ ਹੀ ਹਨ। ਐਤੂ ਸੋਚਦਾ ਹੈ ਕਿ ਉਨ੍ਹਾਂ ਵੱਡਿਆਂ ਦੇ ਗਿਆਨ ਨੂੰ ਦਵਾਵਾਂ ਬਣਾਉਣ ਲਈ ਕਿਸੇ ਨਾ ਕਿਸੇ ਤਰ੍ਹਾਂ ਵਰਤੋਂ ਵਿਚ ਲਿਆਂਦਾ ਜਾਵੇ।

ਐਤੂ ਨੇ ਦੱਸਿਆ ਕਿ ਉਤਰ ਬਸਤਰ ਦੇ ਮਾੜ੍ਹ ਦੇ ਇਲਾਕੇ ਵਿਚ ਹੀਰੇ ਵੀ ਮੌਜੂਦ ਹਨ। ਉਥੇ ਹੀਰਿਆਂ ਦੀ ਖ਼ੁਦਾਈ ਵਿਚ ਲੱਗੇ ਕਬਾਇਲੀ ਆਦਮੀ ਔਰਤਾਂ ਨੂੰ ਠੇਕੇਦਾਰ ਅਤੇ ਉਨ੍ਹਾਂ ਨਾਲ ਜੁੜੇ ਗੁੰਡਾ ਗੈਂਗ ਅੰਤਾਂ ਦੇ ਜਬਰ ਅਧੀਨ ਰੱਖਦੇ ਹਨ। ਇਸੇ ਤਰ੍ਹਾਂ ਜਾਸ਼ਪੁਰ ਦੀਆਂ ਨਦੀਆਂ ਵਿਚੋਂ ਸੋਨਾ ਤੇ ਹੀਰੇ ਕੱਢਣ ਵਾਲੇ ਕਬਾਇਲੀਆਂ ਨਾਲ ਵਾਪਰਦਾ ਹੈ। ਹੀਰਿਆਂ ਅਤੇ ਸੋਨੇ ਬਦਲੇ ਉਨ੍ਹਾਂ ਨੂੰ ਉਹ ਮੁੱਠੀ ਭਰ ਚੌਲ ਦੇ ਕੇ ਤੋਰ ਦਿੰਦੇ ਹਨ। ਇਨ੍ਹਾਂ ਧਾਤਾਂ ਨੂੰ ਕੱਢਣ ਵਾਲੇ ਕਬਾਇਲੀ ਧਾਨ ਉਗਾਉਣ ਵਾਲੇ ਕਿਸਾਨਾਂ ਤੋਂ ਵੀ ਬਦਤਰ ਜ਼ਿੰਦਗੀ ਜਿਉਂਦੇ ਹਨ। ਸੋਨਾ ਭਾਵੇਂ ਬਸਤਰ ਦੇ ਕਬਾਇਲੀ ਖੋਦਣ, ਭਾਵੇਂ ਜਾਸ਼ਪੁਰ ਦੇ, ਭਾਵੇਂ ਸਿਆਰਾ ਲਿਓਨ ਅਤੇ ਦੱਖਣੀ ਅਫ਼ਰੀਕਾ ਦੇ, ਉਹ ਅੰਤਾਂ ਦੇ ਗਰੀਬ ਹੀ ਨਹੀਂ ਰਹਿੰਦੇ ਸਗੋਂ ਉਨ੍ਹਾਂ ਨੂੰ ਸਮੱਗਲਰਾਂ, ਜੰਗੀ ਸਰਦਾਰਾਂ ਅਤੇ ਭਿਆਨਕ ਕਿਸਮ ਦੇ ਗਰੋਹਾਂ ਦੇ ਜ਼ੁਲਮ ਵੀ ਝੱਲਣੇ ਪੈਂਦੇ ਹਨ। ਐਤੂ ਕਹਿੰਦਾ ਹੈ ਕਿ ਹੀਰੇ ਉਨ੍ਹਾਂ ਵਾਸਤੇ ਕਿਸੇ ਕੰਮ ਦੇ ਨਹੀਂ ਹਨ। ਹੀਰਿਆਂ ਦੀ ਪੈਦਾਵਾਰ ਸਮਾਜਿਕ ਤੌਰ ਉਤੇ ਜ਼ਰੂਰੀ ਪੈਦਾਵਾਰ ਨਹੀਂ ਹੈ। ਇਹ ਉਥੇ ਹੀ ਪਏ ਰਹਿਣ ਦਿਤੇ ਜਾਣੇ ਚਾਹੀਦੇ ਹਨ ਜਿਥੇ ਇਹ ਮੌਜੂਦ ਹਨ। ਸੋਨਾ ਤੇ ਹੀਰੇ ਕਬਾਇਲੀਆਂ ਦਾ ਢਿੱਡ ਨਹੀਂ ਭਰਦੇ। ਹੀਰੇ ਖੋਦ ਕੇ ਵੀ ਕਬਾਇਲੀ ਭੁੱਖੇ ਦੇ ਭੁੱਖੇ ਅਤੇ ਤਿਜੌਰੀਆਂ ਭਰ ਜਾਂਦੀਆਂ ਹਨ ਬੰਬਈ, ਗੁਜਰਾਤ ਅਤੇ ਐਂਟਵਰਪ ਦੇ ਥੈਲੀਸ਼ਾਹਾਂ ਦੀਆਂ। ਸੋ, ਮਾੜ੍ਹ ਵਿਚ ਇਸ ਅਣ-ਮਨੁੱਖੀ ਕੰਮ ਨੂੰ ਬੰਦ ਕਰਵਾ ਦਿਤਾ ਗਿਆ ਹੈ। ਗੁਰੀਲਿਆਂ ਨੇ ਠੇਕੇਦਾਰਾਂ ਅਤੇ ਗੁੰਡਾ ਗਰੋਹਾਂ ਨੂੰ ਭਜਾ ਦਿਤਾ ਹੈ। ਉਹ ਕਬਾਇਲੀ ਮਜ਼ਦੂਰ ਹੁਣ ਖੇਤੀ ਕਰਨ ਲੱਗੇ ਹਨ। ਹੁਣ ਉਹ ਅਨਾਜ ਤੋਂ ਵੀ ਮੁਥਾਜ ਨਹੀਂ ਅਤੇ ਜਬਰ ਤੋਂ ਵੀ ਮੁਕਤ ਹਨ।

ਸਮਤਲ ਜ਼ਮੀਨ ਦੇ ਉਸ ਟੁਕੜੇ ਤੋਂ ਅਸੀਂ ਹੇਠਾਂ ਵੱਲ ਉਤਰਨਾ ਸ਼ੁਰੂ ਕੀਤਾ। ਨਦੀ ਤੋਂ ਸੱਤ ਅੱਠ ਮਿੰਟ ਦੇ ਫ਼ਾਸਲੇ ਉਤੇ ਕੋਸਾ ਨੇ ਸਾਨੂੰ ਰੋਕ ਦਿਤਾ ਅਤੇ ਖ਼ੁਦ ਨਦੀ ਦੇ ਦੋਵਾਂ ਪਾਸਿਆਂ ਦਾ ਮੁਆਇਨਾ ਕਰਨ ਲਈ ਆਹਿਸਤਾ ਨਾਲ ਹੇਠਾਂ ਉਤਰ ਗਿਆ।

ਕੋਈ ਵੀਹ ਮਿੰਟ ਬਾਅਦ ਕੋਸਾ ਵਾਪਸ ਮੁੜਿਆ। ਅਸੀਂ ਸਾਰੇ ਹੇਠਾਂ ਉਤਰਨ ਲੱਗੇ ਤੇ ਨਦੀ ਉਤੇ ਪਹੁੰਚ ਗਏ। ਨਦੀ ਕਾਫ਼ੀ ਡੂੰਘੀ ਤੇ ਚੌੜੀ ਸੀ। ਕਿਤੇ ਕਿਤੇ ਚਟਾਨਾਂ ਨੇ ਉਸ ਵਿਚੋਂ ਸਿਰ ਚੁੱਕੇ ਹੋਏ ਸਨ ਜਿਨ੍ਹਾਂ ਉਤੇ ਕਾਲੀ ਕਾਈ ਜੰਮੀ ਪਈ ਸੀ।

"ਤੈਰਨ ਦੀ ਜਾਚ ਜੇ?" ਐਤੂ ਭਾਈ ਨੇ ਪੁੱਛਿਆ।

"ਥੋੜ੍ਹੀ... ਪਰ ਇਹ ਨਦੀ ਪਾਰ ਕਰ ਲਵਾਂਗਾ।"

"ਬਹੁਤ ਹੈ।"

ਅਸੀਂ ਨਹਾਉਣ ਦੀ ਤਿਆਰੀ ਕਰਨ ਲੱਗ ਪਏ। ਕੋਸਾ ਨੇ ਆਪਣੇ ਵਾਸਤੇ ਢੁਕਵੀਂ ਜਗ੍ਹਾ ਚੁਣੀ, ਤੇ ਉਥੇ ਜਾ ਕੇ ਖੜ੍ਹਾ ਹੋ ਗਿਆ। ਐਤੂ ਤੇ ਮੈਂ ਦੂਸਰੇ ਕਿਨਾਰੇ ਵੱਲ ਨਿਕਲ ਗਏ। ਉਥੋਂ ਮੈਂ ਪਵਨ ਨੂੰ ਆਵਾਜ਼ ਦਿਤੀ ਕਿ ਆ ਜਾਵੇ।

"ਸਟੀਲ ਬਾਡੀ...।" ਪਵਨ ਜਵਾਬ ਵਿਚ ਬੋਲਿਆ।

"... ਡੁੱਬ ਜਾਵੇਗੀ।" ਐਤੂ ਨੇ ਉਸ ਦੀ ਗੱਲ ਪੂਰੀ ਕਰ ਦਿੱਤੀ।

ਪਾਰਲੇ ਕੰਢੇ ਅਸੀਂ ਜ਼ਿਆਦਾ ਦੇਰ ਨਹੀਂ ਰੁਕੇ। ਸਾਡੇ ਵਾਪਸ ਪਰਤਣ ਤੋਂ ਪਹਿਲਾਂ ਹੀ ਪਵਨ ਨਹਾ ਚੁੱਕਾ ਸੀ। ਅਸੀਂ ਅਜੇ ਉਰਲੇ ਕੰਢੇ ਪਹੁੰਚੇ ਹੀ ਸਾਂ ਕਿ ਕੋਸਾ ਨੇ ਇਕ ਪੱਥਰ ਪਰਲੇ ਕੰਢੇ ਵੱਲ ਵਗ੍ਹਾ ਮਾਰਿਆ।

"ਕੀ ਹੈ?"

"ਭਾਲੂ।"

ਕੋਸਾ ਵੱਲੋਂ ਪੱਥਰ ਚਲਾਉਣ ਨਾਲ ਰਿੱਛ ਦੌੜ ਗਿਆ ਸੀ। ਚੰਗਾ ਹੋਇਆ ਕਿ ਅਸੀਂ ਵਾਪਸ ਪਹੁੰਚ ਚੁੱਕੇ ਹੋਏ ਸਾਂ, ਨਹੀਂ ਤਾਂ ਕੋਸਾ ਨੂੰ ਗੋਲੀ ਦਾਗਣੀ ਪੈ ਸਕਦੀ ਸੀ।

ਚਾਹ ਪੀਂਦੇ ਵਕਤ ਐਤੂ ਫਿਰ ਦਵਾਵਾਂ ਦੇ ਵਿਸ਼ੇ ਵੱਲ ਮੁੜਿਆ, "ਇਥੇ ਅਦਰਕ ਨਹੀਂ, ਲਸਣ ਨਹੀਂ, ਹਲਦੀ ਨਹੀਂ, ਪਿਆਜ਼ ਨਹੀਂ। ਮੇਥੀ, ਧਨੀਆ, ਪਾਲਕ ਕੁਝ ਵੀ ਨਹੀਂ; ਪਰ ਹੁਣ ਅਸੀਂ ਕੁਝ ਨੂੰ ਉਗਾਉਣਾ ਸ਼ੁਰੂ ਕਰ ਦਿਤਾ ਹੈ। ਕਬਾਇਲੀ ਇਕ ਵਾਰ ਇਨ੍ਹਾਂ ਨੂੰ ਉਗਾਉਣਾ ਤੇ ਸਾਂਭਣਾ ਸਿੱਖ ਜਾਣ ਫਿਰ ਇਨ੍ਹਾਂ ਦੀ ਤੋਟ ਨਹੀਂ ਰਹੇਗੀ।"

ਐਤੂ ਭਾਈ ਦੀ ਹਰ ਯੋਜਨਾ ਸਿੱਧੀ ਹੈ, ਲੜੀਦਾਰ। ਉਹ ਕਹਿੰਦਾ ਹੈ ਕਿ ਵਿਕਾਸ ਸਰਵ-ਪੱਖੀ ਹੀ ਹੋ ਸਕਦਾ ਹੈ। ਅਜਿਹੀ ਕਾਸ਼ਤ ਲਈ ਹੁਨਰ ਦੇ ਵਿਕਸਤ ਹੋਣ ਦੀ ਲੋੜ ਹੈ, ਸਿੰਜਾਈ ਦੀ ਵੀ ਤੇ ਖਾਦ ਦੀ ਵੀ। ਇਹ ਬਿਮਾਰੀਆਂ ਰੋਕਣ ਦਾ ਵੀ ਸਾਧਨ ਬਣਦੀ ਹੈ, ਜ਼ਿੰਦਗੀ ਦਾ ਮਿਆਰ ਵੀ ਉਚਾ ਚੁੱਕਦੀ ਹੈ। ਦਿੱਕਤ ਇਹ ਹੈ ਕਿ ਕਬਾਇਲੀ ਜਲਦੀ ਕਿਸੇ ਚੀਜ਼ ਨੂੰ ਸਿੱਖਦੇ ਨਹੀਂ। ਉਹ ਸੈਂਕੜੇ ਸਾਲਾਂ ਤੋਂ ਚਲੀ ਆ ਰਹੀ ਤੋਰ ਨੂੰ ਤੋੜਨ ਤੋਂ ਪਹਿਲਾਂ ਕਈ ਵਾਰ ਸੋਚਦੇ ਹਨ। ਇਹ ਤੋਰ ਉਨ੍ਹਾਂ ਵਿਚ ਰਚ-ਮਿਚ ਗਈ ਹੈ; ਪਰ ਹੁਣ ਹੌਲੀ-ਹੌਲੀ ਹਾਲਤ ਬਦਲ ਰਹੀ ਹੈ। ਬਾਹਰ ਦੀ ਜਕੜ ਟੁੱਟਣ ਨਾਲ ਉਹ ਖੁੱਲ੍ਹਦੇ ਜਾ ਰਹੇ ਹਨ, ਆਪਣੀ ਹੋਂਦ ਜਤਾਉਣ ਲੱਗੇ ਹਨ। ਉਨ੍ਹਾਂ ਅੰਦਰ ਦੀ ਛੁਪੀ ਹੋਈ ਤਾਕਤ ਨੂੰ ਰਸਤਾ ਮਿਲਣ ਲੱਗਾ ਹੈ, ਅੰਦਰ ਕੁਝ ਹਿਲਜੁਲ ਹੋਈ ਹੈ ਤੇ ਕੁਝ ਪਲਸੇਟੇ ਖਾਣ ਲੱਗਾ ਹੈ। ਠੇਕੇਦਾਰ ਤੇ ਵਪਾਰੀ

(ਬਾਕੀ ਅਗਲੇ ਸਫੇ 'ਤੇ)




ਚੀਨ ਬਾਰੇ ਗਮਬਰਗ ਰੂਥ ਦੀ ਲਿਖੀ ਕਿਤਾਬ 'ਰੈੱਡ ਐਂਡ ਐਕਸਪਰਟ'।

*ਰੈੱਡ ਐਂਡ ਐਕਸਪਰਟ। ਕਮਿਊਨਿਸਟ ਵੀ ਤੇ ਮਾਹਰ ਵੀ। ਚੀਨ ਦੇ ਸਭਿਅਚਾਰਕ ਇਨਕਲਾਬ ਦੌਰਾਨ ਇਹ ਦੋਵੇਂ ਸ਼ਬਦ ਬਹੁਤ ਮਸ਼ਹੂਰ ਹੋਏ ਸਨ। ਇਸ ਕਰਾਂਤੀ ਦੇ ਦੌਰ ਨੇ ਪੜ੍ਹੀ-ਲਿਖੀ ਪੀੜ੍ਹੀ ਨੂੰ ਬਹੁਤ ਪ੍ਰਭਾਵਤ ਕੀਤਾ ਸੀ। ਸਭਿਆਚਾਰਕ ਇਨਕਲਾਬ ਵਿਚ ਹੋਈ ਵੱਡੀ ਉਥਲ-ਪੁਥਲ ਨੇ ਇਹ ਸ਼ਬਦ ਦੁਨੀਆ ਦੇ ਕੋਨੇ ਕੋਨੇ ਵਿਚ ਪਹੁੰਚਾ ਦਿਤੇ ਸਨ। ਲਹਿਰ ਦਾ ਤਾਣ ਟੁੱਟਿਆ ਤਾਂ ਇਹ ਸ਼ਬਦ ਵੀ ਹੌਲੀ-ਹੌਲੀ ਮੱਧਮ ਪੈਂਦੇ ਗਏ। "ਮਾਹਰ" ਤਗੜਾ ਹੁੰਦਾ ਗਿਆ ਤੇ "ਲਾਲ" ਨੂੰ ਨੱਪਦਾ ਗਿਆ। ਅੰਤ ਨੂੰ ਸਿਰਫ਼ ਮਾਹਰ ਹੀ ਰਹਿ ਗਿਆ ਤੇ ਕਮਿਊਨਿਸਟ ਖ਼ਤਮ ਹੋ ਗਿਆ। ਮਾਹਰ ਦੀ ਆਪਣੇ ਕਸਬ ਵਿਚ ਮੁਹਾਰਤ ਹੁੰਦੀ ਹੈ। ਉਹ ਪ੍ਰਬੰਧ ਨੂੰ ਚਲਾਉਣ ਵਾਸਤੇ ਕਾਰਗਰ ਸਾਧਨ ਹੁੰਦਾ ਹੈ। ਉਹ ਕਮਿਊਨਿਸਟ ਵੀ ਹੈ, ਤਾਂ ਪੁਰਾਣੇ ਦਕਿਆਨੂਸੀ ਪ੍ਰਬੰਧ ਨੂੰ ਬਦਲਣ ਵਿਚ ਵੱਡੀ ਭੂਮਿਕਾ ਨਿਭਾ ਸਕਦਾ ਹੈ, ਨਹੀਂ ਤਾਂ ਪੁਰਾਣੇ ਪ੍ਰਬੰਧ ਵਾਸਤੇ ਉਹ ਚੰਗਾ ਸੇਵਾਦਾਰ ਹੋ ਨਿੱਬੜਦਾ ਹੈ। ਚੀਨ ਵਿਚ ਉਲਟ-ਇਨਕਲਾਬ ਤੋਂ ਬਾਅਦ ਨਾ ਸਿਰਫ਼ ਉਥੇ ਹੀ ਮਾਹਰਾਂ ਦੇ ਕਮਿਊਨਿਸਟ ਬਣਨ ਦਾ ਅਮਲ ਰੁਕ ਗਿਆ, ਸਗੋਂ ਦੁਨੀਆਂ ਭਰ ਵਿਚ ਪ੍ਰਭਾਵਿਤ ਹੋਏ ਬੁੱਧੀਜੀਵੀ ਵਰਗ ਦੇ ਵੱਡੇ ਹਿੱਸੇ ਦਾ ਵੀ ਇਹੀ ਹਸ਼ਰ ਹੋਇਆ।*

# ਕਾਦਰ ਦਾ ਕ੍ਰਿਸ਼ਮਾ-ਕੰਨ

## ਜ਼ਿੰਦਗੀ ਦਾ ਨਾਦ

**ਡਾ. ਗੁਰਬਖਸ਼ ਸਿੰਘ ਭੰਡਾਲ ਫਿਜਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜਿਕਸ ਜਿਹੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨਗੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਦੱਸ ਰਿਹਾ ਹੋਵੇ। ਇਸ ਲੇਖ ਲੜੀ ਵਿਚ ਉਹ ਇਸ ਤੋਂ ਪਹਿਲਾਂ ਨੈਣਾਂ ਦੇ ਤੀਰ ਚਲਾ ਚੁਕੇ ਹਨ ਅਤੇ ਦਿਲ ਦੀਆਂ ਬਾਤਾਂ ਪਾ ਚੁਕੇ ਹਨ। ਹਥਲੇ ਲੇਖ ਵਿਚ ਉਨ੍ਹਾਂ ਨੇ ਕੰਨਾਂ ਦੇ ਰਾਹੀਂ ਕੰਨਾਂ 'ਚ ਫੂਕ ਮਾਰੀ ਹੈ ਕਿ ਕੰਨਾਂ ਦੇ ਕੱਚੇ ਲੋਕ ਸਮਾਜ ਦਾ ਕੋਹੜ ਹੁੰਦੇ ਜਿਨ੍ਹਾਂ ਦੀ ਗਲਾਜ਼ਤ ਅਤੇ ਕਮੀਨਗੀ ਸਮੁੱਚੇ ਸਮਾਜਿਕ ਵਰਤਾਰੇ ਨੂੰ ਕਲੰਕਿਤ ਕਰਦੀ। ਉਂਜ ਕੰਨਾਂ 'ਚ ਪਾਈਆਂ ਨੱਤੀਆਂ, ਮੁਰਕੀਆਂ, ਬੁੰਦੇ, ਝੁਮਕੇ ਆਦਿ ਸ਼ਖਸੀ ਸੁੰਦਰਤਾ ਨੂੰ ਚਾਰ ਚੰਨ ਲਾਉਂਦੇ। ਕੰਨ ਕਾਮੇ, ਕੰਨ ਕੁਸੈਲੇ, ਕੰਨ ਹੀ ਕਹਿਰ ਕਮਾਉਣੇ। ਕੰਨਾਂ ਰਾਹੀਂ ਰੁੱਸਣਾ ਅਤੇ ਕੰਨ-ਰਸਤੇ ਯਾਰ ਮਨਾਉਣੇ। -ਸੰਪਾਦਕ**

ਕੰਨ, ਕੁਦਰਤ ਦਾ ਕ੍ਰਿਸ਼ਮਾ, ਮਨੁੱਖ ਲਈ ਰਹਿਮਤ, ਹਰ ਤਰ੍ਹਾਂ ਦੀਆਂ ਆਵਾਜ਼ਾਂ ਸੁਣਨ ਦੀ ਤੌਫੀਕ ਅਤੇ ਆਵਾਜ਼ ਪਛਾਣ ਕੇ ਨਕਸ਼ ਨਿਹਾਰਨ ਦੀ ਸੋਝੀ। ਮਨੁੱਖ ਲਈ ਦੇਖਣਾ, ਸੁਣਨਾ, ਸਵਾਦ ਚੱਖਣਾ, ਮਹਿਸੂਸ ਕਰਨਾ, ਛੋਹਣਾ ਆਦਿ ਪ੍ਰਮੁੱਖ ਕਿਰਿਆਵਾਂ। ਕੰਨ, ਚੌਗਿਰਦੇ 'ਚ ਪੈਦਾ ਹੋ ਰਹੀਆਂ ਆਵਾਜ਼ਾਂ ਨੂੰ ਸੁਣਨ, ਵਿਚਾਰਨ, ਵਿਸਥਾਰਨ ਅਤੇ ਪਰਿਭਾਸ਼ਤ ਕਰਨ ਦਾ ਅਹਿਮ ਸਾਧਨ।

ਕੰਨ, ਸ਼ਕਲ, ਦਿੱਖ ਤੇ ਬਣਤਰ ਵਜੋਂ ਵੱਖ-ਵੱਖ। ਇਹ ਕੌਮੀਅਤ, ਕਲਚਰ, ਕੁਨਬਾ ਆਦਿ 'ਤੇ ਨਿਰਭਰ ਕਰਦਾ। ਕੰਨ ਸ਼ਖਸੀ ਪਛਾਣ ਹੁੰਦੇ। ਇਸੇ ਕਰਕੇ ਕੰਨਾਂ ਤੋਂ ਹੀ ਕਿਸੇ ਦੇ ਪਿਛੋਕੜ ਦਾ ਝੱਟ ਅੰਦਾਜ਼ਾ ਲੱਗ ਜਾਂਦਾ। ਕੁਝ ਲੋਕ ਜਨਮ ਤੋਂ ਹੀ ਕੰਨ ਦੀ ਸੁਣਨ ਸ਼ਕਤੀ ਤੋਂ ਵਿਰਵੇ ਰਹਿ ਕੇ ਬੋਲੇਪਨ ਦਾ ਭਾਰ ਢੋਂਦੇ। ਪਰ ਕਈਆਂ ਲਈ ਬੋਲਾਪਣ ਸਰਾਪ ਦੀ ਬਜਾਏ ਵਰਦਾਨ ਹੁੰਦਾ।



ਕੰਨ, ਕਦੇ ਵੀ ਅਵੇਸਲੇ ਤੇ ਵਿਹਲੇ ਨਹੀਂ ਹੁੰਦੇ। ਇਨ੍ਹਾਂ ਦੀ ਗ੍ਰਿਫਤ 'ਚੋਂ ਕੋਈ ਆਵਾਜ਼ ਨਹੀਂ ਬਚ ਸਕਦੀ। ਅੱਖ ਦੀ ਮਾਰ ਤੋਂ ਕੋਈ ਬਚ ਸਕਦਾ ਏ ਪਰ ਕੰਨ ਅਜਿਹਾ

ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 1-216-556-2080

ਅੰਗ ਏ ਜੋ ਨਿੱਕੀ ਤੋਂ ਨਿੱਕੀ ਹਿੱਲਜੁੱਲ, ਆਵਾਜ਼, ਸਰਸਰਾਹਟ ਆਦਿ ਦੀ ਭਿਣਕ ਲੈਣ ਦੇ ਸਮਰੱਥ।

ਕੁਦਰਤ ਦੀ ਅਜ਼ੀਬ ਏ ਅਤੇ ਅਜਬ ਏ ਮਨੁੱਖ ਦੀ ਸਰੀਰਕ ਬਣਤਰ। ਦੋ ਅੱਖਾਂ, ਦੋ ਕੰਨ, ਦੋ ਹੱਥ, ਦੋ ਪੈਰਾਂ ਦੀ ਸੌਗਾਤ ਮਨੁੱਖ ਦੀ ਝੋਲੀ ਵਿਚ ਪਾਉਣ ਵਾਲੀ ਕੁਦਰਤ ਨੇ ਸਿਰਫ ਇਕ ਮੂੰਹ ਤੇ ਇਕ ਹੀ ਜ਼ੁਬਾਨ ਬਖਸ਼ੀ ਤਾਂ ਕਿ ਮਨੁੱਖ ਵੱਧ ਦੇਖੇ, ਜ਼ਿਆਦਾ ਸੁਣੇ, ਰੱਜ ਕੇ ਕਾਰ ਕਰੇ, ਦੋ ਪੈਰਾਂ ਨਾਲ ਸਾਬਤ ਕਦਮੀਂ ਮੰਜ਼ਿਲਾਂ ਦੀ ਪੈੜ ਸਿਰਜੇ ਪਰ ਇਕ ਮੂੰਹ ਹੋਣ ਕਾਰਨ ਘੱਟ ਖਾਵੇ ਅਤੇ ਇਕ ਜ਼ੁਬਾਨ ਹੋਣ ਕਾਰਨ ਸੋਚ-ਸਮਝ ਕੇ ਗਿਣਵਾਂ-ਮਿਣਵਾਂ ਬੋਲੇ। ਸ਼ਾਇਦ ਕੁਦਰਤ ਨੇ ਸਦੀਵਤਾ ਅਤੇ ਸੁੰਦਰ ਜੀਵਨ-ਜਾਚ ਦਾ ਰਾਜ਼, ਅਚੇਤ ਰੂਪ ਵਿਚ ਹੀ ਮਨੁੱਖ ਦੀ ਝੋਲੀ ਵਿਚ ਧਰਿਆ ਏ। ਸਿਰਫ ਮਨੁੱਖ ਨੂੰ ਸਮਝਣ ਦੀ ਲੋੜ ਏ।

ਕੰਨ, ਸੰਗੀਤ ਤੋਂ ਸ਼ੋਰ, ਤੋਤਲੇ ਬੋਲਾਂ ਤੋਂ ਬਜ਼ੁਰਗੀ ਹੋਕਰਾ, ਪਰਿੰਦਿਆਂ ਦੇ ਚਹਿਕਣ ਤੋਂ ਕਾਂਵਾਂ-ਰੌਲੀ, ਹਵਾ ਦੀ ਸਰਸਰਾਹਟ ਤੋਂ ਸੰਗੀਤ, ਹਵਾ ਦੀ ਰੁਮਕਣੀ ਤੋਂ ਝੱਖੜ ਦਾ ਕੰਨ ਪਾੜਵਾਂ ਸ਼ੋਰ, ਕੋਇਲ ਦੀ ਕੂਕ ਤੋਂ ਸ਼ੇਰ ਦੀ ਚੰਘਿਆੜ, ਰਹਿਬਰ ਦੇ ਮਿੱਠ-ਬੋਲੜੇ ਬਚਨਾਂ ਤੋਂ ਬਦਮਿਜ਼ਾਜੀ ਦੀਆਂ ਗਾਲ੍ਹਾਂ, ਬੱਚੇ ਦੀ ਚੀਕ ਤੋਂ ਅਬਲਾ ਦੀ ਹੂਕ, ਮਿੱਤਰ ਦੇ ਮੋਹ-ਭਿੱਜੇ ਬੋਲ ਤੋਂ ਦੁਸ਼ਮਣ ਦਾ ਲਲਕਾਰਾ, ਢੋਲਕੀ ਦੀ ਤਾਲ ਤੋਂ ਨਗਾਰੇ ਦੀ ਚੋਟ, ਸਾਰੰਗੀ ਦੇ ਸੁਰ ਤੋਂ ਹਾਰਮੋਨੀਅਮ ਦਾ ਰਾਗ, ਬੱਦਲਾਂ ਦੇ ਗਰਜਣ ਤੋਂ ਮੀਂਹ ਦਾ ਵਰ੍ਹਨ, ਪਾਣੀ 'ਚ ਛੱਪ-ਛੱਪ ਦੀ ਆਵਾਜ਼ ਤੋਂ ਕਿਸ਼ਤੀ ਦੇ ਚੱਪੂਆਂ ਦਾ ਰਿਦਮ, ਬੱਚੀ ਦਾ ਤਰਲਾ, ਪਤਨੀ ਦਾ ਹਾੜਾ, ਬਾਪ ਦੀ ਅਰਜ਼ੋਈ ਤੇ ਮਾਂ ਦਾ ਵਾਸਤਾ ਆਦਿ ਨੂੰ ਪਛਾਣਨ ਦੇ ਸਮਰੱਥ। ਤੁਸੀਂ ਕਿਸ ਆਵਾਜ਼ ਨੂੰ, ਕਿਸ ਰੂਪ 'ਚ, ਕਿਸ ਵੇਲੇ ਅਤੇ ਕਿਹੜੇ ਅਰਥਾਂ ਵਿਚ ਕੰਨ-ਸਾਧਨਾਂ ਰਾਹੀਂ ਦਿਮਾਗ ਦੇ ਰਸਤੇ ਅੰਤਰੀਵ 'ਚ ਵਸਾਉਂਦੇ ਹੋ, ਇਹ ਮਨੁੱਖੀ ਫਿਤਰਤ 'ਤੇ ਨਿਰਭਰ।

ਕੰਨਾਂ ਨਾਲ ਸੁਣੋ ਜ਼ਰੂਰ, ਪਰ ਬੋਲਾਂ ਨੂੰ ਅਪਨਾਉਣਾ ਤੇ ਵਿਚਾਰਨਾ, ਤੁਹਾਡੇ 'ਤੇ ਨਿਰਭਰ ਕਰਦਾ। ਕੰਨਾਂ ਰਾਹੀਂ ਸੰਜੀਦਗੀ ਨਾਲ ਸੁਣੋ। ਜਵਾਬ ਦੇਣ ਦੀ ਕਾਹਲ ਨਾ ਕਰੋ। ਕਈ ਵਾਰ ਜਵਾਬ ਦੇਣ ਨਾਲੋਂ ਚੁੱਪ ਜ਼ਿਆਦਾ ਬਿਹਤਰ ਹੁੰਦੀ। ਗੱਲ ਨੂੰ ਧਿਆਨ ਨਾਲ ਸੁਣ, ਹਰ ਪਹਿਲੂ ਨੂੰ ਸਮਝਣ ਤੇ ਸਮਝਾਉਣ ਵਾਲੇ ਹੀ ਮੀਰੀ ਗੁਣ ਦੇ ਮਾਲਕ ਹੁੰਦੇ।

ਕੰਨ ਹੀ ਹੁੰਦੇ ਨੇ, ਜੋ ਤੁਹਾਨੂੰ ਕੁਕਰਮੀ ਜਾਂ ਕਿਰਤੀ, ਮਨ ਦਾ ਮਹਿਰਮ ਜਾਂ ਨਫਰਤ ਦਾ ਪਾਤਰ, ਮਿਲਾਪ ਧਰਾਤਲ ਜਾਂ ਵਿਛੜਨ ਵੇਲਾ, ਹਾਂ-ਪੱਖੀ ਹੁੰਗਾਰਾ ਜਾਂ ਨਾਂਹ-ਵਾਚਕ ਮੁਨਕਰੀ, ਉਗਦੀ ਸਰਘੀ ਜਾਂ ਸੰਘਣੀ ਸ਼ਾਮ, ਕੁਹਜ ਦਾ ਪ੍ਰਛਾਵਾਂ ਜਾਂ ਸੁਹਜ ਦਾ ਸਿਰਨਾਵਾਂ, ਨਿੱਘੀ ਗੱਲਵਕੜੀ ਜਾਂ ਤੋੜ-ਵਿਛੋੜੇ ਦਾ ਸਬੱਬ, ਹੱਕ-ਹਲਾਲ ਜਾਂ ਹੱਕ-ਹਰਾਮ, ਸੱਚ-ਸੰਧਾਰਾ ਜਾਂ ਝੂਠ-ਨਿਤਾਰਾ ਅਤੇ ਕਪਟੀ ਕਰੂਪ ਜਾਂ ਸਫਾਫ ਸਰੂਪ ਬਣਾਉਂਦੇ।

ਕੰਨ, ਜਦ ਕੁਲਹਿਣੇ ਲਫਜ਼ਾਂ ਨੂੰ ਰੋਕਣ ਤੋਂ ਬੇਬਸ ਹੁੰਦੇ ਤਾਂ ਮਨ ਵਿਚ ਪੈਦਾ ਹੋਈ ਉਥਲ-ਪੁਥਲ, ਵਿਚਾਰ-ਵਿਰਤੇ ਵਿਚਲੀ ਉਕਸਾਹਟ, ਦਵੰਦ ਤੇ ਭਟਕਣ ਨਾਲ ਸੰਵੇਦਨਾ ਵਲੂੰਧਰ ਜਾਂਦੀ।

ਕੰਧਾਂ ਨੂੰ ਲੱਗੇ ਕੰਨ ਜਦ ਤੁਹਾਡੀ ਚੁਗਲੀ ਕਰਦੇ ਤਾਂ ਕੁਝ ਅਜਿਹਾ ਹੋ ਜਾਂਦਾ ਜਿਸ ਨੂੰ ਤੁਸੀਂ ਜੱਗ-ਜ਼ਾਹਰ ਕਰਨ ਤੋਂ ਵਰਜਦੇ। ਕੁਝ ਅਜਿਹਾ ਹੁੰਦਾ ਜੋ ਤੁਹਾਡੇ ਲਈ ਨਮੋਸ਼ੀ ਬਣਦਾ ਪਰ ਕੁਝ ਸਿਰਲੇਖ ਵੀ ਬਣ ਜਾਂਦਾ।

ਕੰਨਾਂ ਦੇ ਕੱਚੇ ਲੋਕ ਸਮਾਜ ਦਾ ਕੋਹੜ ਹੁੰਦੇ ਜਿਨ੍ਹਾਂ ਦੀ ਗਲਾਜ਼ਤ ਅਤੇ ਕਮੀਨਗੀ ਸਮੁੱਚੇ ਸਮਾਜਿਕ ਵਰਤਾਰੇ ਨੂੰ ਕਲੰਕਿਤ ਕਰਦੀ। ਇਹ ਭਾਵੇਂ ਅਫਸਰ, ਕਰਮਚਾਰੀ, ਸੇਵਕ, ਚੌਧਰੀ, ਮਾਂ-ਪਿਉ, ਭੈਣ-ਭਰਾ, ਪਤਨੀ-ਪਤੀ ਜਾਂ ਕੋਈ ਹੋਵੇ। ਸਮਾਜ ਵਿਚਲੀ ਖਿਚੋਤਾਣ, ਰਿਸ਼ਤਿਆਂ ਦੀ ਟੁੱਟ-ਭੱਜ, ਘਰ ਦੀਆਂ ਗਰਕ ਰਹੀਆਂ ਨੀਂਹਾਂ, ਪਾਕੀਜ਼ਗੀ ਨੂੰ ਲੱਗੀ ਸਿਉਂਕ, ਸੰਦੇਹ ਆਦਿ ਕੰਨਾਂ ਦੇ ਕੱਚਪੁੱਣੇ ਦੀ ਦੇਣ।

ਜਦ ਕੋਈ ਰਾਜ਼ ਕੰਨੋਂ-ਕੰਨੀਂ ਹੁੰਦਾ, ਕੂੜ ਸਫਰ 'ਤੇ ਤੁਰਦਾ ਤਾਂ ਮਨੁੱਖੀ ਵਿਹਾਰ ਅਤੇ ਅਚਾਰ ਪ੍ਰਸ਼ਨ ਚਿੰਨ ਬਣਦੇ। ਅਜਿਹੇ ਪ੍ਰਸ਼ਨ ਚਿੰਨ ਕਦੇ ਵਿਵਾਦ ਬਣਦੇ, ਖੂਨ ਤੇ ਕਤਲਾਂ ਦੀ ਭਾਸ਼ਾ ਸਿਰਜਦੇ ਅਤੇ ਸਮਾਜਿਕ ਸਾਂਝ, ਭਾਈਚਾਰੇ ਤੇ ਮੋਹ ਨੂੰ ਸੂਲੀ 'ਤੇ ਟੰਗ ਕੇ ਜਿਉਣਾ ਦੁੱਭਰ ਕਰਦੇ। ਅਕਸਰ ਹੀ ਸ਼ਰਾਰਤੀ ਤੇ ਸਨਕੀ ਲੋਕ ਅਜਿਹੀ ਮਾਨਸਿਕਤਾ ਵੱਸ ਅਫਵਾਹਾਂ ਫੈਲਾ ਕੇ ਸਮਾਜਿਕ ਸਹਿਹੋਂਦ ਦਾ ਚੀਰਹਰਣ ਕਰਦੇ। ਕੰਨ, ਮਨੁੱਖੀ ਕਮੀਨਗੀ ਦਾ ਨਾਮਕਰਨ ਬਣ ਜਾਣ ਤਾਂ ਆਪਣੀ ਹੋਂਦ ਤੇ ਹਸਤੀ ਦਾ ਹੌਲ ਬਣਦੇ। ਅਜਿਹੇ ਕੰਨਾਂ ਨੂੰ ਜਿਉਂਦੇ ਰਹਿਣ ਦਾ ਕੋਈ ਹੱਕ ਨਹੀਂ।

ਕੁਲੱਛਣੇ, ਕੁਰੱਖਤ ਤੇ ਕੁਕਰਮੀ ਬੋਲਾਂ ਤੋਂ ਆਕੀ ਹੋਏ ਕੰਨ, ਚੁਫੇਰੇ ਫੈਲੇ ਕੁਹਜ ਨੂੰ ਨਿਹਾਰਨ ਤੋਂ ਬਾਗੀ ਹੋਏ ਨੈਣ ਅਤੇ ਕੂੜ ਬੋਲਣ ਤੋਂ ਨਾਬਰ ਹੋਈ ਜ਼ੁਬਾਨ, ਜਦ ਸ਼ਖਸੀਅਤ ਦਾ ਅੰਗ ਬਣਦੀ ਤਾਂ ਮਨ-ਬੀਹੀ ਵਿਚ ਖਿੜਦੇ ਸੂਹੇ ਗੁਲਾਬ, ਚਾਵਾਂ ਦਾ ਵਹਿੰਦਾ ਚਨਾਬ, ਲਾਡਾਂ ਦਾ ਉਚਾ ਉਡਦਾ ਓਕਾਬ, ਸੁੱਚਮ ਦਾ ਨਿੱਖਰਦਾ ਸ਼ਬਾਬ ਅਤੇ ਮਾਨਵੀ ਰੰਗਣ ਵਿਚ ਰੰਗੀ, ਵਿਸਮਾਦੀ ਸੁਰਾਂ ਛੇੜਦੀ ਮਰਦਾਨੇ ਦੀ ਰਬਾਬ।

ਕੰਨ ਜਦ ਆਵਾਜ਼ ਦੀਆ ਬਾਰੀਕੀਆਂ ਨੂੰ ਪਛਾਣਦੇ, ਪਰਤਾਂ ਫਰੋਲਦੇ ਅਤੇ ਇਸ ਦੀ ਤਹਿ ਵਿਚ ਛੁਪੀ ਰਮਜ਼ ਨੂੰ ਸੋਚ-ਧਰਾਤਲ ਵਿਚ ਵਸਾ ਕੇ ਕੋਈ ਕਦਮ ਉਠਾਉਣ ਲਈ ਉਤਸ਼ਾਹਿਤ ਕਰਦੇ ਤਾਂ ਆਦਮੀ ਸਹਿਜ, ਸਿਆਣਪ ਅਤੇ ਸੰਤੁਲਨ ਦਾ ਸਿਰਨਾਵਾਂ ਬਣਦਾ। ਕੰਨਾਂ ਦੀ ਅਜਿਹੀ ਕਰਾਮਾਤ ਸਾਹਵੇਂ ਬੌਣੀਆਂ ਸ਼ਖਸੀਅਤਾਂ ਹੋਰ ਬੌਣੀਆਂ ਹੋ ਜਾਂਦੀਆਂ।

ਕੰਨ, ਬੀਬੇ ਬੋਲ, ਮਿਸ਼ਰੀ ਵਰਗੀਆਂ ਗੱਲਾਂ, ਨਰੋਏ ਮਸ਼ਵਰੇ ਅਤੇ ਬਜ਼ੁਰਗੀ ਸਿਆਣਪਾਂ ਦਾ ਸਫਾਫ ਪ੍ਰਭਾਵ ਪਾਉਣ ਲਈ ਸਭ ਤੋਂ ਕਾਰਗਾਰ ਸਾਧਨ। ਇਹ ਪੈਰਾਂ ਨੂੰ ਸਥਿਰਤਾ, ਕਦਮਾਂ ਨੂੰ ਪਕਿਆਈ ਅਤੇ ਸੋਚ ਵਿਚ ਅੰਬਰੀਂ ਉਡਾਣ ਦਾ ਸ਼ਰਫ ਧਰਦੇ।



ਕੰਨ ਹੀ ਹੁੰਦੇ ਹਨ, ਜੋ ਇਲਾਹੀ ਬੋਲਾਂ ਨੂੰ ਰੂਹ 'ਚ ਸਮਾਉਂਦੇ, ਰਮਜ਼ੀ ਬੋਲਾਂ ਦਾ ਤਾੜੀਆਂ ਨਾਲ ਸੁਆਗਤ ਕਰਦੇ, ਸੂਖਮ ਬੋਲਾਂ ਵਿਚਲੇ ਸੱਚ, ਸਮਰਪਣ ਤੇ ਸਾਧਨਾ ਨੂੰ ਗਲ ਨਾਲ ਲਾਉਂਦੇ ਤੇ ਜਿੰਦ-ਝੋਲੀ 'ਚ ਸੁਖਨ-ਸੰਧਾਰਾ ਪਾਉਂਦੇ।

ਕੰਨ ਹੀ ਤਾਂ ਹੁੰਦੇ, ਜੋ ਅੰਮ੍ਰਿਤ ਵੇਲੇ ਗਲੀਆਂ 'ਚ ਗਾਉਂਦੇ ਫਕੀਰ ਦੀ ਕੂਕ ਵਿਚੋਂ ਅੱਲ੍ਹਾ ਦਾ ਦੀਦਾਰ ਕਰਦੇ, ਮਨੁੱਖ ਸਰਘੀ ਵੇਲੇ ਗਾਉਂਦੀ ਕਾਇਨਾਤ ਨੂੰ ਨਿਹਾਰਦਾ ਅਤੇ ਨਿੱਤਨੇਮ ਵਿਚ ਰੁੱਝੇ ਪਰਿੰਦੇ ਕੁਦਰਤ ਦੀ ਅਰਾਧਨਾ ਕਰਦੇ। ਕੰਨ ਹੀ ਤਾਂ ਗੁਰਦੁਆਰੇ ਦੇ ਮੂਲ-ਮੰਤਰ, ਮਸੀਤ ਦੀ ਅਜ਼ਾਨ, ਮੰਦਰ ਦੇ ਸੰਖ ਅਤੇ ਚਰਚ ਵਿਚਲੀ ਘੰਟੀ ਦੀ ਸੰਵੇਦਨਾ ਰਾਹੀਂ ਇਲਹਾਮੀ ਸੁਨੇਹਾ ਬਣ, ਸਮੁੱਚੀ ਲੋਕਾਈ ਲਈ ਸਰਬੱਤ ਦੇ ਭਲੇ ਦੀ ਅਰਦਾਸ ਬਣਦੇ।

ਕੁਦਰਤ ਦੀ ਕੇਹੀ ਨਿਆਮਤ ਏ ਕਿ ਕੁੱਕੜ ਦੀ ਪਹਿਲੀ ਬਾਂਗ ਨਾਲ ਮਨੁੱਖ ਦਿਨ ਦਾ ਆਗਾਜ਼ ਕਰਦਾ ਅਤੇ ਰਹਿਰਾਸ ਦਾ ਪਾਠ ਜਾਂ ਆਰਤੀ ਸੁਣ ਕੇ ਰਾਤ ਦੇ ਆਗੋਸ਼ ਵਿਚ ਜਾਂਦਾ। ਪਰ ਜੋ ਮਨੁੱਖ ਸੌਣ ਤੋਂ ਪਹਿਲਾਂ ਬੀਤੇ ਦਿਨ ਦਾ ਸ਼ੁਕਰੀਆ ਅਤੇ ਆਉਣ ਵਾਲੇ ਸਮੇਂ ਲਈ ਸ਼ੁਭ-ਕਾਮਨਾ ਮਨ 'ਚ ਉਤਾਰ, ਸੁਪਨ-ਨਗਰੀ 'ਚ ਸੁੱਖਦ ਪਲਾਂ ਦਾ ਅਨੰਦ ਮਾਣਦਾ, ਉਹ ਹੀ ਉਤਮ ਪੁਰਖ ਹੁੰਦਾ।

ਕੰਨ ਹੀ ਸਜ਼ਾ ਦੇਣ ਲਈ ਮਾਪਿਆਂ ਦੇ ਹੱਥ ਆਉਂਦਾ, ਜਦ ਬੱਚਾ ਗਲਤੀ ਕਰਦਾ ਜਾਂ ਅਧਿਆਪਕ ਕੰਨ ਮਰੋੜਦਾ, ਜਦ ਸ਼ਿਸ਼ ਕੋਤਾਹੀ ਕਰਦਾ। ਕੰਨ ਪਕੜ ਕੇ ਹੀ ਮੁਆਫੀ ਮਿਲਦੀ ਅਤੇ ਕੰਨ ਪਲੋਸ ਕੇ ਲਾਡਲੇ ਲਈ ਪਿਆਰ-ਦੁਲਾਰ। ਕੰਨਾਂ ਦੀ ਸਰਗੋਸ਼ੀ ਰਾਹੀਂ ਹੀ ਲੜਿਕੇ ਦੀ ਸੋਚ ਤੇ ਕਰਮ-ਸਾਧਨਾ ਨੂੰ ਉਚੇਰੀਆਂ ਦਿਸ਼ਾਵਾਂ ਵੰਨੀਂ ਤੋਰਨ ਦਾ ਹੀਲਾ।

ਪਿਆਰੇ/ਮਾਹੀ/ਚੰਨ ਵਲੋਂ ਕੰਨ ਵਿਚ ਦੱਸੇ ਭੇਤ ਦੀ ਕਿਸੇ ਨੂੰ ਖਬਰ ਨਹੀਂ ਹੁੰਦੀ। ਇਹ ਪਿਆਰ-ਸੰਦੇਸ਼ ਹੀ ਅਮੁਰਤ ਚਾਵਾਂ ਤੇ ਸੁਪਨਿਆਂ ਦੀ ਸੁੰਦਰ ਤਸ਼ਬੀਹ ਬਣਦਾ ਜਿਸ ਤੋਂ ਜਿੰਦ ਵਾਰਨ ਨੂੰ ਜੀਅ ਕਰਦਾ।

ਕੰਜਕਾਂ ਦੇ ਕੰਨ ਵਿੰਨੇ ਜਾਂਦੇ ਤਾਂ ਮਾਪਿਆਂ ਦੇ ਮੱਥੇ 'ਤੇ ਚਿੰਤਾ ਤੇ ਫਿਕਰ ਦੀਆਂ ਲਕੀਰਾਂ ਉਗਦੀਆਂ। ਨੌਜਵਾਨ ਕੰਨਾਂ ਵਿਚ ਮੁਰਕੀਆਂ ਪਾ ਲਵੇ ਤਾਂ ਉਸ ਦੀਆਂ ਹਰਕਤਾਂ ਸ਼ੱਕੀ ਹੁੰਦੀਆਂ। ਜਦ ਕੋਈ ਗਭਰੀਟ ਕੰਨਾਂ ਵਿਚ ਮੁੰਦਰਾਂ ਪਾਉਣ ਲਈ ਕੰਨ ਪੜਵਾਉਣ ਦੀ ਜਿੱਦ ਕਰਦਾ ਤਾਂ ਰਾਂਝਾ ਜੋਗੀ ਬਣ ਕੇ ਫਕੀਰੀ ਵਿਚੋਂ ਹੀਰ ਰੂਪੀ ਇਸ਼ਟ ਨੂੰ ਪਾਉਣ ਦਾ ਪ੍ਰਚਮ ਲਹਿਰਾਉਂਦਾ। ਉਹ ਕੱਚ ਦੀਆਂ ਮੁੰਦਰਾਂ ਵਿਚੋਂ ਹੀਰ ਦਾ ਦੀਦਾਰ ਕਰਦਾ ਤਾਂ ਪੈਰਾਂ ਵਿਚ ਸੰਦਲੀ ਸਫਰ ਅਤੇ ਮਸਤਕ ਵਿਚ ਜਿਉਣ-ਚਾਅ ਪੈਦਾ ਹੁੰਦਾ।

ਕੰਨਾਂ 'ਚ ਪਾਈਆਂ ਨੱਤੀਆਂ, ਮੁਰਕੀਆਂ, ਬੁੰਦੇ, ਝੁਮਕੇ ਆਦਿ ਸ਼ਖਸੀ ਸੁੰਦਰਤਾ ਨੂੰ ਚਾਰ ਚੰਨ ਲਾਉਂਦੇ। ਇਹ ਕੰਨਾਂ ਦੇ ਸੁਹੱਪਣ ਤੇ ਸੁਹਜ ਨੂੰ ਹੋਰ ਨਿਖਾਰਨ ਦੀ ਵਿਧਾ।

ਸਰੀਰ ਦੇ ਸਾਰੇ ਅੰਗ ਹੌਲੀ ਹੌਲੀ ਬੁਢੇਪੇ ਦਾ ਰਾਹ ਪਕੜਦੇ ਪਰ ਕੰਨ ਸਭ ਤੋਂ ਅਖੀਰ ਵਿਚ ਬੁੱਢੇ ਹੁੰਦੇ। ਅਕਸਰ ਲੋਕ ਬਹੁਤ ਵਡੇਰੀ ਉਮਰ 'ਚ ਬੋਲੇਪਣ ਦਾ ਸ਼ਿਕਾਰ ਹੁੰਦੇ।

ਕੰਨ ਕਾਮੇ, ਕੰਨ ਕੁਸੈਲੇ, ਕੰਨ ਹੀ ਕਹਿਰ ਕਮਾਉਣੇ। ਕੰਨਾਂ ਰਾਹੀਂ ਰੁੱਸਣਾ ਅਤੇ ਕੰਨ-ਰਸਤੇ ਯਾਰ ਮਨਾਉਣੇ। ਕੰਨ ਹੀ ਕਸਮ ਨਿਭਾਉਣ ਤੇ ਕੰਨ ਮਿੱਤਰਾਂ ਦਾ ਰਾਜ਼ ਲੁਕਾਉਣ। ਕੰਨ ਹੁੰਦੇ ਯਾਰਾਂ ਦੀ ਯਾਰੀ, ਕੰਨਾਂ ਦੇ ਨਾਲ ਸਾਹਾਂ ਵਰਗੇ ਸੱਜਣਾਂ ਦੀ ਸਰਦਾਰੀ। ਕੰਨ, ਚੌਗਿਰਦਾ ਸਮਝਣ ਵਾਲੇ, ਕੰਨ ਸੋਝੀ ਦਾ ਨਾਂ। ਕੰਨਾਂ ਬਾਝੋਂ ਕੌਣ ਸੁਣੇਂਦਾ ਪਾਇਆ ਨਾ ਕੂਨਾਂ। ਕੰਨਾਂ ਦੀ ਪੀੜਾ ਨੂੰ ਕੰਨ, ਆਪੇ ਵਿਚ ਸਮਾਵੇ। ਕੰਨ ਵਿਚਾਰਾ ਕੀਹਦੇ ਅੱਗੇ ਆਪਣਾ ਦਰਦ ਸੁਣਾਵੇ। ਕੰਨਾਂ ਦੀ ਨਗਰੀ ਵਿਚ ਜਿਹੜਾ ਸੁਣਨ ਦਾ ਗੁਣ ਉਪਜਾਵੇ। ਉਹ ਹੀ ਕੰਨਾਂ ਸਦਕਾ ਸਿਰ ਦਾ ਤਾਜ਼ ਬਣ ਜਾਵੇ। ਕੰਨ, ਕੰਨਾਂ ਦੇ ਸੰਗੀ ਅਤੇ ਕੰਨਾਂ ਦੇ ਹਮਸਾਏ। ਕੰਨਾਂ ਵਾਲਾ ਕੰਨਾਂ ਰਾਹੀਂ ਕੰਨ-ਰਾਗ ਬਣ ਜਾਵੇ। ਕੰਨਾਂ ਦੀ ਕਨਹੋੜੀ ਚੜ੍ਹ ਕੇ ਸੁਪਨਾ ਮਨ ਉਗਾਓ ਅਤੇ ਇਸ ਸੁਪਨੇ ਨੂੰ ਤਦਬੀਰਾਂ ਰਾਹੀਂ ਸੰਦਲੀ ਸਫਾ ਬਣਾਓ। ਕੰਨ ਜੀਵਨ ਦਾ ਸੁੱਚਾ ਨਗਮਾ ਹੋਠੀਂ ਗੁਣਗਣਾਓ ਅਤੇ ਕੰਨਾਂ ਦੀ ਤਹਿਜ਼ੀਬ ਵਿਚੋਂ ਜਿੰਦ-ਚਿਰਾਗ ਜਗਾਓ।

ਕੰਨ ਜਦ ਸੁਣਨ ਨੂੰ ਤਰਜੀਹ ਦਿੰਦੇ, ਬੋਲਾਂ ਦੇ ਸਾਰ-ਤੱਤ ਨੂੰ ਵਿਸ਼ਲੇਸ਼ਦੇ, ਸਿਆਣਪਾਂ ਦਾ ਹੁੰਗਾਰਾ ਭਰਦੇ ਅਤੇ ਗੱਲਬਾਤ ਵਿਚਲੀਆਂ ਨਸੀਹਤਾਂ ਨੂੰ ਜੀਵਨ 'ਚ ਅਪਨਾਉਂਦੇ ਤਾਂ ਕੰਨਾਂ ਦੇ ਸਦਕੇ ਜਾਣ ਨੂੰ ਜੀਅ ਕਰਦਾ।

ਕੰਨਾਂ ਸਦਕਾ ਜਦ ਮਨੁੱਖ ਗੁਰਬਾਣੀ ਦਾ ਕਿਹਾ ਮੰਨ ਕੇ "ਸਚੁ ਸੁਣਹਿ ਸਚੁ ਮੰਨਿ ਲੈਨਿ ਸੱਚੀ ਕਾਰ ਕਮਾਹਿ" ਜਾਂ "ਮੁੱਖ ਸੱਚੇ ਸਚੁ ਦਾੜੀਐ ਸਚੁ ਬੋਲਹਿ ਸਚੁ ਕਮਾਹਿ" ਨੂੰ ਜੀਵਨ ਦਾ ਮੂਲ-ਮੰਤਰ ਬਣਾ ਲਵੇ ਤਾਂ ਧੁੰਧਲਕਾ ਨਹੀਂ ਪੈਦਾ ਹੁੰਦਾ ਸਗੋਂ ਸੱਚ ਦਾ ਚਿਰਾਗ ਜੀਵਨ-ਕੂਟਾਂ ਰੁਸ਼ਨਾਉਂਦਾ, ਸਮਾਜਿਕ, ਪਰਿਵਾਰਕ ਤੇ ਧਾਰਮਿਕ ਰਹਿਬਰੀ ਦਾ ਸੁੱਚਾ ਹਰਫ ਬਣਦਾ।

ਜਦ ਕੋਈ "ਮਖਟੂ ਹੋਇ ਕੈ ਕੰਨ ਪੜਾਏ" ਜਾਂ "ਕੰਨੀਂ ਸੂਤਕ ਕੰਨ ਪੈ ਲਾਇਤਬਾਰੀ ਖਾਹਿ" ਨੂੰ ਜੀਵਨ-ਪੰਧ ਬਣਾ ਲਵੇ ਤਾਂ ਬਾਬਾ ਫਰੀਦ ਜੀ ਦਾ ਮਨ ਪਸੀਜਦਾ ਤੇ ਉਹ ਮਨੁੱਖ ਨੂੰ ਸਮਝਾਉਂਦੇ "ਕੰਨੀ ਬੁਜੇ ਦੇ ਰਹਾਂ ਕਿਤੀ ਵਗੈ ਪਾਉਣੁ॥"

ਕੰਨ ਜਦ ਸਿਆਣਿਆਂ ਦੀ ਸੰਗਤ, ਸੁਹਬਤ, ਸੱਚ, ਸਿਆਣਪ ਤੇ ਸਚਿਆਰਪਣ ਨੂੰ ਸੁਣ ਕੇ, ਜੀਵਨ-ਜੁਗਤ ਦੀ ਪ੍ਰੇਰਨਾ ਤੇ ਸਾਧਨ ਬਣਦੇ ਤਾਂ ਜ਼ਿੰਦਗੀ ਦਾ ਸੁਜੱਗ ਰੂਪ ਜੱਗ-ਜ਼ਾਹਰ ਹੋ, ਸਮਾਜ ਲਈ ਰੋਲ ਮਾਡਲ ਬਣ ਜਾਂਦਾ।

ਕੰਨ ਜਦ ਸੁਣਨ ਤੋਂ ਮੁੰਨਕਰ ਹੁੰਦੇ ਤਾਂ ਮਨੁੱਖ ਆਪਣੇ ਅੰਤਰੀਵ 'ਚ ਉਤਰਦਾ। ਦੁਨਿਆਵੀ ਸ਼ੋਰ ਤੋਂ ਅਣਭਿੱਜ, ਸੰਸਾਰਕ ਲੁਭਾਉਣੀਆਂ ਤੋਂ ਅਵੇਸਲਾ, ਰੂਹ ਦੇ ਰੁਬਰੂ ਹੋ, ਖੁਦ ਨਾਲ ਸੰਵਾਦ ਰਚਾਉਂਦਾ। ਸਵੈ-ਹੋਂਦ, ਸੁਯੋਗਤਾ, ਨਰੋਇਆ ਮਾਰਗ-ਦਰਸ਼ਨ ਅਤੇ ਸੁਹੰਢਣੀ ਜੀਵਨ-ਜਾਚ ਨੂੰ ਚਿਤਵਦਾ। ਨਵੀਂ ਲੋਅ ਨਾਲ ਅੰਦਰ ਨੂੰ ਰੁਸ਼ਨਾਉਂਦਾ ਅਤੇ ਹਿਰਦੇ 'ਚ ਚਾਨਣੀ ਰਾਤ ਦਾ ਗੀਤ ਗੂੰਜਦਾ।

ਕੰਨਾਂ 'ਤੇ ਜਦ ਅਬੋਲਤਾ ਦਸਤਕ ਦਿੰਦੀ ਤਾਂ ਚੁੱਪ ਦਾ ਦੋ-ਤਾਰਾ ਸਾਹ-ਬੀਹੀ 'ਚ ਸੱਦ ਲਾਉਂਦਾ। ਇਸ ਸੱਦ ਦੇ ਅਬੋਲ-ਬੋਲ, ਮਨ 'ਤੇ ਉਕਰੇ ਜਾਂਦੇ ਜਿਸ ਦੀ ਇਬਾਰਤ ਵਿਚੋਂ ਹੀ ਨਵੀਆਂ ਨਿਸ਼ਾਨਦੇਹੀਆਂ ਦੇ ਨਕਸ਼ ਉਭਰਦੇ।

ਆਮੀਨ।

---

# ਰੈਡ ਐਂਡ ਐਕਸਪਰਟ ਵਾਲਾ ਰਾਹ

(ਪਿਛਲੇ ਸਫੇ ਦੀ ਬਾਕੀ)

ਹਰ ਚੀਜ਼ ਬਾਹਰ ਲੈ ਜਾਂਦੇ ਸਨ, ਹੁਣ ਅੰਦਰ ਹੀ ਵਿਕਾਸ ਦਾ ਰਾਹ ਖੁੱਲ੍ਹਣ ਲੱਗਾ ਹੈ। ਬਾਹਰ ਦੀ ਪੁਰਾਣੀ ਜਕੜ ਨੂੰ ਤੋੜ ਦਿਓ ਤਾਂ ਅੰਦਰ ਦੀਆਂ ਸੰਭਾਵਨਾਵਾਂ ਖਿੜਨ ਲਗਦੀਆਂ ਹਨ, ਕਈ ਤਰ੍ਹਾਂ ਦੇ ਵਿਚਾਰ ਤੇ ਤਜਰਬੇ ਜਨਮ ਲੈਣ ਲਗਦੇ ਹਨ।

ਵਕਤ ਕਾਫ਼ੀ ਬੀਤ ਚੁੱਕਾ ਸੀ; ਸੋ ਅਸੀਂ ਵਾਪਸ ਚੱਲ ਪਏ। ਚੜ੍ਹਾਈ ਵੀ ਕਠਿਨ ਸੀ, ਪਰ ਮੇਰੇ ਬਿਨਾਂ ਕਿਸੇ ਨੇ ਇਸ ਦੀ ਪਰਵਾਹ ਨਹੀਂ ਕੀਤੀ। ਅਸੀਂ ਉਹ ਪੰਧ ਡੇਢ ਘੰਟੇ ਵਿਚ ਮੁਕਾ ਪਾਏ। ਵਾਪਸ ਪਹੁੰਚ ਕੇ ਪਵਨ ਨੇ ਮਲ੍ਹਮ ਦਿੱਤੀ ਤੇ ਕਿਹਾ ਕਿ ਆਰਾਮ ਤਾਂ ਚੱਲਦੇ ਰਹਿਣ ਨਾਲ ਹੀ ਆਵੇਗਾ, ਪਰ ਸੌਣ ਲੱਗਾ ਮੈਂ ਇਸ ਨੂੰ ਲਗਾ ਲਿਆ ਕਰਾਂ। ਚੱਲਦੇ ਰਹੋ ਤੇ ਚੱਲਦੇ ਰਹੋ! ਜ਼ਿੰਦਗੀ ਦਾ ਇਹੀ ਅਸੂਲ ਹੈ।

ਸ਼ਾਮ ਦੇ ਵਕਤ ਬੈਂਤ ਦੇ ਬੈਂਚ ਉਤੇ ਬੈਠ ਮੈਂ ਫਾਈਲ ਵਿਚ ਅੱਜ ਦਾ ਇੰਦਰਾਜ ਕਰਨ ਲੱਗ ਪਿਆ। ਮੇਰਾ ਕਿਹੜਾ ਪਾਤਰ ਕਿਥੋਂ ਆਇਆ ਹੈ, ਕੀ ਪਿਛੋਕੜ ਹੈ, ਕਿਸ ਇਲਾਕੇ ਤੇ ਥਾਂ ਦਾ ਹੈ, ਇਸ ਦਾ ਕੋਈ ਵੀ ਪਤਾ ਨਹੀਂ। ਸਾਰੇ ਇਕੋ ਨਿਸ਼ਾਨੇ ਨੂੰ ਲੈ ਕੇ ਵੱਖ-ਵੱਖ ਥਾਵਾਂ ਤੋਂ ਤੁਰੇ ਹਨ ਅਤੇ ਇਥੇ ਆਣ ਇਕੱਠੇ ਹੋਏ ਹਨ। ਉਨ੍ਹਾਂ ਦੀ ਮਿਸ਼ਨ ਦੀ ਸਾਂਝ ਨੇ ਉਨ੍ਹਾਂ ਨੂੰ ਇਕ ਦੂਸਰੇ ਦੇ ਨਜ਼ਦੀਕ ਲੈ ਆਂਦਾ ਸੀ। ਮੈਨੂੰ ਹੈਰਾਨੀ ਜ਼ਰੂਰ ਹੋਈ ਕਿ ਉਹ ਹਲਕੀਆਂ-ਫੁਲਕੀਆਂ ਗੱਲਾਂ ਤੋਂ ਗੁਰੇਜ਼ ਕਰਦੇ ਹਨ। ਕਿਸੇ ਨੂੰ ਗੈਰ-ਸੰਜੀਦਾ ਹੁੰਦੇ ਮੈਂ ਘੱਟ ਹੀ ਦੇਖਿਆ। ਕਿਸੇ ਇਕ-ਅੱਧੇ ਨੇ ਜੇ ਕਦੇ ਅਜਿਹੀ ਕੋਈ ਗੱਲ ਕਰ ਵੀ ਦਿੱਤੀ ਤਾਂ ਉਹ ਅੱਗੇ ਨਹੀਂ ਸੀ ਤੁਰਦੀ।

ਸਾਰੇ ਮਾਹੌਲ ਵਿਚ ਨਿਹਚਾ ਦਾ ਝਲਕਾਰਾ ਮਿਲਦਾ ਸੀ। ਨਿਹਚਾ, ਸੰਜੀਦਗੀ, ਜ਼ਾਬਤਾ, ਸਭੋ ਕੁਝ ਆਪਸ ਵਿਚ ਘੁਲ-ਮਿਲ ਗਿਆ ਦਿਖਾਈ ਦਿੰਦਾ ਸੀ।

"ਗੌਂਡੀ ਸਿੱਖ ਲਵੋ, ਕੰਮ ਆਵੇਗੀ।" ਕੋਸਾ ਮੈਨੂੰ ਲਿਖਦੇ ਹੋਏ ਨੂੰ ਦੇਖ ਕੇ ਬੋਲਿਆ।

ਉਸ ਦਾ ਸੁਝਾਅ ਤਾਂ ਚੰਗਾ ਸੀ, ਪਰ ਮੈਨੂੰ ਲੱਗਾ ਕਿ ਇਹਦੇ ਲਈ ਮੇਰੇ ਕੋਲ ਵਕਤ ਨਹੀਂ ਹੋਵੇਗਾ। ਸੋਚਿਆ ਕਿ ਨਾਲੋ ਨਾਲ ਸ਼ਬਦਾਂ ਨੂੰ ਨੋਟ ਕਰਦਾ ਜਾਵਾਂਗਾ ਤੇ ਪੁੱਛਦਾ ਰਹਾਂਗਾ, ਪਰ ਸ਼ਬਦਾਂ ਦੀ ਜਾਣਕਾਰੀ ਹੀ ਕਿਸੇ ਬੋਲੀ ਦੇ ਬੋਲਣ ਵਾਸਤੇ ਕਾਫ਼ੀ ਨਹੀਂ ਹੁੰਦੀ। ਇਹਦੇ ਵਾਸਤੇ ਵਿਸ਼ੇਸ਼ ਤਰੱਦਦ ਚਾਹੀਦਾ ਹੈ। ਚੰਗਾ ਹੁੰਦਾ ਜੇ ਮੈਂ ਇਹ ਤਰੱਦਦ ਕਰ ਲਿਆ ਹੁੰਦਾ। ਮੇਰੇ ਵਾਸਤੇ ਗੌਂਡ ਲੋਕਾਂ ਨਾਲ ਰਾਬਤਾ ਸਥਾਪਤ ਕਰਨਾ ਆਸਾਨ ਹੋ ਜਾਂਦਾ ਅਤੇ ਨਾ ਹੀ ਕਿਸੇ ਦੁਭਾਸ਼ੀਏ ਦੀ ਜ਼ਰੂਰਤ ਪੈਂਦੀ।

ਗੌਂਡ ਲੋਕ ਜਦ ਗੱਲ ਕਰਦੇ ਹਨ ਤਾਂ ਹੁੰਗਾਰਾ ਭਰਨ ਲਈ ਜਦ ਉਹ 'ਹੂੰ' ਦੀ ਆਵਾਜ਼ ਕੱਢਦੇ ਹਨ ਤਾਂ ਉਹ ਅਜੀਬ ਤਰ੍ਹਾਂ ਨਾਲ ਸਾਹ ਨੂੰ ਅੰਦਰ ਲਿਜਾ ਕੇ ਬਾਹਰ ਕੱਢਦੇ ਹਨ। ਪਹਿਲਾਂ-ਪਹਿਲਾਂ ਮੈਨੂੰ ਸ਼ੱਕ ਹੋਇਆ, ਜਿਵੇਂ ਹੁੰਗਾਰਾ ਭਰ ਰਹੇ ਬੰਦੇ ਨੂੰ ਸਾਹ ਦੀ ਕੋਈ ਬਿਮਾਰੀ ਹੈ, ਪਰ ਜਦ ਅਜਿਹਾ ਕਈਆਂ ਨੂੰ ਕਰਦੇ ਦੇਖਿਆ ਤਾਂ ਇਹ ਆਦਤ ਦਾ ਹਿੱਸਾ ਜਾਪਿਆ। ਜਦ ਉਹ ਕਿਸੇ ਦਾ ਨਾਮ ਵੀ ਲੈਂਦੇ ਹਨ ਤਾਂ ਇਸ ਨੂੰ ਲੰਬਾ ਕਰ ਕੇ ਬੋਲਦੇ ਹਨ। ਮਿਸਾਲ ਦੇ ਤੌਰ 'ਤੇ, ਕੋਸਾ ਜਦ ਆਪਣਾ ਨਾਮ ਕਿਸੇ ਨੂੰ ਦੱਸੇਗਾ ਤਾਂ ਇੰਜ ਬੋਲੇਗਾ: ਕੋ...ਅ...ਸਾ।

ਬਸਤਰ ਦੇ ਗੌਂਡ ਨਾਮ ਆਮ ਕਰ ਕੇ ਬਹੁਤ ਛੋਟੇ ਹਨ; ਜਿਵੇਂ ਆਦਮੀਆਂ ਦੇ: ਕੋਸਾ, ਮੱਡ੍ਹਾ, ਕੰਨਾ, ਮਾਸਾ, ਲੱਚਾ, ਭੀਮਾ ਆਦਿ। ਔਰਤਾਂ ਦੇ ਨਾਮ ਵੀ ਇਸੇ ਤਰ੍ਹਾਂ ਦੇ ਹਨ; ਜਿਵੇਂ ਕੋਸੇ, ਕੰਨੇ, ਮਾਸੇ, ਭੀਮੇ। ਉਥੋਂ ਦੇ ਕਬਾਇਲੀ ਨਾਵਾਂ ਸਬੰਧੀ ਵੀ ਥੋੜ੍ਹੇ ਨਾਲ ਹੀ ਗੁਜ਼ਰ ਕਰਦੇ ਹਨ।

(ਚਲਦਾ)

# ਯਾਦਾਂ ਤੇ ਸੁਪਨਿਆਂ ਤੋਂ ਮਹਿਰੂਮ ਜ਼ਿੰਦੜੀਆਂ ਤੇ ਖੁਦਕੁਸ਼ੀਆਂ



*ਪੰਜਾਬ ਵਿਚ ਖੁਦਕੁਸ਼ੀਆਂ ਦੇ ਵਰਤਾਰੇ ਨੇ ਮੌਜੂਦਾ ਢਾਂਚੇ ਉਤੇ ਸਿੱਧਾ ਅਤੇ ਵੱਡਾ ਪ੍ਰਸ਼ਨ-ਚਿੰਨ੍ਹ ਲਗਾਇਆ ਹੈ, ਪਰ ਆਮ ਕਰ ਕੇ ਅਜਿਹੇ ਵਰਤਾਰਿਆਂ ਨੂੰ ਚਲੰਤ ਮਸਲਿਆਂ ਨਾਲ ਜੋੜ ਕੇ ਦਰਕਿਨਾਰ ਕਰ ਦਿੱਤਾ ਜਾਂਦਾ ਹੈ। ਹੁਕਮਰਾਨ ਸਦਾ ਇਸ ਤਰ੍ਹਾਂ ਹੀ ਕਰਦੇ ਆਏ ਹਨ। ਇਸ ਲੇਖ ਵਿਚ ਸਾਡੀ ਕਾਲਮਨਵੀਸ ਕੁਲਦੀਪ ਕੌਰ ਨੇ ਇਸ ਵਰਤਾਰੇ ਦੇ ਪਿਛੇ ਲੁਕੇ ਤੱਥਾਂ ਬਾਰੇ ਚੀਰ-ਫਾੜ ਕੀਤੀ ਹੈ। ਇਸ ਲੇਖ ਵਿਚ ਖੁਦਕੁਸ਼ੀਆਂ ਤੋਂ ਪਹਿਲਾਂ ਦੇ ਹਾਲਾਤ ਦੀ ਸ਼ਨਾਖਤ ਕੀਤੀ ਗਈ ਹੈ। -ਸੰਪਾਦਕ*

ਮੁਨਸ਼ੀ ਪ੍ਰੇਮ ਚੰਦ ਦੀਆਂ ਬਹੁਤੀਆਂ ਰਚਨਾਵਾਂ ਦਿਹਾਤੀ ਰਹਿਤਲ ਦੀ ਹਕੀਕਤ ਨਾਲ ਬਾਵਸਤਾ ਹਨ। ਉਨ੍ਹਾਂ ਦੀ ਕਹਾਣੀ 'ਪੋਹ ਦੀ ਰਾਤ' ਦੇ ਕਿਰਦਾਰ ਹਲਕੂ ਨੂੰ ਉਸ ਦੀ ਪਤਨੀ ਜਦੋਂ ਡਾਂਟਦੀ ਹੈ- ਤੇਰੇ ਸੌਂ ਜਾਣ ਕਾਰਨ ਰਾਤੀਂ ਨੀਲੇ ਸਾਰਾ ਖੇਤ ਚਰ ਗਏ, ਤਾਂ ਬੇਹੱਦ ਦੁਖੀ ਹੋਣ 'ਤੇ ਵੀ ਹਲਕੂ ਦੇ ਮੂੰਹੋਂ ਨਿਕਲਦਾ ਹੈ- ਚੰਗਾ ਹੋਇਆ, ਹੁਣ ਪੋਹ ਦੀਆਂ ਠੰਢੀਆਂ ਰਾਤਾਂ ਵਿਚ ਖੇਤਾਂ ਦੀ ਰਾਖੀ ਕਰਨ ਦਾ ਝੰਜਟ ਮੁੱਕਾ। ਪਾਠਕ ਉਸ ਠੰਢ ਦੀ ਮਾਰ ਤੇ ਬੇਜ਼ਾਰੀ ਦਾ ਅੰਦਾਜ਼ਾ ਲਾ ਸਕਦਾ ਹੈ

**ਕੁਲਦੀਪ ਕੌਰ**

ਜੋ ਹਲਕੂ ਵਰਗੇ ਸਿਰੜੀ ਤੇ ਮਿਹਨਤੀ ਬੰਦੇ ਨੂੰ ਇੰਜ ਲਾਚਾਰੀ ਤੇ ਬੇਵਸੀ ਦੇ ਸਦਮਿਆਂ 'ਚ ਧੱਕ ਸਕਦੀ ਹੈ। ਹਲਕੂ ਦੇ ਇਸ ਹਲਫੀਆ ਬਿਆਨ ਪਿਛੋਂ 1947 ਦੀ ਸੱਤਾ ਤਬਦੀਲੀ ਹੋਈ। ਸੱਤਾ ਹਲਕੂ ਦੇ ਹਲਕੇ ਦੇ ਜਾਣੇ-ਪਛਾਣੇ ਚਿਹਰਿਆਂ ਦੇ ਹੱਥਾਂ ਵਿਚ ਆਈ ਤਾਂ ਚਰੇ ਗਏ ਖੇਤ, ਹਰੇ ਹੋਣ ਦੀ ਉਮੀਦ ਜਾਗੀ। ਫਿਰ ਘਰ ਦੀ ਸਰਕਾਰ ਨੇ ਉਸ ਦੇ ਖੇਤਾਂ 'ਚ ਹਰੀ ਕ੍ਰਾਂਤੀ ਬੀਜ ਦਿੱਤੀ। ਅੱਜ ਸੱਤਾ ਤਬਦੀਲੀ ਦੇ 7 ਦਹਾਕਿਆਂ ਬਾਅਦ ਹਲਕੂ ਆਲਮੀ ਵਪਾਰ ਸੰਗਠਨ ਅਤੇ ਆਲਮੀਕਰਨ ਦੁਆਰਾ ਘੜੀਆਂ ਨੀਤੀਆਂ ਦੀ ਮਾਰ ਭੁਗਤ ਰਿਹਾ ਹੈ। ਉਸ ਲਈ 'ਲੋਕਾਂ ਦਾ, ਲੋਕਾਂ ਲਈ ਤੇ ਲੋਕਾਂ ਦੁਆਰਾ' ਵਾਲੀ ਜਮਹੂਰੀਅਤ ਵਾਲਾ ਨਾਅਰਾ ਬੇਮਾਅਨਾ ਹੋ ਚੁੱਕਾ ਹੈ। ਉਦਾਰਵਾਦੀ ਨੀਤੀਆਂ ਤੇ ਖੁੱਲ੍ਹੀ ਮੰਡੀ ਦੇ ਇਸ ਦੌਰ ਵਿਚ ਸਿਰਫ ਹਲਕੂ ਵਰਗਿਆਂ ਦੀ ਕਿਰਤ ਦਾ ਭਾਅ ਕੋਈ ਹੋਰ ਤੈਅ ਕਰਦਾ ਹੈ ਤੇ ਇਸ ਵਾਰ ਉਸ ਕੋਲ ਸਰੀਰ ਤੋਂ ਬਿਨਾ ਗੁਆਉਣ ਲਈ ਕੁਝ ਨਹੀਂ ਬਚਿਆ।

ਅਲਬਰਟ ਕਾਮੂ ਆਪਣੇ ਮਹੱਤਵਪੂਰਨ ਲੇਖ 'ਦਿ ਮਿੱਥ ਆਫ ਸਿਸੀਫਸ' ਵਿਚ ਲਿਖਦਾ ਹੈ- 'ਅਸਲ ਵਿਚ ਤਾਂ ਮਨੁੱਖ ਅੱਗੇ ਸਿਰਫ ਇਕੋ ਦਾਰਸ਼ਨਿਕ ਸਵਾਲ ਹੈ ਅਤੇ ਉਹ ਹੈ ਖੁਦਕੁਸ਼ੀ।'

ਪੰਜਾਬ ਦੇ ਕਿਸਾਨਾਂ ਦੀਆਂ ਖੁਦਕੁਸ਼ੀਆਂ ਬਾਰੇ ਚਰਚਾ ਜਾਰੀ ਹੈ। ਇਸ ਚਰਚਾ 'ਚ ਫਿਕਰਮੰਦੀ ਦੇ ਨਾਲ ਨਾਲ ਹਾਲਤ ਦੀ ਅਸਪਸ਼ਟਤਾ ਕਾਰਨ ਬਹੁਤ ਸਾਰੇ ਸੰਸੇ ਹਨ। ਪਹਿਲਾ ਸੰਸਾ ਖੁਦਕੁਸ਼ੀਆਂ ਦੀ ਗਿਣਤੀ ਦਾ ਹੈ ਜਿਥੇ ਸਦਾ ਵਾਂਗ ਆਵਾਮ ਦਾ ਸਰਕਾਰੀ ਅੰਕੜਿਆਂ ਵਿਚ ਭਰੋਸਾ ਨਹੀਂ ਬੈਠ ਰਿਹਾ। ਸਰਕਾਰ ਸਰੀਰਾਂ ਦੀ ਕਾਨੂੰਨੀ ਗਿਣਤੀ ਕਰਨ ਵਿਚ ਮਸਰੂਫ ਹੈ, ਖੁਦਕੁਸ਼ੀਆਂ ਦਾ ਵਰਤਾਰ ਪਿੰਡੇ 'ਤੇ ਹੰਢਾ ਰਹੇ ਜਿਊੜਿਆਂ ਦਾ ਰੁਦਨ ਜਾਰੀ ਹੈ। ਦੂਜਾ ਸੰਸਾ ਖੁਦਕੁਸ਼ੀਆਂ ਦੇ ਰੁਝਾਨ ਦੀਆਂ ਪਰਤਾਂ ਫਰੋਲਣ ਦੀ ਥਾਂ ਇਸ ਨੂੰ ਮੁਆਵਜ਼ਿਆਂ ਅਤੇ ਸਰਕਾਰੀ 'ਦਾਨਾਂ' ਤੱਕ ਸੀਮਤ ਕਰਨ ਨਾਲ ਜੁੜਦਾ ਹੈ। ਤੀਜਾ ਸੰਸਾ ਖੁਦਕੁਸ਼ੀਆਂ ਤੋਂ ਪਹਿਲਾਂ ਉਨ੍ਹਾਂ ਜਿੰਦਾਂ ਨਾਲ ਵਾਪਰਦੀ ਜ਼ਲਾਲਤ ਤੇ ਬੇਵਸੀ ਬਾਰੇ ਘੇਸਲ ਵੱਟਣ ਨਾਲ ਸਬੰਧਤ ਹੈ ਜਿਸ ਕਾਰਨ ਉਹ ਭਰੀ-ਭਕੁੰਨੀ ਜ਼ਿੰਦਗੀ ਨੂੰ ਬੇਦਾਵਾ ਲਿਖ ਦਿੰਦੇ ਹਨ।

ਪੰਜਾਬ ਵਿਚ ਹਰੀ ਕ੍ਰਾਂਤੀ ਤੋਂ ਪਹਿਲਾਂ ਖੇਤੀ 'ਚ ਲੱਗੇ ਲੋਕਾਂ ਦਾ ਜਿਊਣ-ਮਰਨ, ਹੱਸਣ-ਗਾਉਣ, ਖਾਣ-ਪੀਣ, ਸਭ ਖੇਤੀ ਦੀ ਧੁਰੀ ਦੁਆਲੇ ਘੁੰਮਦਾ ਸੀ। ਹਰੀ ਕ੍ਰਾਂਤੀ ਨੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਸੋਚ ਵਿਚ ਪਹਿਲੀ ਵਾਰ ਭੋਜਨ ਪਦਾਰਥਾਂ ਦੀ ਖਰੀਦ-ਵੇਚ ਬਾਰੇ 'ਮੁਨਾਫੇ' ਦਾ ਸੰਕਲਪ ਭਰਿਆ। ਹਰੀ ਕ੍ਰਾਂਤੀ ਨੇ ਹੀ ਖੇਤੀ ਦੀ ਕੁਦਰਤ ਨਾਲ ਇਕਸੁਰਤਾ ਭੰਗ ਕੀਤੀ ਅਤੇ ਪੰਜਾਬੀ ਜੀਵਨ ਵਿਚੋਂ ਬਾਬੇ ਨਾਨਕ ਦਾ 'ਕਿਰਤ ਕਰੋ, ਵੰਡ ਛਕੋ' ਨਿਰੰਤਰ ਕਿਰਨਾ ਸ਼ੁਰੂ ਹੋ ਗਿਆ।

ਹਰੀ ਕ੍ਰਾਂਤੀ ਦੇ ਪੰਜਾਬੀ ਜੀਵਨ 'ਤੇ ਪਏ ਆਰਥਿਕ, ਸਮਾਜਿਕ, ਮਾਨਸਿਕ, ਸਿਆਸੀ ਪ੍ਰਭਾਵਾਂ ਅਤੇ ਸਦਮਿਆਂ ਤੋਂ ਬਿਨਾ ਇਸ ਦਾ ਸਭ ਤੋਂ ਵੱਡਾ ਨੁਕਸਾਨ ਸਮਾਜਿਕ ਬਹੁਲਤਾਵਾਦ ਤੇ ਭੋਜਨ ਲੜੀ ਦੀ ਵਿਲੱਖਣਤਾ ਨੂੰ ਖਤਮ ਕਰ ਦੇਣਾ ਹੈ। ਇਸ ਤੱਥ ਨੂੰ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨੋਲੌਜੀ ਦੀ 2005 ਵਿਚ ਜਾਰੀ ਰਿਪੋਰਟ ਰਾਹੀਂ ਸਮਝਿਆ ਜਾ ਸਕਦਾ ਹੈ। ਇਸ ਰਿਪੋਰਟ ਅਨੁਸਾਰ, ਹਰੀ ਕ੍ਰਾਂਤੀ ਦੇ ਤਜਰਬੇ ਤੋਂ ਪਹਿਲਾਂ ਦੇਸੀ ਕਣਕ ਦੀਆਂ 41 ਕਿਸਮਾਂ, ਚੌਲਾਂ ਦੀਆਂ 37, ਮੱਕੀ ਦੀਆਂ 4, ਬਾਜਰੇ ਦੀਆਂ 3, ਗੰਨੇ ਦੀਆਂ 16, ਦਾਲਾਂ ਦੀਆਂ 19, ਕਪਾਹ ਦੀਆਂ 10 ਅਤੇ ਖਾਣ ਵਾਲੇ ਤੇਲਾਂ ਦੀਆਂ 9 ਕਿਸਮਾਂ ਮੌਜੂਦ ਸਨ। ਇਸ ਦਾ ਦੂਜਾ ਅਰਥ ਹੈ ਕਿ 10 ਰੁਪਏ ਕਿੱਲੋ ਵਾਲੀ ਕਣਕ ਨਾ ਖਾ ਸਕਣ ਵਾਲੇ ਗਰੀਬ ਟੱਬਰ ਕੋਲ 2 ਰੁਪਏ ਕਿੱਲੋ ਵਾਲੀ 'ਮਾੜੀ' ਕਣਕ ਖਾ ਸਕਣ ਦਾ ਰਾਸਤਾ ਖੁੱਲ੍ਹਾ ਸੀ। ਇਸ ਮਿਸ਼ਰਤ ਫਸਲ ਦਾ ਇਕ ਹਿੱਸਾ ਇਹ ਟੱਬਰ ਆਪਣੇ ਡੰਗਰਾਂ ਨੂੰ ਚਾਰਨ ਦੀ ਗੁੰਜਾਇਸ਼ ਵੀ ਰੱਖਦਾ ਸੀ। ਬਦਲੇ 'ਚ ਡੰਗਰਾਂ ਨੇ ਇਸ ਦੀ ਥਾਲੀ ਵਿਚੋਂ ਥਿੰਦੇ (ਪ੍ਰੋਟੀਨ ਤੇ ਚਰਬੀ) ਦੀ ਸੰਭਾਵਨਾ ਨਹੀਂ ਸੀ ਮੁੱਕਣ ਦਿੱਤੀ। ਹਰੀ ਕ੍ਰਾਂਤੀ ਨੇ ਜਿਥੇ ਘੱਟ ਜੋਤਾਂ ਵਾਲੇ ਤੇ ਬੇਜ਼ਮੀਨੇ ਟੱਬਰਾਂ ਨੂੰ ਕੁਪੋਸ਼ਣ ਦੇ ਪੀੜ੍ਹੀ-ਦਰ-ਪੀੜ੍ਹੀ ਚੱਲਣ ਵਾਲੇ ਚੱਕਰਵਿਊ ਵਿਚ ਧੱਕ ਦਿਤਾ, ਉਥੇ ਵੱਧ ਜੋਤਾਂ ਵਾਲਿਆਂ ਨੂੰ ਬੇਥਵੀ ਤੇ ਅਣਮਿਣੀ ਪੂੰਜੀ ਦੇ ਦਵੰਦ ਵਿਚ ਫਸਾ ਦਿਤਾ। ਇਸ ਨੇ ਵਾਤਾਵਰਨ ਅਤੇ ਜੀਵ-ਜੰਤੂਆਂ 'ਤੇ ਕੀ ਅਸਰ ਪਾਇਆ ਹੈ, ਇਹ ਵੱਖਰੀ ਬਹਿਸ ਹੈ।



ਪ੍ਰੋ ਪੂਰਨ ਸਿੰਘ

*ਪੰਜਾਬ ਬਾਰੇ ਬਣ ਰਹੀ ਦਿਲਚਸਪ ਤਿਕੋਣ ਇਹ ਵੀ ਬਣ ਸਕਦੀ ਹੈ ਕਿ ਹਰੀ ਕ੍ਰਾਂਤੀ ਦੇ ਪੈਦਾ ਕੀਤੇ ਸਮਾਜਿਕ-ਨੈਤਿਕ ਖਲਾਅ ਨੂੰ ਧਾਰਮਿਕ ਪਛਾਣ ਦੇ ਇਕ-ਧਰੁਵੀ ਟੀਚੇ ਨਾਲ ਭਰਨ ਦੀ ਕੋਸ਼ਿਸ਼ ਵਿਚ ਪੰਜਾਬ ਕਾਲੇ ਦੌਰ ਦੇ ਵੱਸ ਜਾ ਪਿਆ। ਇਸ ਦਾ ਜਵਾਬ ਇਸ ਲਈ ਵੀ ਲੱਭਣਾ ਬਣਦਾ ਹੈ ਕਿ ਪੰਜਾਬ ਦਾ ਉਹ ਕਾਲਾ ਦੌਰ ਹੁਣ ਪਰਵਾਸ, ਖੁਦਕੁਸ਼ੀਆਂ, ਨਸ਼ਿਆਂ ਅਤੇ ਗੈਂਗਵਾਰ ਦਾ ਰੂਪ ਵਟਾ ਚੁੱਕਾ ਹੈ। ਪੰਜਾਬੀ ਜਣੇ ਦੇ ਅੰਦਰਲੀ ਇਕੱਲ ਅਤੇ ਖਲਾਅ ਭਰਨ ਦੀ ਆਵਾਜ਼ ਮਾਰਦਾ ਪ੍ਰੋ. ਪੂਰਨ ਸਿੰਘ ਵੀ ਇਸ ਵਾਰ ਮੌਨ ਹੈ!*

ਹੁਣ ਚਰਚਾ ਦਾ ਅਹਿਮ ਵਿਸ਼ਾ ਇਹ ਹੈ ਕਿ ਜਦੋਂ ਪੰਜਾਬ ਦੇ ਖੇਤਾਂ 'ਚ ਹਰੀ ਕ੍ਰਾਂਤੀ ਨੂੰ ਸਿਆਸੀ ਪੈਂਤੜੇ ਵਜੋਂ ਦੂਜੀ ਸੰਸਾਰ ਜੰਗ ਕਾਰਨ ਖਾਲੀ ਹੋਏ ਅਨਾਜ ਭੰਡਾਰ ਭਰਨ ਲਈ ਲਾਗੂ ਕੀਤਾ ਗਿਆ ਤਾਂ ਜਮਹੂਰੀ ਸਰਕਾਰ ਹੋਣ ਦੇ ਬਾਵਜੂਦ ਇਸ ਦੇ ਲੰਬੇ ਸਮੇਂ ਦੇ ਕੁਪ੍ਰਭਾਵਾਂ ਨੂੰ ਮਾਪਣ ਦਾ ਕੋਈ ਤਰੱਦਦ ਕਿਉਂ ਨਾ ਕੀਤਾ ਗਿਆ? ਇਸ ਤੱਥ ਨੂੰ ਨਜ਼ਰਅੰਦਾਜ਼ ਕਰ ਦਿਤਾ ਗਿਆ ਕਿ ਦੇਸੀ ਬੀਜਾਂ ਦੇ ਖਾਤਮੇ ਅਤੇ ਕੰਪਨੀਆਂ ਦੁਆਰਾ ਉਚੇ ਮੁੱਲ ਵੇਚੇ ਬੀਜਾਂ ਨੇ ਕਿਵੇਂ ਹੌਲੀ-ਹੌਲੀ ਫਸਲਾਂ ਦਾ ਜਮਾਂਦਰੂ ਜੈਨੇਟਿਕ ਮਾਦਾ ਹੀ ਬਦਲ ਦੇਣਾ ਹੈ। ਕਿਸੇ ਵੀ ਪਾਰਟੀ ਦੀ ਸਰਕਾਰ ਨੇ ਇਹ ਜਾਣਨ ਲਈ ਵਿਗਿਆਨਕ ਜਾਂਚ ਕਮੇਟੀ ਬਿਠਾਉਣ ਦੀ ਲੋੜ ਨਹੀਂ ਸਮਝੀ ਕਿ ਧਰਤੀ ਵਿਚ ਮਣਾਂ ਦੇ ਹਿਸਾਬ ਨਾਲ ਮਿਲਾਈ ਜਾ ਰਹੀ ਰਸਾਇਣਕ ਖਾਦ ਤੇ ਸਪਰੇਆਂ ਨਾਲ ਉਗੀਆਂ ਮਣਾਂ ਮੂੰਹੀਂ ਫਸਲਾਂ ਕਿਵੇਂ ਪੰਜਾਬੀ ਮਾਂਵਾਂ ਦੇ ਦੁੱਧ ਵਿਚ ਜ਼ਹਿਰ ਬਣ ਕੇ ਨਿਆਣਿਆਂ ਦੇ ਖੂਨ ਵਿਚ ਘੁਲ ਰਹੀਆਂ ਹਨ। ਇਸ ਨੂੰ ਸਿਆਸੀ ਸਵਾਲ ਕਿਉਂ ਨਾ ਸਮਝਿਆ ਜਾਵੇ ਜਦੋਂ ਸਿਰਫ ਪੰਜਾਬ ਦੇ ਪਾਣੀਆਂ 'ਤੇ ਕੌਮਾਂਤਰੀ ਕਾਨੂੰਨ ਲਾਗੂ ਕਰਨ ਤੋਂ ਹਰ ਸਰਕਾਰ ਮੁੱਕਰ ਜਾਵੇ? ਕਿਤੇ ਇਨ੍ਹਾਂ ਤੱਥਾਂ ਦਾ ਸਿੱਧਾ ਸਬੰਧ ਇਸ ਮੁਲਕ ਦੀ 'ਮੁੱਖਧਾਰਾ' ਦੀ ਨੀਤੀ ਨਾਲ ਤਾਂ ਨਹੀਂ ਜੁੜਦਾ ਜਿਥੇ ਜਦੋਂ-ਜਦੋਂ ਕਿਸੇ ਖਿੱਤੇ ਦੇ ਲੋਕ 'ਜਲ-ਜੰਗਲ-ਜ਼ਮੀਨ' ਦੀ ਸਰਕਾਰੀ ਦੁਰਵਰਤੋਂ ਨਾਲ ਨਾਲ ਜੁੜੇ ਮੁੱਦਿਆਂ ਬਾਰੇ ਸਵਾਲ ਖੜ੍ਹੇ ਕਰਦੇ ਹਨ, ਤਾਂ ਇਸ ਨੂੰ 'ਮੁਲਕਪ੍ਰਸਤੀ ਤੋਂ ਨਾਬਰੀ' ਦਾ ਲਕਬ ਦੇ ਕੇ ਅਮਨ ਕਾਨੂੰਨ ਦੀਆਂ ਧਾਰਾਵਾਂ ਨਾਲ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਪੰਜਾਬ ਬਾਰੇ ਦਿਲਚਸਪ ਤਿਕੋਣ ਇਹ ਵੀ ਬਣ ਸਕਦੀ ਹੈ ਕਿ ਹਰੀ ਕ੍ਰਾਂਤੀ ਦੇ ਪੈਦਾ ਕੀਤੇ ਸਮਾਜਿਕ-ਨੈਤਿਕ ਖਲਾਅ ਨੂੰ ਧਾਰਮਿਕ ਪਛਾਣ ਦੇ ਇਕ-ਧਰੁਵੀ ਟੀਚੇ ਨਾਲ ਭਰਨ ਦੀ ਕੋਸ਼ਿਸ਼ ਵਿਚ ਪੰਜਾਬ ਕਾਲੇ ਦੌਰ ਦੇ ਵੱਸ ਜਾ ਪਿਆ। ਇਸ ਦਾ ਜਵਾਬ ਇਸ ਲਈ ਵੀ ਲੱਭਣਾ ਬਣਦਾ ਹੈ ਕਿ ਪੰਜਾਬ ਦਾ ਉਹ ਕਾਲਾ ਦੌਰ ਹੁਣ ਪਰਵਾਸ, ਖੁਦਕੁਸ਼ੀਆਂ, ਨਸ਼ਿਆਂ ਅਤੇ ਗੈਂਗਵਾਰ ਦਾ ਰੂਪ ਵਟਾ ਚੁੱਕਾ ਹੈ। ਪੰਜਾਬੀ ਜਣੇ ਦੇ ਅੰਦਰਲੀ ਇਕੱਲ ਅਤੇ ਖਲਾਅ ਭਰਨ ਦਾ ਹੋਕਾ ਦਿੰਦਾ ਪ੍ਰੋ. ਪੂਰਨ ਸਿੰਘ ਵੀ ਇਸ ਵਾਰ ਮੌਨ ਹੈ!

---

ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ 1947 ਦੀ ਸੱਤਾ ਤਬਦੀਲੀ ਤੋਂ ਬਾਅਦ ਸਰਕਾਰੀ ਨੀਤੀਆਂ ਅਤੇ ਸਮਾਜਿਕ ਸੰਸਥਾਵਾਂ ਨੇ ਆਪਣਾ ਬਸਤੀਵਾਦੀ ਕਿਰਦਾਰ ਜਿਉਂ ਦਾ ਤਿਉਂ ਕਾਇਮ ਰੱਖਿਆ; ਉਲਟਾ ਸਮਾਜਿਕ ਪੌੜੀਆਂ ਦੇ ਹੇਠਲੇ ਡੰਡਿਆਂ 'ਤੇ ਬੈਠੇ ਆਵਾਮ ਦੀ ਪਰੰਪਰਾਗਤ ਬੌਧਿਕਤਾ ਨੂੰ ਰੱਦ ਕਰਦਿਆਂ ਗਰੀਬੀ ਤੇ ਜ਼ਲਾਲਤ ਖਿਲਾਫ ਜੰਗ ਜਿੱਤ ਚੁੱਕੇ ਮੁਲਕਾਂ ਤੋਂ 'ਅਕਲ' ਬਰਾਮਦ ਕਰਨ ਦਾ ਦੌਰ ਚੱਲਿਆ। ਖੇਤੀ ਖੇਤਰ ਵਿਚ ਸਦੀਆਂ ਤੋਂ ਕੰਮ ਕਰ ਰਹੇ ਬੰਦਿਆਂ ਦੀ ਸਮਝ ਰੱਦ ਕਰਦਿਆਂ, ਪੱਛਮੀ ਮਾਡਲਾਂ ਨੂੰ ਸਰਕਾਰੀ ਸਰਪ੍ਰਸਤੀ ਹੇਠ ਵਿਗਿਆਨਕ ਸੋਚ ਦੇ ਨਾਮ 'ਤੇ ਲਾਗੂ ਕੀਤਾ ਗਿਆ; ਪਰ ਇਸ 'ਚ ਵਿਗਿਆਨਕ ਤਜਰਬਿਆਂ ਨੂੰ ਮਾਪਣ ਤੇ ਸਿੱਟਿਆਂ ਦੀ ਨਜ਼ਰਸਾਨੀ ਕਰਨ ਦਾ ਮੂਲ ਸਿਧਾਂਤ ਵਿਸਾਰ ਦਿਤਾ ਗਿਆ। ਆਵਾਮ ਜਿਸ ਦੇ ਨਾਮ 'ਤੇ ਆਜ਼ਾਦੀ ਸੰਗਰਾਮ ਦੀਆਂ ਸਾਰੀਆਂ ਭੂਮਿਕਾਵਾਂ ਘੜੀਆਂ ਗਈਆਂ, ਨੂੰ ਇਨ੍ਹਾਂ ਸਾਰੀਆਂ ਦਰਬਾਰੀ ਮੁਲਾਹਜ਼ੇਦਾਰੀਆਂ ਵਿਚੋਂ ਛਾਂਗ ਦਿਤਾ ਗਿਆ। ਨਤੀਜੇ ਵਜੋਂ ਸੱਤਾ ਅਤੇ ਆਵਾਮ ਵਿਚਾਲੇ ਦਲਾਲਾਂ, ਕਾਲਾਬਾਜ਼ਾਰੀਆਂ ਅਤੇ ਜਮਾਂਖੋਰਾਂ ਦੀ ਅਜਿਹੀ ਜਮਾਤ ਪੈਦਾ ਹੋ ਗਈ ਜਿਨ੍ਹਾਂ ਨੇ ਦੰਮਾਂ ਦੇ ਵਪਾਰ ਦਾ ਦਾਇਰਾ ਸਰੀਰਾਂ ਦੀ ਨਿਲਾਮੀ ਤੱਕ ਲੈ ਆਂਦਾ। ਸਮਕਾਲੀ ਦੌਰ ਦੀਆਂ ਮੰਡੀਆਂ ਵਿਚ ਨਿਲਾਮ ਹੋ ਰਹੇ ਇਨ੍ਹਾਂ ਸਰੀਰਾਂ ਦੀ ਨਿਸ਼ਾਨਦੇਹੀ ਕਿਸੇ ਵੀ ਸ਼ਹਿਰ ਦੇ ਲੇਬਰ ਚੌਕ 'ਤੇ ਨਜ਼ਰ ਮਾਰਿਆਂ ਸਹਿਜੇ ਹੀ ਹੋ ਜਾਂਦੀ ਹੈ। ਇਕ ਸੱਚ ਇਹ ਵੀ ਹੈ ਕਿ ਖੇਤਾਂ ਤੋਂ ਇਲਾਵਾ ਵੀ ਜਦੋਂ ਇਹੀ ਸਰੀਰ ਉਪਰੋਕਤ ਬੇਲਗਾਮ ਸੱਤਾ ਨਾਲ ਸਿੱਧੇ-ਅਸਿੱਧੇ ਟਕਰਾਉ ਵਿਚ ਆਉਂਦੇ ਹਨ, ਤਾਂ ਇਨ੍ਹਾਂ ਦੀ ਖੁਦਕੁਸ਼ੀ ਦੀ ਹਾਲਤ ਲਗਾਤਾਰ ਬਰਕਰਾਰ ਰਹਿੰਦੀ ਹੈ। ਅਫਸੋਸ, ਖੁਦਕੁਸ਼ੀ ਕਰ ਚੁੱਕੀ ਦੇਹ ਨਾਲ ਵਾਪਰਦੀਆਂ ਖੁਦਕੁਸ਼ੀਆਂ ਵਰਗੀਆਂ ਘਟਨਾਵਾਂ ਦੀ ਕਿਤੇ ਸੁਣਵਾਈ ਨਹੀਂ!

ਇਕਨਾਮਿਕ ਰਿਸਰਚ ਫਾਊਂਡੇਸ਼ਨ ਦੀ 2006 ਦੀ ਰਿਪੋਰਟ ਅਤੇ ਕੌਮੀ ਸੈਂਪਲ ਸਰਵੇਖਣ ਦੀ 2005 ਦੀ ਰਿਪੋਰਟ ਅਨੁਸਾਰ ਪੰਜਾਬ ਵਿਚ ਕਿਸਾਨਾਂ ਅਤੇ ਮਜ਼ਦੂਰਾਂ ਸਿਰ ਚੜ੍ਹੇ ਕਰਜ਼ੇ ਦਾ ਵੱਡਾ ਹਿੱਸਾ (41.6 ਫੀਸਦ) ਘਰ ਦੇ ਜੀਆਂ ਦੀਆਂ ਬਿਮਾਰੀਆਂ ਦੇ ਇਲਾਜ ਲਈ ਲਿਆ ਕਰਜ਼ਾ ਹੈ। ਗਰੀਬੀ ਅਤੇ ਕੁਪੋਸ਼ਣ ਦੀ ਜ਼ੱਦ ਵਿਚ ਆਏ ਕਿਸਾਨਾਂ/ਮਜ਼ਦੂਰਾਂ ਦੇ ਪਰਿਵਾਰਾਂ ਕੋਲ ਅਜਿਹਾ ਕੋਈ ਵੀ ਤਤਕਾਲੀ ਸੰਦ-ਭਾਂਡਾ ਨਹੀਂ ਹੁੰਦਾ ਜਿਸ 'ਤੇ ਵੱਡੇ ਪੂੰਜੀਪਤੀ ਬੈਂਕ ਯਕੀਨ ਕਰ ਕੇ ਉਨ੍ਹਾਂ ਨੂੰ ਬਿਮਾਰੀ ਸਮੇਂ ਕਰਜ਼ਾ ਜਾਂ ਮਦਦ ਦੇ ਦੇਣ। ਸ਼ਹਿਰਾਂ ਦੇ ਵੱਡੇ ਹਸਪਤਾਲਾਂ ਦੀਆਂ ਪਰਚੀਆਂ ਬਣਵਾਉਂਦੇ ਸਮੇਂ ਉਨ੍ਹਾਂ ਦੇ ਕੰਬ ਰਹੇ ਹੱਥਾਂ ਪਿਛੇ ਆੜ੍ਹਤੀਆਂ/ਸ਼ਾਹੂਕਾਰਾਂ ਕੋਲ ਗਿਰਵੀ ਰੱਖੇ ਜਾਂ ਵੇਚੇ ਡੰਗਰਾਂ, ਮਕਾਨਾਂ ਜਾਂ ਕਿੱਲਿਆਂ ਦਾ ਝੋਰਾ ਕਿਥੇ ਲੁਕਦਾ ਹੈ? ਦੂਜੇ ਪਾਸੇ, ਪੀਣ ਵਾਲੇ ਸਾਫ ਪਾਣੀ ਦੀ ਕਮੀ, ਸੀਵਰੇਜ ਦੇ ਘਟੀਆ ਪ੍ਰਬੰਧ ਅਤੇ ਟੁੱਟਵੀਆਂ ਦਿਹਾੜੀਆਂ ਦੇ ਬੋਝ ਹੇਠ ਦੱਬੇ ਕਿਸਾਨਾਂ-ਮਜ਼ਦੂਰਾਂ ਦੇ ਸਰੀਰਾਂ ਉਤੇ ਨਾਕਸ ਤੇ ਜੁਗਾੜੂ ਸਿਹਤ ਪ੍ਰਬੰਧ ਕਿਸੇ ਸਦਮੇ ਵਾਂਗ ਵਾਪਰਦਾ ਹੈ।

ਪੰਜਾਬ ਦੇ ਕੈਂਸਰ ਮਰੀਜ਼ਾਂ ਦੇ ਬੀਕਾਨੇਰ ਤੋਂ ਇਲਾਜ ਬਾਰੇ ਭਾਵੇਂ ਕਾਫੀ ਕੁਝ ਲਿਖਿਆ ਜਾ ਚੁੱਕਾ ਹੈ, ਪਰ ਪੰਜਾਬ ਦੇ ਸਰਕਾਰੀ ਸਿਹਤ ਪ੍ਰਬੰਧ ਦੀ ਇੰਨੀ ਜ਼ਰਜ਼ਰ ਹਾਲਤ ਕਿਵੇਂ ਹੋ ਗਈ ਕਿ ਕਿਸਾਨਾਂ ਤੇ ਮਜ਼ਦੂਰਾਂ ਨੂੰ ਦੂਜੇ ਸੂਬਿਆਂ ਤੋਂ ਮਹਿੰਗਾ ਇਲਾਜ ਕਰਵਾਉਣ ਲਈ ਮਜਬੂਰ ਹੋਣਾ ਪਿਆ? ਇਸ ਮੁੱਦੇ ਦਾ ਹੋ ਚੁੱਕੀਆਂ ਅਤੇ ਹੋਣ ਵਾਲੀਆਂ ਚੋਣਾਂ ਨਾਲ ਮਨੁੱਖੀ ਅਧਿਕਾਰਾਂ ਦੇ ਪੈਂਤੜੇ ਤੋਂ ਕੀ ਸਬੰਧ ਜੁੜਦਾ ਹੈ, ਇਹ ਵਿਚਾਰਨਾ ਬਣਦਾ ਹੈ। ਜਮਹੂਰੀਅਤ ਦੇ ਮੂਲ ਸਿਧਾਂਤਾਂ ਦੇ ਚੌਖਟੇ ਵਿਚ ਸ਼ਹਿਰੀਆਂ ਦੇ ਸਰੀਰਾਂ ਦੀ ਤੰਦਰੁਸਤੀ ਲਈ ਸਰਕਾਰ ਦੀ ਜਵਾਬਦੇਹੀ ਕੌਣ ਤੈਅ ਕਰੇਗਾ?

---

ਪੰਜਾਬ ਵਿਚ ਬਿਮਾਰੀਆਂ ਦੇ ਸਮਾਜਿਕ-ਆਰਥਿਕ ਬੋਝਾਂ ਬਾਰੇ ਛਪੀਆਂ ਅਨੇਕਾਂ ਰਿਪੋਰਟਾਂ ਅਨੁਸਾਰ ਕੈਂਸਰ ਤੋਂ ਬਿਨਾਂ ਸ਼ੂਗਰ, ਹਾਈ ਬਲੱਡ ਪ੍ਰੈੱਸ਼ਰ ਅਤੇ ਸਾਹ ਦੀਆਂ ਬਿਮਾਰੀਆਂ ਦਾ ਸਿੱਧਾ ਸਬੰਧ ਪੰਜਾਬ ਦੇ ਖੁਰਾਕੀ ਪਦਾਰਥਾਂ ਵਿਚ ਮੌਜੂਦ ਰਸਾਇਣਾਂ, ਸ਼ਹਿਰੀਕਰਨ ਦੇ ਵਧ ਰਹੇ ਵਰਤਾਰੇ ਅਤੇ ਇਨ੍ਹਾਂ ਭੋਜਨਾਂ ਨੂੰ ਪਕਾਉਣ ਦੇ ਤਰੀਕਿਆਂ ਨਾਲ ਹੈ। ਇਨ੍ਹਾਂ ਬਿਮਾਰੀਆਂ ਦੇ ਕਾਰਨਾਂ ਬਾਰੇ ਖੋਜ ਮੁੱਢਲੀ ਸਟੇਜ 'ਤੇ ਹੈ, ਪਰ ਹਾਲੇ ਤੱਕ ਖੋਜ ਕਾਰਜਾਂ ਦਾ ਧੁਰਾ ਸਰੀਰਕ ਬਿਮਾਰੀਆਂ ਦੇ ਆਲੇ-ਦੁਆਲੇ ਘੁੰਮ ਰਿਹਾ ਹੈ। ਦੂਜੇ ਪਾਸੇ, ਖੇਤੀ ਦੇ ਇਸ ਸਮਾਜਿਕ ਸੰਕਟ ਨੇ ਪੰਜਾਬੀਆਂ ਦੀਆਂ ਮਾਨਸਿਕ ਗੁੰਝਲਾਂ ਨੂੰ ਕਿਵੇਂ ਵਧਾਇਆ ਹੈ, ਇਸ ਬਾਰੇ ਹਾਲੇ ਡੂੰਘੀ ਚੁੱਪ ਹੈ। ਆਲਮੀ ਪੱਧਰ 'ਤੇ ਹਰੀ ਕ੍ਰਾਂਤੀ ਵਰਗੇ ਤਜਰਬਿਆਂ 'ਚੋਂ ਲੰਘੇ ਖਿੱਤਿਆਂ ਨਾਲ ਸਬੰਧਿਤ ਰਿਪੋਰਟਾਂ ਦੱਸਦੀਆਂ ਹਨ ਕਿ ਉਥੋਂ ਦੇ ਬਾਸ਼ਿੰਦਿਆਂ ਵਿਚ ਨਿਰਾਸ਼ਾ, ਇਕੱਲ, ਤਣਾਉ ਤੇ ਸਮਾਜਿਕ ਕਲੇਸ਼ ਦੀ ਦਰ ਗੈਰ-ਖੇਤੀ ਖਿੱਤਿਆਂ ਨਾਲੋਂ ਕਿਤੇ ਵੱਧ ਹੈ।

ਪੰਜਾਬ ਵਿਚ ਹਰੀ ਕ੍ਰਾਂਤੀ ਲਾਗੂ ਕਰਨਾ ਤਤਕਾਲੀ ਸਿਆਸੀ ਤੇ ਆਰਥਿਕ ਲੋੜ ਮੰਨੀ ਜਾ ਸਕਦੀ ਹੈ, ਪਰ ਟੀਚੇ ਸਰ ਹੋਣ ਪਿਛੋਂ ਪੰਜਾਬ ਨੂੰ ਜਿਸ ਕਿਸਮ ਦੀ ਪੁਨਰ-ਵਸੇਬਾ ਨੀਤੀ ਦੀ ਲੋੜ ਸੀ, ਉਸ ਨੂੰ ਵਿਸਾਰ ਦਿਤਾ ਗਿਆ। ਇਸ ਤੋਂ ਬਿਨਾ ਹਰੀ ਕ੍ਰਾਂਤੀ ਦੇ ਸਵਾਲ ਨੂੰ ਬਹੁਤੀ ਵਾਰੀ ਕਿਸਾਨੀ ਦੀ ਆਰਥਿਕਤਾ ਤੱਕ ਸੀਮਤ ਕਰ ਦਿੱਤਾ ਜਾਂਦਾ ਹੈ, ਪਰ ਇਸ ਦੇ ਪ੍ਰਭਾਵ ਵੱਖ-ਵੱਖ ਵਰਗਾਂ 'ਤੇ ਵੱਖ-ਵੱਖ ਪਏ ਹਨ। ਮੋਟੇ ਰੂਪ ਵਿਚ ਪੰਜਾਬ 'ਚ 4 ਵਰਗ ਹਨ। ਪਹਿਲਾ, ਹਰੀ ਕ੍ਰਾਂਤੀ ਨਾਲ ਅਮੀਰ ਹੋਇਆ ਉਹ ਵਰਗ ਹੈ ਜਿਸ ਦੀ ਦੂਜੀ-ਤੀਜੀ ਪੀੜ੍ਹੀ ਨੇ ਉਸ ਪੂੰਜੀ ਨਾਲ ਪੜ੍ਹਾਈ ਦੇ ਜ਼ਰੀਏ ਜਾਂ ਪੈਸੇ ਦੀ ਧੌਂਸ ਨਾਲ ਸਰਕਾਰੇ-ਦਰਬਾਰੇ ਰੁਤਬੇ, ਅਹੁਦੇ ਤੇ ਸੱਤਾ ਹਾਸਿਲ ਕੀਤੀ ਹੈ। ਇਨ੍ਹਾਂ ਵਿਚ ਨੀਤੀ ਘਾੜ੍ਹੇ ਵੀ ਸ਼ਾਮਿਲ ਹਨ ਤੇ ਨੀਤੀਆਂ ਨੂੰ ਡੰਡੇ ਦੇ ਜ਼ੋਰ ਲਾਗੂ ਕਰਵਾਉਣ ਵਾਲੇ ਵੀ। ਇਸ ਵਰਗ ਦੀ ਰਸਾਈ ਹੁਣ ਦੂਜੇ ਦੇਸ਼ਾਂ ਵਿਚ ਜ਼ਮੀਨ ਖਰੀਦਣ ਤੱਕ ਹੈ। ਇਨ੍ਹਾਂ ਦੀ ਖੁਦਕੁਸ਼ੀਆਂ ਬਾਰੇ ਸਮਝ ਸਰਕਾਰੀ ਦਲੀਲਾਂ ਨਾਲ ਹੀ ਮਿਲਦੀ ਹੈ ਜਿਥੇ ਖੁਦਕੁਸ਼ੀ ਨੂੰ ਨਿਜੀ ਕਮਜ਼ੋਰੀ ਅਤੇ ਆਰਥਿਕ ਅਸਫਲਤਾ ਦਾ ਸੂਚਕ ਮੰਨਦਿਆਂ, ਇਸ ਦੀ ਜਵਾਬਦੇਹੀ ਵਿਚੋਂ ਰਾਜ-ਤੰਤਰ ਤੇ ਸਮਾਜਿਕ ਢਾਂਚੇ ਨੂੰ ਉਕਾ ਹੀ ਬਰੀ ਕਰ ਦਿੱਤਾ ਜਾਂਦਾ ਹੈ। ਇਸ ਵਰਗ ਲਈ ਦਾਜ, ਭਰੂਣ ਹੱਤਿਆ, ਅਣਖ ਖਾਤਿਰ ਕਤਲ, ਪਰਵਾਸ ਅਤੇ ਭ੍ਰਿਸ਼ਟਾਚਾਰ ਵੀ ਮਸਲੇ ਨਹੀਂ, ਸਗੋਂ ਪੂੰਜੀ ਇਕੱਠੀ ਕਰਨ ਦੇ ਤਰੀਕੇ ਬਣ ਚੁੱਕੇ ਹਨ। ਇਸ ਵਰਗ ਨੂੰ ਹੀ ਸਰਕਾਰੀ ਸਹੂਲਤਾਂ ਅਤੇ ਸਬਸਿਡੀਆਂ ਦਾ ਸਭ ਤੋਂ ਵੱਧ ਲਾਭ ਮਿਲਿਆ ਹੈ, ਕਿਉਂਕਿ ਇਨ੍ਹਾਂ ਦੀ ਅਸਲ ਫਸਲ ਤਾਂ ਇਨ੍ਹਾਂ ਸਹੂਲਤਾਂ ਅਤੇ ਸਬਸਿਡੀਆਂ ਨਾਲ ਸਬੰਧਤ ਉਹ ਸਰਕਾਰੀ ਫਾਈਲਾਂ/ਮਿਸਲਾਂ ਹਨ ਜਿਨ੍ਹਾਂ ਦੀ ਦਲਾਲੀ ਦੀ ਫਸਲ ਕੱਟਣ ਵਿਚ ਇਹ ਮਾਹਿਰ ਹਨ। ਸਰਕਾਰੀ ਜ਼ਮੀਨਾਂ ਤੇ ਨੌਕਰੀਆਂ ਦੀ ਦਲਾਲੀ, ਖੇਤੀ ਨਾਲ ਸਬੰਧਤ ਵਸਤਾਂ (ਬੀਜ, ਖਾਦਾਂ, ਸੰਦ) ਦੀ ਦਲਾਲੀ, ਸਰਕਾਰੀ ਕੰਮਾਂ ਦੀ ਇਸ ਦਲਾਲੀ ਨੇ ਕਿਵੇਂ ਕਿਸਾਨਾਂ-ਮਜ਼ਦੂਰਾਂ ਦੇ ਹੱਕਾਂ 'ਤੇ ਡਾਕਾ

*(ਬਾਕੀ ਅਗਲੇ ਸਫੇ 'ਤੇ)*



*ਖੁਦਕੁਸ਼ੀਆਂ ਨੇ ਜੇ ਰੁਕਣਾ ਹੈ ਤਾਂ ਸਮਾਜਿਕ ਮੋਹ ਤੇ ਬਿਹਤਰ ਕੱਲ੍ਹ ਦੀ ਉਮੀਦ ਨਾਲ ਰੁਕਣਾ ਹੈ। ਖੁਦਕੁਸ਼ੀਆਂ ਦਾ ਮੌਜੂਦਾ ਵਰਤਾਰਾ ਪੰਜਾਬ ਦੇ ਸਿਰਫ ਆਰਥਿਕ ਹਾਲਾਤ ਦਾ ਝਲਕਾਰਾ ਨਹੀਂ, ਇਹ ਪੰਜਾਬ ਦੇ ਸਮਾਜਿਕ ਅਤੇ ਸਿਆਸੀ ਢਾਂਚੇ ਦੀ ਅਸਫਲਤਾ ਦਾ ਵੀ ਸੂਚਕ ਹੈ। ਪੰਜਾਬੀਆਂ ਨੂੰ ਸਰਬੱਤ ਦਾ ਭਲਾ ਸਿਖਾਉਣ ਵਾਲੇ ਫਲਸਫੇ ਲਈ ਅਤੇ ਸੰਘਰਸ਼ਾਂ ਦਾ ਹੋਕਾ ਦੇਣ ਵਾਲਿਆਂ ਲਈ ਹੁਣ ਪਰਖ ਦੀ ਘੜੀ ਹੈ।*

ਹਿੰਦੀ ਕਹਾਣੀ

# ਪੋਹ ਦੀ ਰਾਤ

**ਮੁਨਸ਼ੀ ਪ੍ਰੇਮ ਚੰਦ ਨੇ ਆਪਣੀਆਂ ਸਾਹਿਤ ਰਚਨਾਵਾਂ ਵਿਚ ਅਣਹੋਇਆਂ ਦੀ ਬਾਤ ਬੇਹੱਦ ਮਾਰਮਿਕ ਢੰਗ ਨਾਲ ਸੁਣਾਈ ਹੈ। ਉਨ੍ਹਾਂ ਦੀ ਹਰ ਰਚਨਾ ਦਾ ਜ਼ਾਵੀਆ ਆਵਾਮ ਨਾਲ ਜੁੜਦਾ ਹੈ। ਕਹਾਣੀ 'ਪੋਹ ਦੀ ਰਾਤ' ਕਿਸਾਨ ਦੇ ਦੁੱਖਾਂ-ਤਕਲੀਫਾਂ ਦਾ ਬਿਆਨ ਹੈ। ਇਨ੍ਹਾਂ ਤਕਲੀਫਾਂ ਦਾ ਝੰਬਿਆਂ ਕੋਈ ਸ਼ਖਸ ਹੀ ਆਪਣੇ ਨੁਕਸਾਨ 'ਤੇ ਇਉਂ ਖੁਸ਼ ਹੋ ਸਕਦਾ ਹੈ। -ਸੰਪਾਦਕ**

ਮੁਨਸ਼ੀ ਪ੍ਰੇਮ ਚੰਦ
ਅਨੁਵਾਦ: ਹਰੀ ਕ੍ਰਿਸ਼ਨ ਮਾਇਰ

ਹਲਕੂ ਨੇ ਪਤਨੀ ਨੂੰ ਕਿਹਾ, "ਸਹਿਣਾ ਆਇਆ ਹੈ। ਜਿਹੜੇ ਪੈਸੇ ਤੂੰ ਜੋੜੇ ਨੇ, ਮੈਨੂੰ ਦੇ, ਉਸ ਨੂੰ ਦੇ ਦਿਆਂ। ਕਿਸੇ ਤਰ੍ਹਾਂ ਗਲੋਂ ਲੱਥੇ।" ਮੁੰਨੀ ਝਾੜੂ ਨਾਲ ਥਾਂ ਸੁੰਭਰ ਰਹੀ ਸੀ। ਪਿਛਾਂਹ ਤੱਕਦਿਆਂ ਬੋਲੀ, "ਤਿੰਨ ਰੁਪਈਏ ਨੇ, ਉਸ ਨੂੰ ਦੇ ਦਿੱਤੇ ਤਾਂ ਕੰਬਲ ਕਿੰਜ ਖਰੀਦਾਂਗੇ? ਪੋਹ ਮਾਘ ਦੀਆਂ ਰਾਤਾਂ ਕਿਵੇਂ ਕੱਟਾਂਗੇ? ਆਖਦੇ ਉਸ ਨੂੰ ਕਿ ਫਸਲ ਆਈ 'ਤੇ ਦਿਆਂਗੇ, ਅਜੇ ਨਹੀਂ।"

ਹਲਕੂ ਨੇ ਥੋੜ੍ਹਾ ਚਿਰ ਸੋਚਿਆ। ਪੋਹ ਦਾ ਮਹੀਨਾ ਸਿਰ 'ਤੇ ਸੀ। ਕੰਬਲ ਬਿਨਾ ਬੜਾ ਔਖਾ ਹੋ ਜਾਣਾ ਸੀ। ਸਹਿਣਾ ਮੰਨੇਗਾ ਜਾਂ ਨਹੀਂ! ਹੋ ਸਕਦਾ ਉਹ ਮੈਨੂੰ ਘੂਰੇ ਜਾਂ ਗਾਲ੍ਹਾਂ ਕੱਢੇ। ਜੇ ਥੋੜ੍ਹੇ ਪੈਸੇ, ਉਸ ਦੇ ਮੱਥੇ ਮਾਰ ਦਿੰਦਾ ਤਾਂ ਬਲਾ ਤਾਂ ਟਲ ਜਾਂਦੀ, ਸੋਚਦਾ ਉਹ ਮੁੰਨੀ ਦੇ ਨੇੜੇ ਹੋ ਕੇ ਖਲੋ ਗਿਆ! ਬੋਲਿਆ, "ਦੇ ਵੀ ਦੇ... ਗਲੋਂ ਲੱਥੇ। ਕੰਬਲ ਖਾਤਰ ਕਿਤੋਂ ਹੋਰ ਹੀਲਾ ਕਰ ਲਵਾਂਗੇ।"

ਮੁੰਨੀ ਉਸ ਕੋਲੋਂ ਦੂਰ ਖਲੋ ਗਈ ਤੇ ਅੱਖਾਂ ਲਾਲ ਕਰਦੀ ਬੋਲੀ, "ਕਰ ਚੁੱਕਿਆ ਤੂੰ ਹੀਲਾ! ਜ਼ਰਾ ਦੱਸਿਗਾ, ਤੂੰ ਕਿਹੜਾ ਹੀਲਾ ਕਰੇਂਗਾ? ਕੋਈ ਭੀਖ 'ਚ ਦੇਵੇਗਾ ਕੰਬਲ? ਖੇਤ 'ਤੇ ਕਰਜਾ ਇੰਨਾ ਰਹਿੰਦਾ ਹੈ ਕਿ ਮੁੱਕਦਾ ਹੀ ਨਹੀਂ। ਮੈਂ ਤਾਂ ਕਹਿੰਦੀ ਹਾਂ, ਤੂੰ ਖੇਤੀ ਛੱਡ ਕਿਉਂ ਨਹੀਂ ਦਿੰਦਾ। ਮਰ ਮਰ ਕੰਮ ਕਰਦੈਂ। ਫਸਲ ਹੋਣ 'ਤੇ ਰਹਿੰਦੇ ਪੈਸੇ ਮੋੜ ਕੇ, ਛੁਟਕਾਰਾ ਪਾ ਲੈ। ਆਪਾਂ ਤਾਂ ਜੰਮੇ ਹੀ ਰਿਣ ਲਾਹੁਣ ਖਾਤਰ ਹਾਂ। ਅਜਿਹੀ ਖੇਤੀ ਤੋਂ ਬਾਜ਼ ਆਏ। ਮੈਂ ਪੈਸੇ ਨਹੀਂ ਦੇਣੇ, ਨਹੀਂ ਦੇਣੇ।" ਹਲਕੂ ਉਦਾਸ ਹੋ ਬੋਲਿਆ, "ਤਾਂ ਹੁਣ ਮੈਂ ਗਾਲ੍ਹਾਂ ਖਾਵਾਂ?"

ਮੁੰਨੀ ਤੜਫ ਕੇ ਬੋਲੀ, "ਗਾਲ੍ਹਾਂ ਕਿਉਂ ਕੱਢੂ, ਘਰ ਦਾ ਰਾਜ ਹੈ?" ਉਸ ਦੀਆਂ ਅੱਖਾਂ 'ਤੇ ਭਿੱਠਣਾਂ ਢਿੱਲੀਆਂ ਪੈ ਗਈਆਂ। ਉਹ ਆਲੇ 'ਚੋਂ ਪੈਸੇ ਲੈ ਆਈ ਤੇ ਹਲਕੂ ਦੇ ਹਥ 'ਤੇ ਰੱਖ ਕੇ ਬੋਲੀ, "ਤੂੰ ਹੁਣ ਛੱਡ ਦੇ ਖੇਤੀ। ਮਜ਼ਦੂਰੀ ਕਰਾਂਗੇ ਤੇ ਸੁੱਖ ਦੀ ਖਾਵਾਂਗੇ। ਕਿਸੇ ਦੀ ਧੌਂਸ ਤਾਂ ਨਾ ਹੋਊ? ਕਿਹੋ ਜਿਹੀ ਖੇਤੀ ਹੈ ਕਿ ਮਜ਼ਦੂਰੀ ਕਰ ਕੇ ਲਿਆਊ ਤੇ ਝੋਕ ਦਿਉ। ਉਪਰੋਂ ਧੌਂਸ।" ਹਲਕੂ ਮੁੰਨੀ ਤੋਂ ਪੈਸੇ ਲੈ ਕੇ ਬਾਹਰ ਆ ਗਿਆ। ਜਿਵੇਂ ਆਪਣਾ ਜਿਗਰ ਕੱਢ ਕੇ ਕਿਸੇ ਨੂੰ ਦੇਣ ਆਇਆ ਹੋਵੇ। ਮਜ਼ਦੂਰੀ 'ਚੋਂ ਉਸ ਨੇ ਤਿੰਨ ਰੁਪਈਏ ਕੰਬਲ ਲਈ ਜੋੜੇ ਸਨ। ਉਹੀ ਤਿੰਨ ਰੁਪਈਏ ਸਹਿਣੇ ਨੂੰ ਦੇ ਰਿਹਾ ਸੀ। ਕਦਮ ਕਦਮ 'ਤੇ ਗਰੀਬੀ ਦੇ ਭਾਰ ਥੱਲੇ ਉਹ ਲਗਾਤਾਰ ਦਬਦਾ ਜਾ ਰਿਹਾ ਸੀ।

ਪੋਹ ਦੀ ਹਨੇਰੀ ਰਾਤ ਵਿਚ ਅੰਬਰ ਦੇ ਤਾਰੇ ਠਰੇ ਹੋਏ ਜਾਪਦੇ ਸਨ। ਹਲਕੂ ਆਪਣੇ ਖੇਤ ਕਿਨਾਰੇ ਗੰਨਿਆਂ ਦੇ ਆਗਾਂ ਦੀ ਛਤਰੀ ਥੱਲੇ, ਬਾਂਸ ਦੀ ਮੰਜੀ 'ਤੇ ਚਾਦਰ ਲਈ ਬੈਠਾ ਕੰਬ ਰਿਹਾ ਸੀ। ਮੰਜੀ ਥੱਲੇ ਜਬਰਾ, ਢਿੱਡ ਅੰਦਰ ਮੂੰਹ ਵਾੜ ਕੇ, ਠੰਢ ਵਿਚ ਚੂੰ-ਚੂੰ ਕਰੀ ਜਾਂਦਾ ਸੀ। ਦੋਹਾਂ ਨੂੰ ਨੀਂਦ ਨਹੀਂ ਆ ਰਹੀ ਸੀ। ਹੇਠਾਂ ਵੱਲ ਝਾਤੀ ਮਾਰਦਾ ਹਲਕੂ ਬੋਲਿਆ, "ਕਿਉਂ ਜਬਰੇ, ਪਾਲਾ ਲੱਗਦੈ? ਘਰ ਹੀ ਪਰਾਲੀ 'ਤੇ ਪਿਆ ਰਹਿੰਦਾ। ਏਥੇ ਕੀ ਕਰਨ ਆਇਐਂ? ਹੁਣ ਮਰ ਠੰਢ 'ਚ, ਮੈਂ ਕੀ ਕਰਾਂ? ਤੈਨੂੰ ਪਤਾ ਹੈ, ਮੈਂ ਇਥੇ ਕੜਾਹ ਪੂਰੀਆਂ ਤਾਂ ਖਾਣ ਨਹੀਂ ਆਇਆ। ਤੂੰ ਅੱਗੇ ਅੱਗੇ ਭੱਜ ਆਇਆ ਏਂ।" ਜਬਰੇ ਨੇ ਪੂਛ ਹਿਲਾਈ, ਉਬਾਸੀ ਲਈ ਤੇ ਚੁੱਪ ਹੋ ਗਿਆ। ਹਲਕੂ ਨੇ ਠੰਢਾ ਹੱਥ ਕੱਢ ਕੇ ਜਬਰੇ ਦੀ ਪਿੱਠ ਉਤੇ ਫੇਰਿਆ, "ਕੱਲ੍ਹ ਤੋਂ ਮੇਰੇ ਨਾਲ ਨਾ ਆਈਂ, ਨਹੀਂ ਤਾਂ ਮਰ ਜਾਏਂਗਾ।" ਫਿਰ ਬੋਲਿਆ, "ਪਤਾ ਨਹੀਂ, ਪੱਛੋਂ ਦੀ ਪੌਣ ਕਿਧਰੋਂ, ਬਰਫ਼ ਚੁੱਕੀ ਤੁਰੀ ਆ ਰਹੀ ਹੈ? ਉਠਾਂ ਤੇ ਚਿਲਮ ਭਰਾਂ। ਕਿਮੇਂ ਨਾ ਕਿਮੇਂ ਰਾਤ ਤਾਂ ਲੰਘੇ। 8 ਚਿਲਮਾਂ ਭਰ ਚੁੱਕਾਂ। ਇਹ ਹੈ ਖੇਤੀ ਦਾ ਸਵਾਦ। ਉਪਰੋਂ ਭਾਗਵਾਨ ਐਦਾਂ ਕੁੱਦ ਕੇ ਪੈਂਦੀ ਹੈ ਕਿ ਜੇ ਉਸ ਕੋਲ ਪਾਲਾ ਵੀ ਚਲਾ ਜਾਵੇ, ਉਸ ਦੀ ਗਰਮੀ ਕੋਲੋਂ ਡਰ ਕੇ ਭੱਜ ਨਿਕਲੇਗਾ। ਮਜ਼ਦੂਰੀ ਅਸੀਂ ਕਰਦੇ ਹਾਂ, ਐਸ਼ ਕੋਈ ਦੂਜਾ ਕਰਦਾ ਹੈ।"

ਹਲਕੂ ਉਠਿਆ। ਸੁਆਹ ਦੇ ਢੇਰ 'ਚੋਂ ਭੋਰਾ ਅੱਗ ਲਈ, ਚਿਲਮ ਭਰੀ ਅਤੇ ਬੋਲਿਆ, "ਪੀਏਂਗਾ ਚਿਲਮ, ਠੰਢ ਤਾਂ ਕੀ ਘਟਣੀ ਆ, ਬਸ ਥੋੜ੍ਹਾ ਮਨ ਦੂਜੇ ਪਾਸੇ ਲੱਗ ਜਾਊ।" ਜਬਰਾ ਉਸ ਵੱਲ ਮੋਹ ਭਰੀਆਂ ਨਜ਼ਰਾਂ ਨਾਲ ਦੇਖਣ ਲੱਗਾ। ਹਲਕੂ ਕਹਿੰਦਾ, "ਜਬਰੇ! ਅੱਜ ਠੰਢ ਕੱਟ ਲੈ, ਕੱਲ੍ਹ ਮੈਂ ਤੇਰੇ ਲਈ ਪਰਾਲੀ ਵਿਛਾ ਦੇਵਾਂਗਾ। ਉਸ ਵਿਚ ਵੜ ਕੇ ਬੈਠੀਂ, ਠੰਢ ਨੇੜੇ ਨਹੀਂ ਆਵੇਗੀ।" ਜਬਰੇ ਨੇ ਪੈਰ ਉਸ ਦੇ ਮੋਢਿਆਂ 'ਤੇ ਰੱਖ ਕੇ, ਹਲਕੂ ਵੱਲ ਗਰਮ ਸਾਹ ਲਿਆ। ਚਿਲਮ ਪੀ ਕੇ ਹਲਕੂ ਮੰਜੀ 'ਤੇ ਪੈ ਗਿਆ, ਸੋਚਣ ਲੱਗਾ, ਹੁਣ ਸੌਂ ਲਵਾਂ ਥੋੜ੍ਹਾ; ਪਰ ਦੂਜੇ ਪਲ ਉਸ ਦਾ ਦਿਲ ਕੰਬ ਉਠਿਆ। ਪਾਸੇ ਪਲਟਦਾ ਰਿਹਾ। ਪਾਲ਼ਾ ਪ੍ਰੇਤ ਬਣ ਕੇ ਉਸ ਦੀ ਛਾਤੀ ਦੱਬੀ ਬੈਠਾ ਸੀ। ਜਦੋਂ ਕੋਈ ਵਾਹ ਨਾ ਚੱਲੀ ਤਾਂ ਜਬਰੇ ਨੂੰ ਉਸ ਗੋਦੀ 'ਚ ਸੁਲਾ ਲਿਆ। ਕੁੱਤੇ ਤੋਂ ਬਦਬੂ ਆ ਰਹੀ ਸੀ। ਗੋਦੀ 'ਚੋਂ ਜਬਰੇ ਨੂੰ ਸੁੱਖ ਮਹਿਸੂਸ ਹੋਣ ਲੱਗਾ। ਇਸ ਸਾਥ ਨੇ ਉਸ ਦੀ ਰੂਹ ਦੇ ਦਰ ਖੋਲ੍ਹ ਦਿੱਤੇ।

ਜਬਰੇ ਨੂੰ ਕਿਸੇ ਜਾਨਵਰ ਦੀ ਪੈੜ-ਚਾਲ ਸੁਣੀ। ਉਹ ਝੱਟ ਉਠਿਆ ਅਤੇ ਬਾਹਰ ਆ ਕੇ ਭੌਂਕਣ ਲੱਗਾ। ਹਲਕੂ ਨੇ ਕਈ ਵਾਰ ਪੁਚਕਾਰਿਆ, ਪਰ ਉਹ ਉਸ ਕੋਲ ਨਹੀਂ ਸੀ ਆਇਆ। ਫਿਰ ਉਹ ਚਾਰੇ ਪਾਸੇ ਦੌੜਦਾ ਰਿਹਾ, ਭੌਂਕਦਾ ਰਿਹਾ। ਪਲ ਭਰ ਕੋਲ ਆਉਂਦਾ, ਫਿਰ ਦੌੜ ਜਾਂਦਾ।

ਘੰਟਾ ਬੀਤ ਗਿਆ। ਸੀਤ ਹਵਾ ਤੇ ਹਨੇਰਾ ਡਰਾਉਣ ਲੱਗਾ। ਹਲਕੂ ਉਠ ਕੇ ਬੈਠ ਗਿਆ। ਸਿਰ ਮੋਢਿਆਂ 'ਚ ਦੇ ਲਿਆ। ਠੰਢ ਫਿਰ ਵੀ ਨਾ ਘਟੀ। ਖੂਨ ਜਮ ਗਿਆ ਜਾਪਦਾ ਸੀ। ਧਮਣੀਆਂ



ਵਿਚ ਜਿਵੇਂ ਬਰਫ਼ ਤੁਰੀ ਫਿਰਦੀ ਸੀ। ਆਕਾਸ਼ ਵੱਲ ਨਿਗ੍ਹਾ ਮਾਰੀ, ਖਿੱਤੀਆਂ ਅਜੇ ਆਕਾਸ਼ ਵਿਚ ਅੱਧੀਆਂ ਵੀ ਨਹੀਂ ਚੜ੍ਹੀਆਂ, ਉਤਾਂਹ ਹੋ ਜਾਣਗੀਆਂ ਤਾਂ ਸਵੇਰਾ ਹੋਊ। ਅਜੇ ਪਹਿਰ ਰਾਤ ਬਾਕੀ ਸੀ। ਹਲਕੂ ਦੇ ਖੇਤ ਲਾਗੇ ਅੰਬਾਂ ਦਾ ਬਾਗ ਸੀ। ਉਸ ਸੋਚਿਆ, ਉਥੇ ਚੱਲਦਾਂ ਤੇ ਪੱਤੇ ਜਲਾ ਕੇ ਸੇਕਦਾਂ। ਲਾਗਿਉਂ ਅਰਹਰ ਦੇ ਬੂਟੇ ਪੁੱਟ ਕੇ ਝਾੜੂ ਬਣਾ ਲਿਆ। ਸੁਲਗਦਾ ਗੋਹਾ ਲੈ ਕੇ ਬਾਗ ਵੱਲ ਤੁਰ ਪਿਆ। ਜਬਰਾ ਵੀ ਪੂਛ ਹਿਲਾਂਦਾ ਨਾਲ ਤੁਰ ਪਿਆ।

ਹਲਕੂ ਨੇ ਕਿਹਾ, "ਹੁਣ ਨਹੀਂ ਸਹਿ ਹੁੰਦਾ ਜਬਰੂ? ਚੱਲ ਬਾਗ ਵਿਚ ਪੱਤੇ ਬਾਲ ਕੇ ਅੱਗ ਸੇਕੀਏ। ਆ ਕੇ ਸੌਂ ਜਾਵਾਂਗੇ। ਅਜੇ ਰਾਤ ਕਾਫ਼ੀ ਬਾਕੀ ਹੈ। ਬਾਗ 'ਚ ਬੜਾ ਹਨੇਰਾ ਸੀ। ਹਵਾ ਪੱਤੇ ਉਡਾਉਂਦੀ, ਲੰਘ ਜਾਂਦੀ। ਪੌਣ ਦਾ ਬੁੱਲਾ, ਮਹਿੰਦੀ ਦੇ ਫੁੱਲਾਂ ਦੀ ਖੁਸ਼ਬੂ ਲੈ ਕੇ ਕੋਲੋਂ ਦੀ ਲੰਘਿਆ। ਹਲਕੂ ਬੋਲਿਆ, "ਇਹ ਤਾਂ ਬੜੀ ਚੰਗੀ ਸੁਗੰਧ ਹੈ ਜਬਰੂ; ਤੈਨੂੰ ਵੀ ਚੰਗੀ ਲੱਗੀ?" ਜਬਰੂ ਕਿਧਰੋਂ ਹੱਡੀ ਲੱਭ ਲਿਆਇਆ ਅਤੇ ਲੱਗਾ ਇਸ ਨੂੰ ਚੂੰਡਣ। ਧੁਖਦਾ ਗੋਹਾ ਧਰਤੀ 'ਤੇ ਰੱਖ ਕੇ, ਹਲਕੂ ਪੱਤੇ ਫਰੋਲਣ ਲੱਗਾ। ਅੱਗ ਲਾਈ ਤਾਂ ਪੱਤੇ ਜਲਣ ਲੱਗੇ। ਲਾਟਾਂ ਰੁੱਖਾਂ ਦੇ ਪੱਤਿਆਂ ਨੂੰ ਛੂਹਣ ਲੱਗੀਆਂ। ਚਾਨਣ ਵਿਚ ਇੰਜ ਜਾਪ ਰਿਹਾ ਸੀ ਜਿਵੇਂ ਵੱਡੇ ਵੱਡੇ ਰੁੱਖ, ਹਨੇਰੇ ਨੂੰ ਆਪਣੇ ਸਿਰਾਂ ਉਪਰ ਚੁੱਕ ਕੇ ਖਲੋਤੇ ਹੋਣ। ਜਬਰਾ ਜਿਵੇਂ ਕਹਿ ਰਿਹਾ ਸੀ, "ਹੁਣ ਠੰਢ ਲੱਗਦੀ ਹੀ ਰਹੂ? ਪਹਿਲਾਂ ਨਹੀਂ ਸੁੱਝਿਆ, ਐਵੇਂ ਠੰਢ ਵਿਚ ਠਰੀ ਗਏ।" ਜਬਰੇ ਨੇ ਪੂਛ ਹਿਲਾਈ।

"ਆ ਜਾ, ਅੱਗ ਦੀ ਢੇਰੀ ਨੂੰ ਕੁੱਦ ਕੇ ਪਾਰ ਕਰੀਏ। ਦੇਖਦੇ ਆਂ ਕੌਣ ਪਾਰ ਜਾਂਦਾ।" ਜਬਰੇ ਨੇ ਅੱਗ ਵੱਲ ਨਜ਼ਰ ਮਾਰੀ।

"ਜਾ ਕੇ ਮੁੰਨੀ ਨੂੰ ਨਾ ਦੱਸ ਦੇਈਂ, ਮੇਰੇ ਨਾਲ ਲੜੂ।" ਹਲਕੂ ਨੇ ਕਿਹਾ। ਇਹ ਆਖ ਉਸ ਨੇ ਛਾਲ ਮਾਰੀ ਅਤੇ ਢੇਰੀ ਤੋਂ ਪਾਰ ਪਹੁੰਚ ਗਿਆ। ਪੈਰਾਂ ਨੂੰ ਥੋੜ੍ਹਾ ਸੇਕ ਜ਼ਰੂਰ ਲੱਗਿਆ। ਜਬਰਾ ਅੱਗ ਦੁਆਲੇ ਘੁੰਮ ਕੇ, ਉਸ ਕੋਲ ਆ ਕੇ ਖਲੋ ਗਿਆ।

ਹਲਕੂ ਕਹਿੰਦਾ, "ਚੱਲ ਚੱਲ, ਇਹ ਠੀਕ ਨਹੀਂ, ਉਤੋਂ ਕੁੱਦ ਕੇ ਆ।" ਉਹ ਅੱਗ ਦੀ ਢੇਰੀ 'ਤੋਂ ਦੀ ਕੁੱਦਿਆ ਤੇ ਦੂਜੇ ਪਾਸੇ ਜਾ ਖੜ੍ਹਾ ਹੋਇਆ। ਪੱਤੇ ਜਲ ਚੁੱਕੇ ਸਨ। ਫਿਰ ਹਨੇਰਾ ਛਾ ਗਿਆ। ਸੁਆਹ ਥੱਲੇ ਅੰਗਿਆਰੇ ਹਵਾ ਚੱਲਣ 'ਤੇ ਪਲ ਭਰ ਲਈ ਚਮਕਦੇ ਤੇ ਬੁਝ ਜਾਂਦੇ। ਹਲਕੂ ਨੇ ਚਾਦਰ ਲੈ ਲਈ। ਸੁਆਹ ਨੇੜੇ ਬੈਠਾ, ਕਿਸੇ ਗੀਤ ਦੇ ਬੋਲ ਗੁਣਗਣਾਉਣ ਲੱਗਾ। ਸਰੀਰ 'ਚ ਤਪਸ਼ ਆ ਚੁੱਕੀ ਸੀ। ਠੰਢ ਵਧਣ ਨਾਲ ਸੁਸਤੀ ਪੈ ਗਈ। ਜਬਰਾ ਜ਼ੋਰ ਨਾਲ ਭੌਂਕਦਾ ਖੇਤ ਵੱਲ ਦੌੜਿਆ। ਹਲਕੂ ਨੂੰ ਲੱਗਾ ਜਿਵੇਂ ਜਾਨਵਰ ਖੇਤ ਵਿਚ ਆ ਵੜੇ ਸਨ। ਸ਼ਾਇਦ ਨੀਲ ਗਊਆਂ ਦਾ ਝੁੰਡ ਸੀ। ਪਹਿਲਾਂ ਉਛਲਣ-ਕੁੱਦਣ ਦੀ ਆਵਾਜ਼ ਆਈ, ਫਿਰ ਖੇਤ ਵਿਚ ਚਰਨ ਦੀ ਆਵਾਜ਼ ਸੁਣੀ। ਉਸ ਦੇ ਦਿਲੋਂ ਆਵਾਜ਼ ਆਈ- ਜਬਰਾ ਕਿਸੇ ਨੂੰ ਖੇਤ 'ਚ ਵੜਨ ਨਹੀਂ ਦੇਣ ਲੱਗਾ। ਪਾੜ ਕੇ ਰੱਖ ਦੇਊ। ਹੁਣ ਕੁਝ ਵੀ ਨਹੀਂ ਸੀ ਸੁਣ ਰਿਹਾ। ਕਿਹਾ ਧੋਖਾ ਸੀ? ਉਸ ਨੇ ਉਚੀ ਦੇਣੇ ਆਵਾਜ਼ ਮਾਰੀ, "ਜਬਰੇ, ਜਬਰੇ।" ਜਬਰਾ ਭੌਂਕਦਾ ਰਿਹਾ, ਪਰ ਕੋਲ ਨਾ ਆਇਆ। ਫਿਰ ਚਰਨ ਦੀ ਆਵਾਜ਼ ਆਈ, ਪਰ ਹਲਕੂ ਨੂੰ ਆਪਣੀ ਥਾਂ ਤੋਂ ਹਿੱਲਣਾ ਔਖਾ ਲੱਗ ਰਿਹਾ ਸੀ, ਉਥੇ ਹੀ ਬੈਠਾ ਰਿਹਾ। ਉਸ ਨੇ ਜ਼ੋਰ ਦੀ ਆਵਾਜ਼ ਮਾਰੀ, "ਚਰ ਗਏ, ਚਰ ਗਏ!"

ਜਬਰਾ ਭੌਂਕਣ ਲੱਗਾ। ਜਾਨਵਰ ਖੇਤ ਚਰ ਰਹੇ ਸਨ। ਫਸਲ ਪੂਰੀ ਤਿਆਰ ਸੀ, ਪਰ ਜਾਨਵਰ ਉਜਾੜਾ ਕਰ ਰਹੇ ਸਨ। ਹਲਕੂ ਇਰਾਦਾ ਧਾਰ ਕੇ ਦੋ ਕਦਮ ਤੁਰਿਆ, ਪਰ ਹਵਾ ਬਿੱਛੂ ਬਣ ਕੇ ਡੰਗ ਮਾਰਨ ਲੱਗੀ। ਉਹ ਬੁਝੀ ਅੱਗ ਦੀ ਢੇਰੀ ਕੋਲ ਆ ਬੈਠਾ ਅਤੇ ਸੁਆਹ ਫਰੋਲ ਕੇ ਠੰਢਾ ਬਦਨ ਗਰਮਾਉਣ ਲੱਗਾ। ਜਬਰਾ ਭੌਂਕਦਾ ਰਿਹਾ, ਦੌੜਦਾ ਰਿਹਾ। ਨੀਲ ਗਊਆਂ ਖੇਤ ਦਾ ਸਫਾਇਆ ਕਰ ਗਈਆਂ। ਹਲਕੂ ਗਰਮ ਰਾਖ ਕੋਲ ਬੈਠਾ, ਚਾਦਰ ਲੈ ਕੇ ਸੌਂ ਗਿਆ। ਸਵੇਰੇ ਜਾਗ ਉਸ ਵਕਤ ਖੁੱਲ੍ਹੀ, ਜਦੋਂ ਚਾਰੇ ਪਾਸੇ ਧੁੱਪ ਬਿਖਰੀ ਪਈ ਸੀ ਤੇ ਮੁੰਨੀ ਕਹਿ ਰਹੀ ਸੀ, "ਅੱਜ ਸੁੱਤੇ ਹੀ ਰਹਿਣਾ? ਤੂੰ ਸੌਂ ਗਿਆ, ਉਧਰ ਸਾਰਾ ਖੇਤ ਚੌਪਟ ਹੋ ਗਿਆ।" ਹਲਕੂ ਉਠ ਕੇ ਬੋਲਿਆ, "ਤੂੰ ਖੇਤੋਂ ਆਈ ਏਂ?" ਮੁੰਨੀ ਬੋਲੀ, "ਹਾਂ! ਖੇਤ ਉਜੜਿਆ ਪਿਆ ਹੈ। ਭਲਾ ਐਂ ਵੀ ਕੋਈ ਸੌਂਦਾ? ਤੇਰਾ ਝੌਂਪੜੀ ਪਾਉਣ ਦਾ ਕੀ ਲਾਭ?" ਹਲਕੂ ਨੇ ਬਹਾਨਾ ਬਣਾਇਆ, "ਮੈਂ ਮਰਦਾ ਮਰਦਾ ਬਚਿਆਂ ਰਾਤੀ, ਐਂ ਦਰਦ ਉਠਿਆ, ਮੈਂ ਹੀ ਜਾਣਦਾਂ। ਧਰਤੀ 'ਤੇ ਲਿਟਦਾ ਰਿਹਾ ਹਾਂ, ਜਿਵੇਂ ਸਵੇਰ ਨੂੰ ਸਾਹ ਨਾ ਪੂਰੇ ਹੋ ਜਾਣ।"

ਖੇਤ ਦੀ ਹਾਲਤ ਦੇਖ ਕੇ ਮੁੰਨੀ ਦੇ ਚਿਹਰੇ 'ਤੇ ਉਦਾਸੀ ਫੈਲ ਗਈ, ਪਰ ਅੰਦਰੋਂ ਹਲਕੂ ਖੁਸ਼ ਸੀ। ਮੁੰਨੀ ਨੇ ਚਿੰਤਾ ਜ਼ਾਹਰ ਕੀਤੀ, "ਹੁਣ ਫਿਰ ਮਾਲ-ਮੁਜ਼ਾਰੀ ਮਜ਼ਦੂਰੀ ਕਰ ਕੇ ਭਰਨੀ ਪਊ।" ਹਲਕੂ ਖੁਸ਼ ਹੋ ਕੇ ਬੋਲਿਆ, "ਹੁਣ ਠੰਢ ਵਿਚ ਖੇਤਾਂ 'ਚ ਸੌਣ ਤੋਂ ਤਾਂ ਖਹਿੜਾ ਛੁੱਟ ਜਾਵੇਗਾ।

-0-

## ਯਾਦਾਂ ਤੇ ਸੁਪਨਿਆਂ ਤੋਂ ਮਹਿਰੂਮ ਜ਼ਿੰਦੜੀਆਂ ਤੇ ਖੁਦਕੁਸ਼ੀਆਂ

*(ਪਿਛਲੇ ਸਫੇ ਦੀ ਬਾਕੀ)*

ਮਾਰਿਆ ਹੈ, ਇਹ ਦਲਾਲੀ ਕਿਵੇਂ ਖੁਦਕੁਸ਼ੀਆਂ ਦੀ ਦਰ ਨੂੰ ਪ੍ਰਭਾਵਿਤ ਕਰਦੀ ਹੈ, ਇਸ ਦੀ ਨਿਆਂਇਕ ਜਾਂਚ ਕਿਉਂ ਨਹੀਂ ਕਰਵਾਈ ਜਾ ਸਕਦੀ? ਇਹ ਵਰਗ ਸਮਾਜਿਕ ਬੇਲਾਗਤਾ ਤੇ ਬੇਗੈਰਤੀ ਦੀ ਮਿਸਾਲ ਤਾਂ ਹੈ, ਪਰ ਅੰਦਰ ਹੀ ਅੰਦਰ ਇਸੇ ਬੇਲਾਗਤਾ ਕਾਰਨ ਮਕਾਨਕੀ ਰਿਸ਼ਤਿਆਂ ਦਾ ਦਵੰਦ ਵੀ ਝੱਲ ਰਿਹਾ ਹੈ। ਇਸ ਵਰਗ ਦੇ ਬਜ਼ੁਰਗਾਂ ਦੀ ਬਿਰਧ-ਘਰਾਂ ਵਿਚ ਦਿਨੋਂ-ਦਿਨ ਵਧ ਰਹੀ ਗਿਣਤੀ ਪੰਜਾਬ ਦੇ ਬਦਲ ਰਹੇ ਸਭਿਆਚਾਰਕ ਦ੍ਰਿਸ਼ ਦੀ ਸੂਚਕ ਹੈ।

ਦੂਜਾ ਵਰਗ ਉਹ ਹੈ ਜਿਸ ਕੋਲ ਜ਼ਮੀਨ ਅਤੇ ਸਾਧਨ ਦਰਮਿਆਨੇ ਹਨ, ਪਰ ਇਨ੍ਹਾਂ ਦਾ ਸਿੱਧੇ-ਅਸਿੱਧੇ ਢੰਗ ਨਾਲ ਖੇਤੀ ਨਾਲ ਜੁੜੀਆਂ ਗਤੀਵਿਧੀਆਂ ਨਾਲ ਰਾਬਤਾ ਰਿਹਾ ਹੈ। ਇਹ ਵਰਗ ਇਨ੍ਹਾਂ ਦੇ ਸਿਰ 'ਤੇ ਹੁਣ ਤੱਕ ਗੁਜ਼ਾਰਾ ਚਲਾਉਂਦਾ ਰਿਹਾ ਹੈ, ਪਰ 1991 ਵਿਚ ਲਾਗੂ ਕੀਤੇ ਢਾਂਚਾਗਤ ਪ੍ਰੋਗਰਾਮਾਂ ਤੋਂ ਬਾਅਦ ਇਨ੍ਹਾਂ ਨੂੰ ਮਿਲਦੀਆਂ ਸਹੂਲਤਾਂ ਵਿਚ ਲਗਾਤਾਰ ਕਟੌਤੀ ਹੋ ਰਹੀ ਹੈ। ਇਸ ਵਰਗ ਦੇ ਜੀਆਂ ਦੇ ਜਿਉਣ ਹਾਲਾਤ ਸੁਧਾਰਨ ਵਿਚ ਸਿੱਖਿਆ ਅਤੇ ਛੋਟੀਆਂ ਸਨਅਤੀ ਇਕਾਈਆਂ ਦਾ ਵੱਡਾ ਰੋਲ ਹੋ ਸਕਦਾ ਸੀ, ਪਰ ਉਦਾਰੀਕਰਨ ਤੇ ਖੁੱਲ੍ਹੀ ਮੰਡੀ ਨੇ ਬਹੁਤ ਬੇਦਰਦੀ ਨਾਲ ਇਨ੍ਹਾਂ ਦੋਹਾਂ ਮੱਦਾਂ ਦੀ ਮਹੱਤਤਾ ਹੀ ਖਤਮ ਕਰ ਦਿੱਤੀ। ਅੱਜ ਸਿੱਖਿਆ ਕਿਸੇ ਉਤਪਾਦ ਵਾਂਗ ਪ੍ਰਾਈਵੇਟ ਦੁਕਾਨਾਂ 'ਤੇ ਵਿਕ ਰਹੀ ਹੈ ਅਤੇ ਸਨਅਤੀ ਇਕਾਈਆਂ ਲਗਾਤਾਰ ਸੁੰਗੜ ਰਹੀਆਂ ਹਨ। ਇਹ ਮੁੱਦਾ ਖੋਜ ਦੀ ਮੰਗ ਕਰਦਾ ਹੈ ਕਿ ਸਿੱਖਿਆ 'ਤੇ ਹੋਏ ਖਰਚੇ ਅਤੇ ਛੋਟੀਆਂ ਇਕਾਈਆਂ ਦੀ ਤਬਾਹੀ ਨੇ ਪੰਜਾਬ ਦੇ ਕਿੰਨੇ ਘਰਾਂ ਵਿਚ ਸੱਥਰ ਵਿਛਾਏ ਹਨ? ਇਸੇ ਵਰਗ ਦੇ ਮੁੰਡੇ-ਕੁੜੀਆਂ ਲਈ ਆਈਲੈੱਟਸ, ਸਵਰਗ ਦੀ ਕੁੰਜੀ ਬਣਦਾ ਹੈ ਤੇ ਮਾਲਟਾ ਦਾ ਪਾਣੀ ਨਰਕ-ਕੁੰਭ! ਇਨ੍ਹਾਂ ਵਿਚੋਂ ਹੀ ਚੇਤੰਨ ਲੋਕ ਆਪਣੀ ਜਵਾਨੀ ਬਿਹਤਰ ਜ਼ਿੰਦਗੀ ਦੀ ਉਮੀਦ ਵਿਚ ਰੈਲੀਆਂ-ਧਰਨਿਆਂ ਵਿਚ ਸੜਕਾਂ ਉਤੇ ਖਰਚ ਕਰ ਦਿੰਦੇ ਹਨ। ਇਸ ਵਰਗ ਸਿਰ ਚੜ੍ਹੇ ਕਰਜ਼ੇ ਦਾ ਵੱਡਾ ਗੱਫਾ ਕੋਚਿੰਗ ਸੈਂਟਰਾਂ, ਇੰਮੀਗਰੇਸ਼ਨ ਏਜੰਟਾਂ ਅਤੇ ਨੌਕਰੀਆਂ ਦਿਵਾਉਣ ਵਾਲੇ ਠੱਗਾਂ ਦੇ ਖੀਸਿਆਂ ਵਿਚ ਜਾ ਪੈਂਦਾ ਹੈ।

ਇਸ ਵਰਗ ਦੇ ਬਹੁਗਿਣਤੀ ਮੁੰਡੇ-ਕੁੜੀਆਂ ਮਾੜੀਆਂ-ਧੀੜੀਆਂ ਨੌਕਰੀਆਂ ਕਰਦੇ ਹਨ। ਰੋਟੀ ਕਮਾਉਣ ਦੀ ਦੌੜ ਵਿਚ ਸੜਕਾਂ 'ਤੇ ਮਾਰੇ ਜਾਂਦੇ ਹਨ। ਔਕੀਂ-ਪਲਾਹੀਂ ਹੱਥ ਮਾਰਦੇ ਫਿਰ ਕਦੋਂ ਨਸ਼ਿਆਂ ਤੇ ਜੁਰਮਾਂ ਦੀ ਦਲਦਲ ਵਿਚ ਗਰਕ ਜਾਂਦੇ ਹਨ, ਇਸ ਨੂੰ ਸਮਝਣਾ ਇਨ੍ਹਾਂ ਦੇ ਪਰਿਵਾਰਾਂ ਵਿਚ ਨਿੱਤ ਵਾਪਰਦੀ ਉਸ ਖੁਦਕੁਸ਼ੀ ਨੂੰ ਸਮਝਣਾ ਹੈ ਜਿਥੇ ਪਰਿਵਾਰਾਂ ਦੇ ਸਰੀਰ ਨਹੀਂ, ਸਗੋਂ ਉਨ੍ਹਾਂ ਦੀਆਂ ਰੂਹਾਂ ਪਲ-ਪਲ ਕਿਰਦੀਆਂ ਹਨ। ਰੂਹਾਂ ਦੇ ਇਸ ਮਾਤਮ ਦਾ ਜਸ਼ਨ ਮਨਾਉਂਦੇ ਪੰਜਾਬੀ ਗਾਇਕਾਂ ਤੇ ਗੀਤਕਾਰਾਂ ਦੀ ਇਤਿਹਾਸ ਅੱਗੇ ਜਵਾਬਦੇਹੀ ਕੌਣ ਤੈਅ ਕਰੇਗਾ ਭਲਾ?

ਪੰਜਾਬ ਦਾ ਤੀਜਾ ਵਰਗ ਉਹ ਹੈ ਜਿਸ ਦੇ ਹੱਡਾਂ ਵਿਚ ਮਹਿਰੂਮੀਅਤ ਗਠੀਏ ਵਾਂਗ ਬੈਠ ਗਈ ਹੈ। ਸ਼ਾਇਰ ਸੰਤ ਰਾਮ ਉਦਾਸੀ ਦੇ ਸ਼ਬਦਾਂ ਵਿਚ ਸਾਰੇ ਸੋਕੇ-ਡੋਬੇ ਇਨ੍ਹਾਂ 'ਤੇ ਹੀ ਕਹਿਰ ਗੁਜ਼ਾਰਦੇ ਹਨ। ਅੰਕੜੇ ਦੱਸਦੇ ਹਨ ਕਿ ਹਰੀ ਕ੍ਰਾਂਤੀ ਨੇ ਪੰਜਾਬ ਦੀ ਤਬਕਾਤੀ ਤੇ ਜਾਤੀ-ਵੰਡ ਨੂੰ ਹੋਰ ਡੂੰਘੇਰਾ ਕਰ ਦਿੱਤਾ ਹੈ। ਇਸ ਸਬੰਧੀ ਮੌਜੂਦ ਅੰਕੜੇ ਸਾਰੀ ਸੱਚਾਈ ਨੂੰ ਆਰਥਿਕਤਾ ਤੱਕ ਮਹਿਦੂਦ ਕਰਨ ਦੀ ਕੋਸ਼ਿਸ਼ ਕਰਦੇ ਹਨ, ਪਰ ਇਹ ਮਹਿਰੂਮੀਅਤ ਬਹੁਪਰਤੀ ਹੈ। ਇਸ ਮਹਿਰੂਮੀਅਤ ਦੀ ਇਕ ਝਲਕ ਪ੍ਰੋ. ਗੁਰਦਿਆਲ ਸਿੰਘ ਦੇ ਨਾਵਲ 'ਮੜ੍ਹੀ ਦਾ ਦੀਵਾ' ਅਤੇ ਸੁਰਿੰਦਰ ਸਿੰਘ ਦੁਆਰਾ ਇਸੇ ਨਾਮ ਦੀ ਬਣਾਈ ਫਿਲਮ ਦੇ ਕਿਰਦਾਰ ਜਗਸੀਰ ਵਿਚ ਦੇਖੀ ਜਾ ਸਕਦੀ ਹੈ। ਬੇਜ਼ਮੀਨੇ ਹੋਣ ਕਾਰਨ ਜਗਸੀਰ ਦਾ ਵਿਆਹ ਨਹੀਂ ਹੁੰਦਾ। ਖੇਤਾਂ ਵਿਚ ਹੱਡ-ਤੋੜਵੀਂ ਮਿਹਨਤ ਕਰਨ ਤੋਂ ਬਿਨਾਂ ਉਸ ਕੋਲ ਕੋਈ ਹੋਰ ਕੰਮ ਕਰਨ ਦਾ ਹੁਨਰ ਨਹੀਂ। ਸ਼ਹਿਰੀ ਕੰਮਾਂ ਵਿਚਲਾ ਹਿਸਾਬ-ਕਿਤਾਬ ਉਸ ਨੂੰ ਆਉਂਦਾ ਨਹੀਂ। ਸਕੂਲ-ਕਾਲਜ ਦਾ ਮੂੰਹ ਉਸ ਦੇਖਿਆ ਨਹੀਂ। ਖੇਤਾਂ ਵਿਚ ਹਸਦੀਆਂ ਫਸਲਾਂ ਤੋਂ ਵੱਡੇ ਚਮਤਕਾਰ ਵਿਚ ਉਸ ਦਾ ਵਿਸ਼ਵਾਸ ਨਹੀਂ। ਉਪਰੋਂ ਉਸ ਦੀਆਂ ਕਦਰਾਂ-ਕੀਮਤਾਂ ਅਤੇ ਸਾਊਪੁਣੇ ਦਾ 'ਬੋਝ' ਉਸ ਨੂੰ ਦੁਨੀਆਦਾਰੀ ਦਾ ਚੱਜ ਨਹੀਂ ਆਉਣ ਦਿੰਦਾ। ਉਹ ਧਰਮ ਸਿੰਘ ਦੇ ਘਰ ਸੀਰ ਕਰਦਾ ਹੈ। ਧਰਮ ਸਿੰਘ ਉਸ ਪੀੜ੍ਹੀ ਦਾ ਪ੍ਰਤੀਨਿਧ ਹੈ ਜਿਹੜੀ ਆਪਣੀ ਹੋਂਦ ਅਤੇ ਕੰਮਾਂ ਦੀ ਇਖਲਾਕੀ ਜ਼ਿੰਮੇਵਾਰੀ ਚੁੱਕਣ ਵਿਚ ਗੁਰੇਜ਼ ਨਹੀਂ ਕਰਦੀ। ਉਸ ਦੇ ਮੁੰਡੇ ਭੰਤੇ ਵਿਚ ਜਦ ਹਰੀ ਕ੍ਰਾਂਤੀ ਬੋਲਣ ਲੱਗਦੀ ਹੈ ਤਾਂ ਉਸ ਲਈ ਜਗਸੀਰ, ਉਸ ਦੀ ਅੱਖਾਂ ਤੋਂ ਅੰਨ੍ਹੀ ਮਾਂ, ਉਸ ਦੇ ਖੇਤ ਵਿਚ ਜਗਸੀਰ ਦੇ ਪਿਉ ਠੋਲੇ ਦੀ ਯਾਦਗਾਰੀ ਟਾਹਲੀ ਅਤੇ ਇਨ੍ਹਾਂ ਦੇ ਕੁਦਰਤੀ ਹੱਕ ਦੀ ਗੱਲ ਕਰਦਾ ਉਸ ਦਾ ਆਪਣਾ ਪਿਉ ਧਰਮ ਸਿੰਘ 'ਦੁਸ਼ਮਣ' ਬਣ ਜਾਂਦੇ ਹਨ। ਇਥੇ ਜਗਸੀਰ ਭੰਤੇ ਹੱਥੋਂ ਸਿਰਫ ਸਰੀਰਕ ਜ਼ਲਾਲਤ ਹੀ ਨਹੀਂ ਝੱਲਦਾ, ਸਗੋਂ ਉਸ ਦਾ ਸਮਾਜਿਕ ਵਿਕਾਸ, ਉਸ ਦੀ ਮਨੁੱਖ ਦੇ ਤੌਰ 'ਤੇ ਹੋਂਦ, ਉਸ ਦੀਆਂ ਭਾਵਨਾਵਾਂ, ਉਸ ਦੇ ਸੁਪਨੇ, ਉਸ ਦਾ ਪਿਆਰ ਸਭ ਹਰੀ ਕ੍ਰਾਂਤੀ ਦੇ ਮਸ਼ੀਨੀ ਚੱਕਿਆਂ ਵਿਚ ਕੁਤਰਿਆ ਜਾਂਦਾ ਹੈ। ਟਾਹਲੀ ਵੱਢ ਕੇ ਉਸ ਤੋਂ ਉਸ ਦੇ ਪਿਉ ਦੀ ਯਾਦ ਖੋਹਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਤਿਹਾਸ ਗਵਾਹ ਹੈ ਕਿ ਯਾਦਾਂ ਅਤੇ ਸੁਪਨਿਆਂ ਤੋਂ ਮਹਿਰੂਮ ਜ਼ਿੰਦੜੀਆਂ ਬਹੁਤੀ ਦੇਰ ਨਹੀਂ ਜਿਉਂਦੀਆਂ। ਇਹੀ ਇਤਿਹਾਸ ਹੁਣ ਪੰਜਾਬ ਦੀਆਂ ਸੈਂਕੜੇ ਬੇਬੀਆਂ ਤੇ ਹਜ਼ਾਰਾਂ ਜਗਸੀਰਾਂ ਦੇ ਪਿੰਡਿਆਂ 'ਤੇ ਵਾਪਰ ਚੁੱਕਾ ਹੈ।

ਪੰਜਾਬ ਵਿਚ ਇਕ ਵਰਗ ਉਨ੍ਹਾਂ ਦਾ ਵੀ ਹੈ ਜਿਹੜੇ ਦੂਜੇ ਸੂਬਿਆਂ ਤੋਂ ਕੰਮ-ਕਾਰ ਦੀ ਤਲਾਸ਼ ਵਿਚ ਆਏ ਤੇ ਵਾਪਿਸ ਨਹੀਂ ਜਾ ਸਕਦੇ। ਦੂਜੇ ਸੂਬਿਆਂ ਵਿਚੋਂ ਆਪਣੇ ਘਰਾਂ ਅਤੇ ਖੇਤਾਂ ਤੋਂ ਖਦੇੜੇ ਇਹ ਲੋਕ ਹਰ ਤਰ੍ਹਾਂ ਦੀ ਜ਼ਲਾਲਤ ਝੱਲਦੇ ਹਨ। ਅਜੇ ਤੱਕ ਤਾਂ ਇਨ੍ਹਾਂ ਦੀ ਹੋਂਦ ਤੋਂ ਹੀ ਸਮਾਜ ਤੇ ਰਾਜ ਇਨਕਾਰੀ ਹੈ। ਇਨ੍ਹਾਂ ਦਾ ਜ਼ਿਕਰ ਕਾਰਖਾਨਿਆਂ ਦੇ ਮਾੜੇ ਪ੍ਰਬੰਧ ਦੇ ਸ਼ਿਕਾਰਾਂ ਅਤੇ ਬਿਮਾਰੀਆਂ ਦੀ ਜ਼ੱਦ ਵਿਚ ਆਉਣ ਕਾਰਨ ਹੀ ਹੁੰਦਾ ਹੈ। ਇਨ੍ਹਾਂ ਦੀ ਮੌਤ ਦੇ ਗਰਾਫ ਫਿਲਹਾਲ ਖੁਦਕੁਸ਼ੀਆਂ ਬਾਰੇ ਬਹਿਸ ਵਿਚੋਂ ਨਦਾਰਦ ਹਨ।

ਪੰਜਾਬ ਦੀ ਤਤਕਾਲੀ ਤ੍ਰਾਸਦੀ ਇਨ੍ਹਾਂ ਸਾਰੇ ਵਰਗਾਂ ਦੀ ਆਪਸੀ ਖਿੱਚੋਤਾਣ ਵਿਚੋਂ ਮੁਨਾਫਾ ਕਮਾਉਂਦਾ ਸਿਆਸੀ ਲੰਗ-ਲਾਣਾ ਅਤੇ ਪੂੰਜੀ ਦੀ ਸੱਤਾ ਦੇ ਅੰਨ੍ਹੇ ਕੀਤੇ ਵਿਚੋਲੇ ਹਨ ਜੋ ਇਨ੍ਹਾਂ ਦੇ ਹਿਤਾਂ 'ਤੇ ਡਾਕਾ ਮਾਰਨ ਲਈ ਸਦਾ ਤੋਂ ਇਕਮਿਕ ਹਨ। ਖੁਦਕੁਸ਼ੀਆਂ ਨੇ ਜੇ ਰੁਕਣਾ ਹੈ ਤਾਂ ਸਮਾਜਿਕ ਮੋਹ ਤੇ ਬਿਹਤਰ ਕੱਲ੍ਹ ਦੀ ਉਮੀਦ ਨਾਲ ਰੁਕਣਾ ਹੈ। ਖੁਦਕੁਸ਼ੀਆਂ ਦਾ ਮੌਜੂਦਾ ਵਰਤਾਰਾ ਪੰਜਾਬ ਦੇ ਸਿਰਫ ਆਰਥਿਕ ਹਾਲਾਤ ਦਾ ਝਲਕਾਰਾ ਨਹੀਂ, ਇਹ ਪੰਜਾਬ ਦੇ ਸਮਾਜਿਕ ਅਤੇ ਸਿਆਸੀ ਢਾਂਚੇ ਦੀ ਅਸਫਲਤਾ ਦਾ ਵੀ ਸੂਚਕ ਹੈ। ਪੰਜਾਬੀਆਂ ਨੂੰ ਸਰਬੱਤ ਦਾ ਭਲਾ ਸਿਖਾਉਣ ਵਾਲੇ ਫਲਸਫੇ ਲਈ ਅਤੇ ਸੰਘਰਸ਼ਾਂ ਦਾ ਹੋਕਾ ਦੇਣ ਵਾਲਿਆਂ ਲਈ ਹੁਣ ਪਰਖ ਦੀ ਘੜੀ ਹੈ। ਖੁਦਕੁਸ਼ੀ ਅੱਗੇ ਆਤਮ-ਸਮਰਪਣ ਕਰਨ ਵਾਲਿਆਂ ਦਾ ਭਰੋਸਾ ਜਿਤਣਾ ਹਰ ਉਸ ਜਣੇ ਦੀ ਜ਼ਿੰਮੇਵਾਰੀ ਹੈ ਜਿਸ ਦਾ ਵੀ ਪੰਜਾਬੀ ਖਸਲਤ ਨਾਲ ਕੁਝ ਲੈਣਾ-ਦੇਣਾ ਹੈ। ਇਹ ਵੀ ਯਾਦ ਰੱਖਣਾ ਪਏਗਾ ਕਿ ਪੋਤੀ ਦੇ ਹੇਠਲੇ ਸਿਰੇ 'ਤੇ ਲੱਗੀ ਅੱਗ ਨੂੰ ਉਪਰਲੇ ਸਿਰੇ 'ਤੇ ਪਹੁੰਚਣ ਵਿਚ ਬਹੁਤੀ ਦੇਰ ਨਹੀਂ ਲੱਗਦੀ!

# ਪੰਜਾਬ ਤੇ ਪਰਵਾਸ: ਗੁਰਬਚਨ ਦੀ 'ਮਹਾਂਯਾਤਰਾ'

> *ਸੰਸਾਰ ਵਿਚ ਪਰਵਾਸ ਦਾ ਆਪਣਾ ਇਤਿਹਾਸ ਹੈ। ਇਹ ਪਰਵਾਸ ਗਤੀ ਨਾਲ ਜੁੜਿਆ ਹੋਇਆ ਹੈ, ਪਰ ਗੁਰਬਚਨ ਜਦੋਂ ਪਰਵਾਸ ਦਾ ਇਤਿਹਾਸ ਫਰੋਲਦਾ ਹੈ ਤਾਂ 19ਵੀਂ ਸਦੀ ਦੇ ਅੱਧ ਤਕ ਪਿਛਾਂਹ ਝਾਤੀ ਮਾਰਦਾ ਹੈ। ਲਿਖਦਾ ਹੈ: 'ਦਲੀਪ ਸਿੰਘ ਪੰਜਾਬ ਦਾ ਪਹਿਲਾ ਮਨੁੱਖ ਹੈ ਜਿਹਨੂੰ ਪਰਵਾਸੀ ਹੋਣ ਦੀ ਸਜ਼ਾ ਮਿਲੀ। ਉਹ ਪੱਕੇ ਤੌਰ 'ਤੇ ਵਾਪਸ ਪੰਜਾਬ ਆਉਣ ਲਈ ਤਰਸਦਾ ਰਿਹਾ'। ... ਪੰਜਾਬ ਵਾਪਸੀ ਲਈ ਤਰਸਦੇ ਤਾਂ ਹੁਣ ਵੀ ਬਥੇਰੇ ਪਰਵਾਸੀ ਹਨ, ਪਰ ਮੰਡੀ ਦੀ ਮਾਰ ਸਾਹ ਕੱਢੀ ਰੱਖਦੀ ਹੈ ਅਤੇ ਪੰਜਾਬ/ਭਾਰਤ ਦੀ ਬੇਤਰਤੀਬੀ ਵਾਪਸੀ ਬਾਰੇ ਸੋਚਣ ਵੀ ਨਹੀਂ ਦਿੰਦੀ। ਨਾਲੇ ਇਕੱਲਾ-ਇਕਹਿਰਾ ਬੰਦਾ ਤਾਂ ਉਂਜ ਹੀ ਮੰਡੀ ਦਾ ਖਾਜਾ ਬਣਿਆ ਪਿਆ ਹੈ।*

ਗੁਰਬਚਨ ਦੀ ਨਵੀਂ ਪੁਸਤਕ 'ਮਹਾਂਯਾਤਰਾ' ਦੀ ਪਿੱਠ ਉਤੇ ਲਿਖਿਆ ਹੋਇਆ ਹੈ: ਗੁਰਬਚਨ ਵਰਗੀ ਵਾਰਤਕ ਪੰਜਾਬੀ ਵਿਚ ਕੋਈ ਹੋਰ ਨਹੀਂ ਲਿਖਦਾ।

ਇਹ ਗੱਲ ਸੋਲਾਂ ਆਨੇ ਸਹੀ ਹੈ। 'ਮਹਾਂਯਾਤਰਾ' ਤੋਂ ਪਹਿਲਾਂ ਵਾਲੀਆਂ ਪੁਸਤਕਾਂ ਵੀ ਇਸ ਤੱਥ ਦੀਆਂ ਗਵਾਹ ਹਨ। ਸੱਚਮੁੱਚ ਗੁਰਬਚਨ ਦੀ ਵਾਰਤਕ ਚੰਗਿਆੜੇ ਛੱਡਦੀ ਹੈ। ਇਹ ਗੱਲ ਵੱਖਰੀ ਹੈ ਕਿ ਕਈ ਵਾਰ ਇਨ੍ਹਾਂ ਚੰਗਿਆੜਿਆਂ ਨਾਲ ਕਈ ਲਿਖਾਰੀ/ਅ-ਲਿਖਾਰੀ ਲੂਹੇ ਜਾਂਦੇ ਹਨ। ਇਸ ਵਾਰਤਕ ਵਿਚਲਾ ਬਿਰਤਾਂਤ ਨਿਆਰਾ ਤੇ ਨਵਾਂ ਹੁੰਦਾ ਹੈ ਜਿਹੜਾ ਵਿਦਵਤਾ/ਬੌਧਿਕਤਾ ਦੀ ਚਾਸ਼ਣੀ ਵਿਚ ਲਿਪਟਿਆ, ਪਾਠਕਾਂ ਦੇ ਕਪਾਟ ਖੋਲ੍ਹਦਾ ਜਾਂਦਾ ਹੈ। ਤਿੱਖੇ, ਤੀਬਰ ਅਤੇ ਅੰਤਾਂ ਦੀ ਕਾਹਲ ਦੀ ਜੂਨੀ ਪਏ ਅੱਖਰ, ਨਿੱਕੇ-ਨਿੱਕੇ ਵਾਕਾਂ ਅੰਦਰ ਸਜੀ ਜਾਂਦੇ ਹਨ। ਇਨ੍ਹਾਂ ਨਿੱਕੇ ਵਾਕਾਂ ਦਾ ਅਸਰ ਨਿੱਕੇ ਟੁੱਕੇ ਪਤਾਸਿਆਂ ਵਰਗਾ ਹੁੰਦਾ ਹੈ। ਤੁਰੰਤ। ਇਹੀ ਵੇਗ ਸ਼ਬਦਾਂ ਅਤੇ ਸਤਰਾਂ ਦੀ ਮਹਿਫ਼ਿਲ ਨੂੰ



**ਜਸਵੀਰ ਸਮਰ**
ਫੋਨ: +91-98722-69310

ਸੁਆਦਲੀ ਬਣਾਉਂਦਾ ਹੈ। ਭਾਰੀਆਂ-ਗੌਰੀਆਂ ਗੱਲਾਂ-ਬਾਤਾਂ ਦੇ ਨਾਲ-ਨਾਲ ਉਹ ਘੜੀ-ਮੁੜੀ ਇਸ ਪੁਸਤਕ ਦੇ ਨਾਇਕ, ਹੋਏ/ਅਣਹੋਏ ਪਰਵਾਸੀ ਪੰਜਾਬੀਆਂ ਦੀ ਚਰਚਾ ਛੇੜੀ ਰੱਖਦਾ ਹੈ। ਇਹ ਚਰਚਾ ਸਾਧਾਰਨ ਨਹੀਂ ਅਤੇ ਇਸ ਦੀਆਂ ਪਰਤਾਂ ਵੀ ਬਹੁਤੇਰੀਆਂ ਹੁੰਦੀਆਂ ਹਨ। ਇਸ ਵਿਚ ਪੰਜਾਬ ਦੀ ਭੋਇੰ ਤੋਂ ਲੈ ਕੇ ਅਮਰੀਕਾ ਦੀਆਂ ਗੁੰਬਦੀ ਇਮਾਰਤਾਂ ਅਤੇ ਇਨ੍ਹਾਂ ਇਮਾਰਤਾਂ ਦਾ ਸਬੱਬ ਬਣੀਆਂ ਨੀਤੀਆਂ-ਰਣਨੀਤੀਆਂ ਦਾ ਜ਼ਿਕਰ ਛਿੜਦਾ ਹੈ। ਸੰਘਣੇ ਬਿਰਤਾਂਤ ਵਾਲੇ ਇਸ ਜ਼ਿਕਰ ਨਾਲ ਜਦੋਂ ਹਾਲਾਤ ਦੀਆਂ ਘੁੰਡੀਆਂ ਇਕ-ਇਕ ਕਰ ਕੇ ਖੁੱਲ੍ਹਦੀਆਂ ਹਨ ਤਾਂ ਪਾਠਕ ਦੀ ਹੋਰ ਅਗਾਂਹ ਪੜ੍ਹਨ ਦੀ ਤਮ੍ਹਾਂ ਐਨ ਉਸੇ ਤਰ੍ਹਾਂ ਜਰਬਾਂ ਖਾਂਦੀ ਹੈ ਜਿਸ ਤਰ੍ਹਾਂ ਆਪਣੀ ਧਰਤੀ ਤੋਂ ਉਖੜਿਆ ਪੰਜਾਬੀ ਬੰਦਾ, ਡਾਲਰ ਜੇਬ੍ਹ ਵਿਚ ਸੁੱਟਣ ਲਈ ਆਪਣੀਆਂ ਸਰੀਰਕ ਤੇ ਮਾਨਸਿਕ ਗਰਾਰੀਆਂ ਦਿਨ-ਰਾਤ, ਲਗਾਤਾਰ ਘੁਮਾਈ ਜਾਂਦਾ ਹੈ। ਨਤੀਜੇ ਵਜੋਂ, ਪਾਠਕ ਇਸ ਬਿਰਤਾਂਤ ਦੇ ਵਹਿਣ 'ਚ ਵਹਿੰਦਾ ਜਾਂਦਾ ਹੈ। ਇਸੇ ਲਈ ਇਹ ਲਿਖਤ ਹਰ ਆਮ-ਖ਼ਾਸ ਪਾਠਕ ਲਈ 'ਆਪਣੀ' ਤੇ ਪੜ੍ਹਨਯੋਗ ਬਣਦੀ ਹੈ। ਇਸ ਪੱਖੋਂ ਗੁਰਬਚਨ ਦੀ ਰੀਸ ਨਹੀਂ, ਪਰ ਰਤਾ ਕੁ ਧਿਆਨ ਧਰੋ ਤਾਂ ਲੱਗਦਾ ਹੈ ਕਿ ਇਹ ਸਾਰੇ ਦੇ ਸਾਰੇ ਨਜ਼ਾਰੇ ਗੁਰਬਚਨ ਦੇ ਪ੍ਰਸੰਗ ਵਿਚ ਬੱਝੇ ਹੋਏ ਹਨ। ਲੇਖਕ ਦੀ ਲਿਖਤ ਨੂੰ ਪਾਈ ਇਸ ਕੁੰਡੀ ਕਾਰਨ ਬਹੁਤੀ ਵਾਰ ਪਰਵਾਸੀ ਬਿਰਤਾਂਤ, ਖ਼ਾਸ ਸੀਮਾ ਤੋਂ ਪਾਰ ਜਾਣ ਦਾ ਤਾਣ ਗੁਆ ਬੈਠਦਾ ਹੈ।

'ਮਹਾਂਯਾਤਰਾ' ਦਾ ਨਾੜੂਆ ਪੰਜਾਬੀਆਂ ਦੇ ਪਰਵਾਸ ਨਾਲ ਬੱਝਾ ਹੋਇਆ ਹੈ ਅਤੇ ਲੇਖਕ ਨੇ ਪੰਜਾਬੀ ਬੰਦੇ ਦੀ ਇਸ ਯਾਤਰਾ ਨੂੰ ਮਹਾਂਯਾਤਰਾ ਆਖਿਆ ਹੈ। ਗੁਰਬਚਨ ਦੀ 2003 ਵਿਚ ਛਪੀ ਪੁਸਤਕ 'ਏਨ੍ਹਾਂ ਮੁੰਡਿਆਂ ਜਲਦੀ ਮਰ ਜਾਣਾ' ਵਿਚ ਵੀ ਭਾਵੇਂ ਉਸ ਨੇ ਪਰਵਾਸ ਅਤੇ ਪੰਜਾਬੀਆਂ ਬਾਰੇ ਇਸੇ ਨੁਕਤਾ-ਨਿਗ੍ਹਾ ਤੋਂ ਗੱਲਾਂ ਕੀਤੀਆਂ ਸਨ, ਪਰ ਉਸ ਪੁਸਤਕ ਦਾ ਸਿਰਲੇਖ ਪੜ੍ਹਦਿਆਂ ਸਾਰ ਦਿਲ ਬੈਠਦਾ ਜਾਪਦਾ ਸੀ; ਬੰਦਾ ਜਿਵੇਂ ਮੌਤ ਦੀ ਘਾਟੀ ਅੰਦਰ ਸਿੱਧੀ ਰੋੜ੍ਹ ਉਤਰ ਰਿਹਾ ਹੋਵੇ! 'ਮਹਾਂਯਾਤਰਾ' ਅਸਲ ਵਿਚ 'ਏਨ੍ਹਾਂ ਮੁੰਡਿਆਂ ਜਲਦੀ ਮਰ ਜਾਣਾ' ਦਾ ਹੀ ਵਿਸਥਾਰ ਹੈ। ਐਤਕੀਂ ਸਿਰਲੇਖ ਵਿਚ 'ਮੌਤ ਤੋਂ ਮਹਾਂਯਾਤਰਾ' ਵਾਲਾ ਜੋ ਸਫ਼ਰ ਤੈਅ ਕੀਤਾ ਗਿਆ ਹੈ, ਉਸ ਦੀਆਂ ਪਰਤਾਂ 'ਮਹਾਂਯਾਤਰਾ' ਵਿਚ ਪੂਰੇ ਜਲੌਅ ਨਾਲ ਖੁੱਲ੍ਹਦੀਆਂ ਹਨ। ਕਵੀ ਕਰਤਾਰ ਸਿੰਘ ਸੁਮੇਰ ਨੇ ਆਪਣੀ ਕਿਸੇ ਕਵਿਤਾ ਵਿਚ ਜ਼ਖ਼ਮ ਖਾ ਕੇ ਪਰਵਾਜ਼ ਭਰਦੇ ਪੰਛੀ ਦਾ ਬਿੰਬ ਬੰਨ੍ਹਿਆ ਸੀ, ਗੁਰਬਚਨ ਪਰਵਾਸ ਦੌਰਾਨ ਪਰਵਾਜ਼ ਭਰ ਰਹੇ ਅਨੇਕਾਂ ਪੰਜਾਬੀਆਂ ਦੀ ਕਥਾ ਕਰ ਕੇ ਮਹਾਂਯਾਤਰਾ ਵਾਲੀ ਪਰਿਭਾਸ਼ਾ ਸਾਕਾਰ ਕਰਦਾ ਹੈ ਅਤੇ ਤੀਜੀ ਦੁਨੀਆਂ ਦੇ ਇਸ ਬੰਦੇ ਦੀ ਇਸ ਯਾਤਰਾ ਨੂੰ ਕਿਸੇ ਤੀਜੇ ਮਹਾਂਯੁੱਧ ਤੋਂ ਘੱਟ ਕਿਆਸ ਨਹੀਂ ਕਰਦਾ। ਪਰਵਾਸ ਦੌਰਾਨ ਇਹ ਬੰਦਾ ਪੱਛਮ ਦੀਆਂ ਸ਼ਰਤਾਂ ਉਤੇ ਜਿਉਂਦਾ ਹੈ। ਇਹ ਸ਼ਰਤਾਂ ਉਸ ਨੂੰ ਆਪਣੀਆਂ ਜੜ੍ਹਾਂ ਨਾਲੋਂ ਤੋੜ ਸੁੱਟਦੀਆਂ ਹਨ; ਮਤਲਬ ਪਿੱਛੇ ਨਾਲ ਮੋਹ-ਤਿਹੁ ਖ਼ਤਮ, ਬੇਵਸੀ ਦਾ ਵਾਸਾ! ਇਹਦੀ ਲੜੀ ਸੰਸਾਰ ਵਪਾਰ ਸੰਸਥਾ (ਡਬਲਿਊ.ਟੀ.ਓ.) ਨਾਲ ਵੀ ਜਾ ਜੁੜਦੀ ਹੈ ਜਿਹੜੀ ਪੱਛੜੇ ਮੁਲਕਾਂ ਨੂੰ ਆਪਣੀਆਂ ਉਦਾਰ ਨੀਤੀਆਂ ਅਪਨਾਉਣ ਲਈ ਲਾਚਾਰ ਕਰਦੀ ਹੈ।


ਜ਼ਾਹਿਰ ਹੈ ਕਿ ਹਰ ਪਾਸੇ ਦੋ-ਧਾਰੀ ਤਲਵਾਰ ਵਾਲੀ ਖੇਡ ਚੱਲ ਰਹੀ ਹੈ। ਸੰਸਾਰੀਕਰਨ ਦਾ ਕਾਗਜ਼ੀ ਮਤਲਬ ਭਾਵੇਂ ਕੁਝ ਵੀ ਹੋਵੇ, ਅਸਲ ਮਤਲਬ ਇਹ ਹੈ ਕਿ ਮੰਡੀ ਨੇ ਮਨੁੱਖ ਨੂੰ ਢਾਹ ਅਤੇ ਫਾਹ ਲਿਆ ਹੈ। ਪੱਛਮ ਦਾ ਆਰਥਿਕ ਮਾਡਲ ਜਿਹੜਾ ਦੇਖਣ ਨੂੰ ਵਿਕਾਸ ਵੱਲ ਲੈ ਕੇ ਜਾਂਦਾ ਲੱਗਦਾ ਹੈ, ਅਸਲ ਵਿਚ ਮਨੁੱਖ ਦੇ ਜੀਵਨ ਨੂੰ ਖੋਖਲਾ ਕਰ ਰਿਹਾ ਹੈ। ਜੇ ਰਿਸ਼ਤਿਆਂ ਦੀ ਪਾਕੀਜ਼ਗੀ ਤੇ ਮੁਹੱਬਤ ਵਾਲੀ ਵੇਲ ਹੀ ਹਰੀ ਨਾ ਰਹੀ ਤਾਂ ਮਨੁੱਖ ਅੰਦਰ ਆਖ਼ਰ ਬਚਦਾ ਕੀ ਹੈ? ਗੁਰਬਚਨ ਇਸ ਸਮੁੱਚੇ ਖਲਾਰੇ ਦਾ ਬਿਰਤਾਂਤ ਦੋ ਕੁ ਸਤਰਾਂ ਵਿਚ ਬੰਨ੍ਹ ਕੇ ਕੁੱਜੇ ਵਿਚ ਸਮੁੰਦਰ ਸਮੇਟ ਦਿੰਦਾ ਹੈ: 'ਮਹਿਸੂਸ ਹੁੰਦਾ ਹੈ ਕਿ ਅਮਰੀਕਾ ਘਰਾਂ ਵਿਚ ਨਹੀਂ, ਸੜਕਾਂ 'ਤੇ ਦੌੜਦੇ ਵਾਹਨਾਂ 'ਚ ਰਹਿੰਦਾ ਹੈ'। ਇਹ ਪੂੰਜੀਵਾਦ ਦੀ ਚੱਕੀ ਵਿਚ ਪਿਸ ਰਹੇ ਮਨੁੱਖ ਦਾ ਬਿੰਬ ਹੈ ਜਿਸ ਕੋਲ ਆਪਣੇ ਨਾਲ ਗੱਲ ਕਰਨ ਦਾ ਵੀ ਵਕਤ ਨਹੀਂ ਹੈ। ਅਜਿਹੀਆਂ ਟਿੱਪਣੀਆਂ ਨਾਲ ਇਹ ਪੁਸਤਕ ਭਰੀ ਪਈ ਹੈ ਅਤੇ ਇਨ੍ਹਾਂ ਟਿੱਪਣੀਆਂ ਵਿਚੋਂ ਪੰਜਾਬੀ ਪਰਵਾਸੀ ਜੀਵਨ, ਜਿਨ੍ਹਾਂ ਤੱਦੀਆਂ ਨਾਲ ਦੋ-ਚਾਰ ਹੋ ਰਿਹਾ ਹੈ, ਦੀਆਂ ਭਰਪੂਰ ਝਾਤੀਆਂ ਪੈਂਦੀਆਂ ਹਨ।

ਸੰਸਾਰ ਵਿਚ ਪਰਵਾਸ ਦਾ ਆਪਣਾ ਇਤਿਹਾਸ ਹੈ। ਇਹ ਪਰਵਾਸ ਗਤੀ ਨਾਲ ਜੁੜਿਆ ਹੋਇਆ ਹੈ, ਪਰ ਗੁਰਬਚਨ ਜਦੋਂ ਪਰਵਾਸ ਦੇ ਇਤਿਹਾਸ ਦੀ ਫਰੋਲਾ-ਫਰਾਲੀ ਕਰਦਾ ਹੈ ਤਾਂ 19ਵੀਂ ਸਦੀ ਦੇ ਅੱਧ ਤਕ ਪਿਛਾਂਹ ਝਾਤੀ ਮਾਰਦਾ ਹੈ। ਲਿਖਦਾ ਹੈ: 'ਦਲੀਪ ਸਿੰਘ ਪੰਜਾਬ ਦਾ ਪਹਿਲਾ ਮਨੁੱਖ ਹੈ ਜਿਹਨੂੰ ਪਰਵਾਸੀ ਹੋਣ ਦੀ ਸਜ਼ਾ ਮਿਲੀ। ਉਹ ਪੱਕੇ ਤੌਰ 'ਤੇ ਵਾਪਸ ਪੰਜਾਬ ਆਉਣ ਲਈ ਤਰਸਦਾ ਰਿਹਾ'। ... ਪੰਜਾਬ ਵਾਪਸੀ ਲਈ ਤਰਸਦੇ ਤਾਂ ਹੁਣ ਵੀ ਬਥੇਰੇ ਪਰਵਾਸੀ ਹਨ, ਪਰ ਮੰਡੀ ਦੀ ਮਾਰ ਸਾਹ ਕੱਢੀ ਰੱਖਦੀ ਹੈ ਅਤੇ ਪੰਜਾਬ/ਭਾਰਤ ਦੀ ਬੇਤਰਤੀਬੀ ਵਾਪਸੀ ਬਾਰੇ ਸੋਚਣ ਵੀ ਨਹੀਂ ਦਿੰਦੀ। ਨਾਲੇ ਇਕੱਲਾ-ਇਕਹਿਰਾ ਬੰਦਾ ਤਾਂ ਉਂਜ ਹੀ ਮੰਡੀ ਦਾ ਖਾਜਾ ਬਣਿਆ ਪਿਆ ਹੈ। ਪੱਛਮ ਵਿਚ ਕਮਾਈਆਂ ਕਰਨ ਚੜ੍ਹਿਆ ਪੰਜਾਬੀ ਪਰਵਾਸੀ, ਪਹਿਲਾਂ ਵੀ ਪਰਦੇਸੀ ਹੁੰਦਾ ਰਿਹਾ ਹੈ। 'ਬਾਰੀਂ ਬਰਸੀਂ ਖੱਟਣ ਨੂੰ ਘੱਲਿਆ...' ਵਿਚ ਪਰਦੇਸੀਆਂ ਦੀ ਵਾਪਸੀ ਦੀ ਸੂਹ ਮਿਲ ਜਾਂਦੀ ਹੈ, ਪਰ ਹੁਣ ਇਨ੍ਹਾਂ ਪਰਵਾਸੀਆਂ ਲਈ ਵਾਪਸੀ ਦੇ ਰਾਹ ਤਕਰੀਬਨ ਬੰਦ ਹਨ। ਲਿਖਾਰੀ ਤੇ ਪਰਵਾਸੀਆਂ ਦਾ ਪਹਾੜ ਜਿੱਡਾ ਸਵਾਲ ਹੈ: 'ਵਾਪਸ ਮੁੜ ਕੇ ਕਰਨਗੇ ਕੀ?' ਦੇਸ ਅਤੇ ਪਰਦੇਸ ਦੇ ਮੁਕਾਬਲੇ ਦੇਸ ਬਹੁਤ ਪਿਛਾਂਹ ਰਹਿ ਗਿਆ ਹੈ, ਤੇ ਪੱਛੜ ਗਿਆਂ ਨੂੰ ਫਿਰ ਸਜ਼ਾ ਤੋਂ ਕੌਣ ਬਚਾ ਸਕਿਆ ਹੈ ਭਲਾ?

ਇਹ ਸਿਰਫ਼ ਗ਼ਦਰੀ ਸਨ ਜਿਨ੍ਹਾਂ ਵਾਪਸੀ ਬਾਬਤ ਸੋਚਿਆ ਅਤੇ ਇਤਿਹਾਸ ਦੇ ਭਾਰੇ ਪਹੀਏ ਹੱਥੀਂ ਗੇੜਨ ਦੀ ਜੁਗਤ ਬਣਾਈ। ਇਹ ਅਜਿਹਾ ਇਤਿਹਾਸ ਹੈ ਜਿਸ ਦੇ ਬਹੁਤ ਸਾਰੇ ਪਸਾਰ ਹਨ। ਗ਼ਦਰੀਆਂ ਦੀ ਵਾਪਸੀ ਦਾ ਮਕਸਦ ਦੇਸ ਵਿਚਲੀ ਬੇਤਰਤੀਬੀ ਨੂੰ ਫੂੰਡਣਾ ਅਤੇ ਸਭ ਵਿੰਗ-ਵਲ ਕੱਢਣਾ ਸੀ। ਇਤਿਹਾਸ ਵਿਚ ਅਜਿਹੀ ਭਰਪੂਰ ਸਮੂਹਿਕ ਵਾਪਸੀ ਮਗਰੋਂ ਜਾ ਕੇ ਯਹੂਦੀਆਂ ਨੇ ਕੀਤੀ, ਭਾਵੇਂ ਇਸ ਵਿਚ ਅਮਰੀਕਾ ਅਤੇ ਇੰਗਲੈਂਡ ਦੇ ਆਪਣੇ ਹਿਤ ਸਨ। ਕੁਝ ਤੱਤੇ ਸਿੱਖ ਆਪਣੇ ਵੱਖਰੇ ਸਟੇਟ ਲਈ ਘੜੀ-ਮੁੜੀ ਇਸੇ ਇਸਰਾਈਲ, ਯਹੂਦੀਆਂ ਤੇ ਹਿਬਰੀਊ ਦੀ ਗੱਲ ਤਾਂ ਬਥੇਰੀ ਕਰਦੇ ਹਨ, ਤੇ ਇਸੇ ਤਰਜ਼ ਉਤੇ ਸਿੱਖ ਸਟੇਟ ਬਾਰੇ ਗੱਲਾਂ ਵੀ ਅਕਸਰ ਕਰਦੇ ਰਹਿੰਦੇ ਹਨ, ਪਰ ਆਮ-ਖ਼ਾਸ ਪਰਵਾਸੀ ਵਾਂਗ ਉਹ ਸਮੂਹਿਕ ਦੇਸ ਵਾਪਸੀ ਬਾਰੇ ਕੂੰਦੇ ਤਕ ਨਹੀਂ। ਆਪਣੀ ਸੋਚ, ਬਣਤ ਤੇ ਸੁਭਾਅ ਸਥਾਪਤੀ ਦੇ ਖਿਲਾਫ਼ ਹੋਣ ਦਾ ਦਾਅਵਾ ਕਰਨ ਵਾਲਾ ਗੁਰਬਚਨ ਵੀ ਗ਼ਦਰੀਆਂ ਦੇ ਇਸ ਗੇੜੇ ਨੂੰ ਜਰਬ ਦੇਣ ਤੋਂ ਉੱਕ ਗਿਆ ਹੈ ਅਤੇ ਮਸਲੇ ਤੋਂ ਲਾਂਭੇ-ਲਾਂਭੇ ਨਿਕਲ ਗਿਆ ਹੈ। ਇਉਂ ਗ਼ਦਰੀਆਂ ਵਾਲਾ ਮੁਕੰਮਲ ਅਧਿਆਇ ਚਰਚਾ ਪੱਖੋਂ ਅਧੂਰਾ ਹੀ ਰਹਿ ਗਿਆ ਹੈ।



ਗੁਰਬਚਨ





ਤਬਦੀਲੀ ਬੇਸ਼ੱਕ ਕੁਦਰਤ ਦਾ ਨੇਮ ਹੈ, ਪਰ ਤਬਦੀਲੀ ਦਾ ਜਿਹੜਾ ਭਾਣਾ ਪੰਜਾਬ ਵਿਚ ਵਾਪਰ ਰਿਹਾ ਹੈ, ਉਸ ਨੂੰ ਗੁਰਬਚਨ ਬਹੁਤ ਬਾਰੀਕੀ ਨਾਲ ਫੜਦਾ ਹੈ। ਇਸ ਤਬਦੀਲੀ ਲਈ ਉਹ 'ਤਹਿਸ ਨਹਿਸ' ਸ਼ਬਦ ਵਰਤਦਾ ਹੈ। ਇਸ ਪ੍ਰਸੰਗ ਵਿਚ ਉਹ ਰੈੱਡ ਇੰਡੀਅਨਜ਼ ਦੇ ਕਬੀਲੇ ਦੇ ਮੁਖੀ ਸਿਆਟਲ (ਜਿਸ ਦੇ ਨਾਂ 'ਤੇ ਸ਼ਹਿਰ ਸਿਆਟਲ ਦਾ ਨਾਂ ਪਿਆ) ਨੂੰ ਧਿਆਉਂਦਾ ਹੈ। ਸਿਆਟਲ ਅਮਰੀਕੀ ਰਾਸ਼ਟਰਪਤੀ ਨੂੰ ਲਿਖੀ ਚਿੱਠੀ ਵਿਚ ਕੂਕਾਂ ਮਾਰਦਾ ਹੈ- 'ਤੁਸੀਂ ਸਾਡੀ ਭੋਇੰ ਖੋਹ ਲਈ' ਅਤੇ ਗੁਰਬਚਨ ਲਿਖਦਾ ਹੈ: ਪੰਜਾਬ ਦਾ ਰੰਗ-ਰੂਪ ਬਦਲ ਰਿਹਾ, ਪੰਜਾਬੀ ਭਾਸ਼ਾ ਪ੍ਰਸੰਗਹੀਣ ਹੋ ਚੁੱਕੀ ਹੈ, ਤੇ ਪੰਜਾਬੀ ਬੰਦਾ ਦਾਰੂ ਪੀ ਕੇ ਵੱਡੀਆਂ ਕਾਰਾਂ 'ਚ ਦੌੜਿਆ ਫਿਰਦਾ। ਜਾਂ ਪੰਜਾਬ ਨੂੰ ਹੀ ਛੱਡੀ ਜਾਂਦਾ ਤੇ ਵਿਦੇਸ਼ਾਂ ਵਿਚ ਤੰਬੂ ਗੱਡੀ ਜਾਂਦਾ। ਇਧਰ, ਮੁਲਾਇਮ ਤੇ ਲਾਲੂ ਦੇਸਮ ਦੇ ਬੰਦੇ ਪੰਜਾਬ 'ਚ ਤੰਬੂ ਗੱਡੀ ਜਾਂਦੇ ਹਨ'।

ਹੁਣ ਸਵਾਲਾਂ ਦਾ ਸਵਾਲ ਇਹ ਵੀ ਤਾਂ ਹੈ ਕਿ ਜੇ ਪੰਜਾਬ ਤੋਂ ਵਿਦੇਸ਼ੀ ਪਰਵਾਸ ਲਈ ਲਾਮਡੋਰੀ ਬਣ ਗਈ ਹੈ ਤਾਂ ਪੰਜਾਬ ਵੱਲ ਅਜਿਹੀ ਲਾਮਡੋਰੀ ਵੀ ਤਾਂ ਸੰਭਵ ਹੈ। ਇਸ ਲਾਮਡੋਰੀ ਨੂੰ 'ਮੁਲਾਇਮ ਤੇ ਲਾਲੂ ਦੇਸਮ ਦੇ ਬੰਦਿਆਂ' ਵਾਲੀ ਹਿਕਾਰਤ ਨਾਲ ਰੱਦ ਤਾਂ ਨਹੀਂ ਕੀਤਾ ਜਾ ਸਕਦਾ। ਇਸ ਪ੍ਰਸੰਗ ਵਿਚ ਇਨਕਲਾਬੀ ਕਵੀ ਲਾਲ ਸਿੰਘ ਦਿਲ ਵਾਲੀ ਮਿਸਾਲ ਕੋਈ ਰਾਹ ਦਿਖਾ ਸਕਦੀ ਹੈ। 70ਵਿਆਂ ਵਿਚ ਨਕਸਲੀ ਲਹਿਰ ਦੀ ਉਤਰਾਈ ਤੋਂ ਬਾਅਦ ਲਾਲ ਸਿੰਘ ਦਿਲ ਯੂ.ਪੀ. ਚਲਾ ਗਿਆ ਸੀ। ਕਿਸੇ ਗੁਰਬਚਨ ਨੇ ਉਸ ਪਾਸੇ ਲਟੋਰੀ ਮਾਰਨ ਬਾਰੇ ਸ਼ਾਇਦ ਹੀ ਕਦੇ ਸੋਚਿਆ ਹੋਵੇ! ਜਿਨ੍ਹਾਂ ਬੰਦਿਆਂ ਵਿਚ ਲਾਲ ਉਥੇ ਰਿਹਾ ਅਤੇ ਜਿਹੜੀਆਂ ਤੱਦੀਆਂ ਉਹਨੇ ਉਥੇ ਝੱਲੀਆਂ, ਉਨ੍ਹਾਂ ਦਾ ਅੱਜ ਦੇ ਪੰਜਾਬ ਅਤੇ ਪੰਜਾਬੀ ਪਰਵਾਸ ਨਾਲ ਕੀ ਰਿਸ਼ਤਾ ਬਣਦਾ ਹੈ, ਇਹ ਕਿਸੇ ਲਟੋਰੀ ਲਈ ਦਿਲਚਸਪ ਵਿਸ਼ਾ ਹੋ ਸਕਦਾ ਹੈ। ਇਸ ਅਧਿਐਨ ਤੋਂ ਮੁਲਾਇਮ ਤੇ ਲਾਲੂ ਦੇਸਮ ਦੇ ਬੰਦਿਆਂ ਦੇ ਪਰਵਾਸ ਬਾਰੇ ਵੀ ਸੂਹ ਮਿਲ ਸਕੇਗੀ। ਨਾਲੇ ਇਹ ਵੀ ਪਤਾ ਲੱਗ ਸਕੇਗਾ ਕਿ ਅੱਜ ਅੱਧੇ ਤੋਂ ਵੱਧ ਪੰਜਾਬ, ਪਰਦੇਸੀ ਹੋਣ ਨੂੰ ਤਿਆਰ ਕਿਉਂ ਬੈਠਾ ਹੈ?

ਦਰਅਸਲ, 'ਮਹਾਂਯਾਤਰਾ' ਵਿਚ ਗੁਰਬਚਨ ਨੇ ਜਿਥੇ ਤੇ ਜਦੋਂ ਕਲਾ, ਸਾਹਿਤ ਤੇ ਸਭਿਆਚਾਰ ਦੀਆਂ ਗੱਲਾਂ ਨਿੱਠ ਕੇ ਕੀਤੀਆਂ ਹਨ, ਖ਼ਾਸ ਕਰ ਕੇ ਪੁਸਤਕ ਦੇ ਪਹਿਲੇ ਹਿੱਸੇ ਅੰਦਰ, ਇਹ ਚਰਚਾ ਪਾਠਕ ਅੰਦਰ ਜ਼ੁੰਬਿਸ਼ ਪੈਦਾ ਕਰਦੀ ਹੈ। ਜਾਪਦਾ ਹੈ ਜਿਵੇਂ ਪੰਜਾਬੀ ਬੰਦਾ ਮਹਾਂਯਾਤਰਾ 'ਤੇ ਹੀ ਨਿਕਲਿਆ ਹੋਇਆ ਹੈ, ਪਰ ਜਿਥੇ ਕਿਤੇ ਉਸ ਨੇ ਲਿਹਾਜ਼ ਅਤੇ ਵਿਰੋਧ ਵਾਲੀ ਸਿਆਹੀ ਵਿਚ ਆਪਣੀ ਕਲਮ ਦਾ ਡੁਬਕਾ ਲਾਇਆ, ਉਥੇ ਬਹੁਤ ਸਾਰੀਆਂ ਸ਼ੈਆਂ ਪੁੱਠੀਆਂ ਲਟਕ ਗਈਆਂ। ਪਾਠਕ ਝੱਟ ਬੁੱਝ ਲੈਂਦਾ ਹੈ ਕਿ ਅੱਖ ਦਾ ਟੀਰ ਕਿਵੇਂ, ਕਿਸ ਕਾਰਨ ਅਤੇ ਕਿਥੇ ਵੱਜ ਗਿਆ ਹੈ! ਰਘਬੀਰ ਢੰਡ ਵਾਲੇ ਲੇਖ ਵਿਚ ਤਾਂ ਹੱਦ ਹੋਈ ਪਈ ਹੈ। ਹਰ ਸਤਰ ਤੋਂ ਜਾਪਦਾ ਹੈ ਕਿ ਲਿਖਾਰੀ, ਢੰਡ ਬਾਰੇ ਨਹੀਂ ਦੱਸ ਰਿਹਾ, ਸਗੋਂ ਜਮੂਰ ਨਾਲ ਮਾਸ ਖਿੱਚ ਰਿਹਾ ਹੈ। ਹੋਰ ਵੀ ਕਈ ਥਾਈਂ ਅਜਿਹਾ ਵਾਪਰਿਆ ਹੈ। ਇਸ ਸੂਰਤ ਵਿਚ ਜਾਪਣ ਲੱਗਦਾ ਹੈ ਕਿ ਗੁਰਬਚਨ ਲਘੂ ਬੰਦੇ ਦੀਆਂ ਲਘੂ ਯਾਤਰਾਵਾਂ ਵਾਲੀਆਂ ਗਲੀਆਂ ਅੰਦਰ ਗੁਆਚਿਆ ਪਿਆ ਹੈ। ਜੇ ਕਿਤੇ ਉਹ ਆਪਣੀ ਮਹਾਂਯਾਤਰਾ ਵਾਲੀ ਬੁਲੰਦੀ ਬਰਕਰਾਰ ਰੱਖਦਾ ਤਾਂ ਇਹ ਪੁਸਤਕ ਪਰਦੇਸੀ ਪੰਜਾਬੀਆਂ ਦੇ ਕਈ ਪੱਖਾਂ ਦਾ ਦਸਤਾਵੇਜ਼ ਹੋ ਨਿਬੜਨੀ ਸੀ, ਪਰ ਬੰਦਾ ਆਖ਼ਰ ਬੰਦਾ ਹੁੰਦਾ ਹੈ। ਇਸ ਦੀਆਂ ਸਮਰੱਥਾਵਾਂ ਦੇ ਨਾਲ-ਨਾਲ ਸੀਮਾਵਾਂ ਵੀ ਇਸ ਦੀਆਂ ਅੱਡੀਆਂ ਟੁੱਕਦੀਆਂ ਮਗਰੇ-ਮਗਰ ਆ ਰਹੀਆਂ ਹੁੰਦੀਆਂ ਹਨ। ਗੁਰਬਚਨ ਦੀਆਂ ਇਹ ਲਘੂ ਯਾਤਰਾਵਾਂ ਇਸ ਮਹਾਂਯਾਤਰਾ ਦੇ ਪੈਰੀਂ ਪਹਾੜ ਬਣ ਗਈਆਂ ਹਨ।

ਇੱਕ ਗੱਲ ਹੋਰ। ਪੁਸਤਕ ਵਿਚ ਦੁਹਰਾਅ ਬਹੁਤ ਤੰਗ ਕਰਨ ਵਾਲਾ ਹੈ। ਬਹੁਤ ਸਾਰੀਆਂ ਗੱਲਾਂ ਬਹੁਤ ਵਾਰ ਕੀਤੀਆਂ ਲੱਭਦੀਆਂ ਹਨ। ਗੁਰਬਚਨ ਸੰਸਾਰ ਪੱਧਰ ਦੇ ਲਿਖਾਰੀਆਂ ਤੇ ਕਲਾਕਾਰਾਂ ਦੀਆਂ ਗੱਲਾਂ ਬਹੁਤ ਚਾਅ ਨਾਲ ਅਤੇ ਹੁੱਬ ਕੇ ਕਰਦਾ ਹੈ, ਪਰ ਗ਼ਦਰੀਆਂ ਵਾਂਗ, ਉਸ ਦੀ ਅੱਖ ਹੇਠ ਸ਼ਾਇਦ ਪੱਛਮ ਦਾ ਪ੍ਰਕਾਸ਼ਨ ਕਾਰੋਬਾਰ ਆਉਣੋਂ ਰਹਿ ਗਿਆ ਹੈ। ਪੱਛਮ ਵਾਲੇ ਪੁਸਤਕ ਸੰਪਾਦਨਾ ਲਈ ਬੜਾ ਉਚੇਚ ਕਰਦੇ ਹਨ। ਗੁਰਬਚਨ ਨੇ ਖ਼ੁਦ ਈਜ਼ਰਾ ਪਾਊਂਡ ਵਾਲੀ ਗੱਲ ਇਸ ਪੁਸਤਕ ਵਿਚ ਸੁਣਾਈ ਹੈ। ਕਵੀ ਐਲੀਅਟ ਨੇ ਆਪਣੀ ਕਵਿਤਾ 'ਦਿ ਵੇਸਟ ਲੈਂਡ' ਈਜ਼ਰਾ ਪਾਊਂਡ ਨੂੰ ਪੜ੍ਹਨ ਲਈ ਭੇਜੀ ਸੀ ਅਤੇ ਉਹਨੇ ਬੜੀ ਬੇਦਰਦੀ ਨਾਲ ਇਸ ਕਲਾਸਿਕ ਕਵਿਤਾ ਦੀ ਕਾਂਟ-ਛਾਂਟ ਕੀਤੀ ਅਤੇ ਅੱਧੇ ਹਿੱਸੇ ਉਤੇ ਕਾਟਾ ਫੇਰ ਦਿਤਾ। ਬਹੁਤ ਸਾਰੇ ਸ਼ਬਦ ਵੀ ਬਦਲ ਦਿਤੇ। ਗੁਰਬਚਨ ਦੀ ਟਿੱਪਣੀ ਹੈ: 'ਅਜਿਹੀਆਂ ਮਿਸਾਲਾਂ ਨੂੰ ਸੰਜੀਦਗੀ ਨਾਲ ਜੇ ਪੰਜਾਬੀ ਲਿਖਣ ਵਾਲੇ ਲੈਣ ਤਾਂ ਸ਼ਰਮਸਾਰ ਹੋਏ ਬਗੈਰ ਨਾ ਰਹਿਣ'। ਆਪਣੀ ਵਾਰੀ ਗੁਰਬਚਨ ਇਹ ਗੱਲ ਵਿਸਾਰ ਬੈਠਾ। ਜੇ ਕਿਤੇ ਉਹ ਇਸ ਗੱਲ ਨੂੰ ਆਪਣੇ ਅੰਦਰ ਡੀਕ ਲੈਂਦਾ ਤਾਂ 'ਮਹਾਂਯਾਤਰਾ' ਦਾ ਤਾਣ ਅਤੇ ਮਾਣ ਹੁਣ ਨਾਲੋਂ ਦੂਣ-ਸਵਾਇਆ ਹੋਣਾ ਸੀ। ਇਸ ਨਾਲ ਇਕੋ ਸਫ਼ੇ ਉਤੇ ਆਏ ਵੱਖ-ਵੱਖ ਸ਼ਬਦ-ਜੋੜ ਵੀ ਫੜੇ ਜਾਣੇ ਸਨ। ਸ਼ਾਇਦ ਸੰਪਾਦਨਾ ਵੇਲੇ ਹਿੰਦੀ ਦੇ ਤੰਗ-ਪ੍ਰੇਸ਼ਾਨ ਕਰਨ ਵਾਲੇ ਸ਼ਬਦਾਂ (ਸਕ੍ਰੀਹ, ਅਨਿਵਾਰਤਾ, ਪ੍ਰਯਾਵਰਣ ਆਦਿ) ਤੋਂ ਵੀ ਛੁਟਕਾਰਾ ਹੋ ਜਾਂਦਾ। ਇਸ ਨਾਲ ਪੰਜਾਬੀ ਦਾ ਜਲੌਅ ਹੋਰ ਬੁਲੰਦ ਹੋ ਜਾਣਾ ਸੀ।

ਗੁਰਬਚਨ ਦੀ ਇਹ ਪੁਸਤਕ ਤਿੰਨ ਦਹਾਕਿਆਂ ਦੀਆਂ ਵਿਦੇਸ਼ ਲਟੋਰੀਆਂ ਦੀ ਕਮਾਈ ਹੈ। ਲਟੋਰੀ ਦੀ ਉਸ ਦੀ ਆਪਣੀ ਪਰਿਭਾਸ਼ਾ ਹੈ। ਇਹ ਲਟੋਰੀਆਂ ਮੁਫ਼ਤ ਖਾਤੇ ਵਾਲੀਆਂ ਹਨ; ਮਤਲਬ, ਉਸ ਨੂੰ ਦੂਜਿਆਂ ਵੱਲ ਦੇਖਣਾ ਪੈਂਦਾ ਹੈ। ਇਸ ਨਿਰਭਰਤਾ ਕਾਰਨ ਕਈ ਥਾਈਂ ਉਹਦੀ ਪ੍ਰੇਸ਼ਾਨੀ ਹੱਦਾਂ ਤੋੜਦੀ ਹੈ, ਪਰ ਲੇਖਕ ਲਈ ਫਿਰ ਵੀ ਇਹ ਲਟੋਰੀਆਂ ਲਾਹੇ ਵਾਲੀਆਂ ਹੀ ਹਨ। ਉਹ ਭਲੀ-ਭਾਂਤ ਜਾਣਦਾ ਹੈ ਕਿ ਪਰਵਾਸੀ ਬੰਦੇ ਕੋਲ ਮਰਨ ਤੱਕ ਦਾ ਵਿਹਲ ਨਹੀਂ। 'ਨੀਰੂ ਨੇ ਕੰਮ 'ਤੇ ਜਾਣਾ ਸੀ, ਕੰਮ ਵਾਲਾ ਦਿਨ ਖਰਾਬ ਹੋ ਚੁੱਕਾ ਹੈ, ਉਹ ਖੁਸ਼ ਹੈ ਕਿ ਮੈਂ ਜਾ ਰਿਹਾਂ' ਨਾਲ ਉਹਦੀਆਂ ਮੁਫਤ ਦੀਆਂ ਲਟੋਰੀਆਂ ਬਾਰੇ ਪਰਵਾਸੀਆਂ ਦੀ ਮਜਬੂਰੀ ਦਾ ਰਾਜ਼ ਵੀ ਖੁੱਲ੍ਹ ਜਾਂਦਾ ਹੈ।

ਇਸ ਸਭ ਦੇ ਬਾਵਜੂਦ, ਪੁਸਤਕ ਦਾ ਸੰਘਣਾ ਬਿਰਤਾਂਤ ਸ਼ਬਦਾਂ ਅਤੇ ਵਿਚਾਰਾਂ ਦੀ ਧੂਣੀ ਮਘਾਈ ਰੱਖਦਾ ਹੈ। ਲੇਖਕ ਆਪਣੀ ਪਹਿਲੀਆਂ ਪੁਸਤਕਾਂ ਵਾਲੇ ਨਖ਼ਰੇ ਨਾਲ ਹਾਜ਼ਰ ਹੈ। ਸਮੁੱਚ ਵਿਚ ਇਹ 'ਮਹਾਂਯਾਤਰਾ' ਪਰਵਾਸੀ ਹੋਏ ਪੰਜਾਬੀਆਂ ਬਾਰੇ ਮਿੱਟੀ ਦੀਆਂ ਤਹਿਆਂ ਫਰੋਲਦੀ ਹੈ। ਰਵਾਇਤੀ ਕਿਸਮ ਦੇ ਸਫ਼ਰਨਾਮਿਆਂ ਨਾਲ ਇਸ ਦਾ ਕੋਈ ਮੇਲ ਹੀ ਨਹੀਂ ਹੈ। ਇਸ ਪੱਖ ਤੋਂ ਇਹ ਪੁਸਤਕ ਸੱਚਮੁੱਚ ਗ਼ੈਰ-ਮਾਮੂਲੀ ਤਰਜ਼ ਦੀ ਹੈ। ਪੰਜਾਬੀਆਂ ਨੇ ਓਪਰੀ ਧਰਤੀ ਉਤੇ ਜਿਸ ਤਰ੍ਹਾਂ ਜੀਅ-ਜਾਨ ਲਾ ਕੇ ਜਹਾਨ ਕਲਾਵੇ ਵਿਚ ਲਿਆ, ਗੁਰਬਚਨ ਨੇ ਵੀ ਉਸੇ ਤਰ੍ਹਾਂ ਜਾਨ ਲਾ ਕੇ ਇਹ ਬਿਰਤਾਂਤ ਬੰਨ੍ਹਿਆ ਹੈ।

> *'ਮਹਾਂਯਾਤਰਾ' ਦਾ ਨਾੜੂਆ ਪੰਜਾਬੀਆਂ ਦੇ ਪਰਵਾਸ ਨਾਲ ਬੱਝਾ ਹੋਇਆ ਹੈ ਅਤੇ ਲੇਖਕ ਨੇ ਪੰਜਾਬੀ ਬੰਦੇ ਦੀ ਇਸ ਯਾਤਰਾ ਨੂੰ ਮਹਾਂਯਾਤਰਾ ਆਖਿਆ ਹੈ।... ਪਰਵਾਸ ਦੌਰਾਨ ਇਹ ਬੰਦਾ ਪੱਛਮ ਦੀਆਂ ਸ਼ਰਤਾਂ ਉਤੇ ਜਿਉਂਦਾ ਹੈ। ਇਹ ਸ਼ਰਤਾਂ ਉਸ ਨੂੰ ਆਪਣੀਆਂ ਜੜ੍ਹਾਂ ਨਾਲੋਂ ਤੋੜ ਸੁੱਟਦੀਆਂ ਹਨ; ਮਤਲਬ ਪਿੱਛੇ ਨਾਲ ਮੋਹ-ਤਿਹੁ ਖ਼ਤਮ, ਬੇਵਸੀ ਦਾ ਵਾਸਾ!... ਤਬਦੀਲੀ ਬੇਸ਼ੱਕ ਕੁਦਰਤ ਦਾ ਨੇਮ ਹੈ, ਪਰ ਤਬਦੀਲੀ ਦਾ ਜਿਹੜਾ ਭਾਣਾ ਪੰਜਾਬ ਵਿਚ ਵਾਪਰ ਰਿਹਾ ਹੈ, ਉਸ ਨੂੰ ਗੁਰਬਚਨ ਬਹੁਤ ਬਾਰੀਕੀ ਨਾਲ ਫੜਦਾ ਹੈ। ਇਸ ਤਬਦੀਲੀ ਲਈ ਉਹ 'ਤਹਿਸ ਨਹਿਸ' ਸ਼ਬਦ ਵਰਤਦਾ ਹੈ। ਇਸ ਪ੍ਰਸੰਗ ਵਿਚ ਉਹ ਰੈੱਡ ਇੰਡੀਅਨਜ਼ ਦੇ ਕਬੀਲੇ ਦੇ ਮੁਖੀ ਸਿਆਟਲ (ਜਿਸ ਦੇ ਨਾਂ 'ਤੇ ਸ਼ਹਿਰ ਸਿਆਟਲ ਦਾ ਨਾਂ ਪਿਆ) ਨੂੰ ਧਿਆਉਂਦਾ ਹੈ। ਸਿਆਟਲ ਅਮਰੀਕੀ ਰਾਸ਼ਟਰਪਤੀ ਨੂੰ ਲਿਖੀ ਚਿੱਠੀ ਵਿਚ ਕੂਕਾਂ ਮਾਰਦਾ ਹੈ- 'ਤੁਸੀਂ ਸਾਡੀ ਭੋਇੰ ਖੋਹ ਲਈ' ਅਤੇ ਗੁਰਬਚਨ ਲਿਖਦਾ ਹੈ: ਪੰਜਾਬ ਦਾ ਰੰਗ-ਰੂਪ ਬਦਲ ਰਿਹਾ, ਪੰਜਾਬੀ ਭਾਸ਼ਾ ਪ੍ਰਸੰਗਹੀਣ ਹੋ ਚੁੱਕੀ ਹੈ, ਤੇ ਪੰਜਾਬੀ ਬੰਦਾ ਦਾਰੂ ਪੀ ਕੇ ਵੱਡੀਆਂ ਕਾਰਾਂ 'ਚ ਦੌੜਿਆ ਫਿਰਦਾ। ਜਾਂ ਪੰਜਾਬ ਨੂੰ ਹੀ ਛੱਡੀ ਜਾਂਦਾ ਤੇ ਵਿਦੇਸ਼ਾਂ ਵਿਚ ਤੰਬੂ ਗੱਡੀ ਜਾਂਦਾ। ਇਧਰ, ਮੁਲਾਇਮ ਤੇ ਲਾਲੂ ਦੇਸਮ ਦੇ ਬੰਦੇ ਪੰਜਾਬ 'ਚ ਤੰਬੂ ਗੱਡੀ ਜਾਂਦੇ ਹਨ'।*


# ਚੰਡੀਗੜ੍ਹ 'ਚ ਨੰਦ ਲਾਲ ਨੂਰਪੁਰੀ ਤੇ ਮਿਰਜ਼ਾ ਗਾਲਿਬ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਚੰਡੀਗੜ੍ਹ ਦੇ ਨਾਟਕ ਰਸੀਆਂ ਲਈ ਜੂਨ ਮਹੀਨੇ ਦਾ ਅਖੀਰ ਅਤੇ ਜੁਲਾਈ ਦਾ ਅਰੰਭ ਬੜਾ ਭਾਗਾਂ ਭਰਿਆ ਸੀ। ਪਿਛਲੇ ਐਤਵਾਰ ਵਰਿੰਦਰ ਬੱਚਨ ਦੀ ਸੰਗੀਤ ਨਾਟ ਮੰਡਲੀ ਨੇ ਪੰਜਾਬੀ ਦੇ ਹਰਮਨ ਪਿਆਰੇ ਗੀਤਕਾਰ ਨੰਦ ਲਾਲ ਨੂਰਪੁਰੀ



*ਨੰਦ ਲਾਲ ਨੂਰਪੁਰੀ*

ਦੇ ਗੀਤਾਂ ਦੀ ਅਜਿਹੀ ਛਹਿਬਰ ਲਾਈ ਕਿ ਹਰ ਗੀਤ ਦੇ ਅੰਤ 'ਤੇ ਪੰਜਾਬ ਕਲਾ ਪ੍ਰੀਸ਼ਦ ਦਾ ਰੰਧਾਵਾ ਆਡੀਟੋਰੀਅਮ ਤਾੜੀਆਂ ਨਾਲ ਗੂੰਜਦਾ ਰਿਹਾ।

ਬੱਚਨ ਦੀ ਚੋਣ ਤੇ ਨਿਰਦੇਸ਼ ਕਿੰਨਾ ਚੰਗਾ ਸੀ ਗੀਤਾਂ ਦੇ ਮੁਖੜੇ ਗਵਾਹ ਹਨ: ਕਿਥੇ ਮਾਤਾ ਤੋਰਿਆ ਅਜੀਤ ਤੇ ਜੁਝਾਰ ਨੂੰ; ਏਥੋਂ ਉਡ ਜਾ ਭੋਲਿਆ ਪੰਛੀਆ ਤੂੰ ਆਪਣੀ ਜਾਨ ਬਚਾ; ਮੈਂ ਵਤਨ ਦਾ ਸ਼ਹੀਦ ਹਾਂ ਮੇਰੀ ਯਾਦ ਭੁਲਾ ਦੇਣਾ; ਮੈਨੂੰ ਦਿਉਰ ਦੇ ਵਿਆਹ ਵਿਚ ਨੱਚ ਲੈਣ ਦੇ; ਕੰਡੇ ਉਤੇ ਆ ਗਿਆ ਏ ਰੂਪ ਮੁਟਿਆਰ ਦਾ; ਨੂਰ ਕਿਵੇਂ ਡੁਲ੍ਹਦਾ ਹਵੇਲੀ ਵਾਲੇ ਜੱਟ ਦਾ; ਕੰਠੇ ਵਾਲਾ ਆ ਗਿਆ ਪ੍ਰਾਹੁਣਾ ਮਾਏਂ ਨੀ ਤੇਰੇ ਕੰਮ ਨਾ ਮੁੱਕੇ; ਵੰਗਾਂ ਵਾਲੇ ਹੱਥਾਂ ਨਾਲ ਤਾਰਾਮੀਰਾ ਤੋੜਦੀ ਫਿਰੇ; ਸਾਉਣ ਦਾ ਮਹੀਨਾ ਤੇ ਪੀਂਘਾਂ ਦੇ ਹੁਲਾਰੇ ਅਤੇ ਸੱਜਣ ਤੇਰੀ ਨੌਕਰ ਹੋ ਰਹੀ ਆਂ। ਵਰਿੰਦਰ ਬੱਚਨ ਨੇ ਉਹ ਗੀਤ ਚੁਣੇ ਜਿਹੜੇ ਨੂਰਪੁਰੀ ਦੇ 'ਪਗੜੀ ਸੰਭਾਲ ਜੱਟਾ' ਤੇ 'ਸ਼ੌਂਕਣ ਮੇਲੇ ਦੀ' ਨੂੰ ਵੀ ਮਾਤ ਪਾਉਂਦੇ ਸਨ।

ਸਮਾਗਮ ਦੀ ਵਾਗ ਡੋਰ ਤਾਂ ਪ੍ਰੀਤਮ ਰੁਪਾਲ ਦੇ ਹੱਥ ਸੀ ਪਰ ਇਸ ਨੂੰ ਮਹੱਤਵ ਦੇਣ ਵਿਚ ਗੁਰਚਰਨ ਸਿੰਘ ਬੋਪਾਰਾਏ ਦੀ ਦੇਣ ਵੀ ਘਟ ਨਹੀਂ ਸੀ। ਇਕ ਤਰ੍ਹਾਂ ਨਾਲ ਨੂਰਪੁਰੀ ਦਾ ਸਮਕਾਲੀ ਹੁੰਦਿਆਂ ਉਹਨੇ ਤੇ ਉਸ ਦੇ ਸਾਥੀ ਸਵਰਨ ਸਿੰਘ ਨੇ ਆਪਣੀ ਗਾਇਕੀ ਨੂੰ ਵੀ ਉਹਦੇ ਵਾਲਾ ਸੁਹਜ ਤੇ ਉਹਦੇ ਵਾਲੀ ਰੰਗਤ ਦੇਣ ਦਾ ਭਰਵਾਂ ਯਤਨ ਕੀਤਾ। ਜੇ ਨੂਰਪੁਰੀ ਲਾਇਲਪੁਰ ਜ਼ਿਲੇ ਦੇ ਪਿੰਡ ਨੂਰਪੁਰ ਦਾ ਜੰਮਪਲ ਸੀ ਤਾਂ ਬੋਪਾਰਾਏ ਦਾ ਆਪਣਾ ਪਿੰਡ ਵੀ ਨੇੜੇ ਹੀ ਸੀ।

ਮੈਂ ਆਪਣੇ ਆਪ ਨੂੰ ਸਾਹਿਤ ਤੇ ਸੰਗੀਤ ਦਾ ਰੱਸੀਆ ਸਮਝਦਾ ਹਾਂ ਪਰ ਸਮਾਗਮ ਵਿਚ ਬੈਠਾ ਮੈਂ ਆਪਣੇ ਆਪ ਨੂੰ ਬਾਰ-ਬਾਰ ਕੋਸਦਾ ਰਿਹਾ ਕਿ ਅਸੀਂ ਲੋਕਾਂ ਨੇ 2006 ਵਿਚ ਉਸ ਦੀ ਜਨਮ ਸ਼ਤਾਬਦੀ ਸਮੇਂ ਉਸ ਨੂੰ ਚੇਤੇ ਹੀ ਨਾ ਕੀਤਾ। ਨੂਰਪੁਰੀ ਦਾ ਜਨਮ 1906 ਵਿਚ ਹੋਇਆ। ਪੰਜਾਬ ਸੰਗੀਤ ਨਾਟਕ ਅਕਾਡਮੀ ਨੇ 110ਵੇਂ ਵਰ੍ਹੇ ਵਿਚ ਉਸ ਦੇ ਗੀਤਾਂ ਦਾ ਪ੍ਰੋਗਰਾਮ ਰਚਾ ਕੇ ਬਹੁਤ ਚੰਗਾ ਕੀਤਾ ਹੈ ਜਿਸ ਲਈ ਉਹ ਸ਼ੁਕਰਾਨੇ ਦੀ ਹੱਕਦਾਰ ਹੈ। ਪ੍ਰਬੰਧਕਾਂ ਨੇ ਇਸ ਮੌਕੇ ਨੂਰਪੁਰੀ ਦੇ ਮਈ 1966 ਦੇ ਮਹੀਨੇ ਖੂਹ 'ਚ ਛਾਲ ਮਾਰ ਕੇ ਜਾਨ ਦੇਣ ਨੂੰ ਵੀ ਅਤਿਅੰਤ ਮੰਦ ਭਾਗਾ ਕਿਹਾ।

ਇਹ ਸਬੱਬ ਦੀ ਗੱਲ ਹੈ ਕਿ ਇਸ ਤੋਂ ਇਕ ਸਪਤਾਹ ਪਹਿਲਾਂ ਜੂਨ ਮਹੀਨੇ ਦੇ ਅੰਤਲੇ ਦਿਨਾਂ ਵਿਚ ਚੰਡੀਗੜ੍ਹ ਸੰਗੀਤ ਨਾਟਕ ਅਕਾਡਮੀ ਨੇ ਟੈਗੋਰ ਥੀਏਟਰ ਵਿਚ 'ਗਾਲਿਬ ਇਨ ਨਿਊ ਦਿੱਲੀ' ਦਾ 400ਵਾਂ ਸ਼ੋਅ ਵਿਖਾ ਕੇ ਉਰਦੂ ਦੇ ਉਘੇ ਸ਼ਾਇਰ ਮਿਰਜ਼ਾ ਗ਼ਾਲਿਬ ਨੂੰ ਚੇਤੇ ਕੀਤਾ। ਇਹ ਨਾਟਕ ਨਵੀਂ ਦਿੱਲੀ ਦੇ ਪੀਰੋਟਸ ਟਰੂਪ ਨੇ ਡਾ. ਐਮ ਸਈਅਦ ਆਲਮ ਦੀ ਦੇਖ ਰੇਖ ਹੇਠ ਤਿਆਰ ਕੀਤਾ ਹੈ। ਸੁਣਨ ਵਿਚ ਇਹ ਗੱਲ ਓਪਰੀ ਤਾਂ ਲੱਗੇਗੀ ਕਿ ਇਹ ਨਾਟਕ ਗੰਭੀਰ ਹੋਣ ਦੀ ਥਾਂ ਕਾਮੇਡੀ ਹੈ, ਪਰ ਹੈ ਸੱਚ। ਨਾਟਕ ਦਾ ਅਰੰਭ ਮਿਰਜ਼ਾ ਗ਼ਾਲਿਬ ਦੀ ਰੱਬ ਅੱਗੇ ਬੇਨਤੀ ਨਾਲ ਹੁੰਦਾ ਹੈ, ਜਿਸ ਵਿਚ ਉਹ ਰੱਬ ਨੂੰ ਅਜੋਕੀ ਦਿੱਲੀ ਵੇਖਣ ਲਈ ਮਨਾ ਲੈਂਦਾ ਹੈ। ਰੱਬ ਉਸ ਨੂੰ ਸਿੱਧਾ ਆਈ ਐਸ. ਬੀ.ਟੀ. ਦੇ ਬੱਸ ਅੱਡੇ 'ਤੇ ਉਤਾਰ ਦਿੰਦਾ ਹੈ। ਮਿਰਜ਼ਾ ਗ਼ਾਲਿਬ ਨੂੰ ਸਭ ਕੁਝ ਓਪਰਾ ਤਾਂ ਲਗਦਾ ਹੈ ਪਰ ਉਹ ਆਪਣੀ ਟਰੰਕੀ ਚੁੱਕ ਕੇ ਆਪਣੀ ਹਵੇਲੀ ਦਾ ਪਤਾ ਪੁੱਛਣ ਲਗਦਾ ਹੈ।

ਪਾਨ ਵਾਲਾ, ਤਾਂਗੇ ਵਾਲਾ ਤੇ ਪੈਦਲ ਉਸ ਨੂੰ ਕੋਈ ਵੀ ਅਜਿਹਾ ਬੰਦਾ ਨਹੀਂ ਮਿਲਦਾ ਜੋ ਉਸ ਨੂੰ ਸਿੱਧੇ ਰਾਹ ਪਾ ਸਕੇ। ਉਹ ਆਪਣੀ ਸ਼ਾਇਰੀ ਦਾ ਸਹਾਰਾ ਲੈਂਦਾ ਹੈ ਤਾਂ ਇਹ ਵੀ ਉਸ ਦੇ ਕੰਮ ਨਹੀਂ ਆਉਂਦੀ। ਅੰਤ ਹਾਰ ਕੇ ਉਹ ਇੱਕ ਜੈ ਹਿੰਦ ਨਾਂ ਦੇ ਬਿਹਾਰੀ ਹਿੰਦੂ ਕੋਲ ਰਾਤ ਕੱਟਣ ਲਈ ਮਜਬੂਰ ਹੋ ਜਾਂਦਾ ਹੈ। ਜੈ ਹਿੰਦ ਖ਼ੁਦ ਕਿਸੇ ਸਰਵੈਂਟ ਕੁਆਰਟਰ ਵਿਚ ਰਹਿੰਦਾ ਹੈ। ਉਹ ਸ਼ਾਇਰੀ ਸੁਣਨ ਨਾਲੋਂ ਇਕ ਰਾਤ ਕੱਟਣ ਦਾ ਕਿਰਾਇਆ ਲੈਣ ਵਿਚ ਵਧੇਰੇ ਦਿਲਚਸਪੀ ਰਖਦਾ ਹੈ। ਮਿਰਜ਼ਾ ਗ਼ਾਲਿਬ ਮਕਾਨ-ਮਾਲਕਣ ਸ਼੍ਰੀਮਤੀ ਚੱਢਾ ਤੋਂ ਹਮਦਰਦੀ ਮੰਗਦਾ ਹੈ ਤਾਂ ਉਹ ਜਗਜੀਤ ਸਿੰਘ ਦੀਆਂ ਸਿਫ਼ਤਾਂ ਕਰਕੇ ਗ਼ਾਲਿਬ ਨੂੰ ਸ਼ਸ਼ੋਪੰਜ ਵਿਚ ਪਾ ਦਿੰਦੀ ਹੈ। ਸ਼੍ਰੀਮਤੀ ਚੱਢਾ ਦੇ ਵਿਚਾਰ ਅਨੁਸਾਰ ਜਗਜੀਤ ਸਿੰਘ ਗ਼ਾਲਿਬ ਦੀਆਂ ਗ਼ਜ਼ਲਾਂ



*ਮਿਰਜ਼ਾ ਗਾਲਿਬ*

ਦਾ ਗਾਇਕ ਹੀ ਨਹੀਂ ਰਚਣਹਾਰਾ ਵੀ ਹੈ। ਅੰਤ ਵਿਚ ਉਹ ਗ਼ਾਲਿਬ ਨੂੰ ਖ਼ੁਸ਼ ਕਰਨ ਲਈ ਆਪਣਾ ਚੇਤਾ ਖੁਰਚ ਕੇ ਗ਼ਾਲਿਬ ਨੂੰ ਦਸਦੀ ਹੈ ਕਿ ਉਸ ਨੂੰ ਗ਼ਾਲਿਬ ਦੀ ਉਹ ਗ਼ਜ਼ਲ ਬਹੁਤ ਪਸੰਦ ਹੈ, ਜਿਸ ਵਿਚ ਮੁਰਗੇ ਦਾ ਜ਼ਿਕਰ ਹੈ। ਜਦੋਂ ਗ਼ਾਲਿਬ ਦਸਦਾ ਹੈ ਕਿ ਉਸ ਦੀ ਸਮੁੱਚੀ ਰਚਨਾ 'ਚ ਮੁਰਗੇ ਦਾ ਜ਼ਿਕਰ ਕਿਧਰੇ ਵੀ ਨਹੀਂ ਤਾਂ ਸ਼੍ਰੀਮਤੀ ਚੱਢਾ ਗ਼ਾਲਿਬ ਦਾ ਹੇਠਲਾ ਸ਼ਿਅਰ ਸੁਣਾ ਕੇ ਗ਼ਾਲਿਬ ਦੇ ਸਿਰ 'ਤੇ ਸੌ ਘੜੇ ਪਾਣੀ ਪਾ ਦਿੰਦੀ ਹੈ:

ਹੋ ਚੁਕੀ ਗ਼ਾਲਿਬ ਬਲਾਏਂ ਸਭ ਤਮਾਮ
ਏਕ ਮਰਗ ਏ ਨਾਸਿਹਾਨੀ ਔਰ ਹੈ।

ਸ਼੍ਰੀਮਤੀ ਚੱਢਾ ਵਲੋਂ ਮਰਗ ਨੂੰ ਮੁਰਗਾ ਪੜ੍ਹਨਾ ਤੇ ਸਮਝਣਾ ਗ਼ਾਲਿਬ ਨੂੰ ਆਪਣਾ ਮੱਥਾ ਠੋਕਣ ਲਾ ਦਿੰਦਾ ਹੈ। ਥੱਕ ਹਾਰ ਕੇ ਗ਼ਾਲਿਬ ਆਪਣਾ ਦਬ-ਦਬਾਅ ਕਾਇਮ ਕਰਨ ਲਈ ਇਕ ਪ੍ਰੈਸ ਕਾਨਫਰੈਂਸ ਕਰਦਾ ਹੈ ਪਰ ਪੱਤਰਕਾਰ ਲੋਕ ਵੀ ਸ਼੍ਰੀਮਤੀ ਚੱਢਾ ਵਰਗੇ ਹੀ ਨਿਕਲਦੇ ਹਨ। ਨਾਟਕ ਵਿਚ ਗ਼ਾਲਿਬ ਦੀ ਪਛਾਣ ਦਾ ਸੰਕਟ ਤੇ ਦੁਖ ਦਰਦ ਹੀ ਨਹੀਂ, ਅਜੋਕੀ ਦਿੱਲੀ ਦੇ ਸਭਿਆਚਾਰਕ ਮੁਹਾਂਦਰੇ ਤੇ ਆਰਥਕ ਜੀਵਨ ਉਤੇ ਵੀ ਚਾਨਣਾ ਪਾਇਆ ਗਿਆ ਹੈ। ਮਿਰਜ਼ਾ ਗ਼ਾਲਿਬ ਦਾ ਰੋਲ ਡਾ. ਐਮ. ਸਈਅਦ ਆਲਮ ਨੇ ਨਿਭਾਇਆ ਜੋ ਪੂਰੇ ਨਾਟਕ ਦੀ ਜਿੰਦ ਜਾਨ ਸੀ। ਸਈਅਦ ਆਲਮ ਨੂੰ ਮਿਰਜ਼ਾ ਗ਼ਾਲਿਬ ਦੀ ਨਵੀਂ ਦਿੱਲੀ ਮੁਬਾਰਕ। ਜਿਥੋਂ ਤੱਕ ਚੰਡੀਗੜ੍ਹੀਆਂ ਦਾ ਸਵਾਲ ਹੈ ਉਹ ਨੂਰਪੁਰੀ ਤੇ ਗ਼ਾਲਿਬ ਦੀ ਚੰਡੀਗੜ੍ਹ ਆਮਦ ਉਤੇ ਮਾਲਾਮਾਲ ਹਨ।

**ਸ਼੍ਰੀਮਤੀ ਐਮ. ਐਸ. ਰੰਧਾਵਾ ਦੇ ਸੌ ਸਾਲ:** 22 ਜੂਨ 2016 ਨੂੰ ਸਵਰਗਵਾਸੀ ਡਾ. ਐਮ. ਐਸ. ਰੰਧਾਵਾ ਦੀ ਸ਼੍ਰੀਮਤੀ ਬੀਜੀ ਇਕਬਾਲ ਕੌਰ ਸੌ ਸਾਲ ਦੇ ਹੋ ਗਏ ਹਨ। ਜਿਉਂਦੇ ਜੀਅ ਡਾ. ਰੰਧਾਵਾ ਆਪਣੀ ਸ਼੍ਰੀਮਤੀ ਨੂੰ ਅਕਸਰ ਕਹਿੰਦੇ ਸਨ ਕਿ ਉਹ ਅਗਲੇ ਜਨਮ ਵਿਚ ਵੀ ਇਕਬਾਲ ਕੌਰ ਦਾ ਜੀਵਨ ਸਾਥ ਮਾਨਣ ਦੇ ਇਛੁੱਕ ਹਨ। ਪਰ ਉਪਰ ਵਾਲੇ ਨੇ ਤਿੰਨ ਮਾਰਚ 1986 ਵਾਲੇ ਦਿਨ ਹੀ ਐਮ. ਐਸ. ਰੰਧਾਵਾ ਨੂੰ ਆਪਣੀ ਗੋਦ ਵਿਚ ਲੈ ਲਿਆ। ਇਕਬਾਲ ਕੌਰ ਨੌਂ ਬਰ ਨੌਂ ਹਨ ਤੇ ਹਾਲੀਂ ਵੀ ਬਿਲਾ ਨਾਗਾ ਸੈਰ ਕਰਦੇ ਹਨ। ਇਸ ਤਰ੍ਹਾਂ ਰੰਧਾਵਾ ਜੋੜੀ ਨੇ ਧਰਤੀ ਤੇ ਆਕਾਸ਼ ਦੋਵੇਂ ਜਹਾਨ ਮੱਲ ਰੱਖੇ ਹਨ। ਦੋਵਾਂ ਨੂੰ ਦੋਨੋਂ ਜਹਾਨ ਮੁਬਾਰਕ। ਇੱਕ ਦੂਜੇ ਨੂੰ ਸਦੀਵੀ ਸਾਥ ਦੇਣ ਦਾ ਇਹ ਵੀ ਇੱਕ ਢੰਗ ਹੈ।

**ਅੰਤਿਕਾ:** ਟੀ ਐਨ ਰਾਜ ਵਲੋਂ ਗ਼ਾਲਿਬ ਦੇ ਸ਼ਿਅਰਾਂ ਦੀ ਪੈਰੋਡੀ

'ਹਮ ਸੇ ਖੁਲ੍ਹ ਜਾਓ ਬਵਕਤ-ਏ-ਮੈ
ਪ੍ਰਸਤੀ ਏਕ ਦਿਨ।
ਮਹਿੰਗੀ ਵਿਸਕੀ ਭੀ ਚਲੇਗੀ ਛੋੜ
ਸਸਤੀ ਏਕ ਦਿਨ।
ਤੁਮ ਸ਼ਰਾਬ ਆਕਰ ਹਮਾਰੇ ਸਾਥ
ਪੀਨਾ ਐ ਨਦੀਮ
ਮਾਰਚ ਮੇਂ ਹਰ ਸਾਲ
ਹੋ ਜਾਤੀ ਹੈ ਸਸਤੀ ਏਕ ਦਿਨ।
ਪਾਰਟੀ ਕੋ ਤੋੜੀਏ, ਫਿਰ ਜੋੜੀਏ,
ਫਿਰ ਤੋੜੀਏ
ਰੰਗ ਲੇ ਹੀ ਆਏਗੀ
ਮੌਕਾ ਪ੍ਰਸਤੀ ਏਕ ਦਿਨ।



*ਪਿਆਰ ਕਹਾਣੀ 1932: ਇਕਬਾਲ ਕੌਰ ਰੰਧਾਵਾ ਜੋ ਹੁਣ ਸੌ ਸਾਲ ਦੇ ਹੋ ਗਏ ਹਨ, ਆਪਣੀ 16 ਸਾਲ ਦੀ ਉਮਰੇ ਵਿਆਹ ਵੇਲੇ ਦੀ ਇਕ ਤਸਵੀਰ ਆਪਣੇ ਚੰਡੀਗੜ੍ਹ ਦੇ 9 ਸੈਕਟਰ ਵਿਚਲੇ ਘਰ ਵਿਚ ਦਿਖਾਉਂਦੇ ਹੋਏ। ਇਹ ਫੋਟੋ ਲਾਇਲਪੁਰ, ਪਾਕਿਸਤਾਨ ਵਿਚ 1932 ਵਿਚ ਖਿੱਚੀ ਗਈ ਜੋ ਉਸ ਸਮੇਂ ਇੰਡੀਅਨ ਸਿਵਲ ਸਰਵਿਸ ਦੀ ਟਰੇਨਿੰਗ ਲਈ ਲੰਦਨ ਗਏ ਐਮ ਐਸ ਰੰਧਾਵਾ ਨੂੰ ਭੇਜਣ ਲਈ ਖਿਚਵਾਈ ਗਈ ਸੀ*

## ਨੰਦ ਲਾਲ ਨੂਰਪੁਰੀ ਦੀਆਂ ਕੁਝ ਰਚਨਾਵਾਂ

### ਅੱਖੀਆਂ ਪਵਾੜੇ ਹੱਥੀਆਂ

ਅੱਖੀਆਂ ਪਵਾੜੇ ਹੱਥੀਆਂ
ਮੇਰੇ ਮਗਰੋਂ ਅਜੇ ਨਾ ਲੱਥੀਆਂ
ਥਾਂ ਥਾਂ ਫਸੀਆਂ ਮਰਨੋਂ ਬਚੀਆਂ
ਰੋ ਰੋ ਓੜਕ ਹੋਈਆਂ ਸਚੀਆਂ
ਨਿਕੀਆਂ ਨਿਕੀਆਂ ਗੱਲਾਂ ਬਦਲੇ
ਸੂਲੀਆਂ ਉਤੇ ਚੜ੍ਹ ਚੜ੍ਹ ਨਚੀਆਂ
ਇਹ ਮੈਨੂੰ ਲੈ ਲੱਥੀਆਂ
ਅੱਖੀਆਂ ਪਵਾੜੇ ਹੱਥੀਆਂ

ਨਜ਼ਰਾਂ ਜਾਲ ਵਿਛਾਂਦੀਆਂ ਰਹੀਆਂ
ਉਡਦੇ ਪੰਛੀ ਫਾਂਹਦੀਆਂ ਰਹੀਆਂ
ਅਥਰੂਆਂ ਦੇ ਅਣਵਿਧ ਮੋਤੀ
ਭਰ ਭਰ ਬੁਕ ਲਟੌਂਦੀਆਂ ਰਹੀਆਂ
ਇਹ ਮੈਨੂੰ ਲੈ ਲੱਥੀਆਂ...

ਲੈ ਲੈ ਤੀਰ ਕਮਾਨਾਂ ਛੁਰੀਆਂ
ਬਾਦਸ਼ਾਹਾਂ ਨੂੰ ਮਾਰਨ ਤੁਰੀਆਂ
ਖਾ ਕੇ ਤੀਰ ਜਾਂ ਤੜਫਨ ਲੱਗੀਆਂ
ਫਿਰ ਇਹ ਉਹਲੇ ਬਹਿ ਬਹਿ ਝੁਰੀਆਂ
ਇਹ ਮੈਨੂੰ ਲੈ ਲੱਥੀਆਂ...

ਜਾਂ ਮੈਂ ਘੂਰੀਆਂ ਡੁਸਕਣ ਲੱਗੀਆਂ
ਸਿਟ ਸਿਟ ਅਥਰੂ ਬਗੀਆਂ ਬਗੀਆਂ
ਰਾਤ ਪਈ ਤੇ ਕੋਠੇ ਟੱਪਕੇ
ਨਦੀਆਂ ਚੀਰਨ ਫਿਰ ਉਠ ਵਗੀਆਂ
ਇਹ ਮੈਨੂੰ ਲੈ ਲੱਥੀਆਂ...

ਕਚੇ ਘੜੇ ਦੇ ਵੇਖ ਕੇ ਹੀਲੇ
ਪਿਟ ਪਿਟ ਹੋਏ ਅੰਬਰ ਨੀਲੇ
'ਨੂਰਪੁਰੀ' ਇਹ ਸਮਝਦੀਆਂ ਨਾ
ਲਖ ਸਮਝਾਉਣ ਵਕੀਲ ਵਸੀਲੇ
ਇਹ ਮੈਨੂੰ ਲੈ ਲੱਥੀਆਂ
ਅੱਖੀਆਂ ਪਵਾੜੇ ਹੱਥੀਆਂ।

---

### ਕਾਲੇ ਰੰਗ ਦਾ ਪਰਾਂਦਾ

ਕਾਲੇ ਰੰਗ ਦਾ ਪਰਾਂਦਾ, ਸਾਡੇ ਸੱਜਣਾਂ ਨੇ ਆਂਦਾ
ਨੀ ਮੈਂ ਚੁੰਮ ਚੁੰਮ ਰੱਖਦੀ ਫਿਰਾਂ
ਕਿ ਪੱਬਾਂ ਭਾਰ ਨੱਚਦੀ ਫਿਰਾਂ

ਕਾਲਾ ਏ ਪਰਾਂਦਾ ਨਾਲੇ ਮੇਢੀਆਂ ਵੀ ਕਾਲੀਆਂ
ਅੰਬਰੀ ਘਟਾਵਾਂ ਅੱਜ ਕਾਲੀਆਂ
ਖ਼ੁਸ਼ੀ ਵਿਚ ਨੱਚਾਂ ਮੇਰੇ ਨਾਲ ਪਈਆਂ ਨੱਚਦੀਆਂ
ਕੰਨਾਂ ਵਿਚ ਪਈਆਂ ਹੋਈਆਂ ਵਾਲੀਆਂ।
ਨੀ ਮੈਂ ਕੁਝ ਕੁਝ ਝਕਦੀ ਫਿਰਾਂ...

ਸੱਜਣਾਂ ਦਾ ਹਾਸਾ ਮੈਨੂੰ ਦੇ ਗਿਆ ਦਿਲਾਸਾ
ਉਹਦੇ ਕਦਮਾਂ 'ਚ ਰੱਖ ਦਿਆਂ ਦਿਲ ਨੀ
ਫੁੱਲਾਂ ਉਤੇ ਜਿਵੇਂ ਕੋਈ ਭੌਰ ਬੈਠਾ ਜਾਪਦਾ ਏ
ਇੰਝ ਉਹਦੇ ਮੁਖੜੇ ਦਾ ਤਿਲ ਨੀ
ਨੀ ਮੈਂ ਲੁਕ ਲੁਕ ਤੱਕਦੀ ਫਿਰਾਂ...

ਰੁੜ੍ਹ ਪੁੜ ਜਾਣਾ ਚੰਨ ਅੰਬਰਾਂ ਦਾ ਅੜੀਓ ਨੀ
ਮੈਨੂੰ ਫਿਰੇ ਲੁਕ ਲੁਕ ਤੱਕਦਾ ਏ
ਅੰਬਰਾਂ ਤੇ ਰੱਬ ਦੀ ਵਾਅ ਸਾਨੂੰ ਝਲਦੀ ਨਹੀਂ
ਤਾਹੀਂਉਂ ਉਹਨੂੰ ਤੱਕਣੋਂ ਨਹੀਂ ਡਕਦਾ ਏ
ਨੀ ਮੈਂ ਅੱਖੀਆਂ ਨੂੰ ਡੱਕਦੀ ਫਿਰਾਂ
ਕਿ ਪੱਬਾਂ ਭਾਰ ਨੱਚਦੀ ਫਿਰਾਂ।

### ਤਾਰਾ ਮੀਰਾ

ਵੰਗਾਂ ਵਾਲਿਆਂ ਹੱਥਾਂ ਦੇ ਨਾਲ
ਤਾਰਾ ਮੀਰਾ ਤੋੜਦੀ ਫਿਰਾਂ
ਉਡੇ ਮੇਰਾ ਡੋਰੀਆ, ਉਡੇ ਹਵਾ ਦੇ ਨਾਲ
ਤਾਰਾ ਮੀਰਾ ਤੋੜਦੀ ਫਿਰਾਂ।

ਪੈਰੀਂ ਮੇਰੇ ਝਾਂਜਰ ਛਣਕੇ
ਹਿਕ ਤੇ ਹਾਰ ਹਮੇਲ
ਫੁੱਲਾਂ ਦੇ ਵਿਚ ਮੈਂ ਤਿਤਲੀ ਬਣ ਗਈ
ਵੇਲਾਂ 'ਚ ਬਣ ਗਈ ਵੇਲ
ਤਾਰਾ ਮੀਰਾ ਤੋੜਦੀ ਫਿਰਾਂ।

ਭਾਬੋ ਮੇਰੀ ਛੈਲ ਛਬੀਲੀ
ਵੀਰ ਮਲੂਕ ਨਦਾਨ
ਲੁਕਨ ਮੀਚੀਆਂ ਖੇਡਣ ਫਿਰਦੇ
ਕਣਕਾਂ ਦੇ ਖੇਤ ਜਵਾਨ
ਤਾਰਾ ਮੀਰਾ ਤੋੜਦੀ ਫਿਰਾਂ।

ਕੀਤੀਆਂ ਗੋਡੀਆਂ ਲਗੀਆਂ ਡੋਡੀਆਂ
ਖਿੜੇ ਕਪਾਹ ਦੇ ਹਾਸੇ
ਜੱਟੀ ਦੀ ਜਵਾਨੀ ਸਾਂਭੀ ਨਾ ਜਾਵੇ
ਤੁਰਦੀ ਮਾਰਦੀ ਪਾਸੇ
ਤਾਰਾ ਮੀਰਾ ਤੋੜਦੀ ਫਿਰਾਂ।

ਸਾਡੇ ਤੇ ਵੇਹੜੇ ਅੰਬੀਆਂ ਰਸੀਆਂ
ਵਿਚ ਵਿਚ ਖਿੜੇ ਅਨਾਰ
ਚੰਦਰੀ ਗਵਾਂਢਣ ਝਾਤੀਆਂ ਮਾਰੇ
ਝਾਤੀਆਂ ਨਿਰੀ ਤਲਵਾਰ
ਤਾਰਾ ਮੀਰਾ ਤੋੜਦੀ ਫਿਰਾਂ।

---

### ਜੁੱਤੀ ਕਸੂਰੀ

ਜੁੱਤੀ ਕਸੂਰੀ ਪੈਰੀਂ ਨਾ ਪੂਰੀ
ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ
ਜਿਨ੍ਹਾਂ ਰਾਹਾਂ ਦੀ ਮੈਂ ਸਾਰ ਨਾ ਜਾਣਾ
ਉਹਨੀ ਰਾਹੀਂ ਵੇ ਮੈਨੂੰ ਮੁੜਨਾ ਪਿਆ।

ਸਹੁਰੇ ਪਿੰਡ ਦੀਆਂ ਲੰਮੀਆਂ ਵਾਟਾਂ
ਬੜਾ ਪਵਾੜਾ ਪੈ ਗਿਆ
ਯੱਕਾ ਤੇ ਭਾੜੇ ਕੋਈ ਨਾ ਕੀਤਾ
ਮਾਹੀਆ ਪੈਦਲ ਲੈ ਗਿਆ

ਲੈ ਮੇਰਾ ਮੁਕਲਾਵਾ ਢੋਲਾ
ਸੜਕੇ ਸੜਕੇ ਜਾਂਵਦਾ
ਕੱਢਿਆ ਘੁੰਡ ਕੁਝ ਕਹਿ ਨਾ ਸਕਦੀ
ਦਿਲ ਮੇਰਾ ਸ਼ਰਮਾਂਵਦਾ

ਸੋਹਲ ਪਿੰਨੀਆਂ ਪੈਰ ਕੂਲੇ
ਸਾਥੋਂ ਤੁਰਿਆ ਜਾਏ ਨਾ
ਸੱਜਰਾ ਜੋਬਨ ਸਿਖ਼ਰ ਦੁਪਹਿਰਾ
ਤਰਸ ਸੋਹਣਾ ਖਾਏ ਨਾ

ਪੈਰਾਂ ਦੇ ਵਿਚ ਪੈ ਗਏ ਛਾਲੇ
ਮੂੰਹ ਮੇਰਾ ਕੁਮਲਾਂਵਦਾ
ਮਾਹੀਆ ਤੁਰਦਾ ਜਾਏ ਅਗੇਰੇ
ਪਿਛਾਂਹ ਨਾ ਝਾਤੀ ਪਾਂਵਦਾ

ਜੁੱਤੀ ਕਸੂਰੀ ਪੈਰੀਂ ਨਾ ਪੂਰੀ
ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ
ਜਿਨ੍ਹਾਂ ਰਾਹਾਂ ਦੀ ਮੈਂ ਸਾਰ ਨਾ ਜਾਣਾ
ਉਹਨੀ ਰਾਹੀਂ ਵੇ ਮੈਨੂੰ ਮੁੜਨਾ ਪਿਆ।

---

### ਨੱਚ ਲੈਣ ਦੇ

ਮੈਨੂੰ ਦਿਉਰ ਦੇ ਵਿਆਹ ਵਿਚ ਨੱਚ ਲੈਣ ਦੇ
ਜਿਹਨੂੰ ਝੂਠ ਝੂਠ ਕਹਿੰਦੇ ਨੇ ਹੋ ਸੱਚ ਲੈਣ ਦੇ

ਹਟੋ ਨੀ ਸਹੇਲੀਓ ਹਟਾਓ ਨਾ ਨੀ ਗੋਰੀਓ
ਗੁੜ ਵਾਂਗੂੰ ਮਿੱਠੀਓ ਨੀ ਗੰਨੇ ਦੀਓ ਪੋਰੀਓ
ਨੀ ਮੈਨੂੰ ਅੱਗ ਦੇ ਭਬੂਕੇ ਵਾਂਗੂੰ ਮੱਚ ਲੈਣ ਦੇ
ਨੀ ਮੈਨੂੰ ਦਿਉਰ ਦੇ ਵਿਆਹ ਵਿਚ ਨੱਚ ਲੈਣ ਦੇ

ਸੌਂਫੀਆ ਦੁਪੱਟਾ ਨੀ ਮੈਂ ਸ਼ੌਂਕ ਨਾਲ ਰੰਗਿਆ
ਹਾਸੀਆਂ ਨੂੰ ਰੋਕ ਰੋਕ ਮਾਹੀ ਕੋਲੋਂ ਲੰਘਿਆ
ਨੀ ਮੈਨੂੰ ਮਾਹੀ ਵਾਲੇ ਰੰਗ ਵਿਚ ਰੱਚ ਲੈਣ ਦੇ
ਨੀ ਮੈਨੂੰ ਦਿਉਰ ਦੇ ਵਿਆਹ ਵਿਚ ਨੱਚ ਲੈਣ ਦੇ

ਗੁੱਤ ਖੁਲ੍ਹ ਗਈ ਏ ਉਹਨੂੰ ਹੋਰ ਨੀ ਖਿੰਡਾ ਦਿਉ
ਨਾਗ ਕਿਵੇਂ ਕੀਲਾਂ ਮੈਨੂੰ ਜੋਗਣ ਬਣਾ ਦਿਉ
ਨੀ ਮੈਨੂੰ ਗਿੱਧੇ ਵਿਚ ਸਹਜੇ ਸਹਜੇ ਜੱਚ ਲੈਣ ਦੇ
ਨੀ ਮੈਨੂੰ ਦਿਉਰ ਦੇ ਵਿਆਹ ਵਿਚ ਨੱਚ ਲੈਣ ਦੇ

ਵਿਹੜਾ ਕਿਵੇਂ ਗੂੰਜਦਾ ਤੇ ਕੰਧਾਂ ਕਿਵੇਂ ਗੌਂਦੀਆਂ
ਪਿੰਡ ਸਾਰਾ ਘੁੰਮੇ ਵਾਜਾਂ ਪਿੰਡ ਵਿਚੋਂ ਔਂਦੀਆਂ
ਨੀ ਅੜੀਓ 'ਨੂਰਪੁਰੀ' ਬਚਦਾ ਜੇ ਬੱਚ ਲੈਣ ਦੇ
ਨੀ ਮੈਨੂੰ ਦਿਉਰ ਦੇ ਵਿਆਹ ਵਿਚ ਨੱਚ ਲੈਣ ਦੇ।


–0–

# ਜ਼ੁਲਮਤਾਂ ਦੇ ਦੌਰ 'ਚ ਗਾਈ ਪ੍ਰੇਮ ਕਹਾਣੀ: ਬੰਬੇ



ਆਵਾਜ਼ ਦੇ ਕਹਾਂ ਹੈ... -53-

ਕੁਲਦੀਪ ਕੌਰ
ਫੋਨ: +91-98554-04330


ਫਿਲਮ ਦੇ ਇਕ ਦ੍ਰਿਸ਼ ਵਿਚ ਅਰਵਿੰਦ ਸੁਆਮੀ ਅਤੇ ਮਨੀਸ਼ਾ ਕੋਇਰਾਲਾ।

ਫਿਲਮਸਾਜ਼ ਮਣੀ ਰਤਨਮ ਦੀ ਫਿਲਮ 'ਬੰਬੇ' ਰਿਲੀਜ਼ ਹੁੰਦਿਆਂ ਸਾਰ ਵਿਵਾਦਾਂ ਵਿਚ ਘਿਰ ਗਈ। ਸਭ ਤੋਂ ਪਹਿਲਾਂ ਤਾਂ ਸੈਂਸਰ ਬੋਰਡ ਨੇ ਇਸ ਨੂੰ ਪਾਸ ਕਰਨ ਤੋਂ ਇਨਕਾਰ ਕਰ ਦਿਤਾ; ਅਖੇ: ਫਿਲਮ ਦਾ ਵਿਸ਼ਾ-ਵਸਤੂ ਧਾਰਮਿਕ ਦੰਗਿਆਂ 'ਤੇ ਆਧਾਰਿਤ ਹੋਣ ਕਰ ਕੇ ਇਹ ਹਿੰਦੂ-ਮੁਸਲਿਮ ਧਿਰਾਂ ਵਿਚ ਤਣਾਉ ਦਾ ਕਾਰਨ ਬਣ ਸਕਦੀ ਹੈ। ਫਿਲਮ ਉਚ ਵਰਗੀ ਤੇ ਉਚ ਜਾਤ ਦੇ ਮੁੰਡੇ ਸ਼ੰਕਰ ( ਸ਼ਿਵ ਦੇਵਤਾ ਦਾ ਛੋਟਾ ਨਾਮ) ਦੇ ਗਰੀਬ ਮੁਸਲਿਮ ਪਰਿਵਾਰ ਦੀ ਕੁੜੀ ਸ਼ੈਲ਼ਾ ਬਾਨੋ (ਮਨੀਸ਼ਾ ਕੋਇਰਾਲਾ) ਨਾਲ ਵਿਆਹ ਅਤੇ ਬਾਅਦ ਵਿਚ ਪਰਿਵਾਰ ਦੇ ਤੌਰ 'ਤੇ ਉਨ੍ਹਾਂ ਦੇ ਮਜ਼ਹਬੀ ਨਫਰਤ ਨਾਲ ਟਕਰਾਉ ਉਪਰ ਅਧਾਰਿਤ ਹੈ। ਸ਼ੰਕਰ ਦਾ ਕਿਰਦਾਰ ਅਦਾਕਾਰ ਅਰਵਿੰਦ ਸੁਆਮੀ ਨੇ ਨਿਭਾਇਆ। ਉਹ ਬੰਬਈ ਵਿਚ ਬਤੌਰ ਪੱਤਰਕਾਰ ਕੰਮ ਕਰ ਰਿਹਾ ਹੈ। ਫਿਲਮ ਦੀ ਪਿਠਭੂਮੀ ਅਤੇ ਕਥਾਨਕ ਵਿਚ ਵਾਰ-ਵਾਰ ਬਾਬਰੀ ਮਸਜਿਦ ਦੇ ਢਾਹੇ ਜਾਣ ਅਤੇ 1993 ਦੇ ਬੰਬਈ ਦੰਗਿਆਂ ਦਾ ਅਲਾਪ ਗੂੰਜਦਾ ਹੈ। ਫਿਲਮ ਦੰਗਿਆਂ ਬਾਰੇ ਮੀਡੀਆ ਅਤੇ ਨੇਤਾਵਾਂ ਦੀਆਂ ਥਿਊਰੀਆਂ ਤੋਂ ਪਾਰ ਜਾਂਦਿਆਂ ਵੱਖ-ਵੱਖ ਫਿਰਕਿਆਂ ਵਿਚ ਮੌਜੂਦ ਗਹਿਰੀਆਂ ਆਪਸੀ ਤੰਦਾਂ ਦੀ ਮਜ਼ਬੂਤੀ ਦੀ ਨਿਸ਼ਾਨਦੇਹੀ ਕਰਦੀ ਹੈ। ਨਾਟਕਕਾਰ ਬਰੈਖਤ ਪੁੱਛਦਾ ਹੈ- 'ਕੀ ਜ਼ੁਲਮਤਾਂ ਦੇ ਦੌਰ ਵਿਚ ਵੀ ਗੀਤ ਗਾਏ ਜਾਣਗੇ?' ਫਿਲਮ 'ਬੰਬੇ' ਵਿਚਲੇ ਪ੍ਰੇਮ ਗੀਤ ਨੂੰ ਸੁਣਦਿਆਂ ਕਿਹਾ ਜਾ ਸਕਦਾ ਹੈ: 'ਹਾਂ! ਜ਼ੁਲਮਤਾਂ ਦੇ ਦੌਰ ਵਿਚ, ਜ਼ੁਲਮਤਾਂ ਬਾਰੇ ਗੀਤ ਗਾਏ ਜਾਣਗੇ'।

ਫਿਲਮ ਬਾਰੇ ਦੂਜਾ ਵਿਵਾਦ ਉਦੋਂ ਖੜ੍ਹਾ ਹੋਇਆ ਜਦੋਂ ਹਿੰਦੂ ਪੱਖੀ ਕੁਝ ਜਥੇਬੰਦੀਆਂ ਨੇ ਇਸ ਫਿਲਮ ਵਿਚ ਬਾਲ ਠਾਕਰੇ ਨਾਲ ਮਿਲਦੇ-ਜੁਲਦੇ ਹਿੰਦੂ ਨੇਤਾ ਦੇ ਦੰਗੇ ਭੜਕਾਉਣ ਵਿਚ ਸ਼ਾਮਿਲ ਦਿਖਾਏ ਜਾਣ ਦਾ ਵਿਰੋਧ ਕਰਦਿਆਂ ਨਿਰਦੇਸ਼ਕ ਮਣੀ ਰਤਨਮ ਦੇ ਘਰ 'ਤੇ ਪਥਰਾਉ ਕੀਤਾ। ਫਿਲਮ ਬਾਰੇ ਤੀਜਾ ਵਿਵਾਦ ਮੁਸਲਮਾਨਾਂ ਦੇ ਇਕ ਵਰਗ ਦੁਆਰਾ ਫਿਲਮ ਵਿਚ ਮੁਸਲਿਮ ਕਿਰਦਾਰਾਂ ਨੂੰ ਦੰਗੇ ਕਰਦਿਆਂ ਦਿਖਾਏ ਜਾਣ ਬਾਰੇ ਹੋਇਆ। ਇਸ ਫਿਲਮ ਨੂੰ ਅਗਜ਼ਨੀ, ਮਾਰ-ਕੁਟਾਈ ਅਤੇ ਜਲਾ ਕੇ ਮਾਰਨ ਦੇ ਅਨੇਕਾਂ ਦ੍ਰਿਸ਼ਾਂ ਕਾਰਨ 'ਏ' ਸਰਟੀਫਿਕੇਟ ਨਾਲ ਦਿਖਾਏ ਜਾਣ ਦੀ ਇਜਾਜ਼ਤ ਮਿਲੀ।

ਇਹ ਫਿਲਮ ਦੋ ਹਿਸਿਆਂ ਵਿਚ ਵੰਡੀ ਮਿਲਦੀ ਹੈ। ਪਹਿਲੇ ਹਿਸੇ ਵਿਚ ਸ਼ੰਕਰ ਅਤੇ ਸ਼ੈਲਾ ਦੀ ਪ੍ਰੇਮ ਕਹਾਣੀ ਹੈ ਜੋ ਧਰਮ ਦੇ ਆਧਾਰ ਉਤੇ ਬੰਦੇ 'ਤੇ ਲਾਈਆਂ ਬੰਦਸ਼ਾਂ 'ਤੇ ਵਿਅੰਗ ਕੱਸਦੀ ਹੈ। ਇਸ ਦਾ ਦੂਜਾ ਹਿਸਾ ਉਨ੍ਹਾਂ ਦੰਗਈਆਂ ਦੀ ਵਹਿਸ਼ਤ ਨਾਲ ਭਰਿਆ ਹੋਇਆ ਹੈ ਜਿਨ੍ਹਾਂ ਦਾ ਧਰਮ ਦੇ ਅਸੂਲਾਂ ਨਾਲ ਕੋਈ ਲੈਣਾ-ਦੇਣਾ ਨਹੀਂ, ਸਗੋਂ ਜੋ ਅਫਵਾਹਾਂ, ਭਾਸ਼ਣਾਂ ਅਤੇ ਜਨੂਨੀ ਪ੍ਰਚਾਰ ਦਾ ਸ਼ਿਕਾਰ ਹੋ ਕੇ ਆਪਣੇ ਹੀ ਘਰਾਂ-ਮੁਹੱਲਿਆਂ ਨੂੰ ਨਰਕ ਬਣਾ ਲੈਂਦੇ ਹਨ। ਭਾਰਤ ਵਿਚ ਦੰਗਿਆਂ ਦੀ ਸਿਆਸਤ ਦਾ ਖੂੰਨੀ ਇਤਿਹਾਸ ਹੈ ਅਤੇ ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਨ੍ਹਾਂ ਦੰਗਿਆਂ ਵਿਚ ਮਾਰੇ ਜਾਣ ਵਾਲਿਆਂ ਤੋਂ ਵੱਧ ਨਰਕ ਉਹ ਹੰਢਾਉਂਦੇ ਹਨ ਜਿਹੜੇ ਬੇਚਿਹਰਾ ਭੀੜ ਦਾ ਹਿਸਾ ਬਣ ਕੇ ਵਹਿਸ਼ਤ ਦਾ ਨਾਚ ਨੱਚਦੇ ਹਨ। ਇਨ੍ਹਾਂ ਦੰਗਿਆਂ ਵਿਚ ਉਜੜੇ ਲੋਕ ਪੀੜ੍ਹੀ-ਦਰ-ਪੀੜ੍ਹੀ ਸਦਮਿਆਂ ਅਤੇ ਦਰਦਾਂ ਨਾਲ ਵਾਰ-ਵਾਰ ਮੱਥਾ ਲਗਾਉਂਦੇ ਹਨ, ਪਰ ਇਸ ਦਰਦ ਦੇ ਜਨਮਦਾਤੇ 'ਧਰਮੀ ਲੋਕ' ਕਦੇ ਵੀ ਸ਼ਰਮਿੰਦਾ ਨਹੀਂ ਹੁੰਦੇ। ਕੀ ਇਕ ਵਾਰ ਨਰਕ ਵਿਚੋਂ ਗੁਜ਼ਰਨ ਤੋਂ ਬਾਅਦ ਦੂਜੀ ਵਾਰ ਦੰਗੇ ਦੀ ਸੰਭਾਵਨਾ ਨਾਲ ਤਰਕ ਨਾਲ ਨਹੀਂ ਨਜਿੱਠਿਆ ਜਾ ਸਕਦਾ ਹੈ?


ਇਸ ਫਿਲਮ ਦਾ ਸਭ ਤੋਂ ਵੱਧ ਪ੍ਰਭਾਵਿਤ ਕਰਨ ਵਾਲਾ ਤੱਤ ਇਸ ਦੀ ਸਿਨੇਮਾਟੋਗ੍ਰਾਫੀ ਹੈ ਜੋ ਰਾਜੀਵ ਮੈਨਨ ਦੇ ਕੈਮਰੇ ਦਾ ਕਮਾਲ ਹੈ। ਬੰਬਈ ਦੇ ਦੰਗੇ ਫਿਲਮਾਉਣ ਲਈ ਚੇਨਈ ਵਿਚ ਸੈੱਟ ਲਗਾਏ ਗਏ, ਪਰ ਫਿਲਮ ਵਿਚ ਦੰਗਿਆਂ ਨਾਲ ਸਬੰਧਿਤ ਦ੍ਰਿਸ਼ ਇੰਨੇ ਪ੍ਰਭਾਵੀ ਹਨ ਕਿ ਦਰਸ਼ਕ ਖੁਦ ਨੂੰ ਵੀ ਉਸ ਤਰਾਸਦੀ ਦਾ ਸ਼ਿਕਾਰ ਬਣਦਾ ਮਹਿਸੂਸ ਕਰਦਾ ਹੈ। ਫਿਲਮ ਦੇ ਇਕ ਦ੍ਰਿਸ਼ ਵਿਚ ਸ਼ੰਕਰ ਅਤੇ ਸ਼ੈਲਾ ਦੇ ਦੋਵਾਂ ਬੱਚਿਆਂ ਨੂੰ ਭੀੜ ਜ਼ਿੰਦਾ ਜਲਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਬੱਚਿਆਂ 'ਤੇ ਮਿੱਟੀ ਦਾ ਤੇਲ ਛਿੜਕਣ ਦਾ ਦ੍ਰਿਸ਼ ਰੌਂਗਟੇ ਖੜ੍ਹੇ ਕਰਨ ਵਾਲਾ ਹੈ। ਘਰ ਜਲਾਉਣ ਕਾਰਨ ਬਿਮਾਰ, ਬਜ਼ੁਰਗ ਅਤੇ ਬੱਚੇ ਕਿਵੇਂ ਜਲਦੀਆਂ ਲਾਸ਼ਾਂ ਬਣ ਜਾਂਦੇ ਹਨ, ਇਸ ਦਾ ਚਿਤਰਨ ਕਰਦੇ ਸਮੇਂ ਨਿਰਦੇਸ਼ਕ ਦੀ ਤਕਲੀਫ ਸਜਿਹੇ ਹੀ ਮਹਿਸੂਸ ਕੀਤੀ ਜਾ ਸਕਦੀ ਹੈ!

ਇਸ ਫਿਲਮ ਦਾ ਅੰਤ ਕੁਝ ਹੱਦ ਤੱਕ ਉਮੀਦ 'ਤੇ ਕੀਤਾ ਗਿਆ ਹੈ। ਫਿਲਮ ਅਰਵਿੰਦ ਸੁਆਮੀ ਅਤੇ ਮਨੀਸ਼ਾ ਕੋਇਰਾਲਾ ਦੀ ਅਦਾਕਾਰੀ ਕਾਰਨ ਕਲਾਸਿਕ ਬਣ ਸਕੀ ਹੈ। ਫਿਲਮ ਦਾ ਗੀਤ-ਸੰਗੀਤ ਜਾਦੂ ਵਾਂਗ ਅਸਰ ਕਰਦਾ ਹੈ। ਫਿਲਮ ਦੇ ਗਾਣਿਆਂ 'ਕਹਿਨਾ ਹੀ ਕਿਆ', 'ਤੂੰ ਹੀ ਰੇ' ਨੇ ਤਮਿਲ ਸੰਗੀਤ ਦੇ ਧਾਗੇ ਨਾਲ ਸਾਰੇ ਭਾਰਤ ਨੂੰ ਇਕ ਲੜੀ ਵਿਚ ਪਰੋ ਦਿੱਤਾ। ਮਣੀ ਰਤਨਮ ਨੇ ਇਹ ਫਿਲਮ ਫਿਰਕੂ ਤਾਕਤਾਂ ਦੇ ਮੂੰਹਜ਼ੋਰ ਹੋਣ ਦੇ ਦੌਰ ਵਿਚ ਬਣਾਈ ਜਿਸ ਕਾਰਨ ਇਸ ਫਿਲਮ ਦੀ ਇਤਿਹਾਸਕ ਮਹੱਤਤਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਇਹ ਇਕ ਨਿਰਦੇਸ਼ਕ ਦਾ ਜਨੂੰਨੀ ਸਿਆਸਤ ਨੂੰ ਲਿਖਿਆ ਵਿਰੋਧ-ਪੱਤਰ ਵੀ ਤਾਂ ਹੈ। -0-



ਫਿਲਮ 'ਬੰਬੇ' ਦਾ ਸਿਨੇਮਾਟੋਗ੍ਰਾਫਰ ਰਾਜੀਵ ਮੈਨਨ ਅਤੇ (ਸੱਜੇ) ਉਸ ਦੀ ਕਲਾ ਦਾ ਕਮਾਲ- ਫਿਲਮ ਦਾ ਰੁਮਾਂਟਿਕ ਦ੍ਰਿਸ਼।


# ਇਰਫਾਨ ਮਦਾਰੀ




ਇਰਫ਼ਾਨ ਖਾਨ ਅਦਾਕਾਰੀ ਦੇ ਨਾਲ-ਨਾਲ ਹੁਣ ਨਿਰਮਾਤਾ ਵੀ ਬਣ ਗਿਆ ਹੈ। ਇਸ ਤੋਂ ਪਹਿਲਾਂ ਉਸ ਨੇ ਨਿਰਮਾਤਾ ਦੇ ਤੌਰ 'ਤੇ ਫਿਲਮ 'ਲੰਚ ਬੌਕਸ' ਵੀ ਬਣਾਈ ਸੀ। ਇਸ ਫਿਲਮ ਵਿਚ ਮੁਖ ਰੋਲ ਵੀ ਉਸੇ ਦਾ ਸੀ। ਹੁਣ ਉਸ ਨੇ ਫਿਲਮ 'ਮਦਾਰੀ' ਦਾ ਨਿਰਮਾਣ ਕੀਤਾ ਹੈ। ਨਿਸ਼ੀਕਾਂਤ ਕਾਮਤ ਵਲੋਂ ਨਿਰਦੇਸ਼ਿਤ ਇਸ ਫਿਲਮ ਵਿਚ ਵੀ ਇਰਫ਼ਾਨ ਮੁੱਖ ਭੂਮਿਕਾ ਵਿਚ ਹੈ। ਉਹ ਖੁਲਾਸਾ ਕਰਦਾ ਹੈ ਕਿ 'ਲੰਚ ਬੌਕਸ' ਦੀ ਨਾਮਾਵਲੀ ਵਿਚ ਨਿਰਮਾਤਾ ਦੇ ਤੌਰ 'ਤੇ ਉਸ ਦਾ ਨਾਂ ਜ਼ਰੂਰ ਸੀ, ਪਰ ਉਸ ਫਿਲਮ ਵਿਚ ਨਿਰਮਾਤਾ ਵਜੋਂ ਕੋਈ ਖਾਸ ਯੋਗਦਾਨ ਨਹੀਂ ਸੀ। ਅਸਲ ਵਿਚ ਉਹ ਕੁਝ ਲੋਕ ਮਿਲ ਕੇ ਫਿਲਮ ਬਣਾ ਰਹੇ ਸੀ। ਫਿਲਮ ਬਾਰੇ ਜਦੋਂ ਚੰਗੀ ਰਿਪੋਰਟ ਫੈਲਣ ਲੱਗੀ ਤਾਂ ਕਰਨ ਜੌਹਰ ਸਮੇਤ ਕੁਝ ਵੱਡੇ ਲੋਕ ਇਸ ਦੇ ਨਿਰਮਾਣ ਵਿਚ ਹੱਥ ਵੰਡਾਉਣ ਆ ਗਏ। ਫਿਲਮ ਮਦਾਰੀ ਬਾਰੇ ਉਹ ਆਖਦਾ ਹੈ: ਇਹ ਹਕੀਕੀ ਸਿਨੇਮਾ ਹੈ। ਇਸ ਵਿਚ ਅਜਿਹੇ ਆਦਮੀ ਦੀ ਕਹਾਣੀ ਹੈ ਜਿਹੜਾ ਭ੍ਰਿਸ਼ਟਾਚਾਰ ਤੋਂ ਪਰੇਸ਼ਾਨ ਹੈ। ਇਕ ਆਮ ਆਦਮੀ ਦੇ ਕਰੀਬੀ ਦੀ ਮੌਤ ਉਸ ਪੁਲ ਦੇ ਟੁੱਟਣ ਨਾਲ ਹੋ ਜਾਂਦੀ ਹੈ ਜਿਸ ਦੇ ਨਿਰਮਾਣ ਵਿਚ ਬਹੁਤ ਭ੍ਰਿਸ਼ਟਾਚਾਰ ਹੋਇਆ ਹੁੰਦਾ ਹੈ। ਆਪਣੇ ਨੇੜਲੇ ਦੀ ਮੌਤ ਲਈ ਜ਼ਿੰਮੇਦਾਰ ਲੋਕਾਂ ਨੂੰ ਸਜ਼ਾ ਦੇਣ ਲਈ ਇਹ ਆਦਮੀ ਨਿਕਲ ਪੈਂਦਾ ਹੈ ਅਤੇ ਕਿਸ ਤਰ੍ਹਾਂ ਉਹ ਆਪਣੇ ਮਿਸ਼ਨ ਨੂੰ ਕਾਮਯਾਬ ਕਰਦਾ ਹੈ, ਇਹੀ ਇਸ ਫਿਲਮ ਦੀ ਕਹਾਣੀ ਹੈ। ਫਿਲਮ ਦੇ ਨਾਂ ਬਾਰੇ ਇਰਫਾਨ ਨੇ ਦੱਸਿਆ ਕਿ ਫਿਲਮ ਵਿਚ ਪੁਲ ਦੇ ਟੁੱਟਣ ਦੀ ਕਹਾਣੀ ਹੈ, ਪਰ ਇਸ ਵਿਚ ਪੁਲ ਕਹਾਣੀ ਦੇ ਕੇਂਦਰ ਵਿਚ ਨਹੀਂ। ਕਹਾਣੀ ਵਿਚ ਕਈ ਪਰਤਾਂ ਹਨ। ਇਸ ਵਿਚ ਬਾਪ-ਬੇਟੇ ਦੀ ਭਾਵੁਕਤਾ ਵਾਲੀ ਕਹਾਣੀ ਵੀ ਹੈ। ਆਮ ਆਦਮੀ ਦੀ ਕਹਾਣੀ ਤਾਂ ਹੈ ਹੀ। ਆਮ ਆਦਮੀ ਆਪਣੇ ਘਰ ਵਿਚ ਮਦਾਰੀ ਹੀ ਤਾਂ ਹੁੰਦਾ ਹੈ, ਪਰ ਦਫਤਰ ਪਹੁੰਚਦੇ ਸਾਰ ਉਹ ਜਮੂਰਾ ਬਣ ਜਾਂਦਾ ਹੈ। ਸੋ, ਆਮ ਆਦਮੀ ਕਦੀ ਮਦਾਰੀ ਤੇ ਕਦੀ ਜਮੂਰਾ ਬਣਦਾ ਹੈ। -0-



# ਅਨੁਸ਼ਕਾ ਸ਼ਰਮਾ ਦੀ ਭਲਵਾਨੀ




ਅਦਾਕਾਰਾ ਅਨੁਸ਼ਕਾ ਸ਼ਰਮਾ ਨੇ ਫਿਲਮ 'ਸੁਲਤਾਨ' ਵਿਚ ਪਹਿਲਵਾਨ ਦਾ ਕਿਰਦਾਰ ਨਿਭਾਇਆ ਹੈ। ਪਤਲੀ ਪਤੰਗ ਅਨੁਸ਼ਕਾ ਫਿਲਮ ਵਿਚ ਪਹਿਲਵਾਨ ਬਣਨ ਦੇ ਤਜਰਬੇ ਬਾਰੇ ਕਹਿੰਦੀ ਹੈ: ਜਦੋਂ ਨਿਰਦੇਸ਼ਕ ਅਲੀ ਅੱਬਾਸ ਦੀ ਇਸ ਫਿਲਮ ਬਾਰੇ ਪੇਸ਼ਕਸ਼ ਤੋਂ ਉਹ ਰਤਾ ਕੁ ਹੈਰਾਨ ਹੋਈ। ਉਨ੍ਹਾਂ ਨੂੰ ਕਈ ਵਾਰ ਪੁਛਿਆ, ਵਾਕਈ ਉਹ ਉਹਨੂੰ ਪਹਿਲਵਾਨ ਦੀ ਭੂਮਿਕਾ ਦੀ ਪੇਸ਼ਕਸ਼ ਕਰ ਰਹੇ ਹਨ? ਉਸ ਨੇ ਤਾਂ ਕਦੀ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਉਸ ਨੂੰ ਇਸ ਤਰ੍ਹਾਂ ਦੀ ਭੂਮਿਕਾ ਦੀ ਪੇਸ਼ਕਸ਼ ਹੋਵੇਗੀ। ਫਿਰ ਉਸ ਨੂੰ ਦੱਸਿਆ ਗਿਆ ਕਿ ਕੁਸ਼ਤੀ ਵਿਚ ਵੱਖ-ਵੱਖ ਵਜ਼ਨ ਦੇ ਵਰਗ ਹੁੰਦੇ ਹਨ, ਇਸ ਲਈ ਔਰਤ ਪਹਿਲਵਾਨ ਪਤਲੀ ਵੀ ਹੁੰਦੀ ਹੈ। ਇਹ ਫਿਲਮ ਕਿਉਂਕਿ ਯਸ਼ਰਾਜ ਬੈਨਰ ਵਲੋਂ ਬਣਾਈ ਜਾ ਰਹੀ ਸੀ, ਉਸ ਨੇ ਹਾਂ ਕਰ ਦਿਤੀ। ਉਦੋਂ ਉਸ ਨੇ ਸੋਚਿਆ ਸੀ ਕਿ ਕੁਸ਼ਤੀ ਦੇ ਦ੍ਰਿਸ਼ਾਂ ਵਿਚ ਡੁਪਲੀਕੇਟ ਨਾਲ ਕੰਮ ਚਲਾ ਗਿਆ ਜਾਵੇਗਾ, ਪਰ ਜਦੋਂ ਅਲੀ ਨੇ ਕਿਹਾ ਕਿ ਇਸ ਵਿਚ ਕਿਸੇ ਡੁਪਲੀਕੇਟ ਦੀ ਵਰਤੋਂ ਨਹੀਂ ਕੀਤੀ ਜਾਵੇਗੀ, ਤਾਂ ਉਸ ਨੇ ਇਸ ਭੂਮਿਕਾ ਲਈ ਲੱਕ ਬੰਨ੍ਹ ਲਿਆ। ਉਹਨੇ ਕੁਸ਼ਤੀ ਦੀ ਸਿਖਲਾਈ ਸ਼ੁਰੂ ਕਰ ਦਿੱਤੀ ਅਤੇ ਫਿਜ਼ਿਓਥੈਰੇਪਿਸਟ ਰਾਹੀਂ ਆਪਣੇ ਸਰੀਰ 'ਤੇ ਵੀ ਮਿਹਨਤ ਕੀਤੀ। ਇਸ ਫਿਲਮ ਲਈ ਹੁਣ ਉਸ ਦੀਆਂ ਸਿਫਤਾਂ ਸਲਮਾਨ ਖਾਨ ਦੇ ਬਰਾਬਰ ਹੋ ਰਹੀਆਂ ਹਨ। ਇਸ ਫਿਲਮ ਨੇ ਬਾਕਸ ਆਫਿਸ 'ਤੇ ਖੂਬ ਕਮਾਈ ਕੀਤੀ ਹੈ। ਅਨੁਸ਼ਕਾ ਸ਼ਰਮਾ ਖੁਸ਼ ਹੈ ਕਿ ਉਸ ਨੂੰ ਸਲਮਾਨ ਖਾਨ ਵਰਗੇ ਚੋਟੀ ਦੇ ਕਲਾਕਾਰ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ। ਹੁਣ ਉਹ ਆਪਣੀ ਅਗਲੀ ਫਿਲਮ 'ਫਿਲੌਰੀ' ਉਤੇ ਸਾਰਾ ਧਿਆਨ ਕੇਂਦਰਤ ਕਰ ਰਹੀ ਹੈ -0-

# ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

## ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

**Trucking Companies-Improve Your Cash Flow**

*Low Rates *One-Time Discounts *No Minimums

## Call Paul at 1-800-705-3863

www.Transportationfunding.com

**Transportation Funding Group, Inc.**

Minneapolis , MN 55426



# MWOSE & DHALIWAL ATTORNEYS AT LAW

IMMIGRATION
CRIMINAL DEFENSE
BUSINESS LAW
CIVIL LITIGATION
REAL ESTATE

ਇਮੀਗ੍ਰੇਸ਼ਨ
ਫੌਜਦਾਰੀ ਵਕਾਲਤ
ਬਿਜਨਸ ਲਾਅ
ਦੀਵਾਨੀ ਵਕਾਲਤ
ਰੀਅਲ ਐਸਟੇਟ



**FREE CONSULTATION!**

ਲੋੜੀਂਦੀ ਸਲਾਹ ਅੱਜ ਹੀ ਮੁਫਤ ਲਓ

**317-222-1567**

ਅਟਾਰਨੀ ਐਟ ਲਾਅ

ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵੀ ਬੋਲਦੇ ਹਾਂ

CONTACT US TO SET UP AN INTERVIEW PUNJABI, HINDI, AND URDU SPOKEN
WWW.MDLEGALTEAM.COM
CONTACTUS@MDLEGALTEAM.COM


LICENSED TO PRACTICE IN INDIANA, MICHIGAN, FLORIDA AND IMMIGRATION LAW IN ALL 50 STATES.

OFFICE LOCATION:
1426 W. 29TH ST., SUITE 201B
INDIANAPOLIS, IN 46208
Fax: 317-288-1842



# NRI DENTAL CARE

## LUDHIANA



- Cosmetic (Veneers, Crowns, Whitening)
- Dental Implants
- Denture
- Advance Root Canal Treatment (Single Sitting)
- Orthodontics (Clear Braces)



Call for Free Consultation
Dr. Rupinder Singh : +91-99880-90049
Between : 7.00 pm to 9.00 pm (IST)
E-mail : nridental@gmail.com



# H K TRANSPORT INC

*Division of HK Incorporated*

1401 West Ray St, Indianapolis, IN 46221
Ph: 317-408-3211, web: www.hktransportinc.com



## ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰਾਂ ਲਈ |
|---|---|
| *92% ਫਲੈਟ ਡਿਸਪੈਚ | *48 ਸੈਂਟ ਤੱਕ ਪ੍ਰਤੀ ਮੀਲ |
| *30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | *95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| *ਬਰੈਂਡ ਨਿਊ ਟਰੇਲਰ | *ਵਧੀਆ ਅਤੇ ਸਾਫ ਸੁਥਰੇ ਟਰੱਕ |
| *ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | |

*ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ*

*ਲੋੜੀਂਦੀ ਯੋਗਤਾ:*

■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

*ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ*

*ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ*

**ਸੰਪਰਕ ਕਰੋ: ਫੋਨ 317-408-3211**

ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ


PUNJAB
India Begins Here
ਪੰਜਾਬ ਸਰਕਾਰ ਵੱਲੋਂ
ਪਹਿਲੇ ਖ਼ੁਦਮੁਖ਼ਤਿਆਰ ਸਿੱਖ ਬਾਦਸ਼ਾਹ
ਬਾਬਾ ਬੰਦਾ ਸਿੰਘ ਬਹਾਦਰ ਜੀ
ਦੇ
300 ਸਾਲਾ ਸ਼ਹੀਦੀ ਸਮਾਗਮ
ਪੰਜਾਬ ਅਤੇ ਦਿੱਲੀ ਵਿੱਚ ਕਰਵਾਏ ਗਏ
ਸਮਾਗਮਾਂ ਦੌਰਾਨ ਮਹਾਨ ਸਿੱਖ ਜਰਨੈਲ ਦੇ ਜੀਵਨ ਉਤੇ
ਮਲਟੀ-ਮੀਡੀਆ ਸ਼ੋਅ
ਵੀ ਕਰਵਾਏ ਗਏ
ਇਸ ਮੌਕੇ
ਭਾਰਤ ਦੇ ਪ੍ਰਧਾਨ ਮੰਤਰੀ
ਸ੍ਰੀ ਨਰਿੰਦਰ ਮੋਦੀ
ਨੇ
ਮੁੱਖ ਮੰਤਰੀ, ਪੰਜਾਬ
ਸ. ਪਰਕਾਸ਼ ਸਿੰਘ ਬਾਦਲ
ਅਤੇ
ਉਪ ਮੁੱਖ ਮੰਤਰੀ, ਪੰਜਾਬ
ਸ. ਸੁਖਬੀਰ ਸਿੰਘ ਬਾਦਲ
ਦੀ ਹਾਜ਼ਰੀ ਵਿੱਚ
ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਜੀ
ਦੇ ਜੀਵਨ ਬਾਰੇ ਕਿਤਾਬ ਜਾਰੀ ਕੀਤੀ